ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਲੱਖਣ ਦੀਪ

ਕਰੌਚ ਦੀਪ

ਪੁਸ਼ਕਰ ਦੀਪ

ਜੰਬੂ ਦੀਪ

ਸਾਨ ਦੀਪ

ਸਲਮਲ ਦੀਪ

ਕੁਸ਼ਾ ਦੀਪ

# ਸੱਤ ਰੰਗ ਨਿਸ਼ਾਨ

## (ਨਿਹਕਲੰਕ ਹਰਿ ਸ਼ਬਦ ਭੰਡਾਰ ਚੋਂ)



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



. . . . . ਸੱਚਾ ਹੁਕਮ ਸੱਚਾ ਫ਼ਰਮਾਣ । ਗੁਰਮੁਖ ਸਾਚੇ ਸਚ ਪਛਾਣ । ਸਤਿਜੁਗ ਝੁੱਲੇ ਸੱਚਾ ਇਕ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਤ ਬਣਾਏ, ਸੱਤ ਰੰਗ ਆਪ ਚੜ੍ਹਾਏ, ਉਤੇ ਤਿੰਨ ਲੇਖ ਲਿਖਾਨ । ਸੱਤ ਰੰਗ ਪ੍ਰਭ ਦਏ ਚੜ੍ਹਾਏ । ਸੱਤਾਂ ਦੀਪਾਂ ਲੋਅ ਕਰਾਏ । ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਲਏ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਚਾ ਝੰਡਾ ਆਪਣੀ ਹੱਥੀਂ ਆਪ ਬਣਾਏ । ਸਤਿ ਧਰਮ ਹਰਿ ਕਾ ਬਾਣਾ । ਪ੍ਰਭ ਆਪਣੀ ਹੱਥੀਂ ਆਪ ਬਣਾਨਾ । ਘਨਕਪੁਰ ਵਾਸੀ ਕਿਰਪਾ ਕਰ ਸਾਚੇ ਹਰਿ ਨਾਮ ਡੋਰੀ ਨਾਲ ਬੰਧਾਣਾ । ਫਿਰ ਉਪਰ ਜਾਏ ਚੜ੍ਹ, ਚਾਰੋਂ ਤਰਫ ਵੇਖੇ ਖੜ੍ਹ, ਕੋਈ ਨਾ ਦੀਸੇ ਕਿਲਾ ਗੜ੍ਹ, ਸਾਰਿਆਂ ਉਪਰ ਇਕ ਨਿਸ਼ਾਨ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਦੀਪਾਂ ਏਕਾ ਝੰਡਾ ਏਕਾ ਡੰਡਾ ਸੋਹੰ ਸ਼ਬਦ ਰਖਾਣਾ ।

ਸਾਚਾ ਝੰਡਾ ਦਏ ਚੜ੍ਹਾਏ । ਵਿਚ ਵਰਭੰਡਾਂ ਹੋਏ ਰੁਸ਼ਨਾਏ । ਬੇਮੁਖ ਪਾਉਂਦੇ ਝੁਠੀਆਂ ਵੰਡਾਂ, ਅੰਤ ਕੋਈ ਰਹਿਣ ਨਾ ਪਾਏ । ਹਰਿ ਵੱਢੀ ਜਾਏ ਸਭ ਦੀਆਂ ਕੰਡਾਂ, ਧਰਤ ਮਾਤ ਦੇ ਉਤੇ ਸੁਵਾਏ । ਘਰ ਘਰ ਚਾਰੋਂ ਤਰਫ ਦਿਸਣ ਨਾਰਾਂ ਰੰਡਾਂ, ਸੁਹਾਗੀ ਕੰਤ ਨਾ ਕੋਇ ਹੰਢਾਏ । ਹਰਿ ਜੀ ਫੜਿਆ ਹੱਥ ਸੋਹੰ ਖੰਡਾ, ਬੇਮੁੱਖਾਂ ਪਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਭੁਜ ਸੇਤਜ ਅੰਡਜ਼ ਜੇਰਜ ਸਭਨਾ ਵਿਚ ਸਮਾਏ । ....... (੬ ਮਾਘ ੨੦੧੦ ਬਿ)

### ੮ ਜੇਠ ੨੦੧੧ ਬਿਕ੍ਰਮੀ ਹੀਰਾ ਘਾਟ ਨਹਿਰ ਦੇ ਕੰਢੇ ਘਵਿੰਡ ਵਾਲੇ ਖੇਤਾਂ ਵਿਚ (ਕਲਸੀ)

....... ਦੁੱਖ ਖੰਡੇ ਨਾਮ ਵੰਡੇ । ਵਿਚ ਲਾਏ ਛੱਤੀ ਡੰਡੇ । ਹੀਰਾ ਘਾਟ ਤੇਰੇ ਕੰਢੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੀਲ ਮੀਲ ਤੇ ਗੱਡੇ ਝੰਡੇ । ਝੂਲਣ ਝੰਡੇ ਜਗਤ ਨਿਸ਼ਾਨ । ਉਤੇ ਲਿਖਿਆ ਹੋਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਨਾਲ ਚਤੁਰ ਸੁਜਾਨ ।

(੮ ਜੇਠ ੨●੧੧ ਬਿ)

........ ਰੰਗ ਸੱਤ ਸਤਿ ਅਪਾਰ । ਪਾਰਬ੍ਰਹਮ ਬ੍ਰਹਮ ਪਾਰ ਜੋਤੀ ਅਕਾਰ । ਸਚ ਕਰਮ ਜਗਤ ਧਰਮ ਰਿਹਾ ਪੈਜ ਸਵਾਰ । ਨਾ ਕੋਈ ਵੇਖ ਵਖਾਣੇ ਵਰਨ ਬਰਨ, ਏਕਾ ਏਕ ਦਰ ਦਵਾਰ । ਏਕਾ ਰੰਗ ਕਰੇ ਏਕਾ ਸਰਨ, ਪੁਰਖ ਅਬਿਨਾਸ਼ੀ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਰੰਗਾਏ, ਚਲੂਲਾ ਨਾਮ ਅਪਾਰ ।

ਨਾਮ ਰੰਗਣ ਰੰਗ ਰੰਗੀਲਾ । ਸ਼ਬਦ ਕੰਗਣ ਤਨ ਪਹਿਨਾਏ, ਜੋਤੀ ਨੂਰਾ ਛੈਲ ਛਬੀਲਾ । ਪ੍ਰੇਮ ਮਹਿੰਦੀ ਹੱਥੀਂ ਲਾਏ, ਅਮਾਮ ਮਹਿੰਦੀ ਨਾਂ ਰਖਾਏ, ਤਨ ਛੁਹਾਏ ਚੋਲਾ ਨੀਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਨਿਧਾਨਾ ਅੰਮ੍ਰਿਤ ਰਸ ਗੁਰਮੁਖ ਸਾਚੇ ਮੁੱਖ ਚੁਆਏ ।

ਆਤਮ ਮਦਿ ਸਾਚਾ ਰਸ, ਦਰ ਘਰ ਸਾਚੇ ਸਾਚੀ ਕਾਰ । ਨਾਮ ਰੰਗ ਰੰਗ ਅਪਾਰ । ਸਤਿਜੁਗ ਸਾਚੇ ਮੰਗੀ ਮੰਗ, ਸਤਿ ਸਤਿਵਾਦੀ ਮੰਗੀ ਧਾਰ । ਕਲਜੁਗ ਔਧ ਗਈ ਲੰਘ, ਜੋਤ ਸਰੂਪੀ ਕਰ ਵਿਚਾਰ । ਲੱਖ ਚੁਰਾਸੀ ਭੁੱਖ ਨੰਗ, ਅੰਤਮ ਦੱਬੇ ਪਾਪਾਂ ਭਾਰ । ਸ਼ਬਦ ਘੋੜੇ ਕਸ ਤੰਗ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਬੇਮੁਖ਼ ਭੱਜਣ ਕਾਚੀ ਵੰਗ, ਗੁਰਮੁਖ ਸਾਚੇ ਉਤਰੇ ਪਾਰ । ਹੋਏ ਸਹਾਈ ਅੰਗ ਸੰਗ, ਰੰਗਣ ਰੰਗ ਇਕ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਦੀਪਾਂ ਏਕਾ ਸੰਗ ਏਕਾ ਰੰਗ ਨਰ ਹਰਿ ਸੱਚੀ ਸਰਕਾਰ ।

ਸਾਚਾ ਰੰਗ ਹਰਿ ਵਿਚਾਰੇ । ਦਸਮ ਦਵਾਰੀ ਪਾਰ ਲੰਘ, ਸੁੰਨ ਅਗੰਮ ਪਾਏ ਸਾਰੇ । ਸ਼ਬਦ ਘੋੜੇ ਕਸ ਤੰਗ, ਓਅੰਕਾਰ ਵੇਖ ਵਿਚਾਰੇ । ਓਅੰਕਾਰਾ ਧਾਰਾ ਜਾਏ ਲੰਘ, ਸਚਖੰਡ ਜੋਤ ਅਕਾਰੇ । ਨਾ ਕੋਈ ਵੱਜੇ ਸ਼ਬਦ ਤਾਲ ਮਰਦੰਗ, ਰਾਗ ਰਾਗਨੀ ਨਾ ਕੋਈ ਪੁਕਾਰੇ । ਨਾ ਕੋਈ ਦੂਜਾ ਦਿਸੇ ਸੰਗ, ਅਲਖ ਨਿਰੰਜਣ ਅਗੰਮ ਅਪਾਰੇ । ਆਪੇ ਵਸੇ ਆਪਣੇ ਰੰਗ, ਰੰਗ ਅਨੂਪਾ ਨਰ ਹਰਿ ਸੱਚੀ ਸਰਕਾਰੇ । ਆਪੇ ਜਾਣੇ ਆਪਣਾ ਸੰਗ, ਲੋਕਮਾਤ ਮਾਰ ਝਾਤ, ਪੁਰਖ ਅਬਿਨਾਸ਼ੀ ਪਾਵੇ ਸਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਇਕ ਅਪਾਰੇ ।

ਰੰਗ ਰਾਗ ਰਾਗ ਘਰ ਸੁਲਤਾਨ । ਗੁਰ ਗੁਰਮਖ ਸੋਇਆ ਜਾਏ ਜਾਗ । ਸ਼ਬਦ ਬੰਨ੍ਹੇ ਤਨ ਸਾਚਾ ਤਾਗ । ਮਿਲੇ ਮੇਲ ਕੰਤ ਸੁਹਾਗ, ਸਾਚਾ ਬਖ਼ਸ਼ੇ ਜੀਆ ਦਾਨ । ਮੇਟ ਮਿਟਾਏ ਤ੍ਰਿਸਨਾ ਆਗ, ਹੱਥ ਰੱਖੇ ਆਪਣੇ ਵਾਗ, ਹਰਿਜਨ ਸਾਚੇ ਵਡ ਵਡਭਾਗ, ਚਰਨ ਧੂੜ ਧੂੜ ਚਰਨ ਬਖ਼ਸ਼ ਸੱਚਾ ਇਸ਼ਨਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਸਤ ਰੰਗਾਏ, ਲੋਕਮਾਤ ਝੁਲਾਏ ਸੱਚਾ ਇਕ ਨਿਸ਼ਾਨ ।

ਝੁੱਲੇ ਨਿਸ਼ਾਨਾ ਰੰਗ ਸੱਤ । ਸੱਤਾਂ ਦੀਪਾਂ ਦੇਵੇ ਮਤ । ਗੁਰਮੁਖਾਂ ਬੰਧਾਏ ਚਰਨ ਪ੍ਰੀਤਾਂ, ਤਨ ਮੰਦਰ ਅੰਦਰ ਨਾ ਉਬਲੇ ਰੱਤ । ਇਕ ਸੁਣਾਏ ਸੁਹਾਗੀ ਗੀਤ, ਸੋਹੰ ਸ਼ਬਦ ਧੀਰਜ ਜੱਤ । ਚਰਨ ਪ੍ਰੀਤੀ ਬੰਨ੍ਹੇ ਨਾਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਰੰਗਾਏ, ਪੰਚ ਬੰਧਾਏ ਏਕਾ ਤੱਤ ।

ਸਾਚਾ ਰੰਗ ਨਾਮ ਮਜੀਠੀ । ਪੁਰਖ ਅਬਿਨਾਸ਼ੀ ਕੀਆ ਸੰਗ, ਜੋਤੀ ਅਗਨੀ ਦਏ ਮੱਠੀ । ਵਡ ਦਾਤਾ ਸੂਰਾ ਸਰਬੰਗ, ਹਰਿਜਨ ਵਿਰਲਾ ਮਾਤ ਵੇਖੇ ਆਤਮ ਹਠੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਇਕ ਚੜ੍ਹਾਏ, ਆਪ ਆਪਣੀ ਦਇਆ ਕਮਾਏ, ਸਤਾਰਾਂ ਹਾੜੀ ਫੁਲ ਫੁਲਵਾੜੀ ਗੁਰ ਸੰਗਤ ਕਰ ਇਕੱਠੀ ।

ਰੰਗ ਰੰਗੀਲਾ ਰੰਗ ਜਗਦੀਸ । ਸੂਹਾ ਪੀਲਾ ਲਾਲ ਜੋਤ ਪਰਵੇਸ਼ । ਆਪੇ ਜਾਣੇ ਆਪਣਾ ਹੀਲਾ, ਦਸਮ ਦਵਾਰੀ ਵਸੇ ਦੇਸ ਪਰਦੇਸ । ਸ਼ਬਦੀ ਜੋਤੀ ਧਾਰੀ ਨੀਲਾ, ਨਰ ਨਿਰੰਜਣ ਵਡ ਨਰੇਸ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਇਕ ਰੰਗਾਏ, ਕਰੇ ਖੇਲ ਮਾਝੇ ਦੇਸ ।

ਰੰਗ ਸੱਤ ਸਤਿ ਨਿਸ਼ਾਨਾ । ਧਰਮ ਰਥ ਸ੍ਰੀ ਭਗਵਾਨਾ । ਸੱਤਾਂ ਦੀਪਾਂ ਪਾਏ ਨੱਥ, ਲੱਖ ਚੁਰਾਸੀ ਜਾਏ ਮਥ, ਵਾਲੀ ਦੋ ਜਹਾਨਾਂ । ਜਗਤ ਮਹਿੰਮਾ ਚਲੇ ਚਲਾਏ ਆਪ ਅਕਥ, ਨਾ ਕੋਈ ਜਾਣੇ ਜੀਵ ਨਿਧਾਨਾ । ਸਰਬ ਕਲਾ ਆਪੇ ਸਮਰੱਥ । ਆਪ ਬਣਾਏ ਲੋਆਂ ਪੁਰੀਆਂ ਇਕ ਬਿਬਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਸ੍ਰੀ ਭਗਵਾਨਾ ।

ਸੱਤ ਰੰਗ ਸ਼ਬਦ ਧਾਰ । ਲਿਖੇ ਲੇਖ ਹਰਿ ਦਾਤਾਰ । ਨੌਂ ਖੰਡ ਪ੍ਰਿਥਮੀ ਏਕਾ ਨੇਤਰ ਵੇਖ, ਕਾਇਆ ਦੀਪਕ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗੇ ਰੰਗ ਨਿਰਗੁਣ ਗੁਣ ਨਿਰ ਧਾਰ ।

ਸ਼ਬਦ ਰੰਗ ਨੌਂ ਦਵਾਰ । ਨੌਂ ਦਵਾਰ ਜਗਤ ਭਿਖਾਰ । ਜਗਤ ਭਿਖਾਰ ਜੀਵ ਗਵਾਰ । ਜੀਵ ਗਵਾਰ ਅੰਧ ਅੰਧਿਆਰ । ਅੰਧ ਅੰਧਿਆਰ ਏਕਾ ਏਕ ਵਿਸਰਿਆ ਹਰਿ ਨਿਰੰਕਾਰ । ਹਰਿ ਨਿਰੰਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਆਪ ਰੰਗਾਏ, ਸਾਚੀ ਬੰਨ੍ਹੇ ਮਾਤ ਧਾਰ । ਰੰਗ ਸਤ ਆਪੇ ਵਟਿਆ ।

ਆਪੇ ਜਾਣੇ ਆਪਣੀ ਸਾਰ, ਪ੍ਰਭ ਘਟ ਘਟ ਖੇਲੇ ਖੇਲ ਅਪਰ ਅਪਾਰ, ਜਿਉਂ ਖੇਲ ਬਾਜੀਗਰ ਨਟ

ਨਟਿਆ । ਸ਼ਬਦ ਨਿਸ਼ਾਨਾ ਕਰ ਤਿਆਰ, ਕਰੇ ਖੇਲ ਜਗਤ ਝੱਟ ਪਟਿਆ । ਰਾਜਾ ਰਾਣਾ ਰਹੇ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਖੁਲ੍ਹਾਏ ਸਾਚਾ ਹੱਟਿਆ ।

ਰੰਗਣ ਰੰਗ ਨਾਮ ਅਨਮੋਲ । ਸ੍ਰੀ ਭਗਵਾਨ ਕਰ ਧਿਆਨ, ਲੋਕਮਾਤ ਤੋਲੇ ਪੂਰੇ ਤੋਲ । ਨਾ ਕੋਈ ਜਾਣੇ ਚਤੁਰ ਸੁਘੜ ਸਿਆਣ, ਦਸਮ ਦਵਾਰੀ ਪ੍ਰਭ ਅਬਿਨਾਸ਼ੀ ਵਸੇ ਕੋਲ । ਜਨ ਭਗਤਾਂ ਰੱਖੇ ਮਾਤ ਮਾਣਾ । ਆਪੇ ਵਰਤੇ ਆਪਣਾ ਭਾਣਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਾਰ ਕੁੰਟ ਦਹਿ ਦਿਸ਼ਾ ਇਕ ਵਜਾਏ ਸਾਚਾ ਢੋਲ ।

ਸ਼ਬਦ ਨਗਾਰਾ ਢੋਲ ਅੰਤ ਕਲ ਵੱਜਿਆ । ਜੋਤੀ ਨੂਰ ਅਕਾਰਾ ਹਰਿ ਨਿਰੰਕਾਰਾ, ਲੋਕਮਾਤ ਕਲ ਗੱਜਿਆ । ਸ਼ਬਦ ਫੜ ਤੇਜ਼ ਕਟਾਰਾ, ਚਿੱਟੇ ਅਸਵ ਹੋ ਅਸਵਾਰਾ, ਬਸਤਰ ਤਨ ਛੁਹਾਏ ਕੇਸਰੀ, ਦਰ ਦਵਾਰੇ ਸਾਚੇ ਸਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਆਪੇ ਪੜਦਾ ਕਜਿਆ ।

ਆਏ ਦਰ ਦਵਾਰ ਦਰ ਪਰਵਾਨਿਆ । ਕਿਰਪਾ ਕਰ ਹਰਿ ਨਿਰੰਕਾਰ, ਦੇਵੇ ਮਾਣ ਵਿਚ ਜਹਾਨਿਆ । ਸਾਚਾ ਸ਼ਬਦ ਤਨ ਸ਼ਿੰਗਾਰ, ਅੰਮ੍ਰਿਤ ਸੀਰ ਸਾਚਾ ਪੀਣਾ ਖਾਣਿਆ । ਫੜ ਫੜ ਬਾਂਹੋਂ ਰਿਹਾ ਤਾਰ, ਆਪੇ ਜਾਣੇ ਆਪਣਾ ਭਾਣਿਆ । ਮਾਨਸ ਜਨਮ ਨਾ ਜਾਏ ਹਾਰ, ਲੇਖਾ ਲਿਖੇ ਗੁਣ ਨਿਧਾਨਿਆ । ਸਤਾਰਾਂ ਹਾੜੀ ਕਾਰਜ ਦਏ ਸਵਾਰ, ਗੁਰ ਸੰਗਤ ਵਾਲੀ ਦੋ ਜਹਾਨਿਆ । ਲੱਖ ਚੁਰਾਸੀ ਉਤਰੇ ਪਾਰ, ਮਿਲੇ ਮੇਲ ਜੋਤ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਆਪ ਕਰੇ ਪਛਾਨਿਆ । . . . . . . . . . (੧੩ ਜੇਠ ੨੦੧੨)

🏳 🏳 🏳 🏳 🏳

🏳 ਪਹਿਲੀ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਵਾਸਤੇ
ਲਿਖਤ ਹੋਈ ਜੇਠੂਵਾਲ 🏳

ਬਰਸ ਮਾਸ ਦਿਵਸ ਰੈਣ ਵਾਰ ਥਿਤ । ਘੜੀ ਪਲ ਜਲ ਥਲ ਹਰਿ ਅਟਲ, ਵੇਖ ਵਖਾਣੇ ਨਿਤ ਨਵਿਤ । ਵਲ ਛਲ ਕਲ ਪਰਬਲ, ਚਾਰ ਕੁੰਟਾਂ ਵੇਖ ਵਖਾਣੇ ਸ੍ਰਿਸ਼ਟ ਸਬਾਈ ਰਿਹਾ ਜਿੱਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਥਿਤ ।

ਵਾਰ ਥਿਤ ਥਿਤ ਵਾਰ ਦਿਹਾੜਾ । ਪੁਰਖ ਅਬਿਨਾਸ਼ੀ ਆਪ ਲਿਖਾਏ, ਕਲਜੁਗ ਲੇਖਾ ਪਹਿਲੀ ਹਾੜਾ । ਰੰਕ ਰਾਜਾਨਾਂ ਕੱਢੇ ਭੁਲੇਖਾ, ਸ਼ਬਦ ਸਿੰਘਾਸਣ ਸਚ ਅਖਾੜਾ । ਜੀਵ ਜੰਤ ਸਾਧ ਸੰਤ ਰਹੇ ਵੇਖੀ ਵੇਖਾ, ਆਪੇ ਵੇਖੇ ਬਹੱਤਰ ਨਾੜਾ । ਸ਼ਬਦ ਸਿੰਘਾਸਣ ਲੋਕਮਾਤ ਲਾਈ ਸਾਚੀ ਮੇਖਾ, ਜ਼ਿਮੀ ਅਸਮਾਨੀ ਤੁੱਟੇ ਪਾੜਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਮਾਤ ਵਡਿਆਈ ।

ਸ਼ਬਦ ਸਿੰਘਾਸਣ ਤੇਰੀ ਸਾਚੀ ਬਣਤ ਬਣਾਈ । ਛੱਬੀ ਪੋਹ ਸ਼ਬਦ ਮਿਆਨੋ ਖੰਡਾ ਧੂ ਸਚ ਕਿਰਪਾਨ ਹੱਥ ਉਠਾਈ । ਲੱਖ ਚੁਰਾਸੀ ਰਹੀ ਰੋ, ਗੁਰਮੁਖਾਂ ਦੁਰਮਤ ਮੈਲ ਰਿਹਾ ਧੋ, ਪਹਿਲੀ ਹਾੜ ਖ਼ੁਸ਼ੀ ਮਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਸਾਚੀ ਭੇਟਾ, ਜਗਤ ਜਗਦੀਸਾ ਸਾਚਾ ਬੇਟਾ ਰਿਹਾ ਭੇਟ ਚੜ੍ਹਾਈ । ਚੜ੍ਹਿਆ ਭੇਟਾ ਹੀਰਾ ਲਾਲ । ਸਾਧ ਸੰਗਤ ਤੇਰਾ ਤਾਣਾ ਪੇਟਾ, ਏਕਾ ਹਰਿ ਬਣਿਆ

ਮਾਤ ਦਲਾਲ । ਸਚ ਸਿੰਘਾਸਣ ਖੇਵਟ ਖੇਟਾ, ਇਕ ਸੁਹਾਇਆ ਅੰਮ੍ਰਿਤ ਤਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਹੋਏ ਸਦਾ ਰਖਵਾਲ ।

ਸ਼ਬਦ ਸਿੰਘਾਸਣ ਕਰ ਤਿਆਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪਹਿਲੀ ਹਾੜ ਖੇਲ ਅਪਾਰ । ਗੁਰਮੁਖਾਂ ਕਰੇ ਸ਼ਬਦ ਵਾੜੀ, ਚਾਰੋਂ ਕੁੰਟਾਂ ਲਾਵੇ ਪਾਰ । ਨੇੜ ਨਾ ਆਏ ਮੌਤ ਲਾੜੀ, ਚਾਰੋਂ ਕੁੰਟਾਂ ਸ਼ਬਦ ਅਸਵਾਰ । ਆਪੇ ਹੋਏ ਪਿਛੇ ਅਗਾੜੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਰੇ ਮਾਤ ਵਪਾਰ ।

ਸ਼ਬਦ ਸਿੰਘਾਸਣ ਹਰਿ ਹਰਿ ਧਾਮਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪੂਰ ਕਰਾਏ ਆਪਣਾ ਕਾਮਾ । ਮਾਨਸ ਦੇਹੀ ਜਗਤ ਵਿਨਾਸਣ, ਅੰਤਮ ਕਲ ਕੋਈ ਨਾ ਦਾਮਾ । ਏਕਾ ਜੋਤ ਪੁਰਖ ਅਬਿਨਾਸ਼ਣ, ਜੂਠਾ ਝੂਠਾ ਚਾਮਾ । ਆਪੇ ਵੇਖੇ ਵੇਖ ਵਖਾਣੇ ਪ੍ਰਿਥਮੀ ਅਕਾਸ਼ਨ, ਕਵਣ ਦਵਾਰੇ ਵੱਜੇ ਸਚ ਦਮਾਮਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਏਕਾ ਏਕ ਏਕ ਨਿਹਕਾਮਾ ।

ਸ਼ਬਦ ਸਿੰਘਾਸਣ ਮਾਤ ਅਪਾਰ । ਕਰੇ ਕਰਾਏ ਹਰਿ ਰਘੁਰਾਏ ਪਹਿਲੀ ਵਾਰ । ਸਤਿਜੁਗ ਤ੍ਰੇਤਾ ਦਿਸ ਨਾ ਆਏ, ਦੁਆਪਰ ਲੇਖਾ ਨਾ ਕੋਈ ਲਿਖਾਏ, ਕਲਜੁਗ ਬੰਨ੍ਹੇ ਸਾਚੀ ਧਾਰ । ਵੇਦ ਅਥਰਬਣ ਪਾਏ ਭੁਲੇਖਾ, ਕਵਣ ਗੁਰ ਵਰਤੇ ਵਿਚ ਸੰਸਾਰ । ਕੁਰਾਨ ਅੰਜੀਲਾਂ ਮਿਟਿਆ ਔਲੀਆ ਪੀਰ ਸ਼ੇਖ਼ਾ, ਵੇਲੇ ਅੰਤਮ ਆਏ ਹਾਰ । ਗ੍ਰੰਥੀ ਪੰਥੀ ਉਲਟੀ ਰੇਖਾ, ਜੋਤੀ ਭੇਖਾ ਹਰਿ ਨਿਰੰਕਾਰ । ਪੰਡਤ ਪਾਂਧੇ ਰਹੇ ਵੇਖੀ ਵੇਖਾ, ਤਟ ਕਿਨਾਰੇ ਰਹੇ ਧਿਆਨ ਮਾਰ । ਧਰਤ ਮਾਤ ਤੇਰੀ ਲਿਖੀ ਰੇਖਾ, ਪੁਰਖ ਅਬਿਨਾਸ਼ੀ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ ਲਏ ਅਵਤਾਰ ।

ਲੋਕਮਾਤ ਲਏ ਅਵਤਾਰਾ, ਬਣਤ ਬਣਾਈਆ । ਪੁਰਖ ਅਬਿਨਾਸ਼ੀ ਸਾਚੀ ਧਾਰਾ, ਸਾਚੀ ਗਣਤ ਰਿਹਾ ਗਿਣਾਈਆ । ਨਾ ਕੋਈ ਕਰੇ ਮਾਤ ਅਧਾਰਾ, ਧਰਤ ਮਾਤ ਦਰ ਕੁਰਲਾਈਆ । ਕਲਜੁਗ ਝੂਠ ਪਸਾਰਾ, ਅੰਤਮ ਵਾਰ ਲੱਖ ਚੁਰਾਸੀ ਮਦਿਰਾ ਮਾਸੀ ਦਏ ਦੁਹਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਮੀਤ ਨਾ ਮੁਰਾਰਾ, ਨਾ ਕੋਈ ਸਾਜਣ ਨਾ ਕੋਈ ਪਿਆਰਾ, ਨਾਤਾ ਤੁਟੇ ਭੈਣਾਂ ਭਾਈਆ । ਨਾ ਕੋਈ ਮੰਦਰ ਨਾ ਦਵਾਰਾ, ਨਾ ਕੋਈ ਦਿਸੇ ਸ਼ਾਹ ਅਸਵਾਰਾ, ਨਾ ਕੋਈ ਹੋਏ ਸਹਾਈਆ । ਨਾ ਕੋਈ ਅੰਦਰ ਤੋੜੇ ਜੰਦਰ, ਦੀਪਕ ਜੋਤ ਨਾ ਕੋਈ ਜਗਾਈਆ । ਕਲਜੁਗ ਵਹਿਣ ਡੂੰਘੀ ਕੰਦਰ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਧਰਤ ਮਾਤ ਰਹੀ ਕੁਰਲਾਈਆ ।

ਧਰਤ ਮਾਤ ਦਏ ਦੁਹਾਈ, ਦਰ ਭਗਵੰਤਿਆ । ਵੇਲੇ ਅੰਤਮ ਹੋ ਸਹਾਈ, ਲਾਜ ਰਖਾਏ ਜੁਗਾ ਜੁਗੰਤਿਆ । ਵੇਖ ਵਖਾਣੇ ਥਾਉਂ ਥਾਈਂ, ਜੂਠੇ ਝੂਠੇ ਜੀਵ ਜੰਤਿਆ । ਕੋਈ ਨਾ ਪਕੜੇ ਕਿਸੇ ਬਾਂਹੀਂ, ਮੇਲ ਮਿਲਾਵਾ ਸਾਚੇ ਕੰਤਿਆ । ਦਰ ਆਈ ਚਾਈਂ ਚਾਈਂ, ਮੇਰੀ ਪੂਰਨ ਆਸ ਕਰਾਈ ਪੂਰਨ ਭਗਵੰਤਿਆ । ਸਦਾ ਰੱਖੀ ਠੰਡੀਆਂ ਛਾਈਂ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਦਾਸਨ ਦਾਸ ਸਰਬ ਅਖਵੰਤਿਆ ।

ਆਈ ਦਰ ਕਰੇ ਪੁਕਾਰ, ਮਾਤ ਧਰਤ ਦਏ ਦੁਹਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ ਕਰ ਵਿਚਾਰ, ਕਲਜੁਗ ਤਿਖੀ ਧਾਰ ਰਖਾਈਆ । ਬੇਮੁਖ ਭੁੱਲੇ ਜੀਵ ਗਵਾਰ, ਜੂਠਾ ਝੂਠਾ ਚੁੱਕਿਆ ਭਾਰ, ਸਾਚਾ ਰਾਹ ਨਾ ਕੋਈ ਵਖਾਈਆ । ਏਕਾ ਮਾਰ ਹਰਿ ਵਦਾਨ, ਰੰਕ ਰਾਜਾਨ ਜੀਵ ਸ਼ੈਤਾਨ ਵਡ ਗੁਮਰਾਹੀਆ । ਨਾਮ ਫੜ ਤੇਜ਼ ਕਟਾਰ, ਮਾਰੀ ਜਾਈਂ ਵਾਰੋ ਵਾਰ, ਸ਼ਬਦ ਘੋੜੇ ਹੋ ਅਸਵਾਰ, ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਰਮ ਗਿਆ ਹਰ, ਧਰਤ ਮਾਤ ਰਹੀ ਕੁਰਲਾਈਆ । ਧਰਤ ਮਾਤ ਦਰ ਪੁਕਾਰ, ਧਾਹਾਂ ਮਾਰਦੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੱਤ ਸਾਗਰਾਂ ਹੋਈ ਪਾਰ, ਡੂੰਘੀ ਲਹਿਰ ਨਾ ਕੋਈ ਤਾਰਦੀ । ਨਾ ਕੋਈ ਵੇਖੇ ਗਹਿਰ ਗੰਭੀਰ, ਸਾਚੀ ਖੇਲ ਸੱਚੇ ਕਰਤਾਰ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਜਲ ਜਲ ਕਵਣ ਸਮਰੱਥ ਰਥ ਰਥ ਸਮਰੱਥ ਖੇਲ ਅਪਰ ਅਪਾਰ ਦੀ ।

ਦਇਆ ਨਿਧ ਨਿਧ ਦਇਆ ਦਾਤੀ । ਆਪੇ ਜਾਣੇ ਆਪਣੀ ਬਿਧ ਸ੍ਰੀ ਭਗਵਾਨ ਬਵੰਜਾ ਕਰੋੜ ਸ੍ਰਿਸ਼ਟ ਜੋ ਜਨ ਰਚਾਈ ਕਰ ਕਰ ਸਿਧ । ਕਲਜੁਗ ਬਲ ਧਾਰੇ ਕਿਰਪਾ ਆਪ ਕਰੇ, ਆਪੇ ਕਰੇ ਆਪ ਪਛਾਣ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਜੋਤ ਧਰ, ਭੇਖਾ ਭੇਖੀ ਭੇਖ ਧਰ । ਸਚ ਸਿੰਘਾਸਣ ਸਚ ਦਵਾਰਾ । ਸਚ ਘਰ ਦਰਸ ਪੁਰਖ ਅਗੰਮ ਅਗੰਮ ਅਪਾਰਾ । ਜਨ ਭਗਤਾਂ ਸਦਾ ਦਾਸਨ ਦਾਸ, ਆਵੇ ਜਾਵੇ ਵਾਰੋ ਵਾਰਾ । ਵਰਤੇ ਵਰਤਾਵੇ ਪ੍ਰਿਥਮੀ ਅਕਾਸ਼, ਮਾਤ ਪਤਾਲ ਸਾਚੀ ਧਾਰਾ । ਸ਼ਬਦ ਚਲਾਏ ਇਕ ਸਵਾਸ, ਮੇਟ ਮਿਟਾਏ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਜਗਤ ਅਪਾਰਾ ।

ਸ਼ਬਦ ਸਿੰਘਾਸਣ ਹਰਿ ਨਿਰੰਕਾਰ । ਚਾਰੋਂ ਕੁੰਟ ਸ਼ਬਦ ਸਰੂਪੀ ਇਕ ਦਵਾਰ । ਆਪੇ ਵੇਖੇ ਵੇਖ ਵਖਾਣੇ ਸਚ ਸੁਲਤਾਨਾ ਹਰਿ ਮਿਹਰਬਾਨਾ ਸਚ ਘਰ ਕਵਣ ਦਰਬਾਰ । ਜੋਤੀ ਨੂਰ ਇਕ ਮਹਾਨਾ । ਸ਼ਬਦ ਤਾਜ ਸਚ ਸੁਹਾਨਾ । ਨਾਮ ਨਿਰੰਜਣ ਪਹਿਰੇਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖੇ ਘਰ, ਆਪੇ ਜਾਣੇ ਆਪਣੀ ਕਾਰ ।

ਸਚ ਸਿੰਘਾਸਣ ਸਹਿਜ ਸੁੱਖ ਭਰਿਆ । ਜੋਤੀ ਜਾਮਾ ਸ਼ਬਦ ਦਮਾਮਾ, ਆਪ ਆਪਣਾ ਕਾਰਜ ਕਰਿਆ । ਲੱਖ ਚੁਰਾਸੀ ਏਕਾ ਤਾਮਾ, ਸਚ ਭੰਡਾਰਾ ਹਰਿ ਜੀ ਭਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਮਿਟਾਏ ਲੱਖ ਚੁਰਾਸੀ ਡਰਿਆ ।

ਸ਼ਬਦ ਸਿੰਘਾਸਣ ਮਾਣ ਰਖਾਏ । ਲੋਕਮਾਤ ਮਾਰ ਝਾਤ, ਹਰਿ ਦਏ ਵਡਿਆਏ । ਚਾਰ ਵਰਨਾਂ ਇਕ ਜਮਾਤ, ਨਾ ਕੋਈ ਜਾਣੇ ਜਾਤ ਪਾਤ, ਏਕਾ ਦਿਵਸ ਏਕਾ ਰਾਤ, ਏਕਾ ਨਾਮ ਹਰਿ ਸੁਣਾਏ । ਏਕਾ ਪਿਤ ਏਕਾ ਮਾਤ, ਏਕਾ ਸ਼ਬਦ ਏਕਾ ਦਾਤ, ਏਕਾ ਕੰਤ ਪ੍ਰਭ ਸਾਚਾ ਜੀਵ ਜੰਤ, ਨਰ ਹਰਿ ਹਰਿ ਨਰ ਆਪ ਅਖਵਾਏ । ਜੋਤੀ ਜਾਮਾ ਭੇਖ ਬੇਅੰਤ, ਵੇਖ ਵਖਾਣੇ ਸਾਧ ਸੰਤ, ਦੂਸਰ ਕੋਈ ਭੇਵ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਡੇਰਾ ਲਾਏ ।

ਸ਼ਬਦ ਸਿੰਘਾਸਣ ਡੇਰਾ ਹਰਿ ਸੁਲਤਾਨਿਆ । ਗੁਰਮੁਖਾਂ ਮਿਲਿਆ ਮੇਲ ਵਿਚ ਜਹਾਨਿਆ । ਆਪ ਚੁਕਾਏ ਮੇਰ ਤੇਰ, ਸਤਾਰਾਂ ਹਾੜੀ ਮਹਾਨਿਆ । ਸ਼ਬਦ ਸਰੂਪੀ ਪਾਏ ਘੇਰਾ, ਚਾਰੋਂ ਕੁੰਟ ਰਾਜਾਨਿਆ । ਖਿਚੀ ਆਏ ਚੇਲਾ ਗੁਰ ਗੁਰ ਚੇਲਾ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਏਕਾ ਏਕ ਮਹਾਨਿਆ ।

ਸਚ ਸਿੰਘਾਸਣ ਹਰਿ ਸੁਹਾਏ, ਤਖ਼ਤ ਬਿਰਾਜਿਆ । ਦੂਸਰ ਕੋਈ ਨਾ ਦੀਸੇ ਥਾਏਂ, ਜੋਤ ਜਗਾਏ ਦੇਸ ਮਾਝਿਆ । ਘਰ ਘਰ ਉਡਦੇ ਦਿਸਣ ਕਾਏ, ਮਾਣ ਗਵਾਏ ਰਾਜਨ ਰਾਜਿਆ । ਸ਼ਬਦ ਡੋਰੀ ਪਾਏ ਫਾਹੇ, ਵੇਖੇ ਖੇਲ ਕਲ ਕਿ ਆਜਿਆ । ਆਪੇ ਲੇਖਾ ਲਿਖੇ ਸਾਚਾ ਨਾਏਂ, ਸਾਚੇ ਸਾਜਨ ਰਿਹਾ ਸਾਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਜੋਤ ਬਿਰਾਜਿਆ ।

ਜੋਤ ਬਿਰਾਜੇ ਸ਼ਬਦ ਉਡਾਨ । ਦੇਸ ਮਾਝੇ ਹਰਿ ਭਗਵਾਨ । ਧਰਤ ਮਾਤ ਤੇਰਾ ਰਚਿਆ ਕਾਜੇ, ਕੰਤ ਸੁਹਾਗੀ ਵਾਲੀ ਦੋ ਜਹਾਨ । ਆਪੇ ਰੱਖੇ ਮਾਤ ਲਾਜੇ, ਅੱਠੇ ਪਹਿਰ ਧਿਆਨ । ਸ਼ਬਦ ਘੋੜੇ ਚਿੱਟੇ ਤਾਜੇ, ਸੋਲਾਂ ਕਲੀਆਂ ਪਾਏ ਪਲਾਨ । ਸੱਤਾਂ ਦੀਪਾਂ ਸਾਜਨ ਸਾਜੇ, ਇਕ ਝੁਲਾਏ ਸਚ ਨਿਸ਼ਾਨ । ਨੌਂ ਖੰਡ ਪ੍ਰਿਥਮੀ ਰਾਜ ਰਾਜਾਨ, ਪੁਰੀਆਂ ਲੋਆਂ ਬੰਧ ਬੰਧਾਨ । ਮਾਤ ਪਤਾਲ ਅਕਾਸ਼ ਅਕਾਸ਼ੇ, ਖੰਡ ਬ੍ਰਹਿਮੰਡ ਏਕਾ ਆਣ । ਆਪ ਆਪਣਾ ਸਾਜਨ ਸਾਜੇ, ਏਕਾ ਰੱਖੇ ਜਗਤ ਮਾਣ । ਜਨ ਭਗਤਾਂ ਮਾਰੇ ਆਤਮ ਅਵਾਜੇ, ਸ਼ਬਦ ਜੋਤੀ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਤ੍ਰੈਲੋਕੀ ਮਾਣ ।

ਸਚ ਸਿੰਘਾਸਣ ਹਰਿ ਭਗਵਾਨਾ । ਜੋਤੀ ਜਾਮਾ ਖੇਲ ਮਹਾਨਾ । ਸ਼ਬਦ ਦਮਾਮਾ ਇਕ ਵਜਾਨਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕ ਟਿਕਾਨਾ । ਨਾਮ ਨਿਧਾਨਾ ਚਤੁਰ ਸੁਜਾਨਾ ਸ੍ਰਿਸ਼ਟ ਸਬਾਈ ਵੰਡ ਵੰਡਾਨਾ । ਲੋਆਂ ਪੁਰੀਆਂ ਮਾਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਖੇਲ ਮਹਾਨਾ ।

ਲੋਆਂ ਪੁਰੀਆਂ ਮਾਰ ਧਿਆਨ, ਬਣਤ ਬਣਾਇੰਦਾ । ਬ੍ਰਹਮੇ ਛੱਡਣੀ ਪਈ ਦੁਕਾਨ, ਜਨ ਭਗਤ ਉਪਜਾਇੰਦਾ । ਸ਼ਿਵ ਸ਼ੰਕਰ ਹੋਏ ਹੈਰਾਨ, ਪੁਰਖ ਅਬਿਨਾਸ਼ੀ ਭੇਖ ਵਟਾਇੰਦਾ । ਇੰਦ ਇੰਦਰਾਸਣ ਕਰੇ ਪਛਾਣ, ਕਰੋੜ ਤੇਤੀਸਾ ਮੁਖ ਭਵਾਇੰਦਾ । ਸ਼ਬਦ ਸਿੰਘਾਸਣ ਹਰਿ ਮਿਹਰਬਾਨ, ਲੋਕਮਾਤ ਚਿਖਾ ਬਣਾਇੰਦਾ । ਗੁਰਮੁਖਾਂ ਦੇਵੇ ਜੀਆਂ ਦਾਨ, ਬੇਮੁਖਾਂ ਅਗਨੀ ਭੇਟ ਚੜ੍ਹਾਇੰਦਾ । ਪਹਿਲੀ ਹਾੜ ਦਿਵਸ ਮਹਾਨ, ਲੇਖਾ ਲੇਖ ਲੇਖ ਚੁਕਾਇੰਦਾ । ਆਪ ਬਣਾਏ ਧਰਮ ਨਿਸ਼ਾਨ, ਵਾਲੀ ਦੋ ਜਹਾਨ ਦਇਆ ਕਮਾਇੰਦਾ । ਭਰਮੇ ਭੁੱਲੇ ਰਾਜ ਰਾਜਾਨ, ਸ਼ਾਹ ਸੁਲਤਾਨ ਭੇਵ ਨਾ ਪਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਏਕਾ ਏਕ ਸ਼ਬਦ ਬਿਬਾਣ, ਚਾਰੋਂ ਕੁੰਟਾਂ ਸਦ ਉਡਾਨ, ਦਿਸ ਕਿਸੇ ਨਾ ਆਇੰਦਾ । ਕਾਇਆ ਰਥ ਇਕ ਮਹਾਨ, ਵਿਚ ਸਮਰੱਥ ਬੇਪਛਾਣ, ਪਕੜੇ ਨੱਥ ਜੀਵ ਨਿਧਾਨ, ਦਹਿ ਦਿਸ਼ਾ ਆਪ ਫਿਰਾਇੰਦਾ ।

ਕਲਜੁਗ ਸੀਆਂ ਸਾਢੇ ਤਿੰਨ ਹੱਥ, ਕਰ ਦਰਸ ਸਗਲ ਵਸੂਰੇ ਜਾਇਣ ਲਥ, ਸਿੰਘ ਮਨਜੀਤ ਸਦਾ ਅਤੀਤ ਇਕ ਨਿਸ਼ਾਨ ਅਟੱਲ ਰਖਾਇੰਦਾ । ਜਗਤ ਜਗਦੀਸ਼ ਮਹਿੰਮਾ ਅਕਥ, ਰਾਜ ਰਾਜਾਨਾਂ ਜਾਏ ਮਥ, ਸ੍ਰਿਸ਼ਟ ਸਬਾਈ ਹੋਈ ਸਥ , ਨਾ ਕੋਈ ਕਿਸੇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਸਰਬ ਸਿੰਘਾਸਣ ਜੋਤ ਧਰ, ਸਾਚੀ ਰਚਨਾ ਆਪ ਰਚਾਇੰਦਾ ।

ਰਚਨ ਰਚਾਏ ਆਤਮ ਮੂਲ । ਗੁਰਮੁਖ ਮਾਤ ਨਾ ਜਾਏ ਭੂਲ । ਸ਼ਬਦ ਦਾਤ ਪ੍ਰਭ ਸਾਚੀ ਦਏ, ਸੋਹੰ ਨਾਮ ਇਕ ਤ੍ਰਿਸੂਲ । ਕਲਜੁਗ ਅੰਤਮ ਆਇਆ ਕੰਢੇ, ਵੇਖ ਵਖਾਣੇ ਪ੍ਰਭ ਵਿਛੜੇ ਗੁਰਮੁਖ ਸਾਚੇ ਕੰਤ ਕੰਤੂਹਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਰੰਗ ਚੜ੍ਹਾਏ, ਸ਼ਬਦ ਨਿਸ਼ਾਨਾ ਮਾਤ ਬਣਾਏ, ਸਾਚਾ ਰੰਗ ਹਰਿ ਚਲੂਲ ।

ਰੰਗਣ ਰੰਗ ਰੰਗ ਅਪਾਰੀ । ਧੁਰ ਦਰਗਾਹੀ ਆਪ ਲਲਾਰੀ । ਕਲਜੁਗ ਤੇਰਾ ਵੇਖ ਭੇਖ, ਕਰੇ ਖੇਲ ਪ੍ਰਭ ਵਡ ਸੰਸਾਰੀ । ਸਾਚੇ ਲੋਚਣ ਲੈਣਾ ਵੇਖ, ਕਵਣ ਕਲ ਵਰਤੇ ਉਪਰ ਧਰਤੇ, ਕਵਣ ਕਰੇ ਖੇਲ ਨਿਆਰੀ । ਕਰੇ ਖੇਲ ਪ੍ਰਭ ਵਡ ਸੰਸਾਰੀ । ਸਾਚੇ ਲੋਚਨ ਰਿਹਾ ਵੇਖ, ਕਵਣ ਕਰਤੇ ਖੇਲ ਪਿਆਰੀ । ਆਪ ਲਿਖਾਏ ਸਾਚਾ ਲੇਖ, ਕਲਜੁਗ ਤੇਰੀ ਉਖੜੇ ਮੇਖ, ਧਰਤ ਮਾਤ ਦਰ ਆਏ ਪੁਕਾਰੀ । ਜੋਤੀ ਜਾਮਾ ਧਰਿਆ ਭੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਚਿੱਟੇ ਅਸਵ, ਸਾਚੇ ਦਰ ਕਰੇ ਤਿਆਰੀ ।

ਸਾਚਾ ਦਰ ਪਹਿਲਾ ਘਰ । ਪੁਰਖ ਅਬਿਨਾਸ਼ੀ ਦੇਵੇ ਵਰ । ਜੋਤ ਨਿਰੰਜਣ ਪਾਰ ਉਤਾਰੇ, ਲਛਮੀ ਫੂਲਨ ਬਰਖਾ ਕਰ । ਚਰਨ ਕਵਲ ਸਰਨਾਈ ਪੜ । ਸਾਚਾ ਰਾਹ ਏਕਾ ਫੜ । ਦੂਜੇ ਘਰ ਜਾਏ ਵਾੜੇ, ਸ਼ਬਦ ਉਠਾਏ ਸਾਚੀ ਧਾੜ । ਜੋਤ ਨਿਰੰਜਨ ਲਾਏ ਜੜ । ਆਪ ਆਪਣੇ ਅੱਗੇ ਖੜ । ਜੋਤੀ ਜੋਤ ਸਰੂਪ ਹਰਿ, ਤੀਜੇ ਦਵਾਰੇ ਹਰਿ ਨਿਰੰਕਾਰੇ ਸ਼ਬਦ ਪਸਾਰੇ ਆਪੇ ਆਪ ਜਾਏ ਵੜ ।

ਤੀਜਾ ਦਰ ਦਰ ਦਰਵੇਸ਼ । ਪਵਣ ਪੁਕਾਰੇ ਸਚ ਪਰਵੇਸ਼ । ਸ਼ਬਦ ਹੁਲਾਰੇ ਵੇਸ ਅਨੇਕ । ਠੰਡੀ ਠਾਰੇ ਸਦ ਬਿਬੇਕ । ਓਅੰਕਾਰੇ ਏਕਾ ਏਕ ਸੁਨ ਅਗੰਮ ਨਾ ਲਾਵੇ ਸੇਕ । ਜੋਤੀ ਸ਼ਬਦੀ ਪਏ ਜੰਮ, ਏਕਾ ਮਾਤਾ ਪਿਤਾ ਹਰਿ ਵਸੇਖ । ਦਸਮ ਦਵਾਰੀ ਧਾਰ ਭੰਨ, ਚੌਥੇ ਘਰ ਰੱਖੇ ਟੇਕ । ਕੋਈ ਨਾ ਲਾਏ ਚੋਰ ਸੰਨ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚੌਥੇ ਘਰ ਆਪੇ ਵੜ, ਸ੍ਰਿਸ਼ਟ ਸਬਾਈ ਰਿਹਾ ਵੇਖ ।

ਚੌਥੇ ਘਰ ਬੰਦ ਕਿਵਾੜ । ਆਪੇ ਵੇਖੇ ਪਹਿਲੀ ਹਾੜ । ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਡੰਡੇ ਰਿਹਾ ਤਾੜ । ਮਾਨਸ ਦੇਹੀ ਏਕਾ ਵਰ, ਮੈਲੇ ਕਾਇਆ ਚੋਲੇ ਦੇਵੇ ਪਾੜ । ਲੇਖਾ ਚੁਕੇ ਗੁਰ ਚੇਲੇ, ਜੂਠੀ ਝੂਠੀ ਮੁੱਕੇ ਧਾੜ । ਹੋਏ ਸਹਾਈ ਅੰਤਮ ਵੇਲੇ, ਦਰਸ ਦਿਖਾਏ ਸਤਾਰਾਂ ਹਾੜ । ਅਚਰਜ ਖੇਲ ਹਰਿ ਜੀ ਖੇਲੇ, ਬੇਮੁਖਾਂ ਸਾੜੇ ਨਾੜ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਦੇਵੇ ਵਾੜ ।

ਦਰ ਘਰ ਸਾਚਾ ਸਚ ਟਿਕਾਣਾ । ਪੰਚਮ ਕਰ ਦਰਸ, ਆਪੇ ਚਤੁਰ ਸੁਘੜ ਸਿਆਣਾ । ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸਚ ਘਰ, ਛੇਵੇਂ ਘਰ ਰਹੇ ਵੱਖਰ, ਰੇਖ ਭੇਖ ਕੋਈ ਦਿਸ ਨਾ ਆਣਾ । ਅੱਖਰ ਵੱਖਰ ਹਰਿ ਨਿਰੰਕਾਰ । ਸਾਚਾ ਲੇਖਾ ਲਿਖੇ ਕਾਇਆ ਮੰਦਰ ਸਾਚੇ ਪੱਥਰ, ਬਜਰ ਕਪਾਟ ਦੇਵੇ ਪਾੜ । ਲੱਖ ਚੁਰਾਸੀ ਲੱਭੀ ਸੱਥਰ, ਲੇਖ ਚੁੱਕੇ ਕਲਜੁਗ ਮੁੱਕੇ ਸਤਾਰਾਂ ਹਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਅਟੱਲ ਮੁਨਾਰੇ ਹਰਿਜਨ ਪਿਆਰੇ ਦੇਵੇ ਵਾੜ ।

ਸਚ ਦਵਾਰਾ ਸਤਿ ਸਤਿਵਾਦੀ । ਪੁਰਖ ਅਪਾਰਾ ਬੋਧ ਅਗਾਧੀ । ਸ਼ਬਦ ਧਾਰਾ ਮਾਧਵ ਮਾਧੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗੇ ਰੰਗ ਛੈਲ ਛਬੀਲਾ, ਆਪੇ ਜਾਣੇ ਆਪਣਾ ਹੀਲਾ, ਪਵਣੀ ਸ਼ਬਦੀ ਸ਼ਬਦੀ ਪਵਣੀ ਨਾਦੀ ।

ਪਵਣ ਸ਼ਬਦ ਪਵਣ ਨਾਦ ਸੁਨ । ਬੋਧ ਅਗਾਧ ਅਗਾਧ ਬੋਧ, ਵੇਖ ਵਖਾਏ ਰਿਖ ਮੁਨ । ਵਡ ਜੋਧਨ ਜੋਧ ਹਿਰਦਾ ਸੋਧ, ਗੁਰਮੁਖ ਸਾਚੇ ਮਾਤ ਚੁਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਧਾਮ ਸੁਹਾਏ, ਦੂਸਰ ਕਿਸੇ ਦਿਸ ਨਾ ਆਏ, ਸੰਤ ਸੁਹੇਲੇ ਭੁੱਲੇ ਰੁੱਲੇ ਵਿਚ ਅਗੰਮ ਸੁੰਨ ।

ਪਹਿਲੀ ਹਾੜ ਸ਼ਬਦ ਨਿਸ਼ਾਨ । ਹਰਿ ਆਪ ਝੁਲਾਏ ਵਿਚ ਜਹਾਨ । ਨੌਂ ਖੰਡ ਪ੍ਰਿਥਮੀ ਗੁਣ ਨਿਧਾਨ । ਸੱਤਾਂ ਦੀਪਾਂ ਹਰਿ ਮਿਹਰਵਾਨ । ਆਪੇ ਜੋਤ ਨਿਰੰਜਣ ਆਪ ਅਕਾਰਿਆ । ਆਪੇ ਜਗਤ ਮਜਨ ਆਪੇ ਵਡ ਸੰਸਾਰਿਆ । ਆਪ ਦੁੱਖ ਭੈ ਭੰਜਨ, ਸਗਲ ਪਸਾਰਿਆ । ਆਪੇ ਆਪ ਪੜਦੇ ਕੱਜਣ, ਆਪੇ ਅੰਦਰ ਆਪੇ ਬਾਹਰਿਆ । ਆਪੇ ਆਪ ਸਾਚਾ ਸੱਜਣ, ਆਪੇ ਗੁਪਤ ਆਪੇ ਜਾਹਰਿਆ । ਜੋਤੀ ਜੋਤ ਸਰੂਪ ਹਰਿ, ਅੱਖਰ ਵੱਖਰ ਖੇਲ ਅਪਾਰਿਆ ।

ਆਪੇ ਗੋਬਿੰਦ ਦਾਤਾ ਰਾਮ, ਆਪੇ ਭੇਖ ਵਟੰਤਿਆ । ਹਰਿ ਆਪੇ ਜਗਤ ਭਗਤ ਸਾਚਾ ਨਾਮ, ਹਰਿ ਆਪੇ ਖੋਜ ਖੁਜੰਤਿਆ । ਹਰਿ ਆਪੇ ਅੰਮ੍ਰਿਤ ਆਤਮ ਮਧ, ਹਰਿ ਆਪੇ ਸਾਚਾ ਰਸ ਪਿਅੰਤਿਆ । ਹਰਿ ਆਪੇ ਪਵਣੀ ਸ਼ਬਦੀ ਨਦ, ਹਰਿ ਆਪੇ ਨਾਦ ਅਨਾਹਦ ਸਾਚਾ ਰਾਗ ਸੁਣੰਤਿਆ । ਆਪੇ ਬੋਧ ਅਗਾਧ ਅਗਾਧ ਬੋਧ, ਹਰਿ ਆਪੇ ਜੋਤ ਜਗੰਤਿਆ । ਹਰਿ ਆਪੇ ਸ੍ਰਿਸ਼ਟ ਸਬਾਈ ਸੋਧਨ ਸੋਧ, ਸ਼ਬਦ ਨਿਸ਼ਾਨਾ ਇਕ ਰਖੰਤਿਆ । ਹਰਿ ਆਪੇ ਗੁਣੀਆ ਵਡ ਵਡ ਬੋਧ, ਭੇਵ ਅਭੇਦ ਆਪ ਅਖਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾ ਕੋਈ ਜਾਣੇ ਸਾਧਨ ਸੰਤਿਆ ।

ਆਪੇ ਰਾਮ ਰਹੀਮ, ਬੇਐਬ ਪਰਵਰਦਿਵਾਰਿਆ । ਆਪੇ ਗੁਣੀ ਗਨੀਮ ਵਡ ਨਸੀਮ, ਨੁਕਤਾ ਮੀਮ ਨਾ ਕਿਸੇ ਵਿਚਾਰਿਆ । ਲੱਖ ਚੁਰਾਸੀ ਤੇਰੀ ਤਰਮੀਮ, ਆਪ ਕਰਾਏ ਜਿਉਂ ਅਰਜਨ ਭੀਮ, ਖੇਲ ਕਰਾਏ ਜਿਉਂ ਕ੍ਰਿਸ਼ਨ ਮੁਰਾਰਿਆ । ਰਚਨ ਰਚੇ ਰੂਸਾ ਚੀਨੀ, ਆਪੇ ਭੰਨੇ ਹੰਕਾਰੀ ਬੀਨੀ, ਯੁਰਾਪੀਨੀ ਵਡ ਹੰਕਾਰਿਆ । ਵੇਖ ਵਖਾਣੇ ਮੁਹੰਮਦੀ ਦੀਨੀ, ਨੂਰ ਅਲਾਹੀ ਏਕਾ ਈਨੀ, ਬੇਪਰਵਾਹੀ ਖੇਲ ਮਚਾ ਰਿਹਾ । ਨਾਤਾ ਛੁੱਟੇ ਖਾਣ ਪੀਣੀ, ਮੁਹੰਮਦ ਰਸੂਲਾਂ ਹੋਏ ਅਧੀਨੀ, ਕਾਲਾ ਵੇਸ ਦਰ ਦਰਵੇਸ ਆਪਣਾ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਚੀ ਰੰਗਣ ਰੰਗ ਰੰਗਾ ਰਿਹਾ ।

ਆਪੇ ਰਘੁਪਤ ਰਘੁਨਾਥਿਆ । ਸ੍ਰਿਸ਼ਟ ਸਬਾਈ ਸਗਲਾ ਪਤ, ਆਪੇ ਜਾਣੇ ਅਗਲੀ ਪਿਛਲੀ ਗਾਥਿਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇ ਸਮਝਾਵੇ ਮਤ, ਵੇਲਾ ਆਏ ਫੇਰ ਨਾ ਮਾਤਿਆ । ਨਾ ਕੋਈ ਦੇਵੇ ਧੀਰਜ ਜਤ, ਆਤਮ ਜੋਤੀ ਸਾਚਾ ਸਤਿ, ਸ਼ਬਦ ਮਿਲੇ ਨਾ ਸਾਚਾ ਰਾਥਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਅੰਤਮ ਵਖਾਏ ਸੀਆਂ ਸਾਢੇ ਤਿੰਨ ਹੱਥ ।

ਆਪੇ ਆਪ ਆਪ ਪਰਵਾਨਾ । ਧੁਰ ਦਰਗਾਹੀ ਸ਼ਬਦ ਨਿਸ਼ਾਨਾ । ਜਗਤ ਚਲਾਏ ਤੀਰ ਭਗਵਾਨਾ । ਦੂਸਰ ਕੋਈ ਰਹਿਣ ਨਾ ਪਾਏ, ਮੇਟ ਮਿਟਾਏ ਪੁਰਖ ਸੁਜਾਨਾ । ਸਾਚੀ ਬਣਤ ਰਿਹਾ ਬਣਾਏ, ਲੇਖ ਲਿਖੇ ਨਾਮ ਮਹਾਨਾ । ਚਾਰ ਵਰਨਾਂ ਇਕ ਥਾਂ ਬਹਾਏ, ਸ਼ਬਦ ਨਿਸ਼ਾਨ ਇਕ ਰਖਾਨਾ । ਵਰਨ ਅਵਰਨਾਂ ਆਪ ਹੋ ਜਾਏ, ਵੇਦ ਪੁਰਾਨਾਂ ਦਿਸ ਨਾ ਆਨਾ । ਜੋਤੀ ਜਾਮਾ ਭੇਖ ਵਟਾਏ, ਖਾਣੀ ਬਾਣੀ ਹੋਈ ਹੈਰਾਨਾ । ਨੇਹਕਲੰਕੀ ਜਾਮਾ ਪਾਏ, ਕੁਰਾਨ ਅੰਜੀਲ ਖੇਲ ਸ਼ੈਤਾਨਾ । ਸੋਹੰ ਸਾਚਾ ਡੰਕ ਵਜਾਏ, ਸੱਤਾਂ ਦੀਪਾਂ ਵੰਡ ਵੰਡਾਨਾ । ਲੇਖਾ ਲੇਖ ਭਵਿਖਤ ਲਿਖਾਏ, ਆਪ ਆਪਣੇ ਸੰਗ ਸਮਾਨਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਚ ਨਿਸ਼ਾਨ ਇਕ ਝੁਲਾਨਾ ।

ਸਚ ਨਿਸ਼ਾਨ ਹਰਿ ਬਨਵਾਰਿਆ । ਨੌਂ ਖੰਡ ਪ੍ਰਿਥਮੀ ਇਕ ਬਿਬਾਣ, ਉਡਾਏ ਸ਼ਬਦ ਸਾਚੀ ਉਡਾਰਿਆ । ਰੰਕ ਰਜਾਨਾਂ ਏਕਾ ਆਣ, ਕਰੇ ਖੇਲ ਅਪਰ ਅਪਾਰਿਆ । ਨੌਂ ਦਰ ਵੇਖੇ ਸਰਬ ਤਜ ਜਾਣ, ਮਦਿਰਾ ਮਾਸ ਨਾ ਕਰੇ ਕੋਈ ਅਹਾਰਿਆ । ਭਾਂਡੇ ਹੰਕਾਰੀ ਸਰਬ ਭੱਜ ਜਾਣ, ਵੱਜੇ ਸ਼ਬਦ ਚੋਟ ਨਗਾਰਿਆ । ਰਾਜ

ਤਾਜ ਸ਼ਾਹ ਤਜ ਜਾਣ, ਨਾ ਕੋਈ ਕਰੇ ਤਨ ਸ਼ਿੰਗਾਰਿਆ । ਦਰ ਦਵਾਰ ਬੰਕ ਸਰਬ ਛੱਡ ਜਾਣ, ਨਾ ਕੋਈ ਵੇਖੇ ਪਿੱਛਾ ਅਗਾੜਿਆ । ਗੁਰਮੁਖ ਸਾਚੇ ਸੰਤ ਸੁਹੇਲੇ ਸਰਨਾਈ ਗੁਰ ਚਰਨ ਦਵਾਰੇ ਸਜ ਜਾਣ, ਰੱਖੇ ਲਾਜ ਚਰਨ ਛੁਹਾਈ ਦਾੜ੍ਹੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਪੇਖੇ ਲੋਕਮਾਤ ਵੇਖੇ ਗੁਰ ਸੰਗਤ ਸਤਾਰਾਂ ਹਾੜੀ ਫੁਲ ਫੁਲਵਾੜੀਆ ।

ਸ਼ਬਦ ਨਿਸ਼ਾਨਾ ਰੰਗ ਆਲਮੀਨ । ਵੇਖ ਵਖਾਣੇ ਹਰਿ ਹਰਿ ਅਲਾਹੀ ਯਾ-ਮਬੀਨ । ਏਕਾ ਏਕ ਸੱਚਾ ਦਰ ਦਵਾਰ, ਰਹੀਮ ਕਰੀਮ ਸ਼ਾਹ ਨਸੀਮ ਜਾਂਨਸ਼ੀਮ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਚ ਨਿਸ਼ਾਨਾ ਹਰਿ ਮਿਹਰਬਾਨਾ ਇਕ ਚਲਾਏ ਜਗਤ ਪਰਬੀਨ ।

ਜਗਤ ਨਿਸ਼ਾਨ ਆਲਮੁਲ ਉਲਮਾ ਭਗਤ ਭਗਵਾਨਿਆ । ਰੰਗਨ ਰੰਗ ਰੰਗਾਨਾ । ਸਚ ਸਤਿ ਸਤਿ ਸਤਿ ਮਿਹਰਵਾਨ, ਆਪੇ ਜਾਣੇ ਚਵੀਆਂ ਤੱਤ ਜੋਤੀ ਵੱਖਰ ਸ਼ਬਦ ਪਛਾਨਾ । ਤ੍ਰੈਗੁਣ ਮਾਇਆ ਬਹੱਤਰ ਵਖ, ਤ੍ਰੈ ਤ੍ਰੈ ਵੇਸ ਅਨੇਕ ਮਹਾਨਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਜੋਤ ਧਰ, ਆਪੇ ਰਹੇ ਬੇਪਛਾਣਾ । ਆਪੇ ਬੇਪਛਾਣ ਸਰਬ ਪਛਾਣਦਾ ।

ਗੁਣਵੰਤ ਗੁਣ ਨਿਧਾਨ, ਸਰਬ ਜੀਆਂ ਘਟ ਆਪੇ ਜਾਣਦਾ । ਕਰੇ ਖੇਲ ਮਾਤ ਮਹਾਨਾ, ਸਾਚਾ ਰੰਗ ਕਲਜੁਗ ਤੇਰੇ ਅੰਗ ਸੰਗ ਵੇਖ ਤਰੰਗ ਨਿਗਾਹਵਾਨ ਦਾ । ਲੱਖ ਚੁਰਾਸੀ ਅੰਤ ਕੁਰੰਗ, ਸੋਹੰ ਵਜੇ ਨਾਮ ਮਰਦੰਗ, ਮਾਨਸ ਦੇਹੀ ਹੋਏ ਭੰਗ, ਕਲਜੁਗ ਜੀਵ ਭੁੱਲੇ ਮਾਇਆ ਰੁੱਲੇ, ਭੁਲਿਆ ਰਾਹ ਬ੍ਰਹਮ ਗਿਆਨ ਦਾ । ਸਚ ਦਵਾਰਾ ਏਕਾ ਖੁਲ੍ਹੇ ਨਾ ਕੋਈ ਲਾਏ ਮੁਲੇ, ਜੋ ਮਿਲੇ ਗਊ ਗ਼ਰੀਬ ਨਿਮਾਣਾ ਸ਼ਾਹ ਸੁਲਤਾਨਾ ਏਕਾ ਕੰਡੇ ਤੁਲੇ, ਕਰੇ ਖੇਲ ਧੁਰ ਦਰਗਾਹੀ ਜਗਤ ਮਲਾਹੀ ਊਚ ਨੀਚ ਨਾ ਕੋਈ ਪਛਾਣਦਾ । ਨੇਹਕਲੰਕ ਨਰਾਇਣ ਨਰ ਲੋਕਮਾਤ ਹਰਿ ਜੋਤ ਧਰ, ਸਾਚਾ ਰੰਗ ਸਦਾ ਅਭੰਗ ਨਾ ਕੋਈ ਵਖਾਣਦਾ ।

ਸਚ ਦਵਾਰਾ ਖੋਲ੍ਹ ਸ਼ਬਦ ਜਣਾਈਆ । ਸ਼ਬਦ ਵਜਾਏ ਢੋਲ, ਰੰਕ ਰਾਜਾਨਾਂ ਦਏ ਸੁਣਾਈਆ । ਪੜਦੇ ਦੇਵੇ ਖੋਲ੍ਹ, ਬਜਰ ਕਪਾਟੀ ਚੀਰ ਵਖਾਈਆ । ਆਪੇ ਪੂਰੇ ਤੋਲ ਰਿਹਾ ਤੋਲ, ਸਤਾਰਾਂ ਹਾੜੀ ਨੇੜੇ ਆਈਆ । ਸਾਚਾ ਭਾਣਾ ਵੱਜਣਾ ਢੋਲ, ਪੈਣਾ ਘੋਲ ਹਰਿ ਰਸਨਾ ਰਿਹਾ ਬੋਲ, ਨੌਂ ਖੰਡ ਪ੍ਰਿਥਮੀ ਰਿਹਾ ਜਣਾਈਆ । ਝੂਠੀ ਮਾਇਆ ਕਾਇਆ ਚੋਲ, ਲੱਖ ਚੁਰਾਸੀ ਆਤਮ ਰਿਹਾ ਫੋਲ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਵਸੇ ਸਦਾ ਕੋਲ, ਪੜਦਾ ਉਹਲਾ ਨਾ ਕੋਈ ਰਖਾਈਆ । ਦੇਵੇ ਨਾਮ ਸ਼ਬਦ ਅਨਮੋਲ, ਅੰਤਮ ਤੁਲਿਆ ਪੂਰੇ ਤੋਲ, ਸੋਹੰ ਖੰਡਾ ਹੱਥ ਉਠਾਈਆ । ਸਚ ਦਵਾਰਾ ਲਿਆ ਖੋਲ੍ਹ, ਸਚ ਸਿੰਘਾਸਣ ਰਿਹਾ ਬੋਲ, ਨੌਂ ਦਵਾਰੇ ਹਰਿ ਨਿਰੰਕਾਰੇ, ਬੇਮੁਖਾਂ ਰਾਹ ਵਖਾਈਆ । ਦਸਵਾਂ ਘਰ ਅਟੱਲ ਮੁਨਾਰੇ, ਜੋਤੀ ਜਗੇ ਇਕ ਨਿਰੰਕਾਰੇ, ਸਤਾਰਾਂ ਹਾੜੀ ਵੇਖ ਅਪਾਰੇ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਣ ਭਿਖਾਰੇ, ਨੇਹਕਲੰਕ ਜੋਤ ਪਰਗਟਾਈਆ । ਬਣਾਏ ਇਕ ਨਿਸ਼ਾਨ ਅਪਾਰੇ, ਲੇਖ ਲਿਖੇ ਸੱਚੀ ਸਰਕਾਰੇ, ਝੰਡਾ ਚੜ੍ਹੇ ਵਿਚ ਸੰਸਾਰੇ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਗੁਰਮੁਖ ਬਣਾਏ ਸਾਚੇ ਲਾੜੇ, ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹੇ, ਮਗਰ ਲਗਾਏ ਸ਼ਬਦ ਧਾੜੇ, ਤੀਰ ਕਮਾਨ ਨਾ ਕੋਈ ਰਖਾਈਆ । ਨਾਮ ਗੋਲਾ ਕਾੜ ਕਾੜੇ, ਲੁਕਿਆ ਰਹੇ ਨਾ ਕੋਈ ਝਾੜੇ, ਅੰਦਰ ਬੈਠ ਨਾ ਮੁਖ ਛੁਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਬੋਲੀ, ਧਰਤ ਮਾਤ ਦਰ ਹੋਏ ਗੋਲੀ, ਲਾੜੀ ਮੌਤ ਉਠਾਏ ਡੋਲੀ, ਚਾਰੇ ਜੁਗ ਕਹਾਰ ਬਣਾਈਆ ।

ਚਾਰੇ ਜੁਗ ਬਣੇ ਕਹਾਰਾ । ਕਲਜੁਗ ਤੇਰੀ ਅੰਤਮ ਵਾਰਾ । ਨਾ ਕੋਈ ਦੇਵੇ ਕਿਸੇ ਸਹਾਰਾ । ਚਾਰੋਂ ਕੁੰਟ ਚਾਰ ਦਵਾਰ ਪਾਇਆ ਘੇਰਾ, ਨਾ ਕੋਈ ਮੀਤ ਨਾ ਮੁਰਾਰਾ । ਧਰਮ ਦਵਾਰਾ ਖੋਲ੍ਹ ਸ਼ਬਦ ਜੈਕਾਰਿਆ । ਨੌਂ ਦਵਾਰੇ ਮਾਨਸ ਦੇਹੀ ਝੂਠਾ ਭੇਗ, ਤ੍ਰੈਗੁਣ ਤਿੰਨੇ ਦਿਸ਼ਾ ਵੇਖ ਵਖਾ ਰਿਹਾ । ਦਸਵੇਂ ਘਰ ਵੱਜੇ ਢੋਲ, ਸ਼ਬਦ ਮਰਦੰਗ ਨਾ ਕੋਈ ਰਖਾ ਰਿਹਾ । ਆਪੇ ਕੁੰਡਾ ਰਿਹਾ ਖੋਲ੍ਹ, ਸਾਚੀ ਸੇਜਾ ਆਪ ਵਿਛਾ ਰਿਹਾ । ਆਪੇ ਆਪ ਰਿਹਾ ਬੋਲ, ਸੁਰਤ ਸੁਹਾਗਣ ਨਾਰ ਪਿਆਰ ਸਾਚਾ ਮੇਲ ਮਿਲਾ ਰਿਹਾ । ਬ੍ਰਹਿਮਾਦੀ ਸਦ ਕਰੇ ਚੋਲ੍ਹ ਸ਼ਬਦ ਵਿਚੋਲਾ ਇਕ ਰਖਾ ਰਿਹਾ । ਭੇਦ ਅਭੇਦਾ ਪੜਦੇ ਖੋਲ੍ਹ, ਜੋਤੀ ਮੁਖੜਾ ਨੂਰ ਵਖਾ ਲਿਆ । ਹੱਸ ਹੱਸ ਮੁਖੋਂ ਕਹੇ ਬੋਲ, ਸਚ ਸੁਹਾਗਣ ਗੁਰਮੁਖ ਨਾਰੀ ਗੁਰ ਪੂਰਾ ਕੰਤ ਮਿਲਾ ਰਿਹਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਾਚੇ ਤੀਰਥ ਆਪ ਨੁਹਾ ਰਿਹਾ । ਰਾਗ ਅਰਾਗਾਂ ਸਾਚੀ ਬਾਣੀ, ਏਕਾ ਏਕ ਸੁਣਾ ਰਿਹਾ । ਬਨਿਆ ਰਹੇ ਸਦਾ ਪਾਲੀ, ਬਿਰਧ ਬਾਲ ਨਾ ਕੋਈ ਵਖਾ ਰਿਹਾ । ਆਪੇ ਕਰੇ ਜਾਣ ਪਛਾਣੀ, ਦੇ ਹਲੂਣਾ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਨੌਂ ਦਵਾਰੇ ਬੰਦ ਕਵਾੜਿਆ ।

ਨੌਂ ਦਵਾਰੇ ਖੋਲ੍ਹ ਕਿਵਾੜ, ਬੇਮੁਖਾਂ ਵਖਾਏ ਸਤਾਰਾਂ ਹਾੜ । ਗੁਰਮੁਖਾਂ ਵਖਾਏ ਏਕਾ ਰਾਹ ਜਗਤ ਮਲਾਹ, ਦਰ ਘਰ ਸਾਚੇ ਦੇਵੇ ਵਾੜ । ਕੋਈ ਨਾ ਅਗੇ ਕਰੇ ਧਰਮ ਰਾਏ ਨਾ ਪੁੱਛੇ ਮੁੱਖ ਉਘਾੜ । ਜਮ ਰਾਜ ਨਾ ਪਕੜੇ ਬਾਂਹੀਂ, ਗੁਰਮੁਖ ਸਾਚੇ ਸਾਚੇ ਲਾੜ । ਪਕੜ ਉਠਾਏ ਥਾਉਂ ਥਾਈਂ, ਸਾਚੇ ਘੜੇ ਘਾੜਨ ਘਾੜ । ਆਪੇ ਬਣੇ ਪਿਤਾ ਮਾਂ, ਅੰਮ੍ਰਿਤ ਹਰਿ ਮੁਖ ਚਵਾਏ ਨਾੜ ਨਾੜ । ਹੰਸ ਬਣਾਏ ਗੁਰਮੁਖ ਕਾਂ, ਪਰੇ ਹਟਾਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਵਿਚਾਰ ਸਤਾਰਾਂ ਹਾੜ ।

ਨੌਂ ਦਵਾਰੇ ਦਰ ਖੋਲ੍ਹੇ । ਅੰਦਰ ਬਾਹਰ ਗੁਪਤ ਜਾਹਰ ਆਪੇ ਬੋਲੇ । ਮਾਨਸ ਦੇਹੀ ਨੇਤਰ ਵੇਖੇ, ਕਵਣ ਰੰਗ ਕਾਇਆ ਚੋਲੇ । ਜੀਵ ਜੰਤ ਭਰਮ ਭੁਲੇਖੇ, ਧਰਤ ਮਈਆ ਕਲਜੁਗ ਨਈਆ ਅੰਤਮ ਡੋਲੇ । ਪੁਰਖ ਅਬਿਨਾਸ਼ੀ ਸਾਚਾ ਵੇਖੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੰਗ ਸ਼ਬਦ ਸੰਗ ਏਕਾ ਰੱਖਿਆ ।

ਨੌਂ ਦਵਾਰੇ ਜਗਤ ਦੁਕਾਨਾ । ਰਸਨਾ ਰਸ ਮੁੱਖ ਥੁੱਕ ਫੀਕ ਫਿਕਾਨਾ । ਅੰਤਮ ਵੇਲਾ ਗਿਆ ਢੁਕ, ਆਪਣਾ ਭਾਰ ਲੈਣਾ ਚੁੱਕ, ਮਿਲੇ ਨਾਮ ਨਾ ਸ਼ਬਦ ਬਿਬਾਣਾ । ਕਲਜੁਗ ਔਧ ਗਈ ਮੁੱਕ, ਪ੍ਰਭ ਕਾ ਭਾਣਾ ਨਾ ਸਕੇ ਰੁਕ, ਕਰੇ ਖੇਲ ਵਾਲੀ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸ਼ਬਦ ਜਣਾਏ ਜਗਤ ਏਕਾ ਏਕ ਨਾਮ ਨਿਸ਼ਾਨਾ ।

ਨਾਮ ਨਿਸ਼ਾਨ ਇਕ ਰਖਾਉਣਾ । ਭਗਤ ਭਗਵਾਨ ਧਰਮ ਸੁਹਾਉਣਾ । ਸ਼ਬਦ ਬਾਣ ਮਾਰ ਧਿਆਨ ਨਾਲ ਰਖਾਉਣਾ । ਜਗਤ ਉਡਾਨ ਕਰ ਪਛਾਣ, ਚਾਰ ਕੁੰਟ ਪ੍ਰਭ ਆਪ ਕਰਾਉਣਾ । ਸੱਤਾਂ ਦੀਪਾਂ ਵੰਡ ਵੰਡਾਨ, ਸੋਹੰ ਅੱਖਰ ਕਰ ਕਰ ਵੱਖਰ ਸਾਚਾ ਲੇਖਾ ਆਪ ਲਿਖਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਪ ਸੁਹਾਉਣਾ ।

ਸਚ ਸਿੰਘਾਸਣ ਹਰਿ ਦਾਤਾਰ । ਸ਼ਬਦ ਨਿਸ਼ਾਨਾ ਅਪਰ ਅਪਾਰ । ਲੇਖਾ ਲਿਖੇ ਵਾਰੋ ਵਾਰ । ਸਤਿ ਸਤਿਵਾਦੀ ਸਤ ਰੰਗ ਸਤਿ ਪੁਰਖ ਨਿਰੰਜਣ ਸਾਚੀ ਧਾਰ । ਲੋਆਂ ਪੁਰੀਆਂ ਰਿਹਾ ਲੰਘ, ਧਰਤ ਮਾਤ

ਤੇਰੀ ਸੁਣ ਪੁਕਾਰ । ਗਰੀਬ ਨਿਮਾਣਿਆਂ ਕੱਟੇ ਭੁੱਖ ਨੰਗ, ਲੋਕਮਾਤ ਲਏ ਅਵਤਾਰ । ਚਿੱਟੇ ਅਸਵ ਕਸੇ ਤੰਗ, ਹਰਿ ਸੂਰਬੀਰ ਸੱਚਾ ਸਰਦਾਰ । ਲੱਖ ਚੁਰਾਸੀ ਭੰਨੇ ਕਾਚੀ ਵੰਗ, ਰਾਜ ਰਾਜਾਨਾਂ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਏਕਾ ਘੱਲੇ, ਚਾਰ ਯਾਰੀ ਸਚ ਮਹੱਲੇ, ਅੰਤਮ ਰਹਿਣਾ ਖ਼ਬਰਦਾਰ ।

ਸ਼ਬਦ ਸੁਨੇਹੜਾ ਦੇਵੇ ਤੋਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚਾ ਹਰਿ, ਸੋਹੰ ਬੰਨ੍ਹੇ ਸਾਚੀ ਡੋਰ । ਵੇਖ ਵਖਾਣੇ ਉਚੇ ਘਰ, ਜਗਤ ਮਹੱਲਾ ਲੱਗੇ ਚੋਰ । ਵੇਲੇ ਅੰਤਮ ਜਾਣ ਹਰ, ਕਲ ਅੰਧੇਰਾ ਅੰਧ ਘੋਰ । ਕਲਜੁਗ ਅੰਤਮ ਆਉਣਾ ਡਰ, ਚਾਰ ਕੁੰਟਾਂ ਹਰਾਮ ਖੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੋਰ ਤੋਰ ।

ਸ਼ਬਦ ਸੁਨੇਹੜਾ ਮੁਹੰਮਦੀ ਯਾਰ । ਅੰਤਮ ਵੇਲਾ ਕਰ ਵਿਚਾਰ । ਚਾਰ ਯਾਰੀ ਹੋਏ ਖਵਾਰੀ, ਅੰਤਮ ਪੈਣੀ ਡਾਹਢੀ ਮਾਰ । ਅਹਿਮਦ ਮੁਹੰਮਦ ਖੇਲ ਅਪਾਰ । ਦਰ ਦਰ ਘਰ ਘਰ ਹੋਏ ਖਵਾਰ । ਬਿਰਧ ਬਾਲ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਸੰਗ ਮੁਹੰਮਦ ਭੇਖ ਕਰ, ਵੇਖ ਵਖਾਣੇ ਸ਼ਾਹ ਸੁਲਤਾਨ ਦਰ ਸਰਕਾਰ ।

ਸੰਗ ਮੁਹੰਮਦ ਸਗਲਾ ਸਾਥਾ । ਅਹਿਮਦ ਨੂਰ ਹਰੀ ਰਘੁਨਾਥਾ । ਸ਼ਬਦ ਭਰਪੂਰ ਅਨਹਦ ਤੂਰ ਵਸੇ ਦੂਰ ਅਕਥਨਾ ਕਾਥਾ । ਸਰਬ ਘਟਾ ਆਪੇ ਭਰਪੂਰ, ਸੱਜਣ ਸੁਹੇਲਾ ਹਾਜ਼ਰ ਹਜ਼ੂਰ, ਜਨ ਭਗਤ ਚੜ੍ਹਾਏ ਸਾਚੇ ਰਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਵੇਖੇ ਖੇਲ ਜਗਤ ਤਮਾਸ਼ਾ ।

ਸੰਗ ਮੁਹੰਮਦੀ ਹੋਏ ਹੈਰਾਨੀ । ਸ਼ਬਦ ਨਿਸ਼ਾਨਾ ਤੀਰ, ਪਏ ਵਹੀਰ ਅੰਜੀਲ ਕੁਰਾਨੀ । ਬਾਲਕ ਮਾਤਾ ਛੁੱਟੇ ਸੀਰ, ਵੇਲਾ ਅੰਤ ਅੰਤ ਅਖ਼ੀਰ, ਸਚ ਹਦੀਸ ਨਾ ਕੋਈ ਪੜ੍ਹਾਨੀ । ਅਸਤਰ ਬਸਤਰ ਲੱਥੇ ਚੀਰ, ਨਾ ਕੋਈ ਸ਼ਸਤਰ ਸ਼ਾਹ ਫ਼ਕੀਰ, ਰੁਲਦੇ ਫਿਰਦੇ ਬੀਰ ਦੁਰਾਨੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਅੱਖਰ ਜਗਤ ਵੱਖਰ ਦੀਪ ਖੰਡ ਬ੍ਰਹਿਮੰਡ ਇਕ ਚਲਾਏ ਸੋਹੰ ਬਾਣੀ ।

ਸੋਹੰ ਸ਼ਬਦ ਸ਼ਬਦ ਭਗਵਾਨਿਆ । ਆਪ ਬਣਾਏ ਆਪਣੀ ਜੁਗਤ ਭੁਗਤ ਮੁਕਤ ਵਿਚ ਜਹਾਨਿਆ । ਧਰਮ ਰਖਾਏ ਸਾਚੀ ਸ਼ਕਤ, ਆਏ ਵਕਤ ਬੇਮੁਹਾਨਿਆ । ਲੱਖ ਚੁਰਾਸੀ ਬੂੰਦ ਰਕਤ, ਹੱਡ ਮਾਸ ਨਾੜੀ ਨਾ ਕਰੇ ਕੋਈ ਪਛਾਨਿਆ । ਇਕ ਵਡਿਆਈ ਨਾਮ ਭਗਤ, ਜਿਹਵਾ ਜਗਤ ਰਸਨਾ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਬਣਾਏ ਧਰਮ ਨਿਸ਼ਾਨਿਆ ।

ਧਰਮ ਨਿਸ਼ਾਨਾ ਪਾਏ ਵੰਡ । ਨਾਮ ਨਿਧਾਨਾ ਸਚਖੰਡ । ਵਿਚ ਜਹਾਨਾ ਪਾਈ ਠੰਡ । ਵਾਲੀ ਦੋ ਜਹਾਨਾਂ ਖੇਲ ਬ੍ਰਹਿਮੰਡ । ਆਪੇ ਹੋਏ ਬੇਪਛਾਨਾ, ਸਦ ਵੇਖੇ ਖੰਡ ਖੰਡ । ਸਿੰਘ ਜਗਦੀਸ਼ੇ ਬੰਨੇ ਗਾਨਾ, ਵੇਖ ਵਖਾਣੇ ਉਤਭੁਜ ਸੇਤਜ ਜੇਰਜ ਅੰਡ । ਚਾਰ ਵਰਨ ਹੋਏ ਪਰਧਾਨਾ, ਸੋਹੰ ਸ਼ਬਦ ਚੰਡ ਪਰਚੰਡ । ਜੋਤੀ ਜੋਤ ਸਰੂਪ ਹਰਿ, ਰਾਮ ਰਹੀਮ ਇਕ ਨਿਸ਼ਾਨਾ । ਸਚ ਨਿਸ਼ਾਨਾ ਹਰਿ ਦਾਤਾਰ । ਸਗਲ ਸਮਗਰੀ ਰਿਹਾ ਕਰ, ਪਹਿਲੀ ਗੜ੍ਹੀ ਕਰ ਤਿਆਰ । ਨਿਰਮਲ ਕਾਇਆ ਇਕ ਇਕਗਰੀ, ਲੇਖੇ ਲੱਗੀ ਪਹਿਲੀ ਵਾਰ ।

ਜੋਤੀ ਜੋਤ ਜੋਤ ਉਜਗਰੀ, ਨਾਮ ਰਤਨ ਰਤਨਗਰੀ, ਚਾਰੋਂ ਕੁੰਟ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਜਗਤ ਜਗਦੀਸ਼ਾ ਧਰਮ ਬਣਾਏ, ਸ਼ਬਦ ਨਸ਼ਾਨ ਕਰ ਤਿਆਰ ।

ਜਗਤ ਜਗਦੀਸ਼ ਤੇਰੀ ਰੱਤ । ਲੱਖ ਚੁਰਾਸੀ ਜੂਠੇ ਝੂਠੇ ਪੀਸਣ ਰਹੀ ਪੀਸ, ਕਲਜੁਗ ਅੰਤਮ ਦੇ ਸਮਝਾਵੇ ਮੱਤ । ਏਕਾ ਸ਼ਬਦ ਸਾਚਾ ਸੋਹੇ ਸੀਸ, ਚਾਰ ਵਰਨਾਂ ਜਤਾਉਣਾ ਏਕਾ ਤੱਤ । ਲੇਖਾ ਚੁੱਕੇ ਬੀਸ ਇਕੀਸ, ਆਪ ਲਿਖਾਏ ਤੇਰਾ ਸਤਿ । ਜੋਤੀ ਜੋਤ ਸਰੂਪ ਹਰਿ, ਸ਼ਬਦ ਨਿਸ਼ਾਨਾ ਮਾਤ ਧਰ, ਆਪ ਝੁਲਾਏ ਦੀਪ ਸੱਤ । ਦੀਪ ਸੱਤ ਹਰਿ ਬਲਕਾਰਿਆ ।

ਆਪੇ ਦੇ ਸਮਝਾਵੇ ਮੱਤ, ਸ਼ਬਦ ਜਗਾ ਰਿਹਾ । ਪਰਗਟ ਹੋਏ ਕਮਲਾਪਤ, ਗੁਰਮਖ ਸਾਚੇ ਬਣਤ ਬਣਾ ਰਿਹਾ । ਬਾਲ ਅਵਸਥਾ ਧੀਰਜ ਜਤ, ਸਾਚੀ ਰੱਤ ਲੇਖੇ ਲਾ ਰਿਹਾ । ਪੂਰਬ ਲਹਿਣਾ ਮਿਲਿਆ ਰਥ, ਗੁਰ ਗੋਬਿੰਦੇ ਤੇਰੀ ਵਥ, ਵਾਲੀ ਹਿੰਦੇ ਸਰਬ ਸਮਰੱਥ, ਲਹਿਣਾ ਦੇਣਾ ਆਪ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸ਼ਬਦ ਨਿਸ਼ਾਨਾ ਇਕ ਬਣਾ ਰਿਹਾ ।

ਸ਼ਬਦ ਨਿਸ਼ਾਨਾ ਕਰ ਤਿਆਰ । ਕਲਜੁਗ ਤੇਰੀ ਅੰਤਮ ਵਾਰ । ਪੁਰਖ ਅਬਿਨਾਸ਼ੀ ਪਾਏ ਸਾਰ । ਧਰਤ ਮਾਤ ਦਏ ਹੁਲਾਰ, ਪੁਰਖ ਅਬਿਨਾਸ਼ੀ ਪਾਏ ਸਾਰ । ਚਾਰ ਕੁੰਟਾਂ ਏਕਾ ਵਾਰ । ਦਹਿ ਦਿਸ਼ਾ ਖ਼ਬਰਦਾਰ । ਚੰਦ ਸੂਰਜ ਨਿਮਸਕਾਰ । ਗਗਨ ਮੰਡਲ ਨਾਲ ਸਤਾਰ । ਪੁਰੀਆਂ ਲੋਆਂ ਬੰਨ੍ਹੇ ਧਾਰ । ਸਦੀ ਚੌਧਵੀਂ ਵੇਖ ਵਿਚਾਰ । ਸ਼ਬਦ ਸੁਨੇਹੜਾ ਰੰਗ ਅਪਾਰ । ਲੱਖ ਚੁਰਾਸੀ ਤੇਰਾ ਖੇੜਾ, ਲੋਕਮਾਤ ਰਿਹਾ ਵਿਚਾਰ । ਜਾਤੀ ਪਾਤੀ ਵੱਡਾ ਝੇੜਾ, ਨਾ ਕੋਈ ਵਸੇ ਨਗਰ ਖੇੜਾ, ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਅੰਤਮ ਹੌਲਾ ਹੋਏ ਭਾਰ । ਜਨ ਭਗਤਾਂ ਬੰਨ੍ਹੇ ਬੇੜਾ, ਬੇਮੁਖਾਂ ਲਾਏ ਸ਼ਬਦ ਉਖੇੜਾ, ਅੰਤਮ ਮਾਰੇ ਕਰ ਖਵਾਰ । ਕਰੇ ਕਰਾਏ ਹੱਕ ਨਿਬੇੜਾ, ਏਥੇ ਓਥੇ ਨਾ ਕੋਈ ਹੁਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਤਿਆਰ ।

ਸ਼ਬਦ ਨਿਸ਼ਾਨ ਉਠ ਲਲਕਾਰ, ਨੇਹਕਲੰਕ ਕਲ ਜਾਮਾ ਪਾਇਆ । ਜਨ ਭਗਤਾਂ ਹੋਏ ਪਹਿਰੇਦਾਰ, ਰੰਗਣ ਰੰਗ ਨਾਮ ਦਵਾਇਆ । ਲਾਲ ਚੋਲਾ ਤਨ ਛੁਹਾਇਆ । ਸਾਚਾ ਕੀਆ ਆਪ ਸ਼ਿੰਗਾਰ, ਲਛਮੀ ਤੇਰਾ ਪ੍ਰੇਮ ਵਖਾਇਆ । ਕਵਲ ਫੂਲ ਹੱਥ ਲਟਕਾਇਆ । ਬੱਧੀ ਸਾਚੀ ਧਾਰ, ਸਾਚਾ ਵੇਸ ਰੰਗ ਵਟਾਇਆ । ਘਰ ਮੇਂ ਘਰ ਸਤਿ ਸਮਾਇਆ । ਲਾਲਨ ਲਾਲ ਦਿਸ ਨਾ ਆਇਆ । ਦੀਨ ਦਿਆਲ ਹਰਿ ਗੋਪਾਲ, ਸਾਚਾ ਲਾਲ ਲੇਖੇ ਲਾਇਆ । ਝੁਲਦਾ ਰਹੇ ਇਕ ਨਿਸ਼ਾਨ, ਉਚਾ ਲੰਬਾ ਨੌਜਵਾਨ, ਛੱਤੀ ਜੁਗ ਛੱਤੀ ਰਾਗਾਂ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੱਤਾਂ ਦੀਪਾਂ ਏਕਾ ਸਾਚਾ ਧਰਮ ਰਖਾਇਆ ।

ਛੱਤੀ ਜੁਗ ਰਾਗ ਛਤੀਸ, ਖੇਲ ਅਪਾਰਿਆ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਰਹੀ ਪੀਸ, ਪਰਗਟ ਹੋਏ ਹਰਿ ਰਘੁਰਾਇਆ । ਰਾਜ ਰਾਜਾਨਾਂ ਛਤਰ ਕਿਸੇ ਨਾ ਦਿਸੇ ਸੀਸ, ਲੇਖਾ ਲਿਖੇ ਵੇਖ ਵਖਾਣੇ ਸਤਾਰਾਂ ਹਾੜੀ ਦਰ ਦਵਾਰਿਆ । ਰਾਜੇ ਬਵੰਜਾ ਆਪ ਜਗਾਣਾ । ਹਰਿ ਗੋਬਿੰਦਾ ਭੇਵ ਚੁਕਾਣਾ । ਕਰਿਆ ਖੇਲ ਵਿਚ ਗਵਾਲੀਅਰ, ਆਪ ਆਪਣੇ ਲੜ ਬੰਧਾਨਾ । ਸ਼ਬਦ ਸਰੂਪੀ ਫੜ ਉਠਾਏ, ਪੰਡਤ ਨਹਿਰੂ ਕਰ ਧਿਆਨਾ । ਪ੍ਰਭ ਕਰੇ ਖੇਲ ਅਪਰ ਅਪਾਰਿਆ, ਇਕ ਝੁਲਾਏ ਧਰਮ ਨਿਸ਼ਾਨੇ, ਜਗਤ ਜਗਦੀਸ਼ੇ ਖੇਲ ਮਹਾਨੇ, ਸਾਚਾ ਧਾਮ ਆਪ ਸੁਹਾਨਾ । ਸਾਚਾ ਧਾਮ ਆਪ ਸੁਹਾਨੇ, ਨੌਂ ਦਰ ਦਰਵਾਜਿਆ । ਗੁਰਮੁਖਾਂ ਪੂਰਨ ਕਾਮ ਕਰਾਏ,

ਗਰੀਬ ਨਿਵਾਜਿਆ । ਸੁੱਕਾ ਹਰਿਆ ਚਾਮ ਕਰਾਏ, ਜੋ ਜਨ ਆਏ ਦਰ ਦਰ ਭਾਜਿਆ । ਸਾਚਾ ਨਾਮ ਝੋਲੀ ਪਾਏ, ਵੇਲੇ ਅੰਤਮ ਰੱਖੇ ਲਾਜਿਆ । ਕਲਜੁਗ ਅੰਧੇਰੀ ਰਾਤ ਮਿਟਾਏ, ਆਤਮ ਜੋਤ ਇਕ ਜਗਾਏ, ਸੀਸ ਪਹਿਨਾਏ ਸਾਚਾ ਤਾਜਿਆ । ਨੌਂ ਖੰਡ ਪ੍ਰਿਥਮੀ ਸਰਨ ਲਗਾਏ, ਸੱਤਾਂ ਦੀਪਾਂ ਵੰਡ ਵੰਡਾਏ, ਲੋਆਂ ਪੁਰੀਆਂ ਸਾਜਨ ਸਾਜਿਆ । ਸ਼ਬਦ ਹੱਥ ਚੰਡ ਪਰਚੰਡ ਉਠਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਪਰਗਟ ਜੋਤ ਕਰ ਕਰ ਵੇਸ ਦੇਸਨ ਦੇਸ ਮਾਝਿਆ ।

ਮਾਝਾ ਦੇਸ ਇਕ ਇਕੱਲਾ । ਨੌਂ ਦਰਵਾਜੇ ਸਚ ਮਹੱਲਾ । ਦਸਵੇਂ ਘਰ ਸਾਜਨ ਸਾਜੇ, ਭਾਂਡਾ ਭਰਮ ਭਉ ਭਾਜੇ, ਇਕ ਵਖਾਏ ਦਇਆ ਕਮਾਏ, ਨਿਹਚਲ ਧਾਮ ਅਟੱਲਾ । ਇਕ ਸਵਾਰੇ ਆਪਣੇ ਕਾਜੇ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤ ਜਗਾਏ ਘੜੀ ਘੜੀ ਪਲ ਪਲਾ ।

ਜੋਤ ਨਿਰੰਜਣ ਕਰ ਅਕਾਰ, ਬਣਤ ਬਣਾਈਆ । ਸ਼ਬਦ ਘੋੜੇ ਹੋ ਅਸਵਾਰ, ਲੋਕਮਾਤ ਕਰ ਕਰ ਆਇਆ ਧਾਈਆ । ਪਹਿਲੀ ਹਾੜ ਦਰਸ ਅਪਾਰ, ਸਿੰਘ ਮਨਜੀਤਾ ਤੇਰੀ ਨੀਂਹ ਰਖਾਈਆ । ਸਚ ਮਹੱਲਾ ਕਰ ਤਿਆਰ, ਲੱਖ ਚੁਰਾਸੀ ਰਿਹਾ ਵਖਾਈਆ । ਰਾਜ ਰਾਜਾਨਾਂ ਝੂਠੇ ਦਿਸਣ ਦਰ ਦਰਬਾਰ, ਜੂਠੀ ਝੂਠੀ ਵੰਡ ਵੰਡਾਈਆ । ਹਰਿਜਨ ਮਿਲੇ ਸਾਚਾ ਸ਼ਬਦ ਉਡਾਰ, ਨਾਮ ਬਿਬਾਣਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਚਾ ਧਾਮ ਰਿਹਾ ਸੁਹਾਈਆ ।

ਸਾਚਾ ਧਾਮ ਸੁਹਾਏ ਨੌਂ ਦਵਾਰਿਆ । ਗੁਰਮੁਖਾਂ ਜੋਤ ਜਗਾਏ, ਸਤਿ ਪੁਰਖ ਅਪਾਰਿਆ । ਵਰਨ ਗੋਤ ਭੇਵ ਮਿਟਾਏ, ਵਰਨਾਂ ਬਰਨਾਂ ਏਕਾ ਰਾਹ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਅਪਾਰਾ, ਏਕਾ ਰੰਗ ਰੰਗਾ ਰਿਹਾ । ਲਾਲ ਰੰਗ ਰੰਗ ਅਮੋਲਾ । ਪੁਰਖ ਅਬਿਨਾਸ਼ੀ ਪੜਦਾ ਖੋਲ੍ਹਾ । ਭਾਗ ਲਗਾਇਆ ਕਾਇਆ ਚੋਲਾ । ਜੋਤ ਨਿਰੰਜਣ ਗੁਪਤੀ ਬੋਲਾ । ਓਅੰਕਾਰਾ ਪੜਦਾ ਓਹਲਾ । ਧਾਰ ਸਵਰਨੀ ਜਗਤ ਵਿਚੋਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਧਿਆਨਾ ਆਪ ਬਣਾਏ ਦਇਆ ਕਮਾਏ ਸਪੂਰਨ ਕਲਾ ਸੋਲਾਂ ।

ਸ਼ਬਦ ਨਿਸ਼ਾਨ ਰੰਗ ਅਮੋਲਾ । ਹਰਿ ਭਗਵਾਨ ਜਗਤ ਵਿਚੋਲਾ । ਜਗਤ ਦਵਾਰਾ ਏਕਾ ਖੋਲ੍ਹਾ । ਗੁਰਮੁਖਾਂ ਬਣਿਆ ਆਪੇ ਗੋਲਾ । ਸ਼ਬਦ ਸੁਣਾਇਆ ਸਾਚਾ ਢੋਲਾ । ਰੰਗ ਰੰਗਾਇਆ ਨੀਲਾ ਚੋਲਾ । ਨੀਲਾ ਚੋਲਾ ਸਤ ਸਵਰਨੀ ਸੰਗ ਰਲਾਇਆ, ਵਿਚ ਦਿਸਾਇਆ ਪੜਦਾ ਉਹਲਾ । ਅਗੰਮ ਅਗੰਮੀ ਭੇਵ ਖੁਲ੍ਹਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਿਆ ਆਲਾ ਭੋਲਾ । ਚਿੱਟਾ ਰੰਗ ਰੰਗ ਅਨੂਪ । ਦਸਮ ਦਵਾਰੀ ਸਤਿ ਸਰੂਪ । ਸਾਚਾ ਚੋਲਾ ਹਰਿ ਵੱਡਾ ਸ਼ਾਹੋ ਭੂਪ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਨਾ ਕੋਈ ਦਿਸੇ ਰੰਗ ਰੂਪ ।

ਸੂਹਾ ਰੰਗ ਸਵਗਰੀ ਧਾਰ । ਸਤਿ ਪੁਰਖ ਨਿਰੰਜਣ ਆਪਣੀ ਕਰੇ ਕਾਰ । ਤਨ ਛੁਹਾਇਆ ਪੀਲਾ ਚੋਲਾ, ਸਾਚਾ ਰਾਣਾ ਸੱਚੀ ਸਰਕਾਰ । ਅਜੱਪਾ ਜਾਪ ਦਿਸ ਨਾ ਆਇਆ, ਅੱਖਰ ਵੱਖਰ ਧਾਮ ਨਿਆਰ । ਸੂਹਾ ਵੇਸ ਕਲ ਵਖਾਇਆ, ਭੇਖਾਧਾਰੀ ਭੇਖ ਅਪਾਰ । ਆਪ ਆਪਣਾ ਰੰਗ ਵਖਾਇਆ, ਲੋਕਮਾਤ ਕਰ ਵਿਚਾਰ । ਅੰਦਰੇ ਅੰਦਰ ਜੋਤ ਜਗਾਇਆ, ਜੋਤੀ ਰੰਗ ਅਪਰ ਅਪਾਰ । ਕਾਲਾ ਵੇਸ ਹਰਿ ਰਘੁਰਾਇਆ, ਦਰ ਦਰਵੇਸ ਪਹਿਰੇਦਾਰ । ਤ੍ਰੈਕੁਟੀ ਦੇਸ ਵਾਸ ਰਖਾਇਆ, ਸਰਗੁਣ ਨਿਰਗੁਣ ਪਹਿਰੇਦਾਰ । ਬ੍ਰਹਮਾ ਵਿਸ਼ਨ ਮਹੇਸ਼ ਦਿਸ ਨਾ ਆਇਆ, ਕਲਜੁਗ ਮਾਇਆ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਅਪਾਰ ।

ਆਦਿ ਨੀਲਾ ਸ਼ਬਦ ਸੰਗ ਛੈਲ ਛਬੀਲਾ । ਸਾਚਾ ਬਸਤਰ ਆਪ ਛੁਹਾਏ, ਤਨ ਮਨ ਪੀਲਾ । ਅਸਤਰ ਘੋੜਾ ਨਾਮ ਰਖਾਏ, ਸੋਹੰ ਦਏ ਸਾਚਾ ਟੀਲਾ । ਭੂਸ਼ਨ ਬਸਤਰ ਆਪ ਸੁਹਾਏ, ਚੁਰਾਸੀ ਕਲੀਆਂ ਕਰ ਕਰ ਹੀਲਾ । ਲੱਖ ਚੁਰਾਸੀ ਫੰਦ ਕਟਾਏ, ਛੇ ਘਰ ਵੇਸ ਅਨੇਕ ਰੰਗ ਰੰਗੀਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗ ਸੱਤ ਕਰਾਏ ਲਾਲ ਕਾਲਾ ਚਿੱਟਾ ਨੀਲਾ, ਸ਼ਬਦ ਸੁਨਹਿਰੀ ਸੂਹਾ ਪੀਲਾ ।

ਕਰ ਕਰ ਰੰਗ ਸਤ ਸਤ ਅਪਾਰੀ । ਸ਼ਬਦ ਚੰਡ ਫੜੇ ਕਰ ਤਿਆਰੀ । ਨੌਂ ਖੰਡ ਪ੍ਰਿਥਮੀ ਆਈ ਵੰਡ, ਸੱਤਾਂ ਦੀਪਾਂ ਪਸਰ ਪਸਾਰੀ । ਮੇਟ ਮਿਟਾਉਣਾ ਭੇਖ ਪਖੰਡ, ਜੂਠੀ ਝੂਠੀ ਚੋਰ ਯਾਰੀ । ਬੇਮੁਖਾਂ ਦੇਣੀ ਅੰਤਮ ਕੰਡ, ਗੁਰਮੁਖਾਂ ਕਰਨਾ ਖ਼ਬਰਦਾਰੀ । ਪੱਲੇ ਬੰਨ੍ਹੇ ਨਾਮ ਗੰਢ, ਉਚਾ ਚੜ੍ਹਨਾ ਵਿਚ ਸੰਸਾਰੀ । ਬੇਮੁਖਾਂ ਲਾਏ ਕਲਜੁਗ ਦੰਡ, ਸੋਹੰ ਖੰਡਾ ਫੜ ਕਟਾਰੀ । ਰਾਜ ਰਾਜਾਨਾਂ ਵੱਢੀ ਕੰਡ, ਆਤਮ ਹੋਏ ਵਡ ਹੰਕਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ ਸ਼ਬਦ ਨਿਸ਼ਾਨ ਇਕ ਝੁਲਾਏ ਕਲਜੁਗ ਤੇਰੀ ਅੰਤਮ ਵਾਰੀ ।

ਸ਼ਬਦ ਨਿਸ਼ਾਨਾ ਹਰਿ ਕੀ ਧਾਰੀ । ਪਾਰਬ੍ਰਹਮ ਬ੍ਰਹਮਪਾਰ ਜੋਤ ਗੋਤ ਵਰਨ ਅਪਾਰੀ । ਸਚ ਕਰਮ ਜਗਤ ਧਰਮ ਖੇਲੇ ਖੇਲ ਭਗਤਨ ਮੇਲ ਜੋਧਾ ਸੂਰ ਵਡ ਬਲਕਾਰੀ । ਸੋਹੰ ਸ਼ਬਦ ਚੜ੍ਹਨਾ ਤੇਲ, ਧਰਮ ਰਾਏ ਦੀ ਕੱਟੀ ਜੇਲ, ਗੁਰਮੁਖ ਆਇਣ ਚਰਨ ਦਵਾਰੀ । ਇਕ ਵਖਾਉਣਾ ਰੰਗ ਨਵੇਲ, ਸਦਾ ਰਿਹਾ ਸੱਜਣ ਸੁਹੇਲ, ਮੀਤ ਮੁਰਾਰਾ ਪੁਰਖ ਅਪਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਸੋਹੰ ਝੰਡਾ ਪਾਏ ਵੰਡਾ, ਪਹਿਲੀ ਹਾੜੀ ਕਰ ਤਿਆਰੀ ।

ਸ਼ਬਦ ਝੰਡੇ ਚੜ੍ਹਿਆ ਚਾਅ । ਪੁਰਖ ਅਬਿਨਾਸ਼ੀ ਪਾਏ ਵੰਡੇ, ਸੱਤਾਂ ਦੀਪਾਂ ਬਣ ਮਲਾਹ । ਆਪੇ ਲਾਏ ਪਾਰ ਕੰਢੇ, ਉਚਾਂ ਨੀਚਾਂ ਭੇਵ ਚੁਕਾ । ਨਿਸ਼ਾਨ ਝੁਲਾਏ ਵਿਚ ਬ੍ਰਹਿਮੰਡੇ, ਸਦਾ ਰੱਖੇ ਠੰਡੀ ਛਾਂ, ਦੂਈ ਦਵੈਤੀ ਅਗਨ ਮਿਟਾ । ਝੁਲਦਾ ਰਹੇ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਬਣਾ ।

ਝੁੱਲੇ ਮਾਤ ਨਿਸ਼ਾਨ ਸ਼ਬਦ ਹੁਲਾਰਿਆ । ਚਾਰ ਵਰਨਾਂ ਏਕਾ ਆਣ, ਇਕ ਦਵਾਰਾ ਵਡ ਸੰਸਾਰਾ ਆਪ ਵਖਾ ਰਿਹਾ । ਗਊ ਗਰੀਬਾਂ ਰੱਖੇ ਮਾਣ, ਮੇਟ ਮਿਟਾਏ ਜੀਵ ਸ਼ੈਤਾਨ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਸਾਚਾ ਹੁਕਮ ਸੁਣਾ ਰਿਹਾ । ਅੰਤਮ ਛੱਡਣਾ ਪਏ ਜਹਾਨ, ਕਲਜੁਗ ਮਾਇਆ ਹੋਈ ਪਰਧਾਨ, ਨਾ ਕੋਈ ਦੇਵੇ ਜੀਆ ਦਾਨ, ਜੂਠਾ ਝੂਠਾ ਵਣਜ ਕਰਾ ਰਿਹਾ । ਕਲਜੁਗ ਕੂੜਾ ਕਰਮ ਪਛਾਣ, ਦੀਪਾਂ ਲੋਆਂ ਮਾਰ ਧਿਆਨ, ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਸ਼ਬਦ ਝੰਡਾ ਇਕ ਚੜ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਜਗਤ ਪਛਾਣ, ਏਕਾ ਏਕ ਇਕ ਇਕੱਲਾ ਸਚ ਮਹੱਲਾ ਸਾਚਾ ਧਾਮ ਸੁਹਾ ਰਿਹਾ । ਸ਼ਬਦ ਬਿਬਾਣਾ ਜਾਏ ਚੜ੍ਹ ।

ਨਾਮ ਨਿਸ਼ਾਨਾ ਅਗੇ ਖੜ । ਜਗਤ ਬਿਬਾਣਾ ਹਰਿ ਮਿਹਰਬਾਨਾ, ਆਪਣੀ ਹੱਥੀਂ ਲਏ ਫੜ । ਕਰੇ ਪਰਕਾਸ਼ ਕੋਟਨ ਭਾਨਾ, ਚਵੀ ਹੱਥ ਉਚ ਟਿਕਾਨਾ ਚਵੀਆਂ ਤੱਤਾਂ ਰਿਹਾ ਲੜ । ਪਾਰਬ੍ਰਹਮ ਬ੍ਰਹਮ ਮੇਲ ਮਿਲਾਨਾ, ਧਰਮ ਕਰਮ ਇਕ ਰਾਹ ਵਖਾਨਾ, ਸਚ ਧਰਮ ਦੀ ਲਾਏ ਜੜ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੰਗ ਰੰਗਾਨਾ ।

ਦੀਪ ਸੱਤ ਸੱਤ ਹਰਿ ਰੰਗ । ਸੱਤਾਂ ਰੰਗਾਂ ਵੰਡ ਵੰਡਾਏ । ਚੌਥਾ ਘਰ ਸਾਚਾ ਦਰ ਚਿੱਟਾ ਰੰਗ ਦਏ ਅਪਰ, ਜੰਬੂ ਦੀਪ ਮਾਤ ਵਡਿਆਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਾਂ ਸੱਤਾਂ ਸੱਤਾਂ ਰੰਗਾਂ ਸਾਚਾ ਲੇਖਾ ਆਪ ਲਿਖਾਏ । ਸਾਚਾ ਲੇਖਾ ਲਿਖੇ ਲਿਖਾਏ ਕਰਤਾਰ । ਖੰਡਾਂ ਬ੍ਰਹਿਮੰਡਾਂ ਵਰਭੰਡਾਂ ਜਾਣੇ ਜਣਾਏ ਆਪਣੀ ਕਾਰ । ਧਾਰੀ ਭੇਖਾ ਭੇਖ ਪਖੰਡਾ, ਸੁਰਤ ਅਸੁਰਤੀ ਵਸੇ ਬਾਹਰ । ਲੱਖ ਚੁਰਾਸੀ ਸੁੱਤੀ ਦੇ ਕਰ ਕੰਡਾ, ਗੁਰਮੁਖ ਸੁਹਾਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸਾਚੀ ਵੰਡਾ, ਰੰਗਣ ਰੰਗ ਸਤਿ ਕਰਤਾਰ ।

ਸੱਤ ਰੰਗ ਸਤਿਗੁਰ ਸੂਰਾ । ਮੰਗੇ ਮੰਗ ਵਡ ਵਡ ਗੁਣ ਭਰਪੂਰਾ । ਆਪੇ ਚਾੜ੍ਹੇ ਨਾਮ ਰੰਗ ਨਾਦੀ ਤੂਰੀ ਤੂਰੀ ਨਾਦ ਸਾਚੀ ਤੂਰਾ । ਬੋਧ ਅਗਾਧ ਸ਼ਬਦ ਧੁਨ ਹਰਿ ਬ੍ਰਹਿਮਾਦੀ ਸਦਾ ਵਿਸਮਾਦੀ ਹਰਿ ਵਿਸਮਾਦ । ਸ਼ਬਦ ਡੋਰੀ ਲੱਖ ਚੁਰਾਸੀ ਬਾਂਦੀ, ਖੇਲੇ ਖੇਲ ਆਦਿ ਜੁਗਾਦਿ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਰੰਗੀਲਾ ਸ਼ਬਦ ਅਨੀਲਾ ਮੋਹਣ ਮਾਧਵ ਮਾਧ । ਚਾਰ ਕੁੰਟ ਚਾਰ ਦਿਵਾਰ । ਚਾਰੇ ਦਿਸ਼ਾ ਵੇਖ ਵਿਚਾਰ । ਸਾਚੀ ਮਾਰੇ ਹਰਿ ਲਕਾਰ । ਢਾਈ ਹੱਥ ਏਕਾ ਧਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਬੰਨ੍ਹੇ ਬੇੜਾ ਦਸ ਗਿਆਰਾਂ ਵਾਰ ਅਪਾਰ ।

ਢਾਈ ਹੱਥ ਚਾਰ ਦਿਵਾਰ । ਸਾਚਾ ਰਥ ਵਿਚ ਸੰਸਾਰ । ਨੱਥ ਖਸਮ ਹੱਥ, ਖਿਚੀ ਜਾਏ ਵਾਰੋ ਵਾਰ । ਪੁਰੀਆਂ ਲੋਆਂ ਜਾਏ ਮਥ, ਸਤਿਜੁਗ ਤੇਰੀ ਪੈਜ ਸਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਤਿਆਰ । ਸ਼ਬਦ ਨਿਸ਼ਾਨਾ ਕੂਕੇ ਪੁਕਾਰੇ । ਚਵੀ ਹੱਥ ਅਟੱਲ ਮੁਨਾਰੇ । ਸੋਹੰ ਸ਼ਬਦ ਜੈ ਜੈਕਾਰੇ । ਵਰਨ ਅਵਰਨਾ ਧਰਨੀ ਧਰਨਾ, ਆਪੇ ਵਸੇ ਨਿਹਚਲ ਧਾਮ ਅਟੱਲ ਅਚੱਲ ਉਚ ਮੁਨਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਿਚ ਸੰਸਾਰੇ ।

ਨਿਹਚਲ ਧਾਮ ਅਟੱਲ, ਸ਼ਬਦ ਰੁਸ਼ਨਾਈਆ । ਨਾ ਕੋਈ ਵੇਖੇ ਡੂੰਘਾ ਜਲ ਥਲ, ਜੋਤੀ ਨੂਰ ਸਰਬ ਘਟ ਸਰਬ ਥਾਈਂਆ । ਕਲਜੁਗ ਅੰਤਮ ਵਰਤੇ ਕਲ, ਕਲ ਕਲੰਦਰ ਰਿਹਾ ਸ਼ੋਰ ਮਚਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਜਗਤ ਬਿਬਾਣਾ ਉਚਾ ਸੁੱਚਾ ਸੱਤਾਂ ਦੀਪਾਂ ਰਿਹਾ ਇਕ ਚੜ੍ਹਾਈਆ ।

ਨਾਮ ਨਿਸ਼ਾਨ ਸ਼ਬਦ ਬਿਬਾਣ । ਪੁਰਖ ਅਬਿਨਾਸ਼ੀ ਏਕਾ ਏਕ ਰਖਾਏ ਵਾਲੀ ਦੋ ਜਹਾਨ । ਲੇਖਾ ਲੇਖ ਲਿਖਤ ਭਵਿਖਤ ਕਰਾਏ, ਲੋਕਮਾਤੀ ਚਤਰ ਸੁਜਾਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੀਪਕ ਜੋਤੀ ਮਾਤ ਜਗਾਏ ।

ਦੀਪਕ ਜੋਤੀ ਮਾਤ ਪਰਕਾਸ਼, ਮਿਟੇ ਅੰਧੇਰਿਆ । ਆਪੇ ਜਾਣੇ ਘਟ ਘਟ ਵਾਸ, ਦਹਿ ਦਿਸ਼ ਦਸ ਮਾਸ ਆਵਣ ਜਾਵਣ ਫੇਰਿਆ । ਪੁਰੀਆਂ ਲੋਆਂ ਪਾਏ ਹਿੱਸੇ, ਨਾਦੀ ਪਵਣੀ ਸ਼ਬਦੀ ਅੰਧ ਘੋਰਿਆ । ਕਲਜੁਗ ਮਾਇਆ ਲੱਖ ਚੁਰਾਸੀ ਆਤਮ ਲਾਈ ਏਕਾ ਵਿਸੇ, ਹਉਮੇ ਰੋਗ ਜਗਤ ਵਧਾ ਰਿਹਾ । ਸਾਚਾ ਤਾਜ ਨਾ ਦਿਸੇ ਕਿਸੇ ਸੀਸੇ, ਜੂਠਾ ਝੂਠਾ ਸ਼ਾਹ ਸੁਲਤਾਨ ਸਰਬ ਅਖਵਾ ਰਿਹਾ । ਪਰਗਟ ਹੋਏ ਅਵਤਾਰ ਚੌਬੀਸੇ, ਜੋਤ ਜਗਾਏ ਜਗਤ ਜਗਦੀਸੇ, ਸ਼ਬਦ ਖੰਡਾ ਸਾਚਾ ਡੰਡਾ ਹੱਥ ਉਠਾ ਰਿਹਾ । ਭੇਖ ਚੁਕਾਏ ਮੂਸੇ

ਈਸੇ ਨਾ ਕੋਈ ਸ਼ਰਅ ਕੁਰਾਨ ਹਦੀਸੇ, ਵੇਦ ਪੁਰਾਨਾਂ ਨਾ ਕੋਈ ਸੁਣਾ ਰਿਹਾ । ਮਾਇਆ ਰਾਣੀ ਕਲਜੁਗ ਦਾਨੀ ਜੂਠਾ ਝੂਠਾ ਪੀਸਣ ਪੀਸੇ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਭਾਂਡਾ ਭਉ ਸਰਬ ਭੰਨਾ ਰਿਹਾ ।

ਭਾਂਡਾ ਭਰਮ ਪ੍ਰਭ ਦੇਵੇ ਭੰਨ, ਰਾਜੇ ਰਾਣਿਆਂ ਦੇਵੇ ਡੰਨ, ਗੁਰਮੁਖ ਸਾਚੇ ਸੰਤ ਦੁਲਾਰਿਆਂ ਏਕਾ ਸ਼ਬਦ ਸੁਣਾਏ ਕੰਨ, ਕਰਾਏ ਵਣਜ ਸੱਚਾ ਵਪਾਰਿਆ । ਸੋਹੰ ਨਾਮ ਸੱਚਾ ਮਾਲ ਧੰਨ, ਕਲਜੁਗ ਜੀਵ ਅੰਤ ਹੰਕਾਰਿਆ । ਕਲਜੁਗ ਮਾਇਆ ਅਗਨੀ ਲੱਗੀ ਤਨ, ਆਏ ਅੰਤਮ ਪਾਸਾ ਹਾਰਿਆ । ਨਾ ਕੋਈ ਦਿਸੇ ਛੱਪਰੀ ਛੰਨ, ਸਾਚਾ ਸ਼ਬਦ ਨਿਸ਼ਾਨ ਇਕ ਉਠਾ ਰਿਹਾ । ਨਾ ਕੋਈ ਜਾਣੇ ਗੰਧਰਬ ਗਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੀਸ ਝੁਕਾ ਰਿਹਾ । ਪ੍ਰਭ ਅਬਿਨਾਸ਼ੀ ਬੇੜਾ ਬੰਨ, ਸ਼ਿਵ ਸ਼ੰਕਰ ਰਾਹ ਤਕਾ ਰਿਹਾ । ਜਗਤ ਜਗਦੀਸਾ ਨੂਰੀ ਜੋਤ ਮਾਤ ਚੜ੍ਹਾਇਆ ਚੰਨ, ਬਜਰ ਕਪਾਟੀ ਖੋਲ੍ਹ ਵਖਾ ਰਿਹਾ । ਕਾਇਆ ਮਾਟੀ ਸਾਚੀ ਹਾਟੀ ਏਕਾ ਤਨ, ਸਾਚੇ ਤੀਰਥ ਇਸ਼ਨਾਨ ਕਰਾ ਰਿਹਾ । ਸਤਿ ਸਰੋਵਰ ਅੰਮ੍ਰਿਤ ਆਤਮ ਅੰਨ੍ਹ, ਸਾਚਾ ਥਾਨ ਆਪ ਸੁਹਾ ਰਿਹਾ । ਦਹਿ ਦਿਸ਼ਾ ਭਰਮੇ ਝੂਠਾ ਮਨ, ਅਲਖ ਨਿਰੰਜਣ ਜੋਤ ਜਗਾ ਰਿਹਾ । ਪੰਜੇ ਚੋਰ ਨਾ ਲਾਇਣ ਸੰਨ, ਦਰਸ ਅਮੋਘ ਧੁਰ ਸੰਜੋਗ ਇਕ ਵਖਾ ਰਿਹਾ । ਗੁਰਮੁਖਾਂ ਬੇੜਾ ਰਿਹਾ ਬੰਨ੍ਹ, ਸੋਹੰ ਸਾਚੀ ਚੋਗ ਚੁਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਆਤਮ ਕੱਢੇ ਜਨ, ਹੰਸ ਕਾਗ ਬਣਾਏ ਚਰਨ ਦਵਾਰਿਆ ।

ਦੁਰਮਤ ਮੈਲ ਕਾਇਆ ਧੋ ਵਖਾਏ, ਅੰਮ੍ਰਿਤ ਪਾਏ ਠੰਡਾ ਠਾਰਿਆ । ਨਿਝਰ ਰਸ ਹੋਏ ਵਸ ਏਕਾ ਏਕ ਮੁਖ ਚਵਾਏ, ਸ਼ਾਂਤਕ ਸੀਤਲ ਧਾਰ ਆਪ ਵਹਾ ਰਿਹਾ । ਭਗਤ ਜਨਾਂ ਰਾਹ ਸਾਚਾ ਦੱਸ, ਦੂਰ ਦੁਰਾਡਾ ਆਏ ਨੱਸ, ਸ਼ਬਦ ਪੱਲਾ ਹੱਥ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਆਤਮ ਝੋਲੀ ਆਪ ਭਰਾ ਰਿਹਾ । ਜੋਤੀ ਦੇਵੇ ਸਾਚਾ ਨੂਰ । ਸਾਚਾ ਸ਼ਬਦ ਏਕਾ ਤੂਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਦਰੇ ਅੰਦਰ ਸਾਚੇ ਮੰਦਰ ਕਾਇਆ ਵੱਜਾ ਤੋੜੇ ਜੰਦਰ, ਏਕਾ ਬਖ਼ਸ਼ੇ ਸਤਿ ਸਰੂਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਏਕਾ ਵਸੇ ਦਸਵੇਂ ਘਰ, ਸਰਬ ਘਟਾਂ ਆਪੇ ਭਰਪੂਰ ।

ਦਸਵਾਂ ਦਰ ਹਰਿ ਕਾ ਦਵਾਰ । ਜੋਤੀ ਨੂਰ ਇਕ ਅਪਾਰ । ਸ਼ਬਦ ਚਲੇ ਤਿਖੀ ਧਾਰ । ਗੁਰਮੁਖ ਵਿਰਲਾ ਸ਼ਬਦ ਅਟੱਲ ਮਹੱਲ ਏਕਾ ਮੱਲੇ ਕਾਇਆ ਮੰਦਰ ਉਚ ਮੁਨਾਰ । ਆਪੇ ਵੇਖੇ ਜਲੇ ਥਲੇ ਘੜੀ ਘੜੀ ਪਲੇ ਪਲੇ, ਨਿਰਮਲ ਕਰਮ ਕਰ ਉਜਿਆਰ । ਆਪੇ ਉਪਰ ਆਪੇ ਥੱਲੇ, ਜੋਤੀ ਜਾਮਾ ਭੇਖ ਨਿਆਰ । ਦੀਪਕ ਜੋਤੀ ਸਾਚੀ ਬਲੇ, ਸ਼ਬਦ ਸੁਨੇਹੜਾ ਏਕਾ ਘੱਲੇ, ਨਾ ਕੋਈ ਜਾਣੇ ਜੀਵ ਗਵਾਰ । ਆਪੇ ਵਸੇ ਸਚ ਮਹੱਲੇ, ਨਿਹਚਲ ਧਾਮ ਪੁਰਖ ਅਗੋਚਰ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਖੋਲ੍ਹੇ ਆਤਮ ਬੰਦ ਕਿਵਾੜ ।

ਖੋਲ੍ਹੇ ਬੰਦ ਕਿਵਾੜ, ਦਇਆ ਕਮਾਇੰਦਾ । ਮਿਲੇ ਵਡਿਆਈ ਸਤਾਰਾਂ ਹਾੜ, ਲੋਕਮਾਤ ਜੋਤ ਜਗਾਇੰਦਾ । ਆਪੇ ਵੇਖੇ ਚੰਗੇ ਮਾੜ, ਰਾਜ ਰਾਜਾਨ ਸ਼ਾਹ ਸੁਲਤਾਨ ਹਰਿ ਭਗਵਾਨ, ਲੇਖਾ ਲੇਖ ਲਿਖਤ ਭਵਿਖਤ ਆਪ ਲਿਖਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਝੁਲਦਾ ਰਹੇ ਜਗਤ ਨਿਸ਼ਾਨਾ, ਸੱਤਾਂ ਦੀਪਾਂ ਵੰਡ ਵੰਡਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਬੀਨਾ ਆਪੇ ਦਾਨਾ, ਆਪੇ ਰੂਸਾ ਆਪੇ ਚੀਨਾ, ਆਪੇ ਮੱਕੇ ਹੱਕ ਮਦੀਨਾ,

ਦਿਸ ਕਿਸੇ ਨਾ ਆਇੰਦਾ । ਆਪੇ ਰੱਖੇ ਰੰਗ ਪੀਨਾ, ਆਪੇ ਰੱਖੇ ਲੱਖ ਚੁਰਾਸੀ ਅੱਖਰ ਵੱਖਰ ਦੂਜਾ ਸੀਨਾ, ਬ੍ਰਹਮਾ ਵਿਸ਼ਨ ਮਹੇਸ਼ ਤੀਨਾ ਗਣਤ ਨਾ ਗਿਣਾਇੰਦਾ । ਆਪੇ ਜਲ ਆਪੇ ਮੀਨਾ, ਜੋਤੀ ਜਾਮਾ ਹਰਿ ਪਰਬੀਨਾ, ਵੇਖ ਵਖਾਣੇ ਮੁਹੰਮਦੀ ਦੀਨਾ, ਆਪਣੀ ਖੇਲ ਆਪੇ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਿਸ਼ਾਨਾ ਧੁਰ ਫ਼ਰਮਾਣਾ ਲੋਕਮਾਤ ਮਾਰ ਝਾਤ ਪੁਰਖ ਬਿਧਾਤ ਏਕਾ ਵੰਡ ਵੰਡਾਇੰਦਾ ।

ਪੁਰਖ ਅਬਿਨਾਸ਼ੀ ਵੰਡੇ ਵੰਡ । ਕਲਜੁਗ ਔਧ ਗਈ ਹੰਢ । ਏਕਾ ਏਕ ਸ਼ਬਦ ਚਲਾਏ, ਖੋਜ ਖੁਜਾਏ ਵਿਚ ਬ੍ਰਹਿਮੰਡ । ਦੂਸਰ ਕੋਈ ਦਿਸ ਨਾ ਆਏ, ਰਾਜ ਰਾਜਾਨਾਂ ਦੇਵੇ ਦੰਡ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰ, ਚੰਡ ਵਖਾਏ ਚੰਡ ਪਰਚੰਡ ।

ਸ਼ਬਦ ਚੰਡੀ ਹੱਥ ਦਾਤਾਰ । ਪਾਵੇ ਵੰਡੀ ਵਿਚ ਸੰਸਾਰ । ਸਾਧ ਸੰਤ ਹੋਏ ਘਮੰਡੀ, ਜਗਤ ਪਖੰਡੀ ਕਰੇ ਕਰਾਏ ਖ਼ਬਰਦਾਰ । ਕਲਜੁਗ ਜੀਆਂ ਆਤਮ ਹੋਈ ਰੰਡੀ, ਕਿਸੇ ਨਾ ਮਿਲਿਆ ਕੰਤ ਸੁਹਾਗੀ, ਕੋਈ ਨਾ ਦੀਸੇ ਸਾਚੀ ਨਾਰ । ਮਾਤ ਪਤਾਲਾਂ ਪਾਈ ਵੰਡੀ, ਸੱਚੀ ਰੰਗਣ ਕੋਈ ਨਾ ਰੰਗੇ, ਰੰਗ ਚਲੂਲਾ ਅਪਰ ਅਪਾਰ । ਪੁਰਖ ਅਬਿਨਾਸ਼ੀ ਸੋਹੰ ਸ਼ਬਦ ਖੋਲ੍ਹੇ ਗੰਢੀ, ਦਸਮ ਦਵਾਰੇ ਪਾਏ ਵੰਡੀ, ਸਾਚੀ ਵਸਤ ਅਪਰ ਅਪਾਰ । ਸਰਗੁਣ ਨਿਰਗੁਣ ਏਕਾ ਡੰਡੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਸ਼ਬਦ ਨਿਸ਼ਾਨਾ ਇਕ ਝੁਲਾਏ, ਸਤਾਰਾਂ ਹਾੜੀ ਕਰ ਤਿਆਰ ।

ਚਰਨ ਦਵਾਰਾ ਸਚ ਧੰਨ, ਮਿਲੇ ਮਾਤ ਵਡਿਆਈਆ । ਪੁਰਖ ਅਬਿਨਾਸ਼ੀ ਬੇੜਾ ਰਿਹਾ ਬੰਨ੍ਹ, ਸਾਚੀ ਬਣਤ ਇਕ ਬਣਾਈਆ । ਲੇਖੇ ਲਾਏ ਕਾਇਆ ਮਾਟੀ ਸਾਚਾ ਚੰਮ, ਝੂਠੀ ਮਾਟੀ ਦੇਹ ਤਜਾਈਆ । ਪਵਣ ਸਵਾਸੇ ਦਾਨ ਪੂਰ ਕਰਾਏ ਹਰਿ ਜੀ ਕੰਮ, ਨਾ ਮਰੇ ਨਾ ਜਾਏ ਜੰਮ, ਜੋਤੀ ਜੋਤ ਸਰੂਪ ਹਰਿ, ਆਪੇ ਗਗਨ ਆਪੇ ਥੰਮ, ਦਿਵਸ ਰੈਣ ਰਹੇ ਮਘਨ, ਗੁਰਮੁਖ ਸਾਚਾ ਸਾਚੀ ਓਟ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਨਗਾਰੇ ਲਗਾਏ ਚੋਟ, ਕਲਜੁਗ ਮਾਇਆ ਖੋਟ ਦਏ ਗਵਾਈਆ ।

ਆਪੇ ਦਰ ਪਰਵਾਨ ਚਰਨ ਦਵਾਰਿਆ । ਮਾਣ ਨਿਮਾਣਿਆਂ ਦੇਵੇ ਮਾਣ, ਸ਼ਬਦ ਬਿਬਾਣ ਵਿਚ ਬਹਾ ਰਿਹਾ । ਝੁਲਦਾ ਰਹੇ ਜਗਤ ਨਿਸ਼ਾਨ, ਸ਼ਾਹ ਸੁਲਤਾਨਾਂ ਖ਼ਾਕ ਮਿਲਾ ਰਿਹਾ । ਮਿਲਿਆ ਮੇਲ ਗੁਣ ਨਿਧਾਨ, ਕਾਇਆ ਮਾਟੀ ਲੇਖੇ ਲਾ ਰਿਹਾ । ਸੋਹੰ ਦੇਵੇ ਧੁਰ ਫ਼ਰਮਾਣ, ਅਠ ਸਠ ਤੀਰਥ ਮੇਟ ਮਿਟਾ ਰਿਹਾ । ਪਵਣੀ ਸ਼ਬਦੀ ਹਰਿ ਮਿਹਰਬਾਨ, ਅਵਣੀ ਗਵਣੀ ਪੂਰਨ ਭਵਨੀ ਆਪ ਕਰਾ ਰਿਹਾ । ਅੰਮ੍ਰਿਤ ਆਤਮ ਮੇਘ ਬਰਸੇ ਸਵਨੀ, ਸਤਿ ਸੰਤੋਖੀ ਧਾਰ ਆਪ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਫੜ ਫੜ ਬਾਂਹੋਂ ਚਰਨ ਲਗਾ ਰਿਹਾ ।

ਫੜ ਫੜ ਚਰਨ ਲਗਾਏ, ਬੰਨ੍ਹੇ ਮਾਤ ਨਾਤ । ਪੁਰਖ ਅਬਿਨਾਸ਼ੀ ਦਇਆ ਕਮਾਏ, ਨਾ ਕੋਈ ਜਾਣੇ ਜਾਤ ਪਾਤ । ਏਕਾ ਰੰਗਣ ਨਾਮ ਰੰਗਾਏ, ਨਰ ਨਰਾਇਣ ਕਮਲਾਪਾਤ । ਸਾਚਾ ਸੰਗ ਆਪ ਨਿਭਾਏ, ਮੇਟ ਮਿਟਾਏ ਕਲਜੁਗ ਅੰਧੇਰੀ ਰਾਤ । ਜਨ ਭਗਤਾਂ ਭੁੱਖ ਨੰਗ ਕਟਾਏ, ਆਪ ਨਿਭਾਏ ਸਾਥ । ਏਕਾ ਨਾਮ ਸ਼ਬਦ ਮਰਦੰਗ ਵਜਾਏ, ਸੋਹੰ ਸ਼ਬਦ ਸੱਚੀ ਗਾਥ । ਵਡ ਦਾਤਾ ਸੂਰਾ ਸਰਬੰਗ ਕਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਥ ਅਨਾਥਾ ਤ੍ਰੈਲੋਕੀ ਨਾਥ ।

ਦਿਆਲ ਪਾਲ ਗੁਰ ਲਾਲ ਸ਼ਬਦ ਅਧਾਰਿਆ । ਸੁਰਤ ਮਨ ਬੁਧ ਕਰੇ ਰਖਵਾਲ, ਜੋਤ ਨਿਰੰਕਾਰਿਆ । ਆਵੇ ਜਾਵੇ ਜਗਤ ਅਵੱਲੜੀ ਚਾਲ, ਪਾਰਬ੍ਰਹਮ ਬ੍ਰਹਮ ਖੇਲ ਨਿਆਰਿਆ । ਕਾਇਆ ਮੰਡਲ ਗਗਨ ਮਸਤਕ ਦੀਪਕ ਸੱਚਾ ਥਾਲ, ਜੋਤ ਨਿਰੰਜਣ ਸਰਬ ਅਕਾਰਿਆ । ਗੁਰਮੁਖ ਸਾਚੇ ਮਾਣਕ ਮੋਤੀ ਲੋਕਮਾਤ ਪ੍ਰਭ ਲਏ ਭਾਲ, ਦੇਵੇ ਸ਼ਬਦ ਵਸਤ ਦਸਤ ਅਪਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚਾ ਕਰੇ ਵਣਜ ਵਪਾਰਿਆ ।

ਸਾਚਾ ਵਣਜ ਨਾਮ ਅਨਮੋਲਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸ਼ਬਦ ਭੰਡਾਰਾ ਏਕਾ ਖੋਲ੍ਹਿਆ । ਤ੍ਰੈਗੁਣ ਮਾਇਆ ਕਰਮ ਵਿਚਾਰ, ਚਵੀਆਂ ਤੱਤਾਂ ਅੰਦਰ ਬੋਲਿਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਆਤਮ ਪੜਦਾ ਫੋਲਿਆ । ਇੰਦ ਇੰਦਰਾਸਣ ਦਰ ਦਵਾਰ, ਸਿੰਘ ਸਿੰਘਾਸਣ ਹਰਿ ਨਿਰੰਕਾਰ, ਸਚ ਦਵਾਰੇ ਕੁੰਡਾ ਖੋਲ੍ਹਿਆ । ਜਗੀ ਜੋਤ ਅਗੰਮ ਅਪਾਰ, ਕਲਜੁਗ ਤੇਰੀ ਅੰਤਮ ਵਾਰ, ਪਰਗਟ ਹੋਏ ਵਿਚ ਸੰਸਾਰ, ਪੂਰਾ ਤੋਲ ਹਰਿ ਜੀ ਤੋਲਿਆ । ਲੋਕਮਾਤ ਬੰਨ੍ਹੇ ਧਾਰ, ਪੂਰਬ ਕਰਮ ਇਕ ਵਿਚਾਰ, ਬਾਲ ਅੰਞਾਣੇ ਪਾਰ ਉਤਾਰ, ਆਦਿ ਅੰਤ ਕਦੇ ਨਾ ਡੋਲਿਆ । ਕਵਣ ਜਾਣੇ ਪ੍ਰਭ ਤੇਰੀ ਸਾਰ, ਸ਼ਬਦੀ ਪਵਣ ਜੋਤ ਅਧਾਰ, ਲੋਆਂ ਪੁਰੀਆਂ ਖੰਡ ਮੰਡਲ ਵਰਭੰਡ ਬ੍ਰਹਿਮੰਡ ਦੀਪਾਂ ਖੰਡਾਂ ਆਪੇ ਜਾਣੇ ਪੜਦਾ ਉਹਲਿਆ । ਲੱਖ ਚੁਰਾਸੀ ਪਾਏ ਵੰਡਾਂ, ਕਲਜੁਗ ਤੇਰਾ ਅੰਤਮ ਕੰਢਾ, ਸੋਹੰ ਸ਼ਬਦ ਸੁਣਾਏ ਏਕਾ ਸੱਚਾ ਢੋਲਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਕਲਜੁਗ ਕਾਲਾ ਵੇਸ ਦਰ ਦਰਵੇਸ਼ ਗਲ ਛੁਹਾਏ ਕਾਲਾ ਚੋਲਿਆ ।

ਕਾਲੀ ਚੋਲੀ ਰੰਗ ਗੁਲਾਲ । ਧਰਮ ਰਾਏ ਤੇਰੀ ਸਾਚੀ ਡੋਲੀ, ਆਪ ਚੁਕਾਏ ਦਇਆ ਕਮਾਏ ਲੱਖ ਚੁਰਾਸੀ ਫਲ ਨਾ ਦਿਸੇ ਕਿਸੇ ਡਾਲ । ਚਾਰ ਕੁੰਟਾਂ ਦਏ ਦੁਹਾਏ, ਜੋਤ ਸਰੂਪੀ ਦਿਸ ਨਾ ਆਏ, ਮਾਇਆ ਰਾਣੀ ਹੋਏ ਬੇਹਾਲ । ਰਾਜੇ ਰਾਣੇ ਰਹੇ ਕੁਰਲਾਏ, ਸ਼ਾਹ ਸੁਲਤਾਨ ਸਾਰ ਨਾ ਪਾਏ, ਆਤਮ ਹੋਈ ਸਰਬ ਕੰਗਾਲ । ਗੁਰਮੁਖ ਸਾਚੇ ਸੁਘੜ ਸਿਆਣੇ, ਏਕਾ ਬਖ਼ਸ਼ੇ ਚਰਨ ਧਿਆਨੇ, ਧੁਰ ਦਰਗਾਹੀ ਹਰਿ ਦਲਾਲ । ਇਕ ਚੜ੍ਹਾਏ ਸ਼ਬਦ ਬਿਬਾਣੇ, ਲੋਆਂ ਪੁਰੀਆਂ ਪਾਰ ਕਰਾਏ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਉਪਾਏ ਸਾਚੇ ਲਾਲ ।

ਸਾਚਾ ਲਾਲ ਲਾਲ ਅਮੋਲ, ਅਮੁਲ ਅਮੁਲਾ ਸੰਸਾਰਿਆ । ਪੁਰਖ ਅਬਿਨਾਸ਼ੀ ਏਕਾ ਦਰ ਏਕਾ ਘਰ ਏਕਾ ਸਰ ਏਕਾ ਵਰ ਏਕਾ ਘਰ ਰਿਹਾ ਖੋਲ੍ਹ । ਆਤਮ ਜੋਤੀ ਸ਼ਬਦ ਗੋਤੀ ਗੁਰਮੁਖ ਸਾਚੇ ਮਾਣਕ ਮੋਤੀ, ਆਪਣਾ ਤੋਲ ਰਿਹਾ ਤੋਲ । ਆਪ ਉਠਾਏ ਕਾਇਆ ਸੋਤੀ, ਦੁਰਮਤ ਮੈਲ ਜਾਏ ਧੋਤੀ, ਹਰਿ ਨਿਰੰਕਾਰਾ ਸ਼ਬਦ ਜੈਕਾਰਾ ਜੋ ਜਨ ਆਏ ਰਸਨਾ ਕਹੇ ਬੋਲ । ਸੋਹੰ ਦਸਤ ਜਗਤ ਅਸਤ ਸਦਾ ਮਸਤ, ਬਜਰ ਕਪਾਟੀ ਕਾਇਆ ਹਾਟੀ ਤੀਰਥ ਤਾਟੀ ਦੂਈ ਦਵੈਤੀ ਪੜਦਾ ਦੇਵੇ ਖੋਲ੍ਹ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਮਾਤ ਉਪਜਾਏ, ਧਰਤ ਮਾਤ ਤੇਰੀ ਗੋਦ ਬਿਠਾਏ ਜਿਉਂ ਸਾਗਰ ਸਾਗਰ ਕਵਲ ਕਵਲ ਕਵਲ ਫੁਲ ।

ਹਰਿ ਮੰਦਰ ਧਾਮ ਨਿਆਰਾ । ਨੌਂ ਦਵਾਰੇ ਵਿਚ ਸੰਸਾਰਾ । ਜੋਤ ਨਿਰੰਜਣ ਆਸਣ ਲਾਏ, ਸ਼ਬਦ ਸਿੰਘਾਸਣ ਇਕ ਬਣਾਏ, ਪੁਰਖ ਅਬਿਨਾਸ਼ੀ ਜੋਤ ਜਗਾਏ, ਕਲਜੁਗ ਵੇਖ ਵਖਾਣੇ ਧੁੰਦੂਕਾਰਾ । ਮਾਤ ਪਤਾਲ ਪਤਾਲ ਅਕਾਸਨ ਅਕਾਸ ਅਕਾਸਾ, ਵਿਚ ਪਰਭਾਸ ਡੰਕ ਸ਼ਬਦ ਵਿਸ਼ਵਾਸ ਹਰਿ ਗੁਣਤਾਸ ਰਸਨ ਸਵਾਸ ਇਕ ਚਲਾਏ ਚੌਥੇ ਘਰ ਚਾਰ ਕੁੰਟ ਚਾਰ ਦਿਵਾਰਾ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਕਰ ਕਰ ਵੇਸ, ਖੋਲ੍ਹੇ ਭੇਵ ਨੌਂ ਖੰਡ ਨੌਂ ਦਰ ਦਵਾਰਾ ।

ਖੋਲ੍ਹੇ ਭੇਵ ਭੇਵ ਅਭੇਦਾ । ਹਰਿ ਮੰਦਰ ਹਰਿ ਆਪ ਬਿਰਾਜੇ ਕਰੇ ਖੇਲ ਅਛਲ ਅਛੇਦਾ । ਰਾਜੇ ਰਾਣੇ ਦਿਸ ਨਾ ਆਏ, ਪੜ੍ਹ ਪੜ੍ਹ ਥੱਕੇ ਪੰਡਤ ਵੇਦਾ । ਗ੍ਰੰਥੀ ਪੰਥੀ ਹੋਏ ਹਲਕਾਏ, ਕੋਈ ਨਾ ਦੱਸੇ ਰਾਹ ਸਿਧਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਵਿਰਲੇ ਆਤਮ ਵਿਧਾ ।

ਨੌਂ ਦਵਾਰੇ ਦਰ ਦਰਬਾਰ । ਕਾਇਆ ਮੰਡਲ ਖੇਲ ਅਪਾਰ । ਦਸਵਾਂ ਦਰ ਸਾਚਾ ਘਰ ਬੰਦ ਕਿਵਾੜ । ਕਲਜੁਗ ਮਾਇਆ ਰਹੀ ਸਾੜ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਰਾਹ ਇਕ ਵਖਾਏ ਦਇਆ ਕਮਾਏ ਸਤਾਰਾਂ ਹਾੜ । ਲੱਖ ਚੁਰਾਸੀ ਗੇੜ ਕਟਾਏ, ਨੌਂਵੇਂ ਘਰ ਭੇੜ ਭਿੜਾਏ, ਆਪ ਚਵਾਏ ਆਪਣੀ ਦਾੜ੍ਹ । ਏਕਾ ਖੁਲ੍ਹਾ ਵਿਹੜ ਕਰਾਏ, ਜਗਤ ਨਿਬੇੜ ਆਪ ਚੁਕਾਏ, ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਘੋੜੀ ਦੇਵੇ ਚਾੜ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੀ ਸਾਚਾ ਧਾਮ, ਜਨ ਹਰਿ ਸਾਚੇ ਦੇਵੇ ਵਾੜ ।

ਸਚ ਦਵਾਰਾ ਖੋਲ੍ਹ, ਨੌਂ ਦਰਵਾਜਿਆ । ਸ਼ਬਦ ਸਰੂਪੀ ਰਿਹਾ ਬੋਲ, ਲੱਖ ਚੁਰਾਸੀ ਜੋ ਜਨ ਸਾਜਿਆ । ਧਰਮ ਰਾਏ ਦਰ ਜਾਏ ਫੜਿਆ, ਵੇਲੇ ਅੰਤਮ ਸਾਰਾ ਭੱਜਿਆ । ਗੁਰਮੁਖ ਸਾਚਾ ਪ੍ਰਭ ਆਪ ਚਰਨ ਦਵਾਰੇ ਦਰ ਘਰ ਸਾਚੇ ਵੜਿਆ, ਪੰਜਾਂ ਚੋਰਾਂ ਨਾਲ ਲੜਿਆ । ਜਗਤ ਵਿਕਾਰਾ ਮਾਤ ਹੰਕਾਰਾ, ਏਕਾ ਏਕ ਸੱਚਾ ਦਰਸ ਦਿਖਾਏ ਸ਼ਾਹ ਅਸਵਾਰਾ, ਜੋਤ ਨਿਰੰਕਾਰਾ ਪਾਰਬ੍ਰਹਮ ਪ੍ਰਭ ਜੋਤ ਸਹਾਰਾ, ਵੇਲੇ ਅੰਤਮ ਰੱਖੇ ਲਜਿਆ । ਆਦਿ ਪੁਰਖ ਅਪਰੰਪਰ ਸਵਾਮੀ, ਭਗਤ ਵਛਲ ਸਦਾ ਨਿਹਕਾਮੀ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਲੇ ਅੰਤਮ ਸਚ ਦਵਾਰੇ ਆਏ ਭੱਜਿਆ ।

ਹਰਿ ਰੂਪ ਅਗੰਮ ਅਪਾਰ, ਨਾ ਕਿਸੇ ਵਿਚਾਰਿਆ । ਹਰਿ ਰੂਪ ਅਗੰਮ ਅਪਾਰ, ਲੱਖ ਚੁਰਾਸੀ ਵਿਚ ਪਸਾਰਿਆ । ਹਰਿ ਰੂਪ ਅਗੰਮ ਅਪਾਰ, ਆਤਮ ਬ੍ਰਹਮ ਪਾਰਬ੍ਰਹਮ ਰੰਗ ਅਪਰ ਅਪਾਰਿਆ । ਹਰਿ ਕਾ ਰੂਪ ਅਗੰਮ, ਏਕਾ ਨਾਮ ਸਚ ਧਰਮ ਧਰਨੀ ਧਰ ਆਪ ਅਖਵਾ ਰਿਹਾ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਿਚ ਸਮਾ ਰਿਹਾ ।

ਹਰਿ ਕਾ ਰੂਪ ਅਗੰਮ, ਸ਼ਬਦ ਜਣਾਈਆ । ਹਰਿ ਕਾ ਰੂਪ ਅਗੰਮ, ਬ੍ਰਹਮ ਵਿਦਿਆ ਬ੍ਰਹਮਾ ਏਕਾ ਪਾਈਆ । ਹਰਿ ਕਾ ਰੂਪ ਅਗੰਮ, ਹਡ ਮਾਸ ਨਾੜੀ ਨਾ ਕੋਈ ਚੰਮ, ਆਦਿ ਜੁਗਾਦਿ ਵਸੇ ਸਰਬ ਥਾਈਆ । ਹਰਿ ਕਾ ਰੂਪ ਅਗੰਮ, ਨਾ ਕੋਈ ਪਵਣ ਸਵਾਸੀ ਦਮ, ਨਾ ਕੋਈ ਖਾਏ ਪੀਏ ਤਮ, ਇਕ ਅਧਾਰਾ ਹਰਿ ਰਖਾਈਆ । ਹਰਿ ਕਾ ਰੂਪ ਅਗੰਮ, ਨਾ ਨੀਰ ਵਹਾਏ ਛੰਮ ਛੰਮ, ਅੰਮ੍ਰਿਤ ਧਾਰ ਇਕ ਵਹਾਈਆ । ਹਰਿ ਕਾ ਰੂਪ ਅਗੰਮ, ਨਾ ਮਰੇ ਨਾ ਪਏ ਜੰਮ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ੍ਰਿਸ਼ਟ ਸਬਾਈ ਸਰਬ ਪਿਤ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪੇ ਜਾਣੇ ਆਪਣੀ ਵਡਿਆਈਆ ।

ਹਰਿ ਕਾ ਰੂਪ ਅਗੰਮ, ਆਪ ਉਪੰਨਿਆ । ਹਰਿ ਕਾ ਰੂਪ ਅਗੰਮ, ਗੁਰਮੁਖ ਵਿਰਲੇ ਮਾਤ ਮੰਨਿਆ । ਹਰਿ ਕਾ ਰੂਪ ਅਗੰਮ, ਤਾਰਾ ਮੰਡਲ ਨਾ ਜਾਣੇ ਸੂਰਜ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਦਰ ਦਵਾਰੇ ਗੁਰਮੁਖ ਸਾਚਾ ਏਕਾ ਏਕ ਬੰਨ੍ਹਿਆ । ਹਰਿ ਕਾ ਰੂਪ ਅਗੰਮ, ਦਰਸ ਅਨੇਕਿਆ । ਹਰਿ ਕਾ ਰੂਪ ਅਗੰਮ, ਸ਼ਿਵ ਸ਼ੰਕਰ ਰੱਖੇ ਟੇਕਿਆ । ਹਰਿ ਕਾ ਰੂਪ ਅਗੰਮ, ਈੜਾ ਪਿੰਗਲ ਐੜਾ ਅੰਕਰ ਨਿਰਗੁਣ ਸਰਗੁਣ ਕਰੇ ਬੁਧ ਬਿਬੇਕਿਆ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਨੇਤਰ ਨੈਣ ਲੋਚਨ ਗੁਰਸਿਖ ਵਿਰਲੇ ਮਾਤ ਵੇਖਿਆ ।

ਹਰਿ ਕਾ ਰੂਪ ਅਗੰਮ, ਰੰਗ ਚਲੂਲਿਆ । ਹਰਿ ਕਾ ਰੂਪ ਅਗੰਮ, ਵਡ ਦਾਤਾ ਦੂਲੋ ਦੂਲ੍ਹਿਆ । ਹਰਿ ਕਾ ਰੂਪ ਅਗੰਮ, ਜਨ ਭਗਤਾਂ ਬੰਧਾਏ ਚਰਨ ਨਾਤਾ ਆਦਿ ਅੰਤ ਕਦੇ ਨਾ ਭੂਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਰੱਖੇ ਜਾਤ ਪਾਤਾ, ਸ਼ਬਦ ਰੱਖੇ ਨਾਮ ਤ੍ਰਿਸੂਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਪਿਤਾ ਨਾ ਕੋਈ ਮਾਤਾ, ਊਚੋ ਊਚ ਕੰਤ ਕੰਤੂਹਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਸੰਞ ਸਵੇਰ ਅੰਧੇਰੀ ਰਾਤਾ, ਆਪੇ ਫਲਿਆ ਆਪੇ ਫੂਲਿਆ । ਹਰਿ ਕਾ ਰੂਪ ਅਗੰਮ, ਸਦਾ ਵਸੇ ਇਕ ਇਕਾਂਤਾ, ਆਪੇ ਝੂਲੇ ਸਚ ਸਿੰਘਾਸਣ ਸਾਚੇ ਝੂਲਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤਾ, ਸੋਹੰ ਸ਼ਬਦ ਦਰ ਦਵਾਰੇ ਜੋ ਜਨ ਆਏ ਬੋਲਿਆ ।

ਆਏ ਦਰ ਦਰ ਪਰਵਾਨ । ਵੇਖ ਵਖਾਏ ਆਤਮ ਘਰ ਹਰਿਜਨ ਸਾਚੀ ਕਰ ਪਛਾਨ । ਅੰਮ੍ਰਿਤ ਨੁਹਾਏ ਸਾਚੇ ਸਰ, ਸਚ ਸਰੋਵਰ ਤੀਰਥ ਇਸ਼ਨਾਨ । ਸਾਚੀ ਕਰਨੀ ਰਿਹਾ ਕਰ, ਆਤਮ ਬਖ਼ਸ਼ੇ ਬ੍ਰਹਮ ਗਿਆਨ । ਸਾਚੇ ਸੰਤ ਜਨਾਂ ਦਰਗਾਹ ਸਾਚੀ ਦੇਵੇ ਮਾਣ । ਦਰ ਘਰ ਪੂਰਨ ਆਸ, ਸ਼ਬਦ ਵੈਰਾਗਿਆ । ਜੋਤ ਨਿਰੰਜਣ ਕਰ ਪਰਕਾਸ਼, ਅੰਧੇਰਾ ਭਾਗਿਆ । ਘਟ ਘਟ ਰੱਖੇ ਵਾਸ, ਗੁਰਮੁਖ ਸੋਇਆ ਮਾਤ ਜਾਗਿਆ । ਅੱਠੇ ਪਹਿਰ ਨਾ ਹੋਏ ਉਦਾਸ, ਸਰਨ ਚਰਨ ਚਰਨ ਸਰਨ ਗੁਰ ਪੂਰੇ ਲਾਗਿਆ । ਰਸਨਾ ਗਾਏ ਸਵਾਸ ਸਵਾਸ, ਕਲਜੁਗ ਕਾਲਖ ਧੋਏ ਕਾਲਾ ਦਾਗ਼ਿਆ । ਲੇਖੇ ਲਾਏ ਕਾਇਆ ਪਿੰਜਰ ਝੂਠਾ ਮਾਸ, ਪੁਰਖ ਅਬਿਨਾਸ਼ੀ ਹੱਥ ਪਕੜੇ ਆਪਣੇ ਵਾਗਿਆ । ਕਾਇਆ ਮੰਡਲ ਸਾਚੀ ਰਾਸ, ਮਿਲੇ ਮੇਲ ਹਰਿ ਕੰਤ ਸੁਹਾਗਿਆ । ਸ਼ਬਦ ਵਿਚੋਲਾ ਸਰਬ ਗੁਣਤਾਸ, ਮੇਟ ਮਿਟਾਏ ਬੁਝਾਏ ਤ੍ਰਿਸਨਾ ਆਗਿਆ । ਸੋਹੰ ਬੋਲਾ ਕਰ ਪਰਭਾਸ, ਏਕਾ ਸ਼ਬਦ ਰਾਗ ਅਨਰਾਗਿਆ । ਮੇਲ ਮਿਲਾਏ ਪ੍ਰਿਥਮੀ ਅਕਾਸ਼, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਹੰਸ ਬਣਾਏ ਕਾਗਿਆ ।

ਪੁੰਨੀ ਆਸ ਜਗਤ ਵਿਛੋੜਿਆ । ਇਕ ਵਖਾਇਆ ਸਾਚਾ ਘਰ, ਚਰਨ ਪ੍ਰੀਤੀ ਨਾਤਾ ਜੋੜਿਆ । ਇਕ ਵਖਾਇਆ ਸਾਚਾ ਘਰ, ਧਰਮ ਰਾਏ ਕਲ ਚੁੱਕੇ ਡਰ, ਵੇਲੇ ਅੰਤ ਗੁਰ ਪੂਰਾ ਮਾਤ ਬਹੁੜਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਧੁਰ ਦਰਗਾਹੀ ਜਗਤ ਮਲਾਹੀ ਬੇਪਰਵਾਹੀ ਤਿੰਨਾਂ ਲੋਕਾਂ ਲਾਏ ਏਕਾ ਪੌੜ੍ਹਿਆ । ਤਿੰਨਾਂ ਲੋਕਾਂ ਏਕਾ ਪੌੜਾ । ਨਾ ਕੋਈ ਜਾਣੇ ਲੰਮਾ ਚੌੜਾ । ਪਰਗਟ ਹੋਏ ਬ੍ਰਹਿਮਣ ਗੌੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਕਾਲ ਹਰਿਜਨ ਸਚੇ ਮਾਤ ਬਹੁੜਾ ।

ਜਲ ਤਰੰਗ ਤਰੰਗ ਸੰਸਾਰ । ਜਗਤ ਉਮੰਗ ਮੰਗ ਵਿਵਹਾਰ । ਕਾਇਆ ਸੰਗ ਰੰਗ ਤਨ ਸ਼ਿੰਗਾਰ । ਸਦਾ ਅੰਗ ਸੰਗ ਸੰਗ ਨਿਰੰਕਾਰ । ਹਰਿ ਦਵਾਰਾ ਆਇਆ ਲੰਘ, ਪ੍ਰਭ ਬੇੜਾ ਕਰ ਜਾਏ ਪਾਰ । ਜਗਤ ਤ੍ਰਿਸ਼ਨਾ ਕੱਟੇ ਭੁੱਖ ਨੰਗ, ਏਕਾ ਨਾਮ ਰਸਨ ਅਧਾਰ । ਵਡ ਦਾਤਾ ਸੂਰਾ ਸਰਬੰਗ, ਆਪੇ ਬਖ਼ਸ਼ੇ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਬੈਠ ਸੱਚੀ ਸਰਕਾਰ ।

ਸਚ ਸਿੰਘਾਸਣ ਬੈਠ ਤਖ਼ਤ ਬਿਰਾਜਿਆ । ਨਾ ਕੋਈ ਜਾਣੇ ਸ਼ੂਦਰ ਵੈਸ਼, ਸ਼ੱਤਰੀ ਬ੍ਰਾਹਮਣ ਏਕਾ ਸਾਜਨ ਸਾਜਿਆ । ਆਪੇ ਜਾਣੇ ਦੇਸ ਵੇਸ ਵੇਸ ਪਰਵੇਸ਼, ਹਰਿਜਨ ਕਾਰਨ ਕਾਜਿਆ । ਜੋਤੀ ਜੋਤ ਸਰੂਪ ਹਰਿ, ਸਰਨ ਸਰਨਾਈ ਆਪੇ ਰੱਖੇ ਲਾਜਨ ਲਾਜਿਆ ।

ਚਕਰਵਰਤੀ ਹਰਿ ਵਰਤ ਹਰਿ ਚਿਤ ਵਿਤ ਮਨ ਠਗੋਰਿਆ । ਰੱਖਣ ਆਇਆ ਕਲ ਲਜ ਪਤ,

ਕਲ ਅਵਰ ਨਾ ਜਾਣੇ ਔਰਿਆ । ਦੀਨ ਦਿਆਲਾ ਸਰਨਪਤ, ਜਾਣੇ ਮਿਤ ਗਤ ਸ਼ਬਦ ਸਰੂਪੀ ਚੜ੍ਹਿਆ ਸਾਚੇ ਘੋੜਿਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਦੇ ਮਤ ਸਮਝਾਵੇ ਦਇਆ ਕਮਾਏ ਇਕ ਚੜ੍ਹਾਏ ਸਾਚੇ ਰਥ, ਧੁਰਦਰਗਾਹੀ ਆਇਆ ਦੌੜਿਆ । ਰੱਖੇ ਲਾਜ ਸੀਆਂ ਸਾਢੇ ਤਿੰਨ ਹੱਥ, ਜਗਤ ਮਹਿੰਮਾ ਕਥਾ ਅਕਥ ਬ੍ਰਾਹਮਣ ਗੌੜਿਆ । ਸਗਲ ਵਸੂਰੇ ਜਾਇਣ ਲਥ, ਨੇਤਰ ਨੀਰ ਨਾ ਚਲੇ ਅਥ, ਮਿਲੇ ਮੇਲ ਪੁਰਖ ਸਮਰੱਥ, ਜੋੜ ਜੁੜਿਆ ਸਾਚੇ ਜੋੜਿਆ । ਮਹਿੰਮਾ ਜਗਤ ਅਕਥਨਾ ਅਕਥ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਨੇਕ ਜਨ ਭਗਤਨ ਸਾਚਾ ਬਹੁੜਿਆ ।

ਸਚ ਮੰਡਲ ਰਾਸ ਹਰਿ ਸ਼ਾਹ ਸੁਲਤਾਨਿਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਸਦ ਵਸੇ ਆਸ ਪਾਸ ਖੇਲ ਮਹਾਨਿਆ । ਪਵਣ ਜੋਤੀ ਰਸਨਾ ਸ਼ਬਦ ਸਵਾਸ, ਅੱਖਰ ਵੱਖਰ ਸੋਹੰ ਸਾਚੀ ਬਾਣੀਆ । ਕਾਇਆ ਮਾਟੀ ਝੂਠੀ ਚਾਟੀ ਅੰਤਮ ਹੋਣੀ ਨਾਸ, ਨਰ ਹਰਿ ਹਰਿ ਨਰ ਕਰੇ ਕੋਈ ਪਛਾਨਿਆ । ਲੇਖੇ ਲੱਗੇ ਦਸ ਮਾਸ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਦੇਵੇ ਏਕਾ ਅੰਮ੍ਰਿਤ ਧਾਰ ਠੰਡਾ ਪਾਣੀਆ ।

ਕੂੜ ਕਿਰਿਆ ਕਰਮ ਵਿਚਾਰ ਮਨ ਬੌਰਾਨਿਆ । ਧ੍ਰਿਗ ਜੀਵਨ ਸੰਸਾਰ, ਮਾਨਸ ਦੇਹੀ ਆਈ ਹਾਰ, ਪਕੜੀ ਡੋਰ ਪੰਜ ਸ਼ੈਤਾਨਿਆ । ਨੇਤਰ ਨੈਣ ਵਹਿੰਦੀ ਧਾਰ, ਨਾ ਕੋਈ ਦੀਸੇ ਵੰਞ ਮੁਹਾਣਿਆ । ਚਰਨ ਪ੍ਰੀਤੀ ਇਕ ਪਿਆਰ, ਮਾਨਸ ਦੇਹੀ ਸ਼ਬਦ ਅਧਾਰ, ਮੁੱਕੇ ਰਸਨਾ ਪੀਣਾ ਖਾਣਿਆ । ਕੂੜਾ ਕਪਟ ਮਨ ਵਿਕਾਰ, ਤੀਰਥ ਤਟ ਨਾ ਭੁੱਲ ਗਵਾਰ, ਕਾਇਆ ਰਸ ਮੀਠਾ ਮਝਾਰ, ਵਸੇ ਨੇਤ ਨੇਤ ਸ੍ਰੀ ਭਗਵਾਨਿਆ । ਸਾਚਾ ਲਾਹਾ ਪ੍ਰਭ ਦਰ ਖਟ, ਸ਼ਬਦ ਸਿੰਘਾਸਣ ਸਾਚਾ ਪਟ, ਜੋਤੀ ਨੂਰ ਓਜਾਲਾ ਲਟ ਲਟ, ਭਾਂਡਾ ਭਰਮ ਭਉ ਭੰਨਾਣਿਆ । ਲੇਖਾ ਚੁੱਕੇ ਅਠ ਸਠ, ਨਾ ਕੋਈ ਸ਼ਿਵਦਵਾਲਾ ਮੱਠ, ਕਲਜੁਗ ਉਲਟੀ ਚਲੀ ਲੱਠ, ਸ੍ਰਿਸ਼ਟ ਸਬਾਈ ਹੋਈ ਭੱਠ, ਭਵ ਜਲ ਕੋਇ ਨਾ ਪਾਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪ ਆਪਣੀ ਕਰਨੀ ਕਰ, ਸ਼ਬਦ ਨਿਸ਼ਾਨਾ ਇਕ ਝੁਲਾ ਰਿਹਾ ।

ਸ਼ਬਦ ਨਿਸ਼ਾਨਾ ਝੁੱਲੇ ਦਰ ਗੋਬਿੰਦਿਆ । ਜਗਤ ਬਿਬਾਣਾ ਚਲੇ ਵਾਲੀ ਹਿੰਦਿਆ । ਸੋਹੰ ਚੜ੍ਹਿਆ ਸਾਚੇ ਚਿਲੇ, ਰਸਨ ਕਮਾਨੀ ਗੁਣੀ ਗਹਿੰਦਿਆ । ਆਪੇ ਵੇਖੇ ਬੂਰੇ ਕੱਕੇ ਬਿਲੇ, ਮੇਟ ਮਿਟਾਏ ਸਗਲੀ ਚਿੰਦਿਆ । ਜਗਤ ਸਿੰਘਾਸਣ ਸਾਰੇ ਹਿਲੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਰਾਏ ਦਇਆ ਕਮਾਏ ਆਪ ਬਣਾਏ ਸਾਚੀ ਬਿੰਦਿਆ । ਸਲਲ ਸਲਾਨੀ ਪੁਰਖ ਅਗਣਤਿਆ । ਜਿਉਂ ਜਗਤ ਜੁਗਤ ਸੰਤ ਭਗਤ ਭਗਤ ਭਗਵੰਤਿਆ । ਮੱਤ ਤੱਤ ਸਤਿ ਜੱਤ ਪਤ ਪਤਵੰਤਿਆ । ਜੋਤੀ ਜੋਤ ਸਰੂਪ ਹਰਿ, ਸਾਚਾ ਵਰ ਏਕਾ ਹਰਿ, ਧੁਰ ਘਰ ਸੁਣੇ ਸੁਣਾਏ ਮਾਤ ਬਨੰਤੀਆ ।

ਮਾਤ ਬੇਨੰਤੀ ਪਰਮ ਪੁਰਖ ਸੰਜੋਗ । ਕਾਇਆ ਰੰਗ ਇਕ ਬਸੰਤੀ, ਧੁਰ ਦਰਗਾਹੀ ਸਾਚਾ ਜੋਗ । ਮਿਲੇ ਮੇਲ ਹਰਿ ਸਾਚਾ ਕੰਤੀ, ਹਉਮੇ ਚੁੱਕੇ ਕਾਇਆ ਰੋਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਦਰ ਅਮੋਘ ।

ਅਮੋਘ ਅਮੋਘਾ ਹਰਿ ਬਲਵਾਨਾ । ਏਕਾ ਰਸ ਹਰਿਜਨ ਭੋਗਾ, ਜਗਤ ਚੁਕਾਏ ਜਮ ਕੀ ਕਾਣਾ । ਮਿਟੇ ਵਿਛੋੜਾ ਜਗਤ ਵਿਜੋਗ, ਮਿਲੇ ਮੇਲਾ ਹਰਿ ਮਿਹਰਵਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਨੇਹੜਾ ਏਕਾ ਦੇਵੇ ਧੁਰ ਦਰਗਾਹੀ ਸਚ ਨਿਸ਼ਾਨਾ ।

ਸਚ ਨਿਸ਼ਾਨਾ ਧਰਮ ਸਪੂਤ । ਹੱਥੀਂ ਗਾਨਾ ਚਾਰੇ ਕੂਟ । ਸੋਹੰ ਪੰਘੂੜਾ ਏਕਾ ਝੂਟ । ਵੇਖੇ ਪਰਖੇ ਰਾਜਾ ਰਾਣਾ , ਸੋਹੰ ਤੀਰ ਰਿਹਾ ਛੂਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਅੰਦਰ ਆਪੇ ਬਾਹਰ, ਆਪੇ ਮੰਦਰ ਕਾਇਆ ਖੇੜਾ, ਆਪੇ ਵੇਖੇ ਤ੍ਰੈ ਤ੍ਰੈਕੂਟ ।

ਤ੍ਰੈਕੂਟ ਤ੍ਰੈਲੋਕੀ ਨਾਥ । ਸਗਲ ਸਮਗਰੀ ਮਸਤਕ ਮਾਥੇ, ਜੋਤ ਅਕਗਰੀ ਹਰਿ ਰਘੁਨਾਥ । ਹਰਿਜਨ ਦਿਸੇ ਕਾਇਆ ਨਗਰੀ, ਮਿਲਿਆ ਮੇਲ ਪ੍ਰਭ ਸਾਜਨ ਸਾਥ । ਨਿਰਮਲ ਕਰਮ ਜਗਤ ਉਜਗਰੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਬਿਠਾਏ ਸਾਚੇ ਰਾਥ ।

ਜਮ ਕਾਲ ਜਮ ਤਰਾਸ ਵਡ ਬਲਕਾਰਿਆ । ਦਿਵਸ ਰੈਣ ਨੇਤਰ ਖੋਲ੍ਹ, ਵੇਖ ਵਖਾਣੇ ਪ੍ਰਿਥਮੀ ਅਕਾਸ਼, ਕਵਣ ਹੁਲਾਰਾ ਕਵਣ ਜੈਕਾਰਾ ਵਿਚ ਸੰਸਾਰਿਆ । ਕਵਣ ਵਸੇ ਰਸੇ ਕਾਇਆ ਮੰਡਲ ਉਚ ਮੁਨਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾ ਰਿਹਾ ।

ਜਗਤ ਅਵੱਲੜੀ ਚਾਲ ਜਗਤ ਧਰਾਇੰਦਾ । ਪੱਲੇ ਵਸਤ ਨਾਮ ਧੰਨ ਮਾਲ, ਖਾਲੀ ਹੱਥ ਜਗਤ ਵਖਾਇੰਦਾ । ਆਦਿ ਅੰਤ ਨਾ ਹੋਏ ਕੰਗਾਲ, ਪ੍ਰਭ ਸਰਬ ਸੰਗ ਰਖਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਤਾਲ, ਅਠ ਸਠ ਤੀਰਥ ਦੂਰ ਕਰਾਇੰਦਾ । ਸਾਚਾ ਸ਼ਬਦ ਸੁਣੇ ਧੁਨਕਾਰ, ਅਕਾਲ ਅਕਾਲਾ ਰਸਨ ਸੁਣਾਇੰਦਾ । ਜੋਤੀ ਜਗੇ ਕਾਇਆ ਖਾਲ, ਮਸਤਕ ਪਰਗਟੇ ਦੀਪਕ ਸੱਚੇ ਥਾਲ, ਸਰਵਣ ਨੇਤਰ ਏਕਾ ਧਾਰ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਭਾਂਡਾ ਭਰਮ ਜਗਤ ਭੰਨਾਇੰਦਾ ।

ਜਗਤ ਅਵੱਲੜੀ ਮਸਤ ਮਸਤ ਮਤਵਾਲਿਆ । ਚੁਣੇ ਸ਼ਬਦ ਸਾਚੇ ਹਸਤ, ਜਗੇ ਜੋਤ ਜੋਤ ਜਵਾਲਿਆ । ਆਤਮ ਦਸਤ ਏਕਾ ਵਸਤ, ਅਸਤ ਬਸਤ ਤਨ ਰਖਵਾਲਿਆ । ਨੇਤਰ ਨੈਣਾਂ ਤੀਰ ਕਟਾਰ ਕਸਤ, ਰਸਨ ਕਮਾਨਾ ਇਕ ਉਠਾ ਲਿਆ । ਸੋਹੰ ਸ਼ਬਦ ਸਾਚਾ ਸਸਤ, ਤੋੜੇ ਮਾਤ ਜਗਤ ਜੰਜਾਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕ ਵਰ, ਫਲ ਲੱਗੇ ਕਾਇਆ ਡਾਲਿਆ ।

ਜਨ ਭਗਤ ਅਵੱਲੜੀ ਚਾਲ, ਮਨ ਬੈਰਾਗਿਆ । ਏਕਾ ਹੋਏ ਪ੍ਰਿਤਪਾਲ, ਹਰਿ ਸਗਲ ਸੰਸਾਰਾ ਤਿਆਗਿਆ । ਚਰਨ ਪ੍ਰੀਤੀ ਨਿਭੇ ਨਾਲ, ਗੁਰਮੁਖ ਵਿਰਲਾ ਸੋਇਆ ਜਾਗਿਆ । ਨੇੜ ਨਾ ਆਏ ਧਰਮ ਰਾਏ ਜਮ ਕਾਲ, ਤਨ ਬੰਨ੍ਹੇ ਪੁਰਖ ਅਬਿਨਾਸ਼ ਸਾਚਾ ਤਾਗਿਆ । ਨੂਰ ਨਿਰੰਜਣ ਜੋਤ ਮਿਸਾਲ, ਅੰਧ ਅੰਧੇਰਾ ਸਾਰਾ ਭਾਗਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਇਕ ਵਰ, ਹੱਥ ਪਕੜੇ ਆਪਣੇ ਵਾਗਿਆ ।

ਹਰਿ ਭਗਤ ਅਵੱਲੜੀ ਚਾਲ, ਸ਼ਬਦ ਸੰਤੋਖਿਆ । ਸਾਚੀ ਘਾਲਨ ਰਿਹਾ ਘਾਲ, ਏਕਾ ਏਕ ਸ਼ਬਦ ਦਲਾਲ, ਆਤਮ ਦੇਵੇ ਸਾਚੀ ਵਥਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਜਗਤ ਮਲਾਹ ਆਪਣਾ ਆਪ ਵਖਾਏ ਦਇਆ ਕਮਾਏ, ਅੱਖਰ ਵੱਖਰ ਸੂਖਮ ਸੁਖਿਆ ।

ਸੁਰਤ ਮਤ ਮਨ ਬੁਧ ਸਰਬ ਸੰਸਾਰਿਆ । ਕਵਣ ਜਾਣੇ ਗੁਣਵੰਤੇ ਗੁਣ, ਨਾ ਕੋਈ ਜੇਵਡ ਤੁਧ, ਲੱਖ ਚੁਰਾਸੀ ਪਸਰ ਪਸਾਰਿਆ । ਮਾਨਸ ਜਨਮ ਨਾ ਕੋਈ ਕਰੇ ਕਰਾਏ ਸੁਧ, ਸਾਧ ਸੰਤ ਬੇਅੰਤ ਥੱਕੇ

ਵਡ ਬਲਕਾਰਿਆ । ਪੰਚਾਂ ਦੂਤਾਂ ਲੱਗਾ ਯੁੱਧ, ਕਾਮ ਕਰੋਧ ਮੋਹ ਲੋਭ ਹੰਕਾਰਿਆ । ਪ੍ਰਭ ਕੰਚਨ ਕਾਇਆ ਕਰਨ ਆਇਆ ਸੁਧ, ਸ਼ਬਦ ਕੁਠਾਲੀ ਕਰ ਤਿਆਰਿਆ । ਤਨ ਮੰਦਰ ਅੰਦਰ ਆਪ ਉਪਜਾਏ ਨੌਂ ਨਿਧ, ਅਠਾਰਾਂ ਸਿਧਾਂ ਖੇਲ ਖਿਲਾ ਰਿਹਾ । ਸਾਚਾ ਸ਼ਬਦ ਪੀਣ ਖਾਣ ਸਾਚੀ ਰਿਧ, ਆਪੇ ਆਪ ਹੋਏ ਸਹਾਰਿਆ । ਅੰਤਮ ਕਾਰਜ ਕਰੇ ਸਿੱਧ, ਥਿਤ ਵਾਰ ਜਗਤ ਵਿਚਾਰਿਆ । ਕਲਜੁਗ ਮੇਲ ਮਿਲਾਵਾ ਅੰਤਮ ਸਾਚੀ ਬਿਧ, ਸਤਾਰਾਂ ਹਾੜੀ ਜੋਤ ਨਿਰੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੋੜੇ ਫਾਸੀ, ਸ਼ਬਦ ਸਵਾਸੀ ਏਕਾ ਰਾਹ ਇਕ ਵਖਾ ਰਿਹਾ ।

ਲੱਖ ਚੁਰਾਸੀ ਤੋੜ ਚਰਨ ਜੁੜਨਿਆ । ਚੜ੍ਹਿਆ ਰਹੇ ਸ਼ਬਦ ਘੋੜ, ਚਾਰੋਂ ਕੁੰਟ ਸਦ ਦੁੜਨਿਆ । ਗੁਰਮੁਖਾਂ ਵਾਗਾਂ ਰਿਹਾ ਮੋੜ, ਅੰਦਰੇ ਅੰਦਰ ਹਰਿ ਵਸੰਦਿਆ । ਨਾ ਕੋਈ ਜਾਣੇ ਰਸ ਮੀਠਾ ਫੀਕਾ ਕੌੜ, ਜਨ ਭਗਤਾਂ ਹਰਿ ਆਪ ਬਖ਼ਸ਼ੰਦਿਆ । ਚਰਨ ਸਰਨ ਸਰਨ ਗੁਰ ਨੈਣ ਲੋਚਨ ਲੋਚਨ ਨੈਣ ਦੋਏ ਜੋੜ, ਅੰਤਮ ਤੋੜੇ ਵੱਜਾ ਜੰਦਿਆ । ਵੇਲੇ ਅੰਤਮ ਪਏ ਬਹੁੜ, ਆਤਮ ਢਾਹੇ ਭਰਮਾਂ ਕੰਧਿਆ । ਪਰਗਟ ਹੋਏ ਬ੍ਰਹਿਮਣ ਗੌੜ, ਸ਼ਬਦ ਨਗਾਰਾ ਇਕ ਰਖੰਦਿਆ । ਸੰਬਲ ਦੇਸ ਲੰਬਾ ਚੌੜ, ਲੇਖਾ ਲਿਖੇ ਹਰਿ ਲਿਖੰਦਿਆ । ਧੁਰ ਦਰਗਾਹੀ ਆਏ ਦੌੜ, ਗੁਰਮੁਖਾਂ ਘਟ ਘਟ ਵਾਸ ਆਦਿ ਅਬਿਨਾਸ਼ ਹਰਿ ਰਖੰਦਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕੱਟੇ ਜਮ ਜਮਾਂਤਰ ਫੰਦਿਆ । ।

☬ ☬ ☬ ☬ ☬

☬ ੧੭ ਹਾੜ ੨੦੧੨ ਬਿਕ੍ਰਮੀ ਗੁਰ ਸੰਗਤ ਦੀ ਚੁਰਾਸੀ ਕੱਟੀ ਅਤੇ ਨਿਰਵਿਘਨ ਲੰਗਰ ਚਲਾਇਆ ਗਿਆ । ਸਾਰੇ ਰਾਜੇ ਮਹਾਰਾਜਿਆਂ ਜਗਤ ਗੁਰੂਆਂ ਅਤੇ ਸੰਤਾਂ ਨੂੰ ਸ਼ਬਦ ਭਾਜੀ ਫੇਰ ਕੇ ਸੱਦਿਆ ਗਿਆ ਮਗਰ ਇਸ ਦਿਨ ਉਤੇ ਨਾ ਆਏ । ਕੇਵਲ ਸੰਤ ਲਾਭ ਸਿੰਘ, ਭਗਵਾਨ ਸਿੰਘ ਸੈਦਪੁਰੋਂ ਆਏ ਬਾਕੀ ਸਾਰੀ ਹਰਿ ਸੰਗਤ ਸੀ ।

ਸੱਤ ਰੰਗ ਦਾ ਨਿਸ਼ਾਨ ਸਾਹਿਬ ਦਾ ਝੰਡਾ ਚੜ੍ਹਾਇਆ । ਜਿਸ ਦੇ ਉਤੇ ਸੱਤਾਂ ਦੀਪਾਂ ਦੇ ਨਾਮ ਲਿਖੇ ਹੋਏ ਹਨ । ਜੋ ਸੱਤ ਰੰਗ ਜੋਤ ਦੇ ਪਰਕਾਸ਼ ਨੂੰ ਦੱਸਦੇ ਹਨ । ਝੰਡਾ ਸਾਢੇ ਤਿੰਨ ਤਿੰਨ ਹੱਥ ਚਾਰੋਂ ਤਰਫ ਹੈ । ਨਿਸ਼ਾਨ ਸਾਹਿਬ ਚਵੀਂ ਹੱਥ ਉਚਾ ਹੈ । ਇਹ ਕਾਕਾ ਜਗਦੀਸ਼ ਸਿੰਘ ਦੀ ਸਸਕਾਰ ਵਾਲੀ ਜਗ੍ਹਾ ਬਣਾਇਆ ਹੈ । ਹਰਿ ਸੰਗਤ ਸਤਾਰਾਂ ਹਾੜ ਨੂੰ ਇਕੱਠੀ ਸੀ ਤੇ ਵਿਹਾਰ ਹੋਇਆ ☬

☬ ੧੭ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਚੜ੍ਹਾਨ ਸਮੇਂ ਹਰਿ ਭਗਤ ਦਵਾਰ ਜੇਠੂਵਾਲ ☬

ਨਿਰਵੈਰ ਨਿਰਵੈਰ ਨਿਰਵੈਰ ਨਿਰਵੈਰਿਆ । ਨਿਰਵੈਰ ਨਿਰਵੈਰ ਨਿਰਵੈਰ ਜੋਤ ਨਿਰੰਜਣ ਇਕ ਪਸਰ ਪਸਾਰਿਆ । ਨਿਰਵੈਰ ਨਿਰਵੈਰ ਨਿਰਵੈਰ ਚਾਰ ਵਰਨਾਂ ਦੇਵੇ ਏਕਾ ਮਜਨ, ਭੇਵ ਚੁੱਕੇ ਐਰ ਗੈਰਿਆ । ਨਿਰਵੈਰ ਨਿਰਵੈਰ ਨਿਰਵੈਰ ਸਾਚਾ ਏਕਾ ਸੱਜਣ, ਜਗਤ ਚੁਕਾਏ ਮੇਰ ਤੇਰਿਆ । ਨਿਰਵੈਰ ਨਿਰਵੈਰ ਨਿਰਵੈਰ

ਜਨ ਭਗਤਾਂ ਪੜਦੇ ਆਇਆ ਕੱਜਣ, ਕਲ ਕਰ ਕਰ ਆਪਣੀ ਮਿਹਰਿਆ । ਨੇਹਕਲੰਕ ਨਰਾਇਣ ਨਰ, ਏਕਾ ਧਾਰ ਸ਼ਬਦ ਅਪਾਰ ਵਿਚ ਸੰਸਾਰ ਬਹਾ ਰਿਹਾ । ਨੇਹਕਲੰਕ ਨੇਹਕਲੰਕ ਨੇਹਕਲੰਕ ਪੁਰਖ ਅਕਾਲਿਆ । ਸ਼ਬਦ ਡੰਕ ਰਾਓ ਰੰਕ ਬਣੇ ਮਾਤ ਦੁਲਾਲਿਆ । ਆਪ ਸੁਹਾਏ ਥਾਨ ਬੰਕ, ਜੋਤ ਜਗਾਏ ਅੰਞਾਣੇ ਬਾਲਿਆ । ਮਿਲੇ ਮੇਲ ਵਡਿਆਈ ਜਿਉਂ ਭਗਤ ਜਨਕ, ਸਾਚੀ ਰੰਗਣ ਰੰਗ ਰੰਗਾ ਰਿਹਾ । ਆਤਮ ਜੋਤੀ ਲਾਏ ਤਨਕ, ਗੁਰ ਸੰਗਤ ਮੇਲ ਮਿਲਾ ਰਿਹਾ । ਹਰਿ ਕਰੇ ਨਿਮਸਕਾਰ ਬਾਰ ਅਨਕ, ਗੁਰ ਸੰਗਤ ਪੂਰਾ ਹਰਿ ਦਰ ਘਰ ਸਾਚੇ ਪਾ ਲਿਆ । ਦੂਜੇ ਦਰ ਨਾ ਹੋਏ ਮੰਗਤ, ਸਾਧ ਸੰਤ ਗੁਰ ਪੀਰ ਮੰਦਰ ਮਸਜਿਦ ਗੁਰਦਵਾਰਾ ਸ਼ਿਵਦਵਾਲਾ ਹੋਏ ਖਾਲੀਆ । ਏਕਾ ਏਕ ਪੁਰਖ ਅਪਾਰਾ, ਸ਼ਬਦ ਸਰੂਪੀ ਰੰਗ ਅਪਾਰਾ, ਦੋ ਜਹਾਨੀ ਹੋਏ ਦਲਾਲਿਆ । ਜਨ ਭਗਤਾਂ ਬਣੇ ਮਾਤ ਸਹਾਰਾ, ਸੋਹੰ ਦੇਵੇ ਸ਼ਬਦ ਨਗਾਰਾ, ਤਨ ਮੰਦਰ ਵਿਚ ਟਿਕਾ ਲਿਆ । ਵਜਦਾ ਰਹੇ ਵਾਰੋ ਵਾਰ, ਚਾਰੋ ਦਿਸ਼ਾ ਨਾ ਕੋਈ ਵਿਚਾਰਾ, ਅਨਹਦ ਡੰਡਾ ਹਰਿ ਉਠਾ ਲਿਆ । ਸਤਿ ਸਰੰਗੀ ਸਤਿਆ ਤਾਰਾਂ, ਛੱਤੀ ਰਾਗਾਂ ਵਸੇ ਬਾਹਰਾ, ਵੇਦ ਪੁਰਾਨਾਂ ਭੇਵ ਨਾ ਪਾ ਲਿਆ । ਵੇਲਾ ਚੁਕਿਆ ਚਾਰ ਯਾਰਾ, ਈਸਾ ਮੂਸਾ ਏਕਾ ਰੰਗ ਰੰਗਾ ਰਿਹਾ । ਖਿੜੀ ਰਹੇ ਮਾਤ ਗੁਲਜਾਰਾ, ਅੰਮ੍ਰਿਤ ਬਰਖੇ ਨਿਝਰ ਧਾਰਾ, ਸੁਰਪਤ ਰਾਜਾ ਇੰਦ ਪ੍ਰਭ ਸਾਚੀ ਸੇਵਾ ਲਾ ਲਿਆ । ਸਾਚਾ ਕੀਆ ਭੇਟ ਦੁਲਾਰਾ, ਲਹੂ ਮਿਝ ਬਣਾਇਆ ਗਾਰਾ, ਸਾਢੇ ਤਿੰਨ ਹੱਥ ਮਹੱਲ ਉਸਾਰਾ, ਗੁਰ ਸੰਗਤ ਸੇਵ ਕਮਾ ਰਿਹਾ । ਪ੍ਰਭ ਬੰਨ੍ਹੇ ਆਪਣੀ ਧਾਰਾ, ਨੇਹਕਲੰਕੀ ਖੇਲ ਅਪਾਰਾ, ਗੁਰ ਗੋਬਿੰਦ ਜੋ ਲਿਖਾ ਲਿਆ । ਜਨ ਭਗਤਾਂ ਬਣੇ ਸਹਾਰਾ, ਖਿਚ ਲਿਆਏ ਚਰਨ ਦਵਾਰਾ, ਨਾ ਕੋਈ ਨਰ ਨਾ ਕੋਈ ਨਾਰਾ, ਏਕਾ ਰੰਗਣ ਹਰਿ ਰੰਗਾ ਰਿਹਾ । ਚੋਬਦਾਰ ਸੱਚੀ ਸਰਕਾਰਾ, ਅੱਠੇ ਪਹਿਰ ਦੇਵੇ ਪਹਿਰਾ, ਸ਼ਬਦ ਡੰਡਾ ਹੱਥ ਉਠਾ ਲਿਆ । ਲੋਕਮਾਤ ਲਏ ਅਵਤਾਰਾ, ਲੱਖ ਚੁਰਾਸੀ ਹੋਈ ਖਵਾਰਾ, ਰਥ ਰਥਵਾਹੀ ਰਾਹ ਨਿਆਰਾ, ਪ੍ਰਭ ਸਾਚਾ ਹੁਕਮ ਸੁਣਾ ਰਿਹਾ । ਆਪ ਸੁਹਾਏ ਦਵਾਰ ਬੰਕਾ, ਜੋਤ ਜਗਾਏ ਬਾਰ ਅਨਕਾ, ਸ਼ਬਦ ਵਜਾਏ ਸਾਚਾ ਡੰਕਾ, ਸਾਧਾਂ ਸੰਤਾਂ ਆਪ ਹਿਲਾ ਰਿਹਾ । ਕਰੇ ਖੇਲ ਬਾਰ ਅਨਕਾ, ਬੇਮੁਖ ਮੂਰਖ ਮੁਗਧ ਤਾਰੇ ਜਿਉਂ ਦਵਾਰੇ ਗਨਕਾ, ਗੁਰ ਸੰਗਤ ਸਾਚੀ ਰੰਗਤ ਇਕ ਚੜ੍ਹਾ ਰਿਹਾ । ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਮ ਇਕ ਨਿਰੰਜਣ, ਸਾਚੀ ਅਲਖ ਜਗਾ ਰਿਹਾ । ਅਲਖ ਨਿਰੰਜਣ ਆਪ ਦਾਤਾਰ । ਦਾਤਾ ਦਰਦ ਦੁੱਖ ਭੈ ਭੰਜਨ, ਸ੍ਰਿਸ਼ਟ ਸਬਾਈ ਮੀਤ ਮੁਰਾਰ । ਗੁਰਮੁਖ ਸਾਚੇ ਦਰ ਬਹਾਏ ਦਇਆ ਕਮਾਏ ਅੰਮ੍ਰਿਤ ਧਾਰ ਇਕ ਪਿਆਏ, ਲੱਖ ਚੁਰਾਸੀ ਕੀਨੀ ਬਾਹਰ । ਦਰ ਘਰ ਸਾਚੇ ਮੇਲ ਕਰਾਏ, ਆਤਮ ਸਰ ਇਸ਼ਨਾਨ ਕਰਾਏ, ਦੁਰਮਤ ਮੈਲ ਮਾਤ ਗਵਾਏ, ਭਵ ਜਲ ਬੇੜਾ ਕਰ ਜਾਏ ਪਾਰ । ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਕਰ ਤਿਆਰ ।

ਸਾਚਾ ਬੇੜਾ ਕਰ ਤਿਆਰ, ਕੰਧ ਉਠਾਇੰਦਾ । ਕਲਜੁਗ ਡਿਗਾ ਮੂੰਹ ਦੇ ਭਾਰ, ਸਰਗੁਣ ਕੋਈ ਨਾ ਪਕੜ ਉਠਾਇੰਦਾ । ਨਿਰਗੁਣ ਰੂਪ ਹਰਿ ਕਰਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਤਿੰਨਾਂ ਲੋਕਾਂ ਨਰ ਸੱਚੀ ਸਰਕਾਰ, ਪੁਰੀਆਂ ਲੋਆਂ ਭਾਰ ਉਠਾਇੰਦਾ । ਜਨ ਭਗਤਾਂ ਸਾਚਾ ਮੀਤ ਮੁਰਾਰ, ਜਗਤ ਨਿਸ਼ਾਨਾ ਇਕ ਉਠਾਇੰਦਾ । ਗੁਣਵੰਤਾ ਗੁਣ ਰਿਹਾ ਵਿਚਾਰ, ਪੂਰਬ ਲਹਿਣਾ ਮਾਤ ਚੁਕਾਇੰਦਾ । ਸੋਲਾਂ ਕਰੇ ਕਰਾਏ ਤਨ ਸ਼ਿੰਗਾਰ, ਪ੍ਰੇਮ ਮਹਿੰਦੀ ਹੱਥ ਰੰਗਾਇੰਦਾ । ਸ਼ਬਦ ਵਟਣਾ ਅਪਰ ਅਪਾਰ, ਗੀਤ ਸੁਹਾਗੀ ਸੋਹੰ ਗਾਇੰਦਾ । ਆਪੇ ਪੁਰਖ ਆਪੇ ਨਾਰ, ਗੁਰਮੁਖ ਲਾੜਾ ਇਕ ਤਿਆਰ ਕਰਾਇੰਦਾ । ਸਤਾਰਾਂ ਹਾੜੀ ਦਿਵਸ ਵਿਚਾਰ, ਚਿੱਟੀ ਕੁੱਲੀ ਭਾਗ ਲਗਾਇੰਦਾ । ਮਾਨਸ ਜਨਮ ਨਾ ਆਏ ਹਾਰ, ਸਿੰਘ ਮਨਜੀਤਾ ਰਾਹ ਵਖਾਇੰਦਾ । ਸੋਲਾਂ ਮੱਘਰ ਹੋ ਤਿਆਰ, ਗੁਰ ਸੰਗਤ ਆਪਣਾ ਲੜ ਫੜਾਇੰਦਾ । ਪਿੱਛੇ ਆਉਣਾ ਵਾਰੋ ਵਾਰ, ਨਾ ਕਰਨਾ ਕੋਈ ਹੁਦਾਰ, ਸਾਚਾ ਧਾਮ ਇਕ ਵਖਾਇੰਦਾ । ਮਿਲਿਆ ਮੇਲ ਪੁਰਖ ਭਤਾਰ, ਆਤਮ ਹੋਈ ਠੰਡੀ ਠਾਰ, ਸਾਚੇ ਸੋਮੇ ਤਾਰੀ ਲਾਇੰਦਾ । ਕਿਰਪਾ ਕਰੇ ਨਰ ਨਿਰੰਕਾਰ, ਦੇਵੇ ਵਰ ਸਗਲ ਪਸਾਰ, ਪੁਰੀ ਇੰਦਰ ਰਾਹ

ਵਖਾਇੰਦਾ । ਸ਼ਬਦ ਸਿੰਘਾਸਣ ਕਰ ਤਿਆਰ, ਏਕਾ ਜੋਤ ਮਾਤ ਪਰਕਾਸ਼ ਭੇਖ ਪਖੰਡਾ ਦਏ ਨਿਵਾਰ, ਸਾਚੀ ਧਾਰ ਬੰਨ੍ਹਾਇੰਦਾ । ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਮ ਆਪੇ ਆਪ ਕਰਾਇੰਦਾ ।

ਪੁਰਖ ਅਗੰਮ ਅਗੰਮੜਾ, ਜਗਤ ਅਗੰਮੜੀ ਕਾਰ । ਨਾ ਕੋਈ ਮਾਤ ਪਿਤ ਨਾ ਕੋਈ ਪਿਤਾ ਮਾਈ ਅੰਮੜਾ, ਜੋਤ ਨਿਰੰਜਣ ਇਕ ਅਕਾਰ । ਹੱਡ ਮਾਸ ਨਾ ਕੋਈ ਚੰਮੜਾ, ਆਪ ਆਪਣਾ ਰਿਹਾ ਉਸਾਰ । ਜੋਤੀ ਜੋਤ ਸਰੂਪ ਹਰਿ, ਆਦਿ ਪੁਰਖ ਅਪਰੰਪਰ ਸਵਾਮੀ ਏਕਾ ਏਕ ਇਕ ਅਕਾਰ ।

ਏਕਾ ਏਕ ਅਕਾਲਿਆ । ਦੂਜੀ ਨਾ ਕੋਈ ਰੱਖੇ ਟੇਕ, ਸਾਚਾ ਸ਼ਬਦ ਨਾਲ ਉਠਾ ਲਿਆ । ਤੀਜੇ ਕਦੇ ਨਾ ਲਗੇ ਸੇਕ, ਪਵਣ ਸਵਾਸ ਸੇਵਾ ਲਾ ਲਿਆ । ਚੌਥੇ ਘਰ ਸਦਾ ਬਿਬੇਕ, ਪੀਣਾ ਖਾਣਾ ਹਰਿ ਚੁਕਾ ਲਿਆ । ਪੰਚਮ ਆਪੇ ਰਿਹਾ ਵੇਖ, ਦੂਸਰ ਸੰਗ ਨਾ ਕੋਈ ਵਖਾ ਲਿਆ । ਛੇਵੇਂ ਛੱਪਰ ਮਾਇਆ ਟੇਕ, ਗਗਨ ਪਤਾਲਾਂ ਸਰਬ ਉਠਾ ਲਿਆ । ਸੱਤਵੇਂ ਸਤਿ ਪੁਰਖ ਨਿਰੰਜਣ ਸਦਾ ਆਦੇਸ, ਨਾ ਮਰੇ ਨਾ ਕਦੇ ਜਿਵਾ ਲਿਆ । ਸਤਿ ਪੁਰਖ ਨਿਰੰਜਣ ਸਤਿ ਸਤਿ ਸਤਿਵਾਦਿਆ । ਜੁਗਾ ਜੁਗੰਤਰ ਜੀਵ ਜੰਤ ਬਣਾਏ ਬਣਤ, ਦੇ ਮਤ ਸ਼ਬਦ ਸਿਖਾ ਲਿਆ । ਨਾੜੀ ਬਹੱਤਰ ਨਾ ਉਬਲੇ ਰਤ, ਸਾਚੇ ਵਤ ਨਾਮ ਬਿਜਾ ਲਿਆ । ਵੇਲੇ ਅੰਤਮ ਰੱਖੇ ਪੱਤ, ਸਿਰ ਆਪਣਾ ਹੱਥ ਰਖਾ ਲਿਆ । ਆਪੇ ਜਾਣੇ ਮਿਤ ਗਤ, ਕਲਜੁਗ ਕਾਲੇ ਕਰਮ ਕਮਾ ਲਿਆ । ਸ਼ਬਦ ਬਣਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾ ਲਿਆ । ਸੱਤਾਂ ਦੀਪਾਂ ਪਕੜੇ ਨੱਥ, ਸ਼ਬਦ ਡੋਰੀ ਹੱਥ ਰਖਾ ਲਿਆ । ਪ੍ਰਭ ਦੇਵਣ ਆਇਆ ਵਟ, ਸੋਹੰ ਵਟਨਾ ਅੱਗੇ ਲਾ ਲਿਆ । ਆਪੇ ਜਾਣੇ ਘਟ ਘਟ, ਭੇਵ ਕਿਸੇ ਨਾ ਪਾ ਲਿਆ । ਲੱਖ ਚੁਰਾਸੀ ਭੌਂਦੀ ਤੀਰਥ ਤਟ, ਕਾਇਆ ਮਟ ਨਾ ਜੋਤ ਜਵਾਲਿਆ । ਸਤਾਰਾਂ ਹਾੜੀ ਖੁਲ੍ਹਾਏ ਸਾਚਾ ਹੱਟ, ਕਾਇਆ ਮੰਦਰ ਇਕ ਖੁਲ੍ਹਾ ਲਿਆ । ਨਾ ਕੋਈ ਖੇਲ ਬਾਜੀਗਰ ਨਟ, ਜੋਤ ਨਿਰੰਜਣ ਜਾਮਾ ਪਾ ਲਿਆ । ਗੁਰਮੁਖਾਂ ਤਨ ਪਹਿਨਾਏ ਏਕਾ ਪਟ, ਗੁਰਮੁਖਾਂ ਮੇਲ ਹਰਿ ਦਵਾਰਿਆ । ਸਾਚਾ ਲਾਹਾ ਜਾਣ ਖੱਟ, ਲੱਖ ਚੁਰਾਸੀ ਫੰਦ ਕਟਾ ਲਿਆ । ਤਨ ਨਗਾਰੇ ਇਕ ਲਗਾਏ ਸੋਹੰ ਸ਼ਬਦ ਸਾਚੀ ਸੱਟ, ਸਾਚਾ ਤਾਲ ਇਕ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰ ਸੰਗਤ ਸਾਚੀ ਦੇਵੇ ਵਰ, ਦਰ ਆਏ ਦਰਸ਼ਨ ਪਾ ਲਿਆ ।

ਦਰ ਦਵਾਰੇ ਆਏ ਦਰਸ਼ਨ ਪਾਇਆ । ਕਾਇਆ ਮੰਦਰ ਸੋਹੇ ਚੁਬਾਰੇ, ਨਰ ਹਰਿ ਸਾਚਾ ਵਿਚ ਵਸਾਇਆ । ਮਾਇਆ ਜੰਦੇ ਲਾਹੇ ਭਾਰੇ, ਸੋਹੰ ਡੰਡਾ ਹੱਥ ਰਖਾਇਆ । ਜੋਤੀ ਜਗੇ ਅਗੰਮ ਅਪਾਰੇ, ਮਦਿਰਾ ਮਾਸ ਜਿਸ ਤਜਾਇਆ । ਸਤਾਰਾਂ ਹਾੜੀ ਦਿਵਸ ਵਿਚਾਰੇ, ਨੇਹਕਲੰਕ ਡੰਕ ਵਜਾਇਆ । ਮਨ ਤਨ ਹੰਕਾਰੇ, ਦੁਰਮਤ ਮੈਲ ਦਏ ਗਵਾਇਆ । ਪਰਗਟ ਹੋਏ ਵਿਚ ਸੰਸਾਰੇ, ਪੜਦਾ ਉਹਲਾ ਆਪ ਚੁਕਾਏ ਗੁਰ ਗੋਬਿੰਦਾ ਬਣਿਆ ਲਿਖਾਰੇ, ਸੰਬਲ ਦੇਸ ਡੇਰਾ ਲਾਇਆ । ਜੀਵ ਜੰਤ ਨਾ ਪਾਏ ਸਾਰੇ, ਹਰਿ ਮੰਦਰ ਪੜ੍ਹ ਪੜ੍ਹ ਥੱਕੇ ਭਰਮ ਭੁਲਾਇਆ । ਆਪੇ ਡੋਬੇ ਆਪੇ ਤਾਰੇ, ਜੁਗਾ ਜੁਗੰਤਰ ਖੇਲ ਅਪਾਰੇ, ਜਨ ਭਗਤਾਂ ਦੇਵੇ ਨਾਮ ਸਹਾਰੇ, ਸਾਚਾ ਵੰਞ ਨਾਮ ਲਗਾਇਆ । ਕਲਜੁਗ ਬੇੜਾ ਅੰਤ ਕਿਨਾਰੇ, ਪ੍ਰਭ ਅਬਿਨਾਸ਼ੀ ਡੋਬੇ ਮੰਝਧਾਰੇ, ਉਲਟਾ ਗੇੜਾ ਰਿਹਾ ਦਵਾਇਆ । ਗੁਰ ਸੰਗਤ ਸੌਣਾ ਪੈਰ ਪਸਾਰੇ, ਪੁਰਖ ਅਬਿਨਾਸ਼ੀ ਪਹਿਰੇਦਾਰ, ਧਰਮ ਰਾਏ ਨਾ ਆਏ ਦਵਾਰ, ਲੱਖ ਚੁਰਾਸੀ ਸਿਹਰਾ ਲਾਇਆ । ਜਗੇ ਜੋਤ ਅਗੰਮ ਅਪਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਇਆ ।

ਗੁਰ ਪੂਰਾ ਕਰਮ ਕਮਾਏ ਕਰੇ ਵਿਚਾਰਿਆ । ਜਨ ਭਗਤਾਂ ਦਇਆ ਕਮਾਏ, ਮਿਲੇ ਵਡਿਆਏ

ਵਿਚ ਸੰਸਾਰਿਆ । ਸਾਚਾ ਮਾਰਗ ਰਿਹਾ ਵਖਾਏ, ਮਾਨਸ ਦੇਹੀ ਅਪਰ ਅਪਾਰਿਆ । ਲੱਖ ਚੁਰਾਸੀ ਹੱਥ ਨਾ ਆਏ, ਲੇਖਾ ਲਿਖੇ ਵਾਰੋ ਵਾਰਿਆ । ਗੁਰਮੁਖਾਂ ਮੇਲ ਹਰਿ ਰਘੁਰਾਏ, ਜਮ ਕਾ ਜੇੜਾ ਆਪ ਕਟਾ ਰਿਹਾ । ਵੇਲੇ ਅੰਤ ਹੋਏ ਸਹਾਏ, ਸਾਚੇ ਬੇੜੇ ਫੜ ਚੜ੍ਹਾ ਰਿਹਾ । ਦਰਸ ਦਿਖਾਏ ਥਾਉਂ ਥਾਏਂ, ਦੂਰ ਨੇੜਾ ਨਾ ਕੋਈ ਵਖਾ ਰਿਹਾ । ਫੜ ਫੜ ਬਾਂਹੋਂ ਰਾਹੇ ਪਾਏ, ਲੋਆਂ ਪੁਰੀਆਂ ਪੈਰਾਂ ਹੇਠ ਝਸਾ ਰਿਹਾ । ਦਰਗਾਹ ਸਾਚੀ ਮਾਣ ਦਵਾਏ, ਸਚ ਸਿੰਘਾਸਣ ਡੇਰਾ ਲਾਏ, ਜੋਤ ਨਿਰੰਜਣ ਇਕ ਰਘੁਰਾਏ, ਗੁਰਮੁਖ ਸਾਚੇ ਮਾਣਕ ਮੋਤੀ ਸਾਚਾ ਹਾਰ ਬਣਾ ਰਿਹਾ । ਕਲਜੁਗ ਅੰਤਮ ਜਗੇ ਜੋਤੀ, ਨਾ ਕੋਈ ਵਰਨ ਨਾ ਕੋਈ ਗੋਤੀ, ਗੁਰਮੁਖਾਂ ਉਠਾਏ ਕਾਇਆ ਸੋਤੀ, ਸ਼ਬਦ ਡੰਡਾ ਮਗਰ ਲਗਾ ਰਿਹਾ । ਦੁਰਮਤ ਮੈਲ ਗਈ ਧੋਤੀ, ਬਾਤੀ ਜੋਤ ਇਕ ਇਕਲੌਤੀ, ਇੰਦ ਇੰਦਰਾਸਣ ਸੇਵ ਕਮਾ ਰਿਆ । ਕਰੋੜ ਛਿਆਨਵੇਂ ਸਤਾਰਾਂ ਹਾੜੀ ਰੋਤੀ, ਛੱਡ ਸਿੰਘਾਸਣ ਇੰਦਰ ਮੁੱਖ ਭੁਵਾ ਰਿਹਾ । ਲੋਕਮਾਤ ਕਲਜੁਗ ਜੋਤੀ, ਲੋਆਂ ਪੁਰੀਆਂ ਧਾਰ ਬੰਨ੍ਹਾ ਰਿਹਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਵਡ ਸੰਸਾਰਿਆ । ਬ੍ਰਹਮੇ ਕਰਮ ਵਿਚਾਰ, ਪੁਰਖ ਅਬਿਨਾਸ਼ੀ ਪਾਏ ਸਾਰ, ਅੰਤਮ ਆਇਆ ਪਾਰ ਕਿਨਾਰਿਆ । ਵੇਦ ਵਖਾਣੇ ਮੁਖੜੇ ਚਾਰ, ਕਲਜੁਗ ਸਹਿਣੇ ਪਏ ਦੁੱਖੜੇ, ਛੱਡਣੀ ਪਈ ਸੱਚੀ ਸਿਕਦਾਰ, ਨਾ ਦੇਵੇ ਕੋਈ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਚਾ ਕਰਮ ਆਪ ਕਮਾ ਰਿਹਾ ।

ਸਾਚਾ ਕਰਮ ਕਮਾਏ, ਸਹਿਜ ਸੁਖ ਵਾਸਿਆ । ਕਲਜੁਗ ਗਿਆ ਧਰਮ ਗਵਾਏ, ਗੁਰਮੁਖਾਂ ਮਨ ਰਹੇ ਉਦਾਸੀਆ । ਠੱਗ ਚੋਰ ਯਾਰ ਚਾਰੋਂ ਕੁੰਟ ਫਿਰਨ ਹਲਕਾਏ, ਗੁਰ ਮੰਦਰ ਅੰਦਰ ਮਦਿਰਾ ਮਾਸੀਆ । ਸਾਚਾ ਨਾਉਂ ਨਾ ਦਿਸੇ ਕਿਸੇ ਥਾਏਂ, ਏਕਾ ਭੁੱਲਿਆ ਪੁਰਖ ਅਬਿਨਾਸ਼ੀਆ । ਨਾ ਕੋਈ ਪਿਤਾ ਨਾ ਕੋਈ ਮਾਏ, ਨਾ ਕੋਈ ਜਾਣੇ ਸ਼ਾਹ ਸ਼ਾਬਾਸੀਆ । ਜਨ ਭਗਤਾਂ ਦੇਵੇ ਠੰਡੀ ਛਾਏ, ਕਰੇ ਬੰਦ ਖੁਲਾਸੀਆ । ਵੇਲੇ ਅੰਤਮ ਹੋਏ ਸਹਾਏ, ਮਾਨਸ ਜਨਮ ਕਰੇ ਰਹਿਰਾਸੀਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤ ਜਗਾਏ ਮਾਤ ਪਤਾਲ ਪ੍ਰਿਥਮੀ ਅਕਾਸਿਆ ।

ਮਾਤ ਪਤਾਲ ਅਕਾਸ਼, ਸਰਬ ਵਿਆਪਿਆ । ਨੌਂ ਅਠਾਰਾਂ ਮਾਤ ਗਰਭ ਦਸ ਦਸ ਮਾਸ, ਆਪੇ ਜਾਣੇ ਆਪਣਾ ਜਾਪਿਆ । ਮਾਨਸ ਦੇਹੀ ਪਵਣ ਸੁਵਾਸ, ਰਸਨਾ ਗਾਏ ਹਰਿ ਸੁਵਾਸਿਆ । ਕਲਜੁਗ ਮਾਇਆ ਕਰੇ ਨਾਸ, ਪਰਗਟ ਹੋਏ ਘਨਕਪੁਰ ਵਾਸੀਆ । ਸਚ ਮੰਡਲ ਘਰ ਸਾਚੀ ਰਾਸ, ਮਿਲੇ ਮੇਲ ਸ਼ਾਹੋ ਸ਼ਾਬਾਸਿਆ । ਪੂਰਨ ਕਰੇ ਹਰਿ ਜੀ ਆਸ, ਹਉਮੇ ਰੋਗ ਚਿੰਤ ਗੁਵਾਸਿਆ । ਸਦ ਵਸੇ ਆਸ ਪਾਸ, ਨਰ ਨਰਾਇਣਾ ਰਹੇ ਦਾਸਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਪਵਣ ਉਨੰਜਾ ਛਤਰ ਝੁਲਾਸਿਆ ।

ਸਾਚਾ ਛਤਰ ਝੁਲਾਏ ਹਰਿ ਜਗਦੀਸ਼ਰਾ । ਕਲਜੁਗ ਤੇਰੀ ਔਧ ਵਿਹਾਏ, ਨਾ ਕੋਈ ਜਾਣੇ ਤਪੀ ਤਪੀਸ਼ਰਾ । ਸਾਧ ਸੰਤ ਸਰਬ ਭੁਲਾਏ, ਭੇਵ ਨਾ ਪਾਏ ਮੁਨ ਰਿਖ ਰਿਖੀਸ਼ਰਾ । ਪ੍ਰਭ ਅਬਿਨਾਸ਼ੀ ਜੋਤ ਜਗਾਏ, ਆਦਿ ਅੰਤ ਹਰਿ ਸਾਚਾ ਈਸ਼ਰਾ । ਵੇਸ ਅਨੇਕਾ ਡੇਰਾ ਲਾਏ, ਜੋਤ ਸਰੂਪੀ ਹਰਿ ਭੇਵ ਨਾ ਪਾਏ, ਬ੍ਰਹਮਾ ਵਿਸ਼ਨ ਮਹੇਸ਼ਰਾ । ਬ੍ਰਹਮਾ ਵਿਸ਼ਨ ਮਹੇਸ਼ ਜਗਤ ਨਾ ਜਾਣਿਆ । ਆਪੇ ਵਸੇ ਆਪਣੇ ਦੇਸ, ਗੁਰਮੁਖ ਵਿਰਲੇ ਮਾਤ ਪਛਾਨਿਆ । ਜੁਗਾ ਜੁਗੰਤਰ ਧਾਰੇ ਭੇਸ, ਨਿਰਗੁਣ ਸਰਗੁਣ ਖੇਲ ਅਪਾਰਿਆ । ਪਰਗਟ ਹੋਏ ਮਾਝੇ ਦੇਸ, ਗੁਰ ਗੋਬਿੰਦਾ ਲੇਖ ਲਿਖਾ ਰਿਹਾ । ਕਾਇਆ ਨਗਰੀ ਸੰਬਲ ਦੇਸ, ਹਰਿ ਸੁਹਾ ਲਿਆ । ਨਾ ਕੋਈ ਜਾਣੇ ਰਿਖੀ ਰਖੇਸ਼, ਲਿਖਿਆ ਲੇਖਾ ਪੂਰ ਕਰਾ ਰਿਹਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਸ਼ਬਦ ਡੰਡਾ ਹੱਥ ਉਠਾ ਰਿਹਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਹਰਿ ਆਪਣਾ ਆਪ ਛੁਪਾ ਰਿਹਾ ।

ਗੁਰਮੁਖ ਵਿਰਲੇ ਤੀਜੇ ਨੇਤਰ ਲੈਣ ਵੇਖ, ਜਿਸ ਬਜਰ ਕਪਾਟੀ ਖੁਲ੍ਹਾ ਰਿਹਾ । ਮੇਟ ਮਿਟਾਏ ਬਿਧਨਾ ਲਿਖੀ ਰੇਖ, ਸਤਾਰਾਂ ਹਾੜੀ ਹਠ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਮੁੱਖ ਛੁਪਾ ਰਿਹਾ ।

ਸੰਬਲ ਸਾਚਾ ਦੇਸ ਸਤਿਗੁਰ ਜਾਣਿਆ । ਸਸਾ ਸਹਿਜ ਸੁਭਾਏ, ਪੂਰਨ ਹਰਿ ਪਛਾਣਿਆ । ਦੂਸਰ ਕਿਸੇ ਨਾ ਥਾਏਂ, ਕਲਜੁਗ ਭੁਲੇ ਜੀਵ ਅੰਞਾਣਿਆ । ਜੋਤ ਨਿਰੰਜਣ ਇਕ ਰਘੁਰਾਏ, ਸਾਚੇ ਮੰਦਰ ਰਿਹਾ ਜਗਾਏ, ਅਟੱਲ ਮਹੱਲ ਅਚੱਲ ਆਪੇ ਵਸੇ ਸਚ ਟਿਕਾਣਿਆ । ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਕਰ, ਕਰੇ ਖੇਲ ਮਹਾਨਿਆ । ਸੰਬਲ ਦੇਸ ਤੇਰੀ ਵੰਡ, ਪ੍ਰਭ ਆਪ ਕਰਾਈ ਭਾਰਤ ਖੰਡ । ਸਦੀ ਚੌਧਵੀਂ ਦੇਵੇ ਦੰਡ । ਲੱਖ ਚੁਰਾਸੀ ਟੁੱਟੀ ਗੰਢ । ਸ਼ਬਦ ਫੜੀ ਹੱਥ ਚੰਡ ਪਰਚੰਡ । ਬੇਮੁਖ ਜੀਵ ਨਾਰ ਦੁਹਾਗਣ, ਚਾਰੋਂ ਕੁੰਟ ਦਿਸੇ ਰੰਡ । ਗੁਰਮੁਖ ਸਾਚੇ ਨਾਰ ਸੁਭਾਗਣ, ਪੁਰਖ ਅਬਿਨਾਸ਼ੀ ਸਾਚਾ ਨਾਮ ਰਿਹਾ ਵੰਡ । ਕਲਜੁਗ ਰੈਣ ਅੰਧੇਰ ਘੋਰ, ਗੁਰਮੁਖ ਸਾਚੇ ਸੰਤ ਸੁਹੇਲੇ ਜਾਗਣ, ਪ੍ਰਭ ਆਪ ਉਠਾਏ ਲੱਖ ਚੁਰਾਸੀ ਬੰਨ੍ਹੀ ਪੰਡ । ਪੁਰਖ ਅਬਿਨਾਸ਼ੀ ਚਰਨੀ ਲਾਗਣ, ਬਾਲ ਜੁਵਾਨੀ ਨਾ ਜਾਏ ਹੰਢ । ਪੂਰਨ ਹੋਇਣ ਮਾਤ ਭਾਗਣ, ਪੱਲੇ ਬੰਨ੍ਹਣ ਨਾਮ ਗੰਢ । ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸ਼ਬਦ ਖੰਡਾ ਹੱਥ ਫੜ, ਮੇਟ ਮਿਟਾਏ ਭੇਖ ਪਖੰਡ । ਭੇਖ ਪਖੰਡ ਹਰਿ ਮਿਟਾਵਣਾ । ਰਾਜਾ ਰਾਣਾ ਪਕੜ ਉਠਾਵਣਾ । ਸਾਚਾ ਸ਼ਬਦ ਇਕ ਚਲਾਵਣਾ । ਚਾਰੇ ਵਰਨਾਂ ਰਾਹ ਵਖਾਵਣਾ । ਏਕਾ ਸਾਚੀ ਸਰਨਾ ਆਪ ਸਮਝਾਵਣਾ । ਆਪੇ ਚੁੱਕੇ ਮਰਨਾ ਡਰਨਾ, ਪ੍ਰਭ ਸਮਰੱਥ ਸਿਰ ਹੱਥ ਟਿਕਾਵਣਾ । ਆਪੇ ਜਾਣੇ ਕਰਨੀ ਕਰਨਾ, ਦੂਸਰ ਭੇਵ ਕਿਸੇ ਨਾ ਪਾਵਣਾ । ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਸ਼ਬਦ ਡੰਕ ਵਜਾਵਣਾ । ਸੰਬਲ ਦੇਸ ਤੇਰੀ ਹੱਦ । ਕਾਇਆ ਮੰਦਰ ਵੱਜੇ ਨਦ । ਗੁਰਮੁਖ ਸਾਚੇ ਸੰਤ ਰਿਹਾ ਸਦ । ਬੇਮੁਖ ਘਰ ਘਰ ਪੀਂਦੇ ਮਧ । ਦਇਆਵਾਨ ਦਇਆ ਨਿਧ ਦਾਤਾ ਭਾਗ ਲਗਾਏ ਦਇਆ ਕਮਾਏ ਵਿਸ਼ਨੂੰ ਵੰਸੀ ਵਡ ਸਰਬੰਸੀ, ਭਗਤ ਜਨਾਂ ਸਾਚੀ ਦੇਵੇ ਵਡਿਆਈ ਵਿਚ ਸਹੰਸੀ, ਬੇਮੁਖ ਮਿਟਾਏ ਜਿਉਂ ਕਾਹਨਾ ਕੰਸੀ, ਸ਼ਬਦ ਡੋਰੀ ਬੰਨ੍ਹਾਏ ਬੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੁਰਮੁਖਾਂ ਵਖਾਏ ਚੌਥਾ ਪਦ ।

ਸੰਬਲ ਨਗਰ ਅਪਾਰ, ਚਾਰ ਦੁਆਰਿਆ । ਨਿਰਮਲ ਜੋਤੀ ਇਕ ਅਕਾਲਾ, ਵੇਖ ਨਾ ਸਕੇ ਕੋਈ ਸੰਸਾਰਿਆ । ਸਾਚਾ ਭਰਿਆ ਅੰਮ੍ਰਿਤ ਸਾਗਰ ਡੂੰਘੀ ਗਾਗਰ, ਦਸਵੇਂ ਮਹੱਲ ਆਪ ਟਿਕਾ ਰਿਹਾ । ਵੇਖੇ ਰੰਗ ਰਤੀ ਰਤਨਾਗਰ, ਨਿਰਮਲ ਹੋਏ ਕਰਮ ਉਜਾਗਰ, ਦਰ ਦਵਾਰੇ ਦਰਸ਼ਨ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਜੋਤੀ ਜਾਮਾ ਭੇਖ ਵਟਾ ਰਿਹਾ ।

ਸੰਬਲ ਦੇਸ ਸੁਰਤ ਸੰਭਾਲ । ਗੁਰਮੁਖ ਲੱਭੇ ਸਾਚੇ ਲਾਲ । ਬੇਮੁਖਾਂ ਪੈਰਾਂ ਹੇਠ ਦੱਬੇ, ਸ਼ਬਦ ਘੋੜਾ ਮਾਰੇ ਛਾਲ । ਲੱਖ ਚੁਰਾਸੀ ਨਾਲ ਫਬੇ, ਆਪੇ ਸ਼ਾਹ ਆਪੇ ਕੰਗਾਲ । ਗੁਰਮੁਖ ਸਾਚੇ ਮਾਣਕ ਮੋਤੀ ਲੱਭੇ, ਲੱਖ ਚੁਰਾਸੀ ਵਿਚੋਂ ਭਾਲ । ਪਰਗਟ ਹੋਏ ਦਰਸ ਦਿਖਾਏ ਝੱਬੇ, ਧੁਰ ਦਰਗਾਹੀ ਸਚ ਦਲਾਲ । ਅੰਮ੍ਰਿਤ ਚੋਏ ਕਾਇਆ ਨੱਭੇ, ਖਿੜੇ ਫੁਲ ਇਕ ਗੁਲਾਲ । ਗੁਰ ਸੰਗਤ ਪਾਰ ਲੰਘਾਈ ਪੁਰਖ ਅਬਿਨਾਸ਼ੀ ਸਤਾਰਾਂ ਹਾੜੀ, ਰੰਗ ਰੰਗਾਇਆ ਇਕੋ ਲਾਲ । ਸਾਚਾ ਰੰਗ ਲਾਲ ਰੰਗਾਇਆ । ਏਕਾ ਸਾਚਾ ਲਾਲ ਭੇਟ ਚੜ੍ਹਾਇਆ । ਸਿੰਘ ਮਨਜੀਤਾ ਅੱਗੇ ਲਾਇਆ । ਗੁਰ ਸੰਗਤ ਤੇਰਾ ਰਾਹ ਬਣਾਇਆ । ਆਪੇ ਆਇਆ ਬਣ ਕੇ ਮੰਗਤ, ਫੜ ਕੇ ਬਾਂਹੋਂ ਅੱਗੇ ਲਾਇਆ । ਜਨ ਭਗਤਾਂ ਕੱਟੇ ਭੁੱਖ ਨੰਗਤ, ਸਚ ਵਸਤ ਹਰਿ ਝੋਲੀ ਪਾਇਆ । ਧੰਨ ਕਮਾਈ ਧੰਨ ਰੰਗਣ, ਗੁਰ ਸੰਗਤ ਸਾਚਾ ਖੇੜਾ ਆਪ ਵਸਾਇਆ । ਨੇਹਕਲੰਕ

ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਹਰਿ ਰੰਗਣ ਲਾਲ ਹਰਿ ਰੰਗਾਇਆ । ਰੰਗਣ ਲਾਲ ਰੰਗ ਅਮੋਲਾ । ਪੁਰਖ ਅਬਿਨਾਸ਼ੀ ਸਾਚਾ ਤੋਲ ਤੋਲਾ । ਸੋਹੰ ਰੱਖੇ ਸਾਚਾ ਬੋਲਾ । ਲੋਆਂ ਪੁਰੀਆਂ ਕੁੰਡਾ ਖੋਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜੋਤ ਸਰੂਪੀ ਪਾਇਆ ਚੋਲਾ ।

ਸੋਹੰ ਸ਼ਬਦ ਖੰਡਾ ਦੋ ਧਾਰਿਆ । ਕਲਜੁਗ ਉਠਿਆ ਨੌਜਵਾਨ, ਚਾਰੋਂ ਕੁੰਟਾਂ ਰਿਹਾ ਲਲਕਾਰਿਆ । ਫੜ ਫੜ ਮਾਰੇ ਬੇਈਮਾਨ, ਨੇਹਕਲੰਕੀ ਜਾਮਾ ਧਾਰਿਆ । ਨਾ ਕੋਈ ਦਿਸੇ ਜੀਵ ਸ਼ੈਤਾਨ, ਮਾਨਸ ਦੇਹੀ ਜਗਤ ਹੰਕਾਰਿਆ । ਜੂਠੀ ਝੂਠੀ ਕਰੇ ਬੰਦ ਦੁਕਾਨ, ਕਾਇਆ ਮੰਦਰ ਖੋਲ੍ਹੇ ਇਕ ਮਕਾਨ, ਦੀਪਕ ਜੋਤੀ ਸਚ ਟਿਕਾ ਰਿਹਾ । ਕਲਜੁਗ ਤੇਰੀ ਲਾਹੁਣ ਆਇਆ ਮਕਾਣ, ਸੋਹੰ ਬਣਿਆ ਇਕ ਨਿਸ਼ਾਨ, ਹਰਿ ਸਾਚਾ ਆਪ ਬਣਾ ਰਿਹਾ । ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਲਾਲ ਰੰਗ ਹਰਿ ਰੰਗਾ ਰਿਹਾ । ਰੰਗ ਰੰਗ ਰੰਗੀਨ, ਰੰਗ ਅਪਾਰਿਆ । ਆਪੇ ਜਾਣੇ ਹਰਿ ਪਰਬੀਨ, ਲੋਕ ਤੀਨ ਖੇਲ ਰਚਾ ਰਿਹਾ । ਅੰਤਮ ਸੀਆਂ ਹੱਥ ਸਾਢੇ ਤੀਨ, ਮਾਇਆ ਝੂਠਾ ਭਰਮ ਭੁਲਾ ਰਿਹਾ । ਸ੍ਰਿਸ਼ਟ ਸਬਾਈ ਭੰਨੇ ਹੰਕਾਰੀ ਬੀਨ, ਮੁਹੰਮਦੀ ਦੀਨ ਆਪ ਜਗਾ ਰਿਹਾ । ਲੋਆਂ ਪੁਰੀਆਂ ਰਿਹਾ ਛੀਨ, ਬ੍ਰਹਮਾ ਸ਼ਿਵ ਸੀਸ ਝੁਕਾ ਰਿਹਾ । ਕਰੇ ਖੇਲ ਬਰਸ ਹਰਿ ਤੀਨ, ਸਾਚੇ ਘੋੜੇ ਜੀਨ ਕਸਾ ਰਿਹਾ । ਸਾਚਾ ਮਾਰਗ ਜਗਤ ਮਹੀਨ, ਗੁਰਮੁਖ ਵਿਰਲਾ ਸੁਰਤ ਚੜ੍ਹਾ ਰਿਹਾ । ਪਾਏ ਦਰਸ਼ਨ ਹਰਿ ਪਰਬੀਨ, ਅੰਦਰੇ ਅੰਦਰ ਜੋ ਧਿਆ ਰਿਹਾ । ਲੱਖ ਚੁਰਾਸੀ ਵਿਚੋਂ ਹਰਿ ਹਰਿ ਆਪੇ ਵੱਖਰ ਕੀਨ, ਜੋਤੀ ਸਿੱਖ ਹਰਿ ਭਿਖਾਰਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੋਹੰ ਅੱਖਰ ਵੱਖਰ ਮਾਤ ਪੜ੍ਹਾ ਰਿਹਾ ।

ਸੋਹੰ ਅੱਖਰ ਪੜ੍ਹ, ਮਾਣ ਵਡਿਆਈਆ । ਧੁਰ ਦਰਗਾਹੇ ਲਾਉਣੀ ਜੜ੍ਹ, ਝੂਠਾ ਝੇੜਾ ਮਾਤ ਗਵਾਈਆ । ਸਾਚੇ ਪੌੜੇ ਜਾਣਾ ਚੜ੍ਹ, ਉਚੇ ਡੰਡੇ ਹੱਥ ਰਖਾਈਆ । ਪੰਜਾਂ ਚੋਰਾਂ ਨਾਲ ਲੜ, ਦਰ ਦਵਾਰੇ ਦਏ ਦੁਰਕਾਈਆ । ਸਚ ਦਵਾਰੇ ਅੱਗੇ ਖੜ, ਦੋਏ ਜੋੜ ਭੁੱਲ ਬਖ਼ਸ਼ਾਈਆ । ਜਗੇ ਜੋਤ ਬਹੱਤਰ ਨਾੜ, ਮਦਿਰਾ ਮਾਸ ਜੋ ਦਏ ਤਜਾਈਆ । ਝੂਠਿਆ ਤੱਤਾਂ ਰਿਹਾ ਫੜ, ਸ਼ਬਦ ਡੋਰੀ ਹੱਥ ਰਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਸੰਬਲ ਦੇਸ ਡੇਰਾ ਲਾਈਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜ, ਸਾਚੀ ਸੇਵਾ ਰਿਹਾ ਕਮਾਈਆ । ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਚਾਰ ਵਰਨਾਂ ਇਕ ਦਰ, ਸਾਚਾ ਮਾਤ ਖੁਲ੍ਹਾਈਆ । ਖੁਲ੍ਹੇ ਸਾਚਾ ਦਰ, ਮਾਤ ਨਿਰੰਕਾਰਿਆ । ਆਪੇ ਵੇਖੇ ਮਾਰ ਝਾਤ, ਬੇਮੁਖ ਭੁੱਲੇ ਨੌਂ ਦਵਾਰਿਆ । ਕਲਜੁਗ ਰੈਣ ਅੰਧੇਰੀ ਰਾਤ, ਮਾਇਆ ਰਾਣੀ ਪਸਰ ਪਸਾਰਿਆ । ਕੋਈ ਨਾ ਪੁੱਛੇ ਅੰਤਮ ਵਾਤ, ਚਾਰੋਂ ਕੁੰਟ ਪਾਸਾ ਹਾਰਿਆ । ਗੁਰ ਪੂਰਾ ਦੇਵੇ ਸ਼ਬਦ ਦਾਤ, ਆਪੇ ਬਣੇ ਪਿਤਾ ਮਾਤ, ਗੁਰ ਸੰਗਤ ਤੇਰਾ ਮਾਤ ਸਹਾਰਿਆ । ਗੁਰ ਚਰਨ ਪ੍ਰੀਤੀ ਨਿਭੇ ਸਾਚਾ ਨਾਤ, ਗੁਰ ਸੰਗਤ ਸਾਚੀ ਇਕ ਜਮਾਇਤ, ਸੋਹੰ ਅੱਖਰ ਇਕ ਪੜ੍ਹਾ ਰਿਹਾ । ਮਿਲੇ ਮੇਲ ਕਮਲਾਪਾਤ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਗੋਦ ਉਠਾ ਰਿਹਾ ।

ਆਪਣੀ ਗੋਦ ਉਠਾਏ, ਦਇਆ ਕਮਾਇੰਦਾ । ਅੰਮ੍ਰਿਤ ਸਾਚਾ ਸੀਰ ਪਿਆਏ, ਹਉਮੇ ਰੋਗ ਗਵਾਇੰਦਾ । ਨੇਤਰ ਨੀਰ ਨਾ ਕੋਇ ਵਹਾਏ, ਝੂਠੀ ਮਾਟੀ ਕਾਇਆ ਹਾਟੀ, ਝੂਠਾ ਨਾਤਾ ਜਗਤ ਤੁੜਾਇੰਦਾ । ਸੋਹੰ ਸ਼ਬਦ ਤਨ ਚੀਰ ਪਹਿਨਾਏ, ਆਪ ਆਪਣੀ ਦਇਆ ਕਮਾਏ, ਸਾਚਾ ਰਾਹ ਵਖਾਇੰਦਾ । ਕਲਜੁਗ ਵੇਲਾ ਅੰਤ ਅਖ਼ੀਰ, ਏਕਾ ਸੋਹੰ ਸ਼ਬਦ ਤੀਰ ਚਲਾਏ, ਚਾਰੋਂ ਕੁੰਟ ਵਹੀਰ ਕਰਾਏ, ਨਾ ਆਏ ਕੋਈ ਕਿਸੇ ਬਚਾਇੰਦਾ । ਭਗਤ ਜਨਾਂ ਪ੍ਰਭ ਹੋਏ ਸਹਾਏ, ਆਪ ਆਪਣੀ ਸਰਨ ਲਗਾਏ, ਸਤਾਰਾਂ ਹਾੜੀ ਖ਼ੁਸ਼ੀ ਮਨਾਏ, ਰੀਤ ਆਪਣੀ

ਆਪ ਚਲਾਇੰਦਾ । ਜਗਤ ਨੀਤੀ ਭਗਤ ਰੀਤਿਆ । ਕਿਸੇ ਹੱਥ ਨਾ ਆਏ ਮੰਦਰ ਮਸੀਤੀ, ਵੇਲਾ ਸਾਚਾ ਬੀਤਿਆ । ਗੁਰਮੁਖ ਵਿਰਲੇ ਮਾਨਸ ਦੇਹੀ ਜੀਤੀ, ਕਾਇਆ ਕਰੇ ਠੰਡੀ ਸੀਤੀ, ਅੰਮ੍ਰਿਤ ਜਾਮ ਏਕਾ ਪੀਤਿਆ । ਲੋਕਮਾਤ ਰਹੇ ਅਤੀਤੀ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਕਾਇਆ ਕਰੇ ਪੱਤਤ ਪੁਨੀਤਿਆ ।

ਦੇਵੇ ਵਰ ਦਰਬਾਨਾ, ਦਰ ਦਵਾਰਿਆ । ਹੋਏ ਆਪ ਮਿਹਰਬਾਨ, ਨਰ ਹਰਿ ਸੱਚੀ ਸਰਕਾਰਿਆ । ਏਕਾ ਸ਼ਬਦ ਨਿਸ਼ਾਨ, ਨਾ ਕੋਈ ਦੂਸਰ ਮਾਤ ਲਟਕਾ ਰਿਹਾ । ਸਤਾਰਾਂ ਹਾੜੀ ਬਣੇ ਬਿਬਾਣ, ਪੁਰਖ ਅਬਿਨਾਸ਼ੀ ਕਰੇ ਧਿਆਨ, ਸਤਿਜੁਗ ਤੇਰੀ ਬਣੇ ਸ਼ਾਨ, ਸਾਚਾ ਸਮਾਂ ਆਪ ਸੁਹਾ ਰਿਹਾ । ਆਪੇ ਗੋਪੀ ਆਪੇ ਕਾਹਨ, ਆਪੇ ਰਾਮ ਰਹੀਮਾ ਆਪ ਰਹਿਮਾਨ, ਆਪੇ ਦੀਨ ਆਪੇ ਇਸਲਾਮ, ਭਰਮ ਭੁਲੇਖਾ ਸਰਬ ਚੁਕਾ ਰਿਹਾ । ਪੂਰਨ ਕਰੇ ਆਪਣੇ ਕਾਮ, ਨਾ ਕੋਈ ਲਾਏ ਹਰਿ ਜੀ ਦਾਮ, ਸਾਚੀ ਰੀਤੀ ਜਗਤ ਵਖਾ ਰਿਹਾ ।

ਨੌਂ ਦਵਾਰ ਇਕ ਮਕਾਨ । ਪੁਰਖ ਅਬਿਨਾਸ਼ੀ ਸਾਜਨ ਸਾਜੇ, ਪੰਜ ਬਿਠਾਏ ਵਿਚ ਸ਼ੈਤਾਨ । ਭਗਤ ਜਨਾਂ ਦਰ ਸਾਚਾ ਜਾਗੇ, ਪਹਿਰਾ ਦੇਵੇ ਸ੍ਰੀ ਭਗਵਾਨ । ਕਲਜੁਗ ਵੇਲਾ ਅੰਤਮ ਪੜਦਾ ਕਾਜੇ, ਹੋਏ ਸਹਾਈ ਰੱਖੇ ਲਾਜੇ, ਸੋਹੰ ਦੇਵੇ ਦਾਨ । ਲੱਖ ਚੁਰਾਸੀ ਚੁੱਕੇ ਝੇੜਾ ਪੁਰਖ ਅਬਿਨਾਸ਼ੀ ਕਰੇ ਨਿਬੇੜਾ, ਪਰਗਟ ਜੋਤ ਦੇਸ ਮਾਝੇ, ਆਪ ਆਪਣਾ ਸਾਜਨ ਸਾਜੇ, ਭਰਮ ਭੁਲੇਖੇ ਸਰਬ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਸਾਚਾ ਧਾਮ ਆਪ ਸੁਹਾਈਆ ।

ਸਾਚਾ ਧਾਮ ਸੁਹਾਏ, ਜੋਤ ਪਰਕਾਸ਼ਿਆ । ਏਕਾ ਸਾਚਾ ਨਾਮ ਵਖਾਏ, ਵਰਨ ਅਵਰਨਾਂ ਬਣਤ ਬਣਾਏ, ਆਦਿ ਪੁਰਖ ਅਬਿਨਾਸ਼ਿਆ । ਸਾਚੀ ਕਰਨੀ ਕਿਰਤ ਕਮਾਏ, ਅੰਮ੍ਰਿਤ ਸਾਚਾ ਸੀਰਤ ਪਿਆਏ, ਨੇਤਰ ਨੀਰ ਪ੍ਰੇਮ ਵਹਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਰੰਗਣ ਰੰਗ ਲਾਲ ਰੰਗਾਨਿਆ ।

ਲਾਲ ਰੰਗ ਕਰ ਤਿਆਰ । ਭਗਤ ਜਨਾਂ ਪ੍ਰਭ ਪਾਵੇ ਸਾਰ । ਦਰ ਘਰ ਸਾਚੇ ਸਾਚੀ ਨਾਰ, ਸਾਚੀ ਸੇਵਾ ਅੰਮ੍ਰਿਤ ਮੇਵਾ, ਰਸਨਾ ਜਿਹਵਾ ਗੁਣ ਵਿਚਾਰ । ਕੌਸਤਕ ਮਨੀਆ ਸਾਚਾ ਥੇਵਾ, ਬ੍ਰਹਮ ਪਾਰਬ੍ਰਹਮ ਮੇਲ ਭਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਕਾਰ ।

ਲਾਲ ਰੰਗ ਹਰਿ ਰੰਗ ਰਤਿਆ । ਜਨ ਭਗਤਾਂ ਨਿਭਾਏ ਸਾਚਾ ਸੰਗ, ਇਕ ਰਖਾਏ ਸਾਚਾ ਨਤਿਆ । ਹੋਏ ਸਹਾਈ ਅੰਗ ਸੰਗ, ਚਰਨ ਪ੍ਰੀਤ ਨਿਭਾਏ ਨਤਿਆ । ਦੂਜਾ ਦਰ ਨਾ ਲੈਣਾ ਮੰਗ, ਸ਼ਬਦ ਧੀਰਜ ਦੇਵੇ ਜਤਿਆ । ਸ਼ਬਦ ਘੋੜੇ ਕਸੇ ਤੰਗ, ਸੋਹੰ ਚਲਾਏ ਸਾਚਾ ਰਥਿਆ । ਲੋਆਂ ਪੁਰੀਆਂ ਰਿਹਾ ਲੰਘ, ਲੱਖ ਚੁਰਾਸੀ ਕਲਜੁਗ ਮਥਿਆ । ਵਡ ਦਾਤਾ ਸੂਰਾ ਸਰਬੰਗ, ਮਹਿੰਮਾ ਜਗਤ ਅਕਥਨਾ ਕਥਿਆ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਗੰਗ, ਲੇਖਾ ਚੁੱਕੇ ਸਾਢੇ ਤਿੰਨ ਹੱਥਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੇਹਕਲੰਕ ਨਰਾਇਣ ਨਰ, ਰੰਗ ਲਾਲ ਅਪਾਰ ਸਾਚੀ ਵਥਿਆ ।

ਰੰਗ ਲਾਲ ਅਪਾਰ ਧਾਮ ਅਸਥੂਲ ਹੈ । ਅਸੁੱਤੇ ਆਦਿ ਪਰਕਾਸ਼, ਨਾ ਕੋਈ ਜਾਣੇ ਮੂਲ ਹੈ । ਏਕਾ ਏਕ ਪੁਰਖ ਅਬਿਨਾਸ਼, ਜੀਵ ਜੰਤ ਨਾ ਜਾਏ ਭੂਲ ਹੈ । ਨਾ ਕੋਈ ਜਾਣੇ ਪ੍ਰਿਥਮੀ ਅਕਾਸ਼, ਲੇਖੇ ਗਿਣੇ ਨਾ ਧਰਤ ਧਵਲ ਧੂਲ ਹੈ । ਰੰਗਣ ਲਾਲ ਰੰਗ ਕਰੇ ਆਪੇ ਕੰਤ ਕੰਤੂਹਲ ਹੈ ।

ਲਾਲ ਰੰਗ ਅਪਾਰ, ਲਖਨ ਲਖਿਆ । ਸ਼ਬਦ ਘੋੜੇ ਹਰਿ ਅਸਵਾਰ, ਦਹਿ ਦਿਸ਼ਾ ਕਿਸੇ ਨਾ ਦਿਸਿਆ । ਲੱਖ ਚੁਰਾਸੀ ਖਾਲੀ ਹੋਏ ਭੰਡਾਰ, ਕਾਇਆ ਭਾਂਡੇ ਹੋਏ ਸਖਿਆ । ਕਾਇਆ ਮੰਦਰ ਰਿਹਾ ਵਿਚਾਰ, ਚਿਤਰ ਗੁਪਤੀ ਲੇਖਾ ਲਿਖਿਆ । ਪਤਾਲ ਅਕਾਸੀ ਇਕ ਉਡਾਰ, ਸੱਤਾਂ ਦੀਪਾਂ ਪਾਏ ਹਿਸਿਆ । ਲੱਖਣ ਦੀਪ ਤੇਰੀ ਧਾਰ, ਜੂਠਾ ਝੂਠਾ ਪੀਸਣ ਪੀਸਿਆ । ਕਲਜੁਗ ਕਾਇਆ ਗਈ ਹਾਰ, ਮਾਇਆ ਲੱਗੀ ਤਨ ਵਿਸਿਆ । ਪੁਰਖ ਅਬਿਨਾਸ਼ੀ ਜਾਮਾ ਧਾਰ, ਮੇਟ ਮਿਟਾਏ ਕੁਰਾਨ ਹਦੀਸਿਆ । ਸ਼ਬਦ ਚਲਾਏ ਅਪਰ ਅਪਾਰ, ਸਾਚਾ ਧਰਮ ਬੀਸ ਇਕੀਸਿਆ । ਸਾਚਾ ਸ਼ਬਦ ਛਤਰ ਝੁਲਾਰ, ਏਕਾ ਏਕ ਜਗਤ ਜਗਦੀਸਿਆ । ਰਾਓ ਰੰਕਾਂ ਕਰੇ ਖ਼ਬਰਦਾਰ, ਆਏ ਹਾਰ ਵਿਚ ਉਨੀਸਿਆ । ਕੋਈ ਨਾ ਦਿਸੇ ਮੀਤ ਮੁਰਾਰ, ਸੰਮਤ ਅਠਾਰਾਂ ਪੀਸਣ ਪੀਸਿਆ । ਨਾਰੀ ਛੱਡੇ ਕੰਤ ਭਤਾਰ, ਸੰਮਤ ਸਤਾਰਾਂ ਖਾਲੀ ਖੀਸਿਆ । ਸੋਲਾਂ ਕਰੇ ਖੇਲ ਅਪਾਰਾ, ਉਠੇ ਸ਼ਾਹ ਜਗਤ ਅਬਨੂਸੀਆ । ਪੰਦਰਵੇਂ ਪੰਦਰਾਂ ਕਰਮਾਂ ਧਾਰ, ਚੌਦਾਂ ਲੋਕ ਕਿਸੇ ਨਾ ਦਿਸਿਆ । ਸੰਬਲ ਦੇਸ ਵੇਸ ਅਪਾਰ, ਜੋਤੀ ਜਾਮਾ ਹਰਿ ਜਗਦੀਸਿਆ । ਚੌਦਾਂ ਤਬਕਾਂ ਰਿਹਾ ਵਿਚਾਰ, ਸੰਗ ਮੁਹੰਮਦ ਚਾਰ ਯਾਰ, ਨਾ ਕੋਈ ਕਰੇ ਕਰਾਏ ਮਾਤ ਰੀਸਿਆ । ਤੇਰਾਂ ਮੇਲ ਸਾਚੇ ਯਾਰ, ਸੰਤ ਭਬੀਖਨ ਵਿਚ ਸੰਸਾਰ, ਰਾਜ ਇੰਦਰ ਹਰਿ ਜਗਾ ਰਿਹਾ । ਜਾਏ ਦਰ ਦਰਬਾਰ, ਕਰੇ ਖੇਲ ਅਪਰ ਅਪਾਰ, ਵਾਲੀ ਹਿੰਦ ਆਪ ਸੁਣਾ ਰਿਹਾ । ਚਾਰ ਵਰਨਾਂ ਏਕਾ ਪਿਆਰ, ਨੇਹਕਲੰਕੀ ਖੇਲ ਅਪਾਰ, ਸਾਚਾ ਡੰਕ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਲ ਬਾਰ੍ਹਵੇਂ ਬਾਰਾਂ ਵੇਸ ਮਾਝੇ ਦੇਸ ਬਾਰਾਂ ਬੀਸ ਹਰਿ ਜਗਦੀਸ ਰਾਗ ਛਤੀਸ ਆਪਣਾ ਭੇਵ ਛੁਪਾ ਰਿਹਾ ।

ਭੇਵ ਛੁਪਾਏ ਹਰਿ ਜਗਦੀਸਾ । ਸ਼ਬਦ ਗਾਏ ਰਾਗ ਛਤੀਸਾ । ਸੋਹੰ ਧਿਆਏ ਦੰਦ ਬਤੀਸਾ । ਸ਼ਕਤ ਵਖਾਏ ਬੀਸ ਇਕੀਸਾ । ਬੂੰਦ ਰਕਤ ਜਨ ਲੇਖੇ ਲਾਏ, ਸ਼ਬਦ ਸਰੂਪੀ ਈਸਾ ਮੂਸਾ । ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਰਸ ਏਕਾ । ਸਾਲ ਬਾਰਵਾਂ ਬੀਸ ਬਾਰਾਂ । ਗੁਰ ਸੰਗਤ ਮਿਲਿਆ ਮੀਤ ਮੁਰਾਰਾ । ਸਾਚੀ ਚਾੜ੍ਹੇ ਨਾਮ ਰੰਗਤ, ਹੋਏ ਸਹਾਈ ਅੰਗਦ ਇਕ ਵਖਾਏ ਸਚ ਦਵਾਰਾ । ਮਾਨਸ ਦੇਹੀ ਨਾ ਹੋਏ ਭੰਗਤ, ਦਰ ਘਰ ਮਾਣੀ ਸਾਚੀ ਸੰਗਤ, ਮਿਲਿਆ ਦਰਸ ਪੁਰਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਲ ਬਾਰ੍ਹਵੇਂ ਖੇਲ ਕਰ, ਬਾਰਾਂ ਬਾਰਾਂ ਭਰਮ ਨਿਵਾਰਾ ।

ਬਾਰਾਂ ਬਾਰਾਂ ਚੌਬੀਸ, ਹਰਿ ਜਗਦੀਸਾ । ਛਤਰ ਝੁੱਲੇ ਜਗਦੀਸ, ਬੀਸ ਇਕੀਸਾ । ਸ੍ਰਿਸ਼ਟ ਸਬਾਈ ਰਿਹਾ ਪੀਸ, ਕਿਸੇ ਨਾ ਦੀਸਾ । ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਕਰੇ ਕਰਾਏ ਆਪਣੀ ਰੀਸਾ । ਲੱਖਣ ਦੀਪ ਲੇਖਾ ਲਿਖ, ਲਿਖ ਲੇਖ ਪੁਚਾਈਆ । ਸਾਚੀ ਸਿਖਿਆ ਲੈਣੀ ਸਿਖ, ਧਰਮ ਯੁਧ ਹਰਿ ਰਘੁਰਾਈਆ । ਸਚ ਦਵਾਰੇ ਮਿਲਦੀ ਭਿਖ, ਨਾਮ ਵਸਤ ਇਕ ਰਖਾਈਆ । ਜਗਤ ਤ੍ਰਿਸਨਾ ਮਿਟੇ ਤ੍ਰਿਖ, ਆਤਮ ਭੁੱਖ ਗਵਾਈਆ । ਕਿਸੇ ਹੱਥ ਨਾ ਆਵੇ ਮੁਨ ਰਿਖ, ਜੰਗਲ ਜੂਹ ਉਜਾੜ ਪਹਾੜਾਂ ਡੇਰਾ ਲਾਈਆ । ਜਨ ਭਗਤਾਂ ਲੇਖਾ ਰਿਹਾ ਲਿਖ, ਸਤਾਰਾਂ ਹਾੜੀ ਮੇਲ ਮਿਲਾਈਆ । ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਫੰਦਨ ਫੰਦ ਕਟਾਈਆ ।

ਲੱਖ ਚੁਰਾਸੀ ਫੰਦ ਕਟਾਏ । ਲੱਖ ਚਾਰ ਮਾਨਸ ਦੇਹੀ ਆਪ ਆਪਣੇ ਕੰਠ ਲਗਾਏ । ਨੌਂ ਲੱਖ ਪ੍ਰਭ ਕੀਨੇ ਵੱਖ, ਅੰਦਰ ਜਲ ਰਿਹਾ ਡੁਬਾਏ । ਦਸ ਲੱਖ ਪ੍ਰਭ ਰਿਹਾ ਰੱਖ, ਜੇਰਜ ਖਾਣੀ ਆਪ ਟਿਕਾਏ । ਗਿਆਰਾਂ ਲੱਖ ਹਰਿ ਪਰਤੱਖ, ਢਿਡ ਭਾਰ ਰਿਹਾ ਰਿੜਾਏ । ਬੀਸ ਲੱਖ ਬਨਾਸਪਤ ਪਤ, ਅਬਿਨਾਸ਼ ਹਰਿ ਰਿਹਾ ਲਗਾਏ । ਤੀਸ ਲੱਖ ਲੇਖਾ ਲਿਖ, ਚਾਰ ਪਾਏ ਉਪਰ ਟਿਕਾਏ । ਲੱਖ ਚੁਰਾਸੀ ਦੇਵੇ ਸਿੱਖ, ਜੋਤ

ਨਿਰੰਜਣ ਵਿਚ ਸਮਾਏ । ਕਲਜੁਗ ਮੰਗਣ ਆਇਆ ਭਿਖ, ਜੋਤ ਸਰੂਪੀ ਜਾਮਾ ਪਾਏ । ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਦਰ ਦਵਾਰਾ ਇਕ ਵਖਾਏ । ਇਕ ਦਵਾਰਾ ਦਰ, ਸਚ ਦਰਬਾਰਿਆ । ਨੌਂ ਦਵਾਰੇ ਵਰ, ਸ਼ਬਦ ਸ਼ਿੰਗਾਰਿਆ । ਦਸਵੇਂ ਸਾਚਾ ਸਰ, ਪਰਦਾ ਉਹਲਾ ਆਪ ਹਟਾ ਰਿਹਾ । ਭਰਮ ਭੁਲੇਖਾ ਦੂਰ ਕਰ, ਜੋਤ ਨਿਰੰਜਣ ਡਗਮਗਾ ਰਿਹਾ । ਇਕ ਵਖਾਏ ਸਾਚਾ ਘਰ, ਆਤਮ ਸੇਜਾ ਆਸਣ ਲਾ ਰਿਹਾ । ਮਿਲੇ ਮੇਲ ਹਰਿ ਨਾਰੀ ਨਰ, ਸੁਹਾਗੀ ਕੰਤ ਆਪ ਅਖਵਾ ਰਿਹਾ । ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਬਣਤ ਬਣਾ ਰਿਹਾ । ਨੇਹਕਲੰਕ ਨਰਾਇਣ ਨਰ, ਜਨ ਭਬੀਖਣ ਦੇਵੇ ਸਾਚਾ ਵਰ, ਲੱਖ ਚੁਰਾਸੀ ਜਮ ਕੀ ਫਾਸੀ ਧਰਮ ਰਾਏ ਭਾਰ ਉਠਾ ਰਿਹਾ ।

ਧਰਮ ਰਾਏ ਕਲ ਕਰੇ ਵਿਚਾਰ । ਕਵਣ ਕਰੇ ਕਲ ਖ਼ਬਰਦਾਰ । ਸੰਬਲ ਦੇਸ ਆਵੇ ਡਰ, ਪਰਗਟ ਹੋਏ ਨੇਹਕਲੰਕ ਨਰਾਇਣ ਨਰ ਅਵਤਾਰ । ਗੁਰ ਸੰਗਤ ਦੇਵੇ ਵਰ, ਸਤਾਰਾਂ ਹਾੜੀ ਦਿਵਸ ਵਿਚਾਰ । ਸਾਚੇ ਪੌੜੇ ਜਾਣੇ ਚੜ੍ਹ । ਦਸਮ ਦਵਾਰੀ ਮੱਲ ਦਵਾਰ । ਪੁਰਖ ਅਬਿਨਾਸ਼ੀ ਅਗੇ ਖੜ, ਏਕਾ ਦੇਵੇ ਸ਼ਬਦ ਹੁਲਾਰ । ਗੁਰ ਸੰਗਤ ਲੜ ਲਿਆ ਫੜ, ਲੱਖ ਕਲੀਆਂ ਰੰਗ ਕਰਤਾਰ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਅੰਮ੍ਰਿਤ ਬਰਖੇ ਕਿਰਪਾ ਧਾਰ ।

ਲਾਲ ਰੰਗ ਰੰਗ ਲਾਲ । ਭਗਤ ਖ਼ਜ਼ੀਨਾ ਧੁਰ ਦਰਗਾਹੀ ਸਚ ਦਲਾਲ । ਆਪੇ ਆਪ ਆਪ ਪਰਬੀਨਾ, ਏਕਾ ਨਾਮ ਵਸਤ ਧੰਨ ਮਾਲ । ਚੋਰ ਠੱਗ ਕਿਸੇ ਨਾ ਛੀਨਾ, ਤੋੜੇ ਅੰਤਮ ਜਗਤ ਜੰਜ਼ਾਲ । ਨਾ ਕੋਈ ਵੇਖੇ ਮਜ਼੍ਹਬ ਦੀਨਾਂ, ਕਲਜੁਗ ਚਲੇ ਅਵੱਲੜੀ ਚਾਲ । ਗੁਰਮੁਖ ਹੋਏ ਨਾ ਕਿਸੇ ਅਧੀਨਾ, ਗਗਨ ਮਸਤਕ ਦੀਪਕ ਜੋਤੀ ਸਾਚੇ ਥਾਲ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਰੰਗਣ ਲਾਲ ਵੇਸ ਕਰ, ਸ਼ਬਦ ਨਿਸ਼ਾਨਾ ਉਤੇ ਕੀਨਾ ਚੜ੍ਹੇ ਸ਼ਬਦ ਬਿਬਾਣ ।

ਚੜ੍ਹੇ ਸ਼ਬਦ ਬਿਬਾਣ ਵਿਚ ਅਕਾਸਿਆ । ਸਾਢੇ ਤਿੰਨ ਹੱਥ ਕਲਜੁਗ ਤੇਰਾ ਇਕ ਨਿਸ਼ਾਨ, ਆਪ ਉਠਾਏ ਪੁਰਖ ਅਬਿਨਾਸ਼ਿਆ । ਗੁਰਮੁਖ ਸਾਚੇ ਸੰਤਾਂ ਕਰੇ ਪਛਾਣ, ਤਿੰਨਾਂ ਲੋਆਂ ਰੱਖੇ ਵਾਸਿਆ । ਉਤੋਂ ਵੇਖੇ ਮਾਰ ਧਿਆਨ, ਸੱਤਵੇਂ ਘਰ ਸਹਿਜ ਸੁਭਾਸਿਆ । ਸੱਤਵਾਂ ਰੰਗ ਹਰਿ ਭਗਵਾਨ, ਲਛਮੀ ਭੂਸ਼ਨ ਲਾਲ ਗੁਲਾਸਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੱਖਣ ਦੀਪ ਕਰੇ ਉਦਾਸਿਆ ।

ਸ਼ਬਦ ਨਿਸ਼ਾਨਾ ਕਰਿਆ, ਤੀਰ ਉਠਾਇੰਦਾ । ਗੁਰਮੁਖ ਵਿਰਲਾ ਤਰਿਆ, ਸਰਨੀ ਪੜਿਆ ਸੀਸ ਨਿਵਾਇੰਦਾ । ਸਾਚਾ ਘਾੜਨ ਹਰਿ ਜੀ ਘੜਿਆ, ਸਾਧ ਸੰਤ ਕਿਸੇ ਨਾ ਫੜਿਆ । ਰਾਜਾ ਰਾਣਾ ਕੋਈ ਨਾ ਲੜਿਆ, ਚਾਰੋਂ ਕੁੰਟ ਕਲਜੁਗ ਪਾਪੀ ਦੜਿਆ, ਨੇਹਕਲੰਕ ਖੰਡਾ ਉਠਾਇੰਦਾ । ਜੂਠਾ ਝੂਠਾ ਪਾਪ ਸੜਿਆ, ਕਲਜੁਗ ਤੇਰਾ ਮੂਧਾ ਠੂਠਾ, ਦਰ ਦਰਾਬਰੋਂ ਗਿਆ ਰੂਠਾ, ਤੇਰਾ ਲੜ ਕਿਸੇ ਨਾ ਫੜਿਆ । ਧਰਮ ਰਾਏ ਦਰ ਟੰਗਿਆ ਪੁੱਠਾ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਸਚ ਨਿਸ਼ਾਨਾ ਏਕਾ ਫੜਿਆ ।

ਸ਼ਬਦ ਨਿਸ਼ਾਨ ਧੰਨ, ਸ਼ਬਦ ਸੰਦੇਸੜਾ । ਰੰਕ ਰਾਜਾਨਾਂ ਲੈਣਾ ਮੰਨ, ਪੁਰਖ ਅਬਿਨਾਸ਼ੀ ਸਾਚਾ ਵੇਸੜਾ । ਸ਼ਾਹ ਸੁਲਤਾਨਾਂ ਦੇਵੇ ਡੰਨ, ਭਾਂਡਾ ਭਰਮ ਦੇਵੇ ਭੰਨ, ਸੋਹੰ ਸਾਚਾ ਫੜਿਆ ਤੇਸੜਾ । ਗੁਰ ਸੰਗਤ ਸੁਣ ਲੈ ਕੰਨ, ਸੋਹੰ ਅੱਖਰ ਮਨ ਦੇਵੇ ਬੰਨ੍ਹ, ਓਅੰ ਸੋਹੰ ਏਕਾ ਏਕ ਨੇਤਰ ਵੇਖੜਾ । ਹਰਿਆ ਕਾਇਆ ਕਰੇ ਤਨ, ਸਤਿਜੁਗ ਚੜ੍ਹੇ ਸਾਚਾ ਚੰਨ, ਬੇਮੁਖਾਂ ਕੱਢੇ ਭਰਮ ਭੁਲੇਖੜਾ । ਗੁਰਮੁਖ ਤੇਰੀ ਕਮਾਈ, ਧੰਨ ਤੇਰੀ ਵਡਿਆਈ । ਧੰਨ ਜਨ ਭਗਤ ਤੇਰੀ ਵਡਿਆਈ । ਧੰਨ ਹਰਿ ਸੰਤ ਹਰਿ ਸੰਤ ਹਰਿ ਸੰਤ

ਤੇਰੀ ਸੇਵ ਕਮਾਈ । ਧੰਨ ਦਰ ਦਵਾਰੇ ਅਗੇ ਖੜ, ਨੇਹਕਲੰਕ ਜੋਤ ਜਗਾਈ । ਲੋਕਮਾਤ ਕਰੇ ਰੁਸ਼ਨਾਈ । ਦੇ ਮਤ ਰਿਹਾ ਸਮਝਾਈ । ਇੰਦ ਇੰਦਰਾਸਣ ਗਿਆ ਤਜਾਈ । ਸ਼ਿਵ ਸ਼ੰਕਰ ਪਾਏ ਦੁਹਾਈ । ਬ੍ਰਹਮਾ ਰਿਹਾ ਸੀਸ ਝੁਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਰਿਹਾ ਵਖਾਈ ।

ਸ਼ਬਦ ਨਿਸ਼ਾਨਾ ਦੂਰ ਉਚ ਮੁਨਾਰਿਆ । ਸਰਬ ਗੁਣਾਂ ਭਰਪੂਰ, ਚੜ੍ਹਿਆ ਵਿਚ ਸੰਸਾਰਿਆ । ਸੱਤ ਰੰਗਣ ਜੋਤੀ ਨੂਰ, ਕਾਇਆ ਮੰਦਰ ਮਹੱਲ ਮੁਨਾਰਿਆ । ਅੱਠੇ ਪਹਿਰ ਇਕ ਸਰੂਰ, ਜਨ ਭਗਤ ਸਚ ਦੁਲਾਰਿਆ । ਕਲਜੁਗ ਮਾਇਆ ਕੀਨੀ ਦੂਰ, ਏਕਾ ਏਕ ਚਰਨ ਪਿਆਰਿਆ । ਪ੍ਰਭ ਸਾਚਾ ਹਾਜਰ ਹਜ਼ੂਰ, ਗੁਰ ਸੰਗਤ ਤੇਰੇ ਦਰ ਦਵਾਰਿਆ । ਆਸਾ ਮਨਸਾ ਰਿਹਾ ਪੂਰ ਲੱਖ ਚੁਰਾਸੀ ਫੰਦ ਕਟਾ ਰਿਹਾ । ਬੇਮੁਖਾਂ ਕਲ ਦਿਸੇ ਦੂਰ, ਮਦਿਰਾ ਮਾਸ ਜਾਮ ਪਿਆ ਰਿਹਾ । ਹਰਿਜਨ ਸੁਣਾਏ ਸ਼ਬਦ ਤੂਰ, ਅਨਹਦ ਰਾਗ ਇਕ ਵਖਾ ਰਿਹਾ । ਜੋਤੀ ਜਗੇ ਨੂਰ ਨੁਰੰਤਰ ਕਾਇਆ ਮੰਦਰ ਹੋਏ ਉਜਾਲਾ ਜਿਉਂ ਕੋਹਤੂਰ, ਭੇਦ ਅਭੇਦਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਜਨ ਭਗਤਾਂ ਦਰ ਦਰਵੇਸ਼ ਅਲਖ ਅਲਖ ਅਲਖ, ਗੁਰਮੁਖ ਤੇਰੀ ਅਲਖ ਜਗਾ ਰਿਹਾ ।

ਅਲਖ ਜਗਾਏ ਅਲਖਣਾ ਲੇਖ ਹਰਿ ਜਗਦੀਸ । ਗੁਰਮੁਖ ਸਾਚਾ ਕੀਨਾ ਵਖ, ਚਾਰੋਂ ਕੁੰਟ ਭੌਂਦੇ ਲੱਖ, ਛਤਰ ਨਾ ਝੁੱਲੇ ਕਿਸੇ ਸੀਸ । ਕਾਇਆ ਭਾਂਡੇ ਹੋਏ ਸਖ, ਕੋਇ ਸਕੇ ਨਾ ਕਲਜੁਗ ਰੱਖ, ਜੂਠਾ ਝੂਠਾ ਪੀਸਣ ਪੀਸ । ਪਰਗਟ ਹੋਏ ਹਰਿ ਪਰਤੱਖ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਕਰੇ ਖੇਲ ਬੀਸ ਇਕੀਸ ।

ਸ਼ਬਦ ਨਿਸ਼ਾਨਾ ਜਗਤ ਹਰਿ, ਖੁਲ੍ਹੇ ਭਗਤ ਦਵਾਰਿਆ । ਗੁਰਮੁਖਾਂ ਮਿਲੇ ਨਾਮ ਵਰ, ਭਰੇ ਸ਼ਬਦ ਭੰਡਾਰਿਆ । ਸਚ ਸਮਗਰੀ ਮਾਤ ਧਰ, ਕਰੇ ਵਣਜ ਵਪਾਰਿਆ । ਜੋਤ ਇਕਗਰੀ ਨਰ ਹਰਿ, ਆਪੇ ਸੁਣੇ ਪੁਕਾਰਿਆ । ਲੱਖ ਚੁਰਾਸੀ ਚੁੱਕੇ ਡਰ, ਸਾਚੀ ਤਰਨੀ ਜਾਏ ਤਰ, ਗੁਰਮੁਖ ਸਾਚਾ ਸਰਨੀ ਸੀਸ ਝੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰ ਸੰਗਤ ਤੇਰਾ ਏਕਾ ਭਾਰ ਆਪਣ ਸੀਸ ਉਠਾ ਰਿਹਾ ।

ਗੁਰ ਸੰਗਤ ਤੇਰਾ ਭਾਰ, ਆਪਣੇ ਸੀਸ ਉਠਾਇਆ । ਗੁਰ ਸੰਗਤ ਕਲਜੁਗ ਵੇਲਾ ਅੰਤਮ ਅੰਤ ਸਦਾ ਰਹਿਣਾ ਤਿਆਰ, ਸਚ ਸੁਨੇਹੜਾ ਰਿਹਾ ਪੁਜਾਇਆ । ਜੂਠਾ ਝੂਠਾ ਕਲਜੁਗ ਜੀਵ, ਮੀਤ ਮੁਰਾਰ ਕੋਈ ਦਿਸ ਨਾ ਆਇਆ । ਭੈਣ ਭਾਈ ਝੂਠਾ ਹਿਤ, ਪੁਰਖ ਅਬਿਨਾਸ਼ੀ ਰਾਖੋ ਚਿਤ, ਸਦਾ ਸੁਹੇਲਾ ਹੋਏ ਸਹਾਇਆ । ਨਾ ਕੋਈ ਮਾਤ ਨਾ ਕੋਈ ਪਿਤ, ਮਾਇਆ ਮਮਤਾ ਜਗਤ ਬੰਧਾਇਆ । ਕਾਇਆ ਅੰਮ੍ਰਿਤ ਆਤਮ ਤਨ, ਸੋਹੰ ਸਾਚਾ ਬੀਜ ਬਿਜਾਇਆ । ਲੱਗੇ ਫਲ ਸਤਾਰਾਂ ਹਾੜੀ, ਸਾਚੀ ਬਣਤ ਅੰਮ੍ਰਿਤ ਮੇਵਾ ਹਰਿ ਲਗਾਇਆ । ਲੇਖ ਲਿਖਾਇਆ ਮਹੀਨੇ ਚੇਤ, ਇਕ ਰਖਾਇਆ ਕਾਇਆ ਖੇਤ, ਸਾਚਾ ਹੱਲ ਹਰਿ ਚਲਾਇਆ । ਪੁਰਖ ਅਬਿਨਾਸ਼ੀ ਚੇਤਨ ਚੇਤ, ਜਨ ਭਗਤਾਂ ਕਰੇ ਸਾਚਾ ਹੇਤ, ਬੇਮੁਖ ਜਾਨਣ ਜਿਨ ਪ੍ਰੇਤ, ਸਿੰਘ ਪੂਰਨ ਦੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸ਼ਬਦ ਸੁਨੇਹੜਾ ਸਾਚਾ ਘੱਲ, ਜੰਗਲ ਜੂਹ ਉਜਾੜ ਪਹਾੜ, ਜਲ ਥਲ ਸਰਬ ਰਿਹਾ ਜਗਾਇਆ ।

ਸਿੰਘ ਪੂਰਨ ਪਰਵੇਸ਼ ਜਗਤ ਦਸਮੇਸ਼ਿਆ । ਪੁਰਖ ਨਿਰੰਜਣ ਕਰੋ ਆਦੇਸ, ਸਦ ਵਸੇ ਕਾਇਆ

ਦੇਸ, ਗੁਰਮੁਖ ਵਿਰਲੇ ਵੇਖਿਆ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਆਦਿ ਪੁਰਖ ਰਹੇ ਹਮੇਸ਼, ਨਿਰਗੁਣ ਰੂਪ ਸਰਬ ਸਮਾ ਰਿਹਾ । ਕਲਜੁਗ ਕਾਇਆ ਕਾਲਾ ਵੇਸ, ਗੁਰ ਦਸਮੇਸ ਉਚ ਪੀਰ ਆਪ ਕਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਅੰਤ ਨਿਬੇੜਾ ਜਗਤ ਝੇੜਾ ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਆਪਣੀ ਹੱਥੀਂ ਆਪ ਕਰਾ ਰਿਹਾ ।

ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਹਰਿ ਸਾਚਾ ਆਪ ਕਰਾਇੰਦਾ । ਕਲਜੁਗ ਤੇਰਾ ਅੰਤ ਨਿਬੇੜਾ, ਕਾਇਆ ਖੇੜਾ ਸਰਬ ਢਾਹਿੰਦਾ । ਪੰਜਾਂ ਤੱਤਾਂ ਚੁੱਕੇ ਝੇੜਾ, ਮਾਇਆ ਬੇੜਾ ਆਪ ਡੁਬਾਇੰਦਾ । ਸੋਹੰ ਲਾਏ ਇਕ ਉਖੇੜਾ, ਲੋਆਂ ਪੁਰੀਆਂ ਜੜ੍ਹ ਉਖੜਾਇੰਦਾ । ਆਪੇ ਦੇਵੇ ਉਲਟਾ ਗੇੜਾ, ਲੱਖ ਚੁਰਾਸੀ ਭੇੜ ਭੇੜਾ, ਸਾਚੀ ਸੁਧ ਨਾ ਕਿਸੇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਬਣਤ ਬਣਾਇੰਦਾ ।

ਬਣੀ ਬਣਤ ਬਲਕਾਰ, ਹਰਿ ਭਲਵਾਨਿਆ । ਉਠਿਆ ਹੋ ਤਿਆਰ, ਸਤਾਰਾਂ ਹਾੜੀ ਦਿਵਸ ਵਿਚਾਰ, ਚਾਰੋਂ ਕੁੰਟ ਕਰੇ ਧਿਆਨਿਆ । ਚਿੱਟੇ ਅਸਵ ਹੋ ਅਸਵਾਰ, ਜਨ ਭਗਤਾਂ ਪਹਿਰੇਦਾਰ, ਰਾਜੇ ਰਾਣੇ ਕਰੇ ਖ਼ਬਰਦਾਰ, ਸਾਧ ਸੰਤ ਪਛਾਣੇ ਗੁਣ ਨਿਧਾਨਿਆ । ਕਵਣ ਜਿਹਵਾ ਕਵਣ ਮੰਤ, ਕਵਣ ਸੁਹੇਲਾ ਸਾਚਾ ਸੰਤ, ਕਵਣ ਦਰ ਮੇਲਾ ਜੀਵ ਜੰਤ, ਗੁਣ ਅਵਗੁਣ ਰਿਹਾ ਵਿਚਾਰਿਆ । ਲੱਖ ਚੁਰਾਸੀ ਭੁੱਲੀ ਜੀਵ ਜੰਤ, ਕਿਸੇ ਨਾ ਮੇਲਾ ਸਾਚੇ ਕੰਤ, ਜੂਠਾ ਝੂਠਾ ਮਾਇਆ
ਲੂਠਾ, ਕਲਜੁਗ ਜੀਵ ਭਰੇ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸਾਚਾ ਵੇਸ ਗੁਰ ਦਸਮੇਸ ਕਰੇ ਖੇਲ ਅਪਾਰਿਆ ।

ਨੀਲਾ ਘੋੜਾ ਹਰਿ ਸ਼ਿੰਗਾਰ, ਸ਼ਬਦ ਅਸਮਾਨਿਆ । ਕਲਜੁਗ ਜੀਵ ਲੱਭਣ ਗੁਵਾਰ, ਵਿਚ ਜਹਾਨਿਆ । ਪੁਰਖ ਅਗੰਮ ਅਗੰਮੜਾ ਨੀਲੀ ਛੱਤ ਆਇਆ ਪਾੜ, ਵਾਲੀ ਦੋ ਜਹਾਨਿਆ । ਧੁਰ ਦਰਗਾਹੀ ਸਾਚਾ ਲਾੜ, ਧਰਤ ਮਾਤ ਤੇਰਾ ਵੇਖੇ ਇਕ ਅਖਾੜ, ਸੱਤਾਂ ਦੀਪਾਂ ਵੰਡ ਵੰਡਾਣਿਆ । ਲੁਕਿਆ ਰਹੇ ਨਾ ਕੋਈ ਝਾੜ, ਆਪ ਚਬਾਏ ਆਪਣੀ ਦਾੜ੍ਹ, ਸ਼ਬਦ ਸਰੂਪੀ ਲਿਆਏ ਧਾੜ, ਨਾ ਕੋਈ ਵੇਖੇ ਪਠਾਣੀਆ । ਨਾਮ ਗੋਲਾ ਕਾੜ ਕਾੜ, ਬਜਰ ਕਪਾਟੀ ਰਿਹਾ ਪਾੜ, ਜੋਤੀ ਅਗਨੀ ਰਿਹਾ ਸਾੜ, ਮੇਟ ਮਿਟਾਏ ਜਗਤ ਨਿਸ਼ਾਨਿਆ । ਖ਼ੁਸ਼ੀ ਮਨਾਏ ਸਤਾਰਾਂ ਹਾੜ, ਜਗੀ ਜੋਤ ਬਹੱਤਰ ਨਾੜ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਬਣਤ ਬਣਾਨਿਆ । ਬਣਤ ਬਣਾਏ ਮਾਤ, ਸਗਲਾ ਸਾਥਿਆ । ਮਿਲਿਆ ਮੇਲ ਹਰਿ ਕਮਲਾਪਾਤ, ਚੜ੍ਹੇ ਚੜ੍ਹਾਏ ਸ਼ਬਦ ਸਾਚੇ ਰਾਥਿਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਮਸਤਕ ਤਿਲਕ ਸੋਹੰ ਮਾਥਿਆ । ਨਾ ਕੋਈ ਪੁੱਛੇ ਜਾਤ ਪਾਤ, ਤ੍ਰੈਲੋਕੀ ਨਾਥ ਹਰਿ ਰਘੁਰਨਾਥਿਆ । ਸਗਲ ਸਹਾਈ ਏਕਾ ਸਾਥ, ਆਪੇ ਰੱਖੇ ਦੇ ਕਰ ਹਾਥ, ਹਰਿਜਨ ਸਾਚਾ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਗੌੜ ਉਤਮ ਰੱਖੇ ਜਾਤਿਆ ।

ਗੌੜ ਬ੍ਰਹਿਮਣ ਬ੍ਰਹਿਮਣ ਗੌੜ, ਗੌੜੀ ਗੌੜ ਕਿਸੇ ਨਾ ਜਾਨਿਆ । ਸਰਬ ਸਹਾਈ ਰਿਹਾ ਦੌੜ, ਵੇਦ ਵਿਆਸਾ ਹੁਕਮ ਕਿਸੇ ਨਾ ਜਾਣਿਆ । ਕਲਜੁਗ ਮਾਇਆ ਲੱਗੀ ਕੌੜ, ਗਿਆਨੀ ਧਿਆਨੀ ਹੋਏ ਨਿਧਾਨਿਆ । ਨਾ ਕੋਈ ਵੇਖੇ ਸਾਚਾ ਪੌੜ, ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਿਆ । ਕਲਜੁਗ ਰੀਠਾ ਦਿਸੇ ਕੌੜ, ਕਿਸੇ ਹੱਥ ਨਾ ਆਏ ਅੰਜ਼ੀਲ ਕੁਰਾਨਿਆ । ਪਰਗਟ ਹੋਏ ਬ੍ਰਹਿਮਣ ਗੌੜ, ਸਾਚਾ ਬ੍ਰਹਮ ਪਾਰਬ੍ਰਹਮ ਨਿਸ਼ਾਨਿਆ । ਸਾਚਾ ਬ੍ਰਹਮ ਪੂਰਨ ਜਾਣ । ਪਾਰਬ੍ਰਹਮ ਕਰ ਮਾਤ ਧਿਆਨ । ਸਾਚਾ ਧਰਮ ਜਗਤ ਨਿਸ਼ਾਨ । ਮਿਟੇ

ਵਰਮ ਬੇਈਮਾਨ । ਪੂਰਨ ਕਰਮ ਇਕ ਭਗਵਾਨ । ਮਾਨਸ ਦੇਹੀ ਸਾਚਾ ਚਰਮ, ਲੇਖੇ ਲਾਉਣਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਭੇਖ ਧਰਾ ਲਿਆ ।

ਹਾਟੀ ਏਕਾ ਸੌਦਾ ਵਿਚ ਦੁਕਾਨ । ਏਕਾ ਹਟ ਇਕ ਦੁਕਾਨ ਇਕ ਮਕਾਨਿਆ । ਏਕਾ ਪਟ ਸ਼ਬਦ ਨਿਸ਼ਾਨ, ਝੁਲਦਾ ਰਹੇ ਵਿਚ ਜਹਾਨ, ਹਰਿ ਭਗਵਾਨ ਏਕਾ ਤੀਰਥ ਏਕਾ ਤਟ ਏਕਾ ਨਿਰਮਲ ਸਾਚਾ ਮਟ, ਕਾਇਆ ਅੰਦਰ ਹਰਿ ਭਗਵਾਨਿਆ । ਦੁਰਮਤ ਮੈਲ ਰਿਹਾ ਕੱਟ, ਦੂਈ ਦਵੈਤੀ ਮੇਟੇ ਫਟ, ਸ਼ਬਦ ਪੱਟੀ ਬੰਨ੍ਹੇ ਝੱਟ, ਗੌੜ ਬ੍ਰਹਿਮਣ ਹਰਿ ਮਿਹਰਬਾਨਿਆ । ਜੋਤੀ ਜਾਮਾ ਖੇਲ ਬਾਜੀਗਰ ਨਟ, ਕਲਜੁਗ ਜੀਵ ਕਿਸੇ ਨਾ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪੇ ਪਹਿਰੇ ਆਪਣਾ ਬਾਣਿਆ ।

ਗੌੜ ਬ੍ਰਹਿਮਣ ਗੌੜ, ਗੁਰ ਮੱਤ ਵਿਚਾਰਿਆ । ਰਸਨਾ ਕਿਸੇ ਨਾ ਦੱਸੇ ਲੰਮਾ ਚੌੜ, ਨਾ ਕੋਈ ਪਾਵੇ ਸਾਰਿਆ । ਰਸਨਾ ਰਸ ਫੀਕਾ ਦਿਸੇ ਕੌੜ, ਪੂਰਨ ਬ੍ਰਹਮ ਨਾ ਕੋਈ ਵਿਚਾਰਿਆ । ਜਨ ਭਗਤਾਂ ਅੰਦਰ ਲੱਗੀ ਔੜ, ਪਾਰਬ੍ਰਹਮ ਕਿਰਪਾ ਕਲ ਧਾਰਿਆ । ਜੋਤੀ ਜਾਮਾ ਆਇਆ ਦੌੜ, ਸੰਬਲ ਨਗਰੀ ਆਸਣ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪੇ ਪਹਿਰੇ ਆਪਣਾ ਬਾਣਿਆ ।

ਸਚ ਸਮਗਰੀ ਸਾਚੀ ਰਾਸ । ਗੌੜ ਬ੍ਰਹਿਮਣ ਰੱਖੇ ਪਾਸ । ਪਾਰਬ੍ਰਹਮ ਪੁਰਖ ਅਬਿਨਾਸ਼ । ਏਕਾ ਬ੍ਰਹਮ ਹਰਿ ਹੋਇਆ ਦਾਸ । ਸਾਚਾ ਧਰਮ ਜਗਤ ਸਾਬਾਸ । ਪੂਰਨ ਕਰਮ ਮੰਡਲ ਹਰਿ ਰਾਸ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਭੇਖ ਧਰ, ਆਪੇ ਵਸੇ ਆਸ ਪਾਸ । ਗੌੜ ਬ੍ਰਹਿਮਣ ਗੁਣੀ ਗਹੀਰਾ । ਪਾਰਬ੍ਰਹਮ ਸਤਿ ਸਰੀਰਾ । ਕਿਸੇ ਦਿਸ ਨਾ ਆਏ ਨਾੜੀ ਚਰਮ, ਆਪੇ ਦੱਸੇ ਧੀਰਜ ਧੀਰਾ । ਆਪੇ ਜਾਣੇ ਆਪਣਾ ਕਰਮ, ਆਪੇ ਜਾਣੇ ਆਦਿ ਅੰਤ ਅਖੀਰਾ । ਲੱਖ ਚੁਰਾਸੀ ਭੁੱਲੀ ਭਰਮ, ਕਿਹੜੀ ਕੂਟੇ ਚੁੱਕੇ ਬੀੜਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਚਾਰੇ ਵਰਨ ਇਕ ਕਰਾਏ ਆਪੇ ਜਾਣੇ ਹਸਤ ਕੀੜਾ ।

ਹਸਤ ਕੀੜ ਪ੍ਰਭ ਜਾਣ ਉਚ ਸਮੇਰਿਆ । ਜਨ ਭਗਤਾਂ ਬੰਨ੍ਹੇ ਬੀੜ, ਨਾ ਲਾਏ ਦੇਰ, ਕਲ ਕੱਟਣ ਆਇਆ ਭੀੜਿਆ । ਸਿੰਘ ਸ਼ੇਰ ਹਰਿ ਹਰਿ ਸ਼ੇਰ ਦਲੇਰਿਆ । ਲੱਖ ਚੁਰਾਸੀ ਪਈ ਭੀੜ, ਹਰਿ ਆਪ ਭੁਲਾਏ ਕਰ ਕਰ ਹੇਰਾ ਫੇਰਿਆ । ਧਰਮ ਰਾਏ ਦਰ ਰਿਹਾ ਪੀੜ, ਜੂਠੇ ਝੂਠੇ ਦਰ ਦਰ ਘੇਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਰੇ ਅੰਤ ਨਿਬੇੜਿਆ ।

ਗੌੜ ਬ੍ਰਹਿਮਣ ਸਚਾ ਗਾਓ । ਕਾਇਆ ਮੰਦਰ ਤਿੰਨ ਸੌ ਸੱਠ ਹਾਡੀ, ਕਲਜੁਗ ਖੇਤੀ ਵੱਢਣ ਆਇਆ ਬਣਕੇ ਸਾਚਾ ਬਾਡੀ । ਗੁਰਮੁਖਾਂ ਲਾਡ ਲਡਾਵਣ ਆਇਆ, ਸਾਚੀ ਗੋਦ ਉਠਾਵਣ ਆਇਆ, ਲੱਖ ਚੁਰਾਸੀ ਵਿਚੋਂ ਰਿਹਾ ਕਾਢੀ । ਸਚ ਸਿੰਘਾਸਣ ਡੇਰਾ ਲਾਵਣ ਆਇਆ, ਪੁਰਖ ਅਬਿਨਾਸ਼ੀ ਚਾਰ ਵਰਨਾਂ ਚਾਰੋਂ ਕੁੰਟਾਂ ਏਕਾ ਘੇਰਾ ਪਾਵਣ ਆਇਆ, ਲੱਖ ਚੁਰਾਸੀ ਰਹੀ ਫਾਡੀ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਹਿਮਣ ਵੇਸ ਕਰ, ਅੰਤ ਨਿਬੇੜਾ ਇਕ ਕਰਾਇਆ ।

ਗੌੜ ਬ੍ਰਹਿਮਣ ਉਤਮ ਗੋਤ । ਧੁਰ ਦਰਗਾਹੀ ਸਾਚਾ ਜਾਮਨ, ਪੁਰਖ ਅਬਿਨਾਸ਼ੀ ਨਿਰਮਲ ਜੋਤ । ਨੇੜ ਨਾ ਆਏ ਕਾਮਨੀ ਕਾਮਨ, ਦੁਰਮਤ ਮੈਲ ਰਿਹਾ ਧੋਤ । ਕਲਜੁਗ ਤੇਰੀ ਅੰਧੇਰੀ ਸ਼ਾਮਨ, ਗੁਰਮੁਖ ਉਠਾਏ ਦਇਆ ਕਮਾਏ, ਸਤਾਰਾਂ ਹਾੜੀ ਕੋਈ ਨਾ ਜਾਣੇ ਸੋਤ । ਨੇਹਕਲੰਕ ਕਲ ਜਾਮਾ ਪਾਏ, ਲੱਖ ਚੁਰਾਸੀ ਫੰਦ ਕਟਾਏ, ਸ਼ਬਦ ਸਿਹਰਾ ਸੀਸ ਗੁੰਦਾਏ, ਬੀਸ ਇਕੀਸ ਦਇਆ ਕਮਾਏ, ਰਾਗ ਛਤੀਸ ਨਾ ਕੋਈ ਗਾਏ, ਕੁਰਾਨ ਅੰਜ਼ੀਲਾਂ ਵਕਤ ਚੁਕਾਏ, ਵੇਦ ਪੁਰਾਨਾਂ ਕੋਈ ਨਾ ਥਾਏਂ, ਸਾਚਾ ਹੁਕਮ ਸੁਣਾਇੰਦਾ ।

ਹੋਇਆ ਵਕਤ ਅਖ਼ੀਰ, ਪੀਰ ਫ਼ਕੀਰਿਆ । ਕਲਜੁਗ ਲੱਥਾ ਚੀਰ, ਨਾ ਦੇਵੇ ਕੋਈ ਧੀਰਿਆ । ਹਉਮੇ ਲੱਗੀ ਕਲਜੁਗ ਪੀੜ, ਅੱਠੇ ਪਹਿਰ ਤਨ ਪੀੜਿਆ । ਗੁਰਮੁਖ ਵਿਰਲਾ ਬੰਨ੍ਹੇ ਬੀੜ, ਆਏ ਦਰ ਘਤ ਵਹੀਰਿਆ । ਏਕਾ ਰੰਗਨ ਹਸਤ ਕੀੜ, ਅੰਮ੍ਰਿਤ ਦੇਵੇ ਸਾਚਾ ਸੀਰਿਆ । ਜਨ ਭਗਤਾਂ ਕੱਟਣ ਆਇਆ ਭੀੜ, ਕਰ ਕਰ ਆਪਣੀ ਮਿਹਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਲਾਹੇ ਚੀਰਿਆ ।

ਲੱਖ ਚੁਰਾਸੀ ਲੱਥੇ ਚੀਰ, ਦਏ ਦੁਹਾਈਆ । ਭੈਣ ਭਰਾਵਾਂ ਤੁਟੇ ਨਾਤ, ਨਾ ਹੋਏ ਕੋਈ ਸਹਾਈਆ । ਬਾਲਕ ਮਾਤਾ ਛੁੱਟੇ ਸੀਰ, ਦੁੱਧਾਂ ਥਨੀ ਵਹਾਈਆ । ਕਲਜੁਗ ਤੇਰਾ ਵਕਤ ਅਖੀਰ, ਨਾ ਕੋਈ ਜਾਣੇ ਸ਼ਾਹ ਫ਼ਕੀਰ, ਸ਼ਾਹ ਸੁਲਤਾਨਾਂ ਵਿਚ ਜਹਾਨਾਂ, ਰਾਜ ਰਾਜਾਨਾਂ ਦਿਸ ਨਾ ਆਈਆ । ਰਾਜ ਰਾਜਾਨ ਸੋਏ ਪੈਰ ਪਸਾਰਿਆ । ਪਰਗਟ ਹੋਏ ਵਾਲੀ ਦੋ ਜਹਾਨ, ਜੋਤੀ ਜਾਮਾ ਭੇਖ ਨਿਆਰਿਆ । ਸ਼ਬਦ ਚੜ੍ਹਾਏ ਇਕ ਨਿਸ਼ਾਨ, ਸੱਤਾਂ ਰੰਗਾਂ ਅਪਰ ਅਪਾਰਿਆ । ਸੱਤਾਂ ਦੀਪਾਂ ਪਾਏ ਵੰਡ, ਵੇਖ ਵਖਾਣੇ ਨੌਂ ਖੰਡ, ਵਿਚ ਵਰਭੰਡ ਜੋਤ ਨਿਰੰਕਾਰਿਆ । ਸੋਹੰ ਫੜੇ ਚੰਡ ਪਰਚੰਡ, ਆਪੇ ਕਰੇ ਖੰਡ ਖੰਡ, ਚਾਰੋਂ ਕੁੰਟ ਨਾਰ ਰੰਡ, ਸੁਹਾਗੀ ਕੰਤ ਨਾ ਕੋਈ ਹੰਢਾ ਰਿਹਾ । ਕਲਜੁਗ ਮਿਟੇ ਭੇਖ ਪਖੰਡ, ਅੰਤਮ ਔਧ ਗਈ ਹੰਢ, ਪ੍ਰਭ ਅਬਿਨਾਸ਼ੀ ਸਾਚਾ ਝੰਡਾ ਆਪ ਝੁਲਾ ਰਿਹਾ । ਸਾਚੇ ਝੰਡੇ ਜਗਤ ਨਿਸ਼ਾਨੇ । ਗੁਰਮੁਖਾਂ ਬੰਨ੍ਹੇ ਨਾਮ ਗਾਨੇ । ਮਿਲਿਆ ਮੇਲ ਗੁਣ ਨਿਧਾਨੇ, ਸੋਹੰ ਸ਼ਬਦ ਧੁਰ ਪਰਵਾਨੇ, ਲੇਖ ਲਿਖਾਇਆ ਘਰ ਬਹਾਨੇ, ਪਹਿਲੀ ਚੇਤ ਸ੍ਰੀ ਭਗਵਾਨੇ, ਲੱਖ ਚੁਰਾਸੀ ਫੰਦ ਕਟਾ ਰਿਹਾ । ਆਪ ਆਪਣੇ ਸੰਗ ਸਮਾਨੇ, ਦੂਸਰ ਕੋਈ ਭੇਵ ਨਾ ਜਾਣੇ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਗੌੜ ਬ੍ਰਾਹਮਣ ਵੇਸ ਕਰ, ਸਾਚਾ ਖੇੜਾ ਆਪ ਵਸਾਇਆ ।

ਇੰਦਰ ਆਇਆ ਦਵਾਰ ਬਣ ਸਵਾਲੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਇੰਦਰਲੋਕ ਕਰ ਰਖਵਾਲੀਆ । ਹਰਿਜਨ ਸਾਚੇ ਸ਼ਾਹੋ ਸ਼ਾਬਾਸ, ਲੋਆਂ ਪੁਰੀਆਂ ਬਣਿਆ ਪਾਲੀਆ । ਮੰਗਣਾ ਏਕਾ ਦਰ ਦਵਾਰ, ਦੋ ਜਹਾਨੀ ਨਰ ਹਰਿ ਵਾਲੀਆ । ਤਖ਼ਤ ਸਿੰਘਾਸਣ ਇਕ ਤਿਆਰ, ਓਥੇ ਦਿਸੇ ਕਰਨਾ ਖਾਲੀਆ । ਦਰ ਦਵਾਰੇ ਰੋਵੇ ਧਾਹਾਂ ਮਾਰ, ਭੁੱਲ ਗਈਆਂ ਅਪੱਛਰਾਂ ਨਿਤ ਨਵਾਲੀਆ । ਵੇਲਾ ਅੰਤਮ ਆਏ ਹਾਰ, ਬਣੇ ਜਗ ਕਾਲਖ ਕਾਲੀਆ । ਕਰੋੜ ਤੇਤੀਸਾ ਸੁਣੇ ਪੁਕਾਰ, ਦੇਵੇ ਵਰ ਸ਼ਬਦ ਸੁਖਾਲੀਆ । ਸੋਹੰ ਰਸਨਾ ਲੈਣਾ ਉਚਾਰ, ਮਿਲੇਮੇਲ ਸੱਚੇ ਬਨਵਾਲੀਆ । ਆਉਣਾ ਮਾਤ ਸੱਚੇ ਦਰਬਾਰ, ਬੀਸ ਇਕੀਸ ਜੋਤ ਨਿਰਾਲੀਆ । ਝੁੱਲੇ ਛਤਰ ਸੱਚੀ ਸਰਕਾਰ, ਕੌਸਤਕ ਮਣੀਆ ਸਾਚੀ ਡਾਲ੍ਹੀਆ । ਸੋਹੰ ਖਿੜੇ ਸੱਚੀ ਗੁਲਜਾਰ, ਚਾੜ੍ਹੇ ਰੰਗ ਲਾਲ ਗੁਲਾਲੀਆ । ਹਰਿਜਨ ਭਰਿਆ ਰਹੇ ਭੰਡਾਰ, ਸਾਚੀ ਵਸਤ ਨਾ ਹੋਏ ਖਾਲੀਆ । ਸ਼ਬਦ ਤੂਰਤ ਇਕ ਅਪਾਰ, ਮੂਰਤ ਨੂਰਤ ਇਕ ਅਕਾਲੀਆ । ਅਗਾਧ ਬੋਧ ਸ਼ਬਦ ਅਧਾਰ, ਸਾਚਾ ਤੋਲ ਆਪੇ ਤੋਲੀਆ । ਕਰਨਾ ਵਣਜ ਸੱਚਾ ਵਪਾਰ, ਚਰਨ ਪ੍ਰੀਤੀ ਘੋਲ ਘੋਲੀਆ । ਇੰਦ ਇੰਦਰਾਸਣ ਵੇਖ ਵਿਚਾਰ, ਪੁਰੀ ਇੰਦਰ ਅੰਤਮ ਡੋਲੀਆ । ਸਤਾਰਾਂ ਹਾੜੀ ਦਏ ਹੁਲਾਰ, ਮੇਘ ਮਾਲਾ ਲਏ ਝਕੋਲੀਆ । ਬਰਸੇ

ਮੇਘ ਕਿਰਪਾ ਧਾਰ, ਕਲਜੁਗ ਮਾਇਆ ਹਰਿ ਜੀ ਤੋਲੀਆ । ਗੁਰਮੁਖ ਧੂੜ ਨਾ ਮਿਲੇ ਦੁਸ਼ਟ ਦੁਰਾਚਾਰ, ਨੇਹਕਲੰਕ ਮਾਰੇ ਬੋਲੀਆ । ਗੁਰ ਸੰਗਤ ਸਾਚੀ ਉਤਰੀ ਪਾਰ, ਆਏ ਦਰ ਰੰਗਣ ਚੋਲੀਆ । ਮਾਨਸ ਦੇਹੀ ਪੈਜ ਸਵਾਰ, ਕਾਇਆ ਕੁੰਡਾ ਆਪੇ ਖੋਲ੍ਹਿਆ । ਛੋਟਾ ਮੁੰਡਾ ਕਰ ਤਿਆਰ, ਸ਼ਬਦ ਪਾਇਆ ਸਾਚੀ ਡੋਲੀਆ । ਸਿੰਘ ਮਨਜੀਤਾ ਨਰ ਨਿਰੰਕਾਰ, ਚਰਨ ਬਹਾਏ ਸਾਚੀ ਗੋਲੀਆ । ਪੁਰੀ ਇੰਦਰ ਬਣੇ ਸਿਕਦਾਰ, ਕਰੇ ਖ਼ੁਸ਼ੀ ਅਮੁਲ ਅਮੋਲੀਆ । ਸ਼ਬਦ ਮਿਲਿਆ ਅਪਰ ਅਪਾਰ, ਕਰੋੜ ਤੇਤੀਸਾ ਰਿਹਾ ਬੋਲੀਆ । ਨੇਹਕਲੰਕ ਲਏ ਅਵਤਾਰ, ਸੰਬਲ ਦੇਸ ਕਾਇਆ ਚੋਲੀਆ । ਗੌੜ ਬ੍ਰਾਹਮਣ ਖ਼ਬਰਦਾਰ, ਪਾਰਬ੍ਰਹਮ ਵਿਚ ਵਚੋਲਿਆ । ਲੋਕਮਾਤ ਸਾਚਾ ਯਾਰ, ਆਪ ਉਠਾਵਣ ਆਇਆ ਹਰਿਜਨ ਡੋਲੀਆ । ਆਪੇ ਬਣ ਸੱਚੀ ਸਰਕਾਰ, ਆਪਣਾ ਤੋਲ ਆਪੇ ਤੋਲਿਆ । ਚਰਨ ਉਠਾਏ ਪਹਿਲੀ ਵਾਰ, ਇੰਦ ਇੰਦਰਾਸਣ ਅੰਤਮ ਡੋਲਿਆ । ਵੇਖੇ ਨੇਤਰ ਖੋਲ੍ਹ ਉਘਾੜ, ਪੁਰਖ ਅਬਿਨਾਸ਼ੀ ਕਲਾ ਸੋਲਿਆ । ਚਾਰੇ ਕੁੰਟਾਂ ਦਏ ਉਜਾੜ, ਗੁਰਮੁਖ ਵਿਰਲਾ ਗਾਏ ਸੋਹੰ ਸੱਚਾ ਢੋਲਿਆ । ਪਰਗਟ ਹੋਏ ਉਪਰ ਪਹਾੜ, ਸਾਚਾ ਪੱਥਰ ਉਚ ਉਠੋਲਿਆ । ਗੌੜ ਬ੍ਰਾਹਮਣ ਹਰਿ ਨਿਰੰਕਾਰ, ਸਮੇਰੂ ਪਰਬਤ ਰਿਹਾ ਪਾੜ, ਬਜਰ ਕਪਾਟ ਕਾਇਆ ਚੜ੍ਹ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਮੰਦਰ ਸਾਚੇ ਹਰਿ ਜੀ ਬੋਲਿਆ ।

ਇੰਦ ਇੰਦਰਾਸਣ ਬਣ ਭਿਖਾਰ, ਚਰਨ ਨਿਮਸਕਾਰਿਆ । ਮੰਗਣ ਆਏ ਹਰਿ ਦਵਾਰ, ਕਲਜੁਗ ਤੇਰੀ ਅੰਤਮ ਵਾਰਿਆ । ਪਾਈ ਭਿਛਿਆ ਅਪਰ ਅਪਾਰ, ਨਾਮ ਝੋਲੀ ਹਰਿ ਭਰਾ ਰਿਹਾ । ਦੇਵੀ ਦੇਵਾ ਕਰਮ ਵਿਚਾਰ, ਸੁਰਪਤ ਸਾਚਾ ਚਰਨ ਲਗਾ ਰਿਹਾ । ਅਲਖ ਅਭੇਵ ਜੋਤ ਨਿਰੰਕਾਰ, ਅੰਮ੍ਰਿਤ ਮੇਵਾ ਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚੀ ਸੇਵਾ ਆਪ ਲਗਾ ਰਿਹਾ । ਸਾਚੀ ਸੇਵਾ ਆਪ ਲਗਾਏ, ਇੰਦਰ ਰਾਜਿਆ ।

ਗੁਰਮੁਖ ਵੇਖ ਥਾਉਂ ਥਾਏਂ, ਆਪ ਸਵਾਰੇ ਆਪਣੇ ਕਾਜਿਆ । ਸਦਾ ਰੱਖੇ ਠੰਡੀ ਛਾਏਂ, ਸਤਾਰਾਂ ਹਾੜੀ ਰੱਖੇ ਲਾਜਿਆ । ਅੰਮ੍ਰਿਤ ਤੀਰਥ ਹਰਿ ਨੁਹਾਏ, ਕਲਜੁਗ ਕਾਇਆ ਭਾਂਡਾ ਭਾਜਿਆ । ਨਰ ਹਰਿ ਸੱਚੀ ਸਰਨਾਏ, ਪੁਰੀ ਇੰਦਰ ਆਏ ਭਾਜਿਆ । ਸਾਚੀ ਸੇਵਾ ਲਾਏ ਮੇਘ ਬਰਸਾਇੰਦਾ । ਗੁਰਸਿਖਾਂ ਮਿਲੇ ਅੰਮ੍ਰਿਤ ਮੇਵਾ, ਦੇਵੀ ਦੇਵਾ ਆਪ ਅਖਵਾਇੰਦਾ । ਸਾਚੀ ਮਣੀ ਮਸਤਕ ਥੇਵਾ, ਰਵ ਸਸ ਪਰਕਾਸ਼ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਚੇ ਦੇਵਾ ਸੇਵਾ ਲਾਇੰਦਾ ।

ਦੇਵਤ ਸੇਵਾ ਦਰ ਪਰਵਾਨ । ਕਿਰਪਾ ਕਰੇ ਹਰਿ ਭਗਵਾਨ । ਅੰਮ੍ਰਿਤ ਮੇਘ ਧਰਮ ਨਿਸ਼ਾਨ । ਸ਼ਬਦ ਤੇਗ ਨੌਜਵਾਨ । ਲੱਖ ਚੁਰਾਸੀ ਏਕਾ ਆਣ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਾਹਮਣ ਪੁਰਖ ਸੁਜਾਨ । ਗੌੜ ਬ੍ਰਾਹਮਣ ਰੰਗ ਗੂੜ੍ਹਾ । ਲਾੜੀ ਮੌਤ ਹੱਥੀਂ ਪਾਏ ਏਕਾ ਚੂੜਾ । ਗੁਰਮੁਖ ਤੇਰੇ ਦਰ ਨਾ ਆਏ, ਦਿਵਸ ਰੈਣੀ ਮੰਗੇ ਧੂੜਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਰਬ ਕਲਾ ਆਪੇ ਭਰਪੂਰਾ ।

ਸਰਬ ਕਲਾ ਭਰਪੂਰ, ਬ੍ਰਾਹਮਣ ਬ੍ਰਹਮਿਆ । ਆਪੇ ਜੋਤੀ ਨੂਰ ਸਚ ਕਰਮਿਆ । ਆਪੇ ਸ਼ਬਦ ਅਨਹਦ ਤੂਰ, ਆਪੇ ਸ਼ਬਦ ਸਵਾਸਾ ਦਮਿਆ । ਆਪੇ ਪਵਣ ਸਤਿ ਸੰਤੋਖੀ ਤੂਰ । ਕਾਇਆ ਮੰਦਰ ਅੰਦਰ ਝੂਠੇ ਚੰਮਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਗੌੜ ਬ੍ਰਾਹਮਣ ਆਪੇ ਆਪ ਜੰਮਿਆ ।

ਗੌੜ ਬ੍ਰਾਹਮਣ ਪਿਆ ਜੰਮ । ਗਗਨ ਪਤਾਲਾਂ ਹਿਲੇ ਥੰਮ । ਇੰਦਰ ਰੋਵੇ ਛੰਮ ਛੰਮ । ਪੂਰ ਕਰਾਏ ਪ੍ਰਭ ਆਪਣੇ ਕੰਮ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਸ਼ਬਦ ਸਰੂਪੀ ਲਾਏ ਦਮ ।

ਸ਼ਬਦ ਸਰੂਪ ਦਮ ਕਲ ਸਵਾਸਿਆ । ਆਪੇ ਵਸੇ ਕਾਇਆ ਚੰਮ, ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਰੋਣਾ ਧੋਣਾ ਨਾ ਕੋਈ ਹਾਸਿਆ । ਨਾ ਪ੍ਰਭ ਰੋਵੇ ਛੰਮ ਛੰਮ, ਨਾ ਹੋਏ ਵੈਰਾਗੀ ਜੰਗਲ ਜੂਹ ਉਜਾੜ ਪਹਾੜ ਪਰਭਾਸਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਬ੍ਰਾਹਮਣ ਗੌੜਾ ਲੇਖ ਲਿਖਾਸਿਆ ।

ਕਾਇਆ ਮੰਦਰ ਪੁਰਖ ਸੁਜਾਨ । ਦੀਪਕ ਜਗਿਆ ਡੂੰਘੀ ਕੰਦਰ, ਪਰਗਟ ਹੋਇਆ ਹਰਿ ਭਗਵਾਨ । ਹਰਿ ਜੂ ਆਇਆ ਹਰਿ ਹਰਿ ਮੰਦਰ, ਆਪੇ ਕਰੇ ਸਚ ਪਛਾਨ । ਕਲਜੁਗ ਮਾਇਆ ਤੋੜੇ ਜੰਦਰ, ਅੱਠੇ ਪਹਿਰ ਮਾਰ ਧਿਆਨ । ਲੱਖ ਚੁਰਾਸੀ ਭੌਂਦੀ ਬੰਦਰ, ਭੇਵ ਨਾ ਪਾਏ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਗੌੜ ਬ੍ਰਿਹਮਣ ਇਕ ਨਿਸ਼ਾਨ ।

ਗੌੜ ਬ੍ਰਿਹਮਣ ਇਕ ਨਿਸ਼ਾਨਾ । ਜੋਤ ਸਰੂਪੀ ਹਰਿ ਭਗਵਾਨਾ । ਵੱਡਾ ਸ਼ਾਹੋ ਭੂਪੀ, ਨਾ ਕੋਈ ਰੰਗ ਨਾ ਕੋਈ ਰੂਪੀ, ਜੋਤ ਨਿਰੰਤਰ ਸਤਿ ਸਰੂਪੀ, ਆਪੇ ਕਰੇ ਭਗਤ ਪਛਾਨਾ । ਲੱਖ ਚੁਰਾਸੀ ਅੰਧ ਕੂਪੀ, ਜੂਠਾ ਝੂਠਾ ਪਵਣ ਧੂਪੀ, ਸਚ ਸੰਗ ਨਾ ਕੋਈ ਰਖਾਨਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਿਹਮਣ ਵੇਸ ਕਰ, ਗੁਰਮੁਖਾਂ ਬੰਨ੍ਹਣ ਆਇਆ ਗਾਨਾ ।

ਗੁਰਮੁਖਾਂ ਬੰਨ੍ਹੇ ਗਾਨਾ ਨਾਮ ਨਿਸ਼ਾਨਾ । ਮਿਲੇ ਮੇਲ ਸ੍ਰੀ ਭਗਵਾਨਾ । ਮਿਟੇ ਆਵਣ ਜਾਣਾ, ਸਾਚਾ ਮਿਲੇ ਨਾਮ ਦਾਨਾ । ਧੁਰ ਦਰਗਾਹੀ ਸੋਹੰ ਬਾਣੀਆ । ਸਤਿਜੁਗ ਝੁੱਲੇ ਸਤਿ ਨਿਸ਼ਾਨਿਆ । ਸੱਤਾਂ ਦੀਪਾਂ ਰੰਗ ਰੰਗਾਏ, ਤਖ਼ਤੋਂ ਲਾਹੇ ਰਾਜੇ ਰਾਣਿਆ । ਪਰਗਟ ਹੋਏ ਬੇਪਰਵਾਹੇ ਜਗਤ ਮਲਾਹੇ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਇਕ ਉਠਾਏ ਤੀਰ ਕਮਾਨਿਆ ।

ਰਸਨ ਉਠਾਏ ਕਮਾਨ, ਸੋਹੰ ਚਿੱਲਾ ਹਰਿ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਨੌਜਵਾਨ, ਉਚ ਟਿੱਲਾ ਜਗਤ ਤੁਲਾਇੰਦਾ । ਲੋਆਂ ਪੁਰੀਆਂ ਮਾਰ ਧਿਆਨ, ਸ਼ਿਵ ਸ਼ੰਕਰ ਪਕੜ ਜਗਾਇੰਦਾ । ਕਲਜੁਗ ਝੁਲਿਆ ਇਕ ਨਿਸ਼ਾਨ, ਸਚ ਹੁਲਾਰਾ ਹਰਿ ਨਿਰੰਕਾਰਾ ਆਪਣਾ ਆਪ ਦਵਾਇੰਦਾ । ਸੋਹੰ ਚਲੇ ਇਕ ਜੈਕਾਰਾ, ਚਾਰ ਵਰਨਾਂ ਇਕ ਅਧਾਰਾ, ਏਕਾ ਪੱਲਾ ਹਰਿ ਫੜਾਇੰਦਾ । ਕਲਜੁਗ ਭੁੱਲ ਨਾ ਜੀਵ ਗਵਾਰਾ, ਮਾਇਆ ਰੁਲ ਨਾ ਬਣ ਹੰਕਾਰਾ, ਅੰਤਮ ਛੱਡਣਾ ਪਏ ਸੰਸਾਰਾ, ਜੂਠਾ ਝੂਠਾ ਮੋਹ ਵਿਕਾਰਾ, ਨਾ ਕੋਈ ਪੁਰਖ ਨਾ ਕੋਈ ਨਾਰਾ, ਏਕਾ ਸਾਜਣ ਮੀਤ ਮੁਰਾਰਾ, ਨਰ ਨਿਰੰਕਾਰਾ ਆਪ ਅਖਵਾਇੰਦਾ । ਕਾਇਆ ਮੰਦਰ ਸਚ ਦਵਾਰਾ, ਅੰਦਰੇ ਅੰਦਰ ਖੇਲ ਅਪਾਰਾ, ਚੌਦਾਂ ਹੱਟਾਂ ਵਣਜ ਵਣਜਾਰਾ, ਨਾਮ ਦਾਮ ਏਕਾ ਵਣਜ ਕਰਾਇੰਦਾ । ਅੰਤਮ ਕਰੇ ਪੱਲਾ ਭਾਰਾ, ਸ਼ਬਦ ਭੱਲਾ ਹੋਏ ਰਖਵਾਰਾ, ਕਲਜੁਗ ਪਾਏ ਡੂੰਘੀ ਡੱਲਾ, ਸਤਿਜੁਗ ਸੁੱਟੇ ਮੂੰਹ ਦੇ ਭਾਰਾ, ਨਾ ਕੋਈ ਮਾਤ ਉਠਾਇੰਦਾ । ਧਰਮ ਮਾਤ ਕਰੇ ਪੁਕਾਰਾ, ਕਲਜੁਗ ਪੂਤ ਹੋਇਆ ਹੈਸਿਆਰਾ, ਪੁਰਖ ਅਬਿਨਾਸ਼ੀ ਭੁੱਲਿਆ ਤੇਰਾ ਇਕ ਦਵਾਰਾ, ਜੂਠਾ ਝੂਠਾ ਵਣਜ ਕਰਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਜੋਤ ਸਰੂਪੀ ਜਾਮਾ ਧਾਰਾ, ਸੰਬਲ ਦੇਸ ਹਰਿ ਵਿਚਾਰਾ, ਪੂਰਨ ਖੇੜਾ ਹਰਿ ਵਸਾਇੰਦਾ । ਵਸਿਆ ਕਾਇਆ ਨਗਰ ਖੇੜਾ, ਨਗਰ ਦਵਾਰਕਾ । ਜਨ ਭਗਤਾਂ ਬੰਨ੍ਹੇ ਬੇੜਾ, ਵੇਲਾ ਨਰ ਹਰਿ ਸੱਚੀ ਸਰਕਾਰ

ਦਾ । ਕਲਜੁਗ ਲਾਏ ਇਕ ਉਖੇੜਾ, ਬੇੜਾ ਡੋਬੇ ਪਾਪ ਅਪਰਾਧ ਦਾ । ਪੰਜ ਪੰਜਾਇਨੀ ਚੁੱਕੇ ਝੇੜਾ, ਅੰਤਮ ਕਰੇ ਹਕ ਨਬੇੜਾ, ਸਾਚਾ ਹੁਕਮ ਸੱਚੀ ਸਰਕਾਰ ਦਾ । ਲੱਖ ਚੁਰਾਸੀ ਉਲਟਾ ਗੇੜਾ, ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਹਰਿ ਸਾਚਾ ਖੇਲ ਖਿਲਾਰਦਾ ।

ਹਰਿ ਸਾਚੀ ਖੇਲੇ ਖੇਲ, ਚਾਰ ਕੁੰਟ ਦਹਿ ਦਿਸ਼ਾ ਰਾਸਿਆ । ਜਨ ਭਗਤਾਂ ਕਰੇ ਮੇਲ, ਘਨਕਪੁਰ ਵਾਸਿਆ । ਸੋਹੰ ਸ਼ਬਦ ਚੜ੍ਹਾਏ ਤੇਲ, ਮਾਨਸ ਜਨਮ ਕਰੇ ਕਲ ਰਾਸਿਆ । ਜੋਤੀ ਜਾਮਾ ਰੰਗ ਨਵੇਲ, ਵੇਖ ਵਖਾਣੇ ਅਕਾਸ ਅਕਾਸਿਆ । ਆਪੇ ਗੁਰ ਆਪੇ ਚੇਲ, ਆਪੇ ਸੱਜਣ ਹਰਿ ਸੁਹੇਲ, ਆਪੇ ਕਰੇ ਬੰਦ ਖੁਲ੍ਹਾਸਿਆ । ਆਪੇ ਮੀਤਾ ਆਪੇ ਚੀਤਾ ਆਪੇ ਪ੍ਰੀਤਾ ਸੱਜਣ ਸੁਹੇਲਾ ਆਪੇ ਕੁਰਾਨ ਆਪੇ ਗੀਤਾ, ਆਪੇ ਖਾਣੀ ਆਪੇ ਬਾਣੀ ਇਕ ਚਲਾਏ ਜਗਤ ਰੀਤਾ, ਆਪੇ ਜਾਣੇ ਵੇਦ ਪੁਰਾਨਿਆ । ਆਪੇ ਅੰਮ੍ਰਿਤ ਆਤਮ ਮਧ ਪੀਤਾ, ਆਪੇ ਕਰੇ ਠੰਡੀ ਸੀਤਾ, ਸਾਚਾ ਰਾਹ ਇਕ ਵਖਾਨਿਆ । ਲੱਖ ਚੁਰਾਸੀ ਪਰਖਣ ਆਇਆ ਨੀਤਾ, ਸੋਹੰ ਫੜੀ ਹੱਥ ਮਧਾਣੀਆ । ਨਾਮ ਲਾਏ ਬੱਤੀ ਇਕ ਪਲੀਤਾ, ਕਲਜੁਗ ਵੇਲਾ ਅੰਤਮ ਬੀਤਾ, ਘਰ ਘਰ ਰੋਂਦੀ ਦਿਸੇ ਸਵਾਣੀਆ । ਕਲਜੁਗ ਮਾਇਆ ਹੋਏ ਵਿਛੋੜਾ ਜਿਉਂ ਰਾਮਾ ਸੀਤਾ, ਸ਼ਬਦ ਬੀੜਾ ਹਨੁਮੰਤ ਉਠਾਨਿਆ । ਮਿਲੇ ਮੇਲ ਰਘੁਵੰਸ ਕੰਤ, ਚਾਰੋਂ ਕੁੰਟ ਸਾਚੀ ਸ਼ਬਦ ਸੁਣਾਏ ਬਾਣੀਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਜੋਤ ਧਰ, ਗੌੜ ਬ੍ਰਹਿਮਣ ਕਰੇ ਪਛਾਣਿਆ ।

ਗੌੜ ਬ੍ਰਹਿਮਣ ਲੈਣਾ ਲੱਭ । ਅੰਮ੍ਰਿਤ ਚੋਣਾ ਕਵਲ ਨਭ । ਕਲਜੁਗ ਮਾਇਆ ਦੇਣੀ ਦੱਬ । ਪੁਰਖ ਅਬਿਨਾਸ਼ੀ ਸਾਚੀ ਸਾਇਆ, ਅੱਠੇ ਪਹਿਰ ਨਜ਼ਰੀ ਆਇਆ, ਭਰਮ ਭੁਲੇਖਾ ਦੂਰ ਕਰਾਇਆ, ਪਰਦਾ ਉਹਲਾ ਬਾਹਰ ਕਢਾਇਆ, ਪਰਗਟ ਹੋਏ ਦਰਸ ਦਖਾਇਆ, ਅੰਦਰੇ ਅੰਦਰ ਜੋਤ ਨਿਰੰਜਣ ਇਕ ਜਗਾਇਆ, ਅੰਮ੍ਰਿਤ ਪਿਆਲਾ ਇਕ ਪਿਆਇਆ, ਗੁਰਮੁਖ ਸਾਚੇ ਏਕਾ ਮਧ । ਅੱਠੇ ਪਹਿਰ ਇਕ ਰਖਾਇਆ, ਸਾਚਾ ਸ਼ਬਦ ਤੁਰੀਆ ਤੁਰਤ ਉਪਜੇ ਨਦ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਜ ।

ਆਈ ਮਾਤ ਦਾਤ, ਜੋਤ ਨਿਰੰਕਾਰਿਆ । ਸੋਹੰ ਸ਼ਬਦ ਵਡ ਕਰਾਮਾਤ, ਵਜਾਏ ਡੰਕ ਅਪਰ ਅਪਾਰਿਆ । ਆਪ ਚਲਾਏ ਸਾਚੀ ਗਾਥ, ਲੋਕ ਪਰਲੋਕ ਰੰਗ ਅਪਾਰਿਆ । ਸਚ ਸਿੰਘਾਸਣ ਹਰਿ ਰਘੁਨਾਥ, ਕਰਨੀ ਇਕ ਕਰਾ ਰਿਹਾ । ਸ਼ਬਦ ਘੋੜਾ ਰੱਖਿਆ ਸਾਥ, ਨੀਲਾ ਜੋੜਾ ਜੋੜ ਜੁੜਾ ਰਿਹਾ । ਸਤਿਜੁਗ ਟਿਕਾ ਸੋਹੰ ਮਾਥ, ਨਾਮ ਤੂਰਾ ਆਪ ਵਜਾ ਰਿਹਾ । ਪ੍ਰੇਮੀ ਜੋੜਾ ਅਕਥਨ ਅਕਾਥ, ਸਾਚੇ ਚਰਨ ਆਪ ਛੁਹਾ ਰਿਹਾ । ਬ੍ਰਹਿਮਣ ਗੌੜ ਸਗਲਾ ਸਾਥ, ਸਾਚਾ ਪੌੜਾ ਇਕ ਲਗਾ ਰਿਹਾ । ਲੱਖ ਚੁਰਾਸੀ ਕਿਸੇ ਨਾ ਆਵੇ ਹਾਥ, ਆਦਿ ਅੰਤ ਨਾ ਕੋਈ ਬਤਾ ਰਿਹਾ । ਹਰਿਜਨ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਆਪ ਅਖਵਾ ਰਿਹਾ । ਕਲਜੁਗ ਵਾਗਾਂ ਪਕੜੇ ਹਾਥ, ਸਤਿਜੁਗ ਪੌੜਾ ਆਪ ਚੜ੍ਹਾ ਰਿਹਾ । ਸਗਲ ਵਸੂਰੇ ਜਾਇਣ ਲਾਥ, ਰੀਠਾ ਕੌੜਾ ਹਰਿ ਭੰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੀਲੀ ਛੱਤੇ ਪੌੜਾ ਲਾ ਰਿਹਾ ।

ਨੀਲੀ ਛੱਤੇ ਲਾਏ ਸੰਨ, ਹਰਿ ਰਘੁਵੰਸਿਆ । ਨੀਲਾ ਘੋੜਾ ਕਸੇ ਤੰਗ, ਮੰਗੇ ਮੰਗ ਸਰਬ ਸਰਬੰਸਿਆ । ਮਾਇਆ ਰੀਠੇ ਦੇਵੇ ਭੰਨ, ਕੋਟਨ ਕੋਟ ਮਾਤ ਸਹੰਸਿਆ । ਗੁਰਮੁਖਾਂ ਸੀਤਲ ਕਰੇ ਤਨ, ਅੰਮ੍ਰਿਤ ਲਿਆਏ ਸਾਚਾ ਕਾਸਿਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਆਪੇ ਜਾਣੇ ਆਪਣਾ ਸਰਬੰਸਿਆ ।

ਸੰਬਲ ਦੇਸ ਕਰ ਤਿਆਰੀ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਘੋੜਾ ਹਰਿ ਨਿਆਰੀ, ਸੋਲਾਂ ਕਲੀਆਂ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰੀ, ਨੀਲੀ ਧਾਰੀ ਇਕ ਰੰਗਾਇੰਦਾ । ਕੰਚਨ ਵੇਸ ਰੰਗ ਮਦਾਰੀ, ਰੰਗਣ ਰੰਗ ਹਰਿ ਰੰਗਾਇੰਦਾ । ਵੇਖੇ ਰੰਗ ਕਬੇਰ ਭੰਡਾਰੀ, ਭਾਣਾ ਹਰਿ ਵਰਤਾਇੰਦਾ । ਕਲਜੁਗ ਮਾਇਆ ਹੈਂਸਿਆਰੀ, ਜੀਆਂ ਜੰਤਾਂ ਤਿਖੀ ਆਰੀ, ਮਨ ਤਨ ਸਚ ਰਿਹਾ ਪਾੜੀ, ਧਰਮ ਧੀਰ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੀਲੇ ਘੋੜੇ ਤੰਗ ਕਸਾਇੰਦਾ ।

ਪੰਚਮ ਜੇਠ ਖੇਲ ਰਚਾਈ । ਸ਼ਬਦ ਘੋੜੇ ਮੰਗ ਮੰਗਾਈ । ਚਿੱਟਾ ਅਸਵ ਨਾਉਂ ਰਖਾਈ । ਲੋਆਂ ਪੁਰੀਆਂ ਰਿਹਾ ਜਗਾਈ । ਸਤਾਰਾਂ ਹਾੜੀ ਜਗਤ ਬਰਾਤ, ਨੀਲਾ ਘੋੜਾ ਵੇਖਣ ਆਈ ਚਾਈਂ ਚਾਈਂ । ਕਲਜੁਗ ਤੇਰੀ ਅੰਧੇਰੀ ਰਾਤ, ਕੋਈ ਨਾ ਦੇਵੇ ਬੂੰਦ ਸਵਾਂਤ, ਸਾਧ ਸੰਤ ਰੋਂਦੇ ਥਾਉਂ ਥਾਈਂ । ਪੁਰਖ ਅਬਿਨਾਸ਼ੀ ਸਾਚਾ ਨਾਤ, ਹਰਿਜਨ ਮੇਲਾ ਕਮਲਾਪਾਤ, ਵੇਲੇ ਅੰਤਮ ਪਕੜੇ ਬਾਹੀਂ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਸਾਚੀ ਸੇਜਾ ਰਿਹਾ ਵਿਛਾਈ ।

ਸਾਚੀ ਸੇਜਾ ਆਸਣ ਲਾਇੰਦਾ । ਪ੍ਰੇਮ ਜੋੜਾ ਪੈਰੀਂ ਪਾਉਣਾ । ਆਦਿ ਨੀਲਾ ਸੰਗ ਰਖਾਉਣਾ । ਜੁਗਾਦਿ ਪੀਲਾ ਤਨ ਛੁਹਾਉਣਾ । ਕਮਰ ਕਸ ਦੰਗ ਵਖਾਉਣਾ । ਚੁਰਾਸੀ ਲੱਖ ਹੱਥ ਵਖਾਉਣਾ । ਰਾਜਾ ਰਾਣਾ ਫੜ ਫੜ ਢਾਹੁਣਾ । ਸੁਘੜ ਸਿਆਣਾ ਦਿਸ ਨਾ ਆਉਣਾ । ਜੂਠਿਆਂ ਝੂਠਿਆਂ ਭੰਨ ਵਖਾਉਣਾ । ਈਸਾ ਮੂਸਾ ਭੇੜ ਭਿੜਾਉਣਾ । ਮੰਗ ਮੁਹੰਮਦ ਸੰਗ ਰਲਾਉਣਾ । ਰੂਸਾ ਚੀਨਾ ਨਾਲ ਨਚਾਉਣਾ । ਦੇ ਮਤ ਆਪ ਸਮਝਾਉਣਾ । ਸਰਬ ਕਲਾ ਆਪੇ ਬਖ਼ਸ਼ਿੰਦ, ਆਪੇ ਮਾਰੇ ਕੱਢੇ ਜਿੰਦ, ਆਪ ਪਛਾਣੇ ਸਾਚੀ ਬਿੰਦ, ਭਗਤ ਜਨਾਂ ਹਰਿ ਸਾਚਾ ਮਾਣ ਦਵਾਉਣਾ । ਲੱਖ ਚੁਰਾਸੀ ਕਰੇ ਨਿੰਦ, ਗੁਰਮੁਖ ਸਾਚੇ ਵਗੇ ਅੰਮ੍ਰਿਤ ਧਾਰ ਸਿੰਧ, ਸਤਾਰਾਂ ਹਾੜੀ ਸਾਚੇ ਤੀਰਥ ਸਰ ਸਰੋਵਰ ਇਕ ਇਸ਼ਨਾਨ ਕਰਾਉਣਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਗੁਰਮੁਖਾਂ ਫੰਦ ਆਪ ਕਟਾਉਣਾ ।

ਧਰਮ ਰਾਏ ਪ੍ਰਭ ਦੇਵੇ ਮਤ, ਲੇਖਾ ਇਕ ਲਿਖਾਇੰਦਾ । ਸੰਤ ਜਨਾਂ ਦਾ ਧੀਰਜ ਜੱਤ, ਆਪਣੀ ਹੱਥੀਂ ਆਪ ਰਖਾਇੰਦਾ । ਸੋਹੰ ਦੇਵੇ ਸਾਚਾ ਤੱਤ, ਪੰਜਾਂ ਤੱਤਾਂ ਨਸ਼ਟ ਕਰਾਇੰਦਾ । ਰਸਨਾ ਚਰਖਾ ਲੈਣਾ ਕੱਤ, ਸਾਚਾ ਸੂਤਰ ਸਰਬ ਵਟਾਇੰਦਾ । ਸ਼ਬਦ ਵਿਚੋਲੇ ਪਾਉਣੀ ਨੱਥ, ਹਰਿ ਸਮਰੱਥ ਆਪ ਸਮਝਾਇੰਦਾ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਆਏ ਦਰਸਨ ਪਾਇੰਦਾ । ਅੰਤਮ ਸੀਆਂ ਸਾਢੇ ਤਿੰਨ ਹੱਥ, ਰੰਕ ਰਾਜਾਨਾ ਸ਼ਾਹ ਸੁਲਤਾਨਾ ਸਿੰਘ ਮਨਜੀਤਾ ਸਦਾ ਅਤੀਤਾ, ਦੇ ਮਤ ਮਾਤ ਸਮਝਾਇੰਦਾ । ਮਾਤ ਪਿਤ ਕਲ ਛੱਡਣਾ ਨਾਤਾ, ਏਕਾ ਮਿਲਿਆ ਪੁਰਖ ਬਿਧਾਤਾ, ਉਤਮ ਵੇਖੇ ਹਰਿ ਜਨ ਜਾਤਾ, ਨਾਮ ਧਨ ਧਨ ਨਾਮ ਜਿਸ ਸਚ ਘਰ ਉਪਜਾਤਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੰਡਣ ਆਇਆ ਸੋਹੰ ਸ਼ਬਦ ਸਚ ਸੁਗਾਤਾ ।

ਸੋਹੰ ਸ਼ਬਦ ਪ੍ਰਭ ਵੰਡੇ, ਵਰਭੰਡ ਸਮਾਇਆ । ਕਾਇਆ ਅੰਦਰ ਸਰਬ ਬ੍ਰਹਿਮੰਡੇ, ਚੌਦਾਂ ਲੋਕ ਭੇਵ ਨਾ ਰਾਇਆ । ਦਸਮ ਦਵਾਰੀ ਸਾਚੇ ਝੰਡੇ, ਅੰਮ੍ਰਿਤ ਪੌਹਲ ਨਾ ਕੋਈ ਖੰਡੇ, ਦੂਸਰ ਵੰਡ ਨਾ ਕੋਈ ਰਖਾਇਆ । ਅੱਗੇ ਹੋ ਕੋਈ ਨਾ ਵੰਡੇ, ਨਾ ਕੋਈ ਜਾਣੇ ਸਤਿ ਸਰੋਵਰ ਦੇ ਕੰਢੇ, ਡੂੰਘਾ ਤਾਲ ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲਾ ਮਾਰੇ ਛਾਲ, ਪੁਰਖ ਅਬਿਨਾਸ਼ੀ ਜਿਸ ਦਾ ਹੋਏ ਦਲਾਲ, ਤੀਰਥ ਨੁਹਾਉਣਾ ਸਾਚੇ ਤਾਲ, ਪਰਗਟ ਹੋਏ ਗੌੜ ਬ੍ਰਾਹਮਣ, ਭਗਤ ਜਨਾਂ ਦਾ ਸਾਚਾ ਜਾਮਨ, ਸਾਚੇ ਮੰਦਰ

ਹਰਿ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੂਹਾ ਵੇਸ ਮਾਤ ਕਰ, ਓਅੰਕਾਰ ਸਾਚਾ ਦੇਸ ਵਸਾਇਆ ।

ਹਰਿ ਹਰਿ ਵਸਿਆ ਦੇਸ ਓਅੰਕਾਰਿਆ । ਤੁਰੀਆ ਹਰਿ ਕਾ ਵੇਸ, ਨਾ ਕੋਈ ਲਿਖੇ ਲੇਖ ਲਿਖਾਰਿਆ । ਆਪੇ ਧਾਰੇ ਆਪਣਾ ਭੇਸ, ਰੂਪ ਰੰਗ ਨਾ ਕੋਈ ਵਿਚਾਰਿਆ । ਦੀਪਕ ਲੋਅ ਕਰਮ ਵਿਸੇਖ, ਜੋਤ ਨਿਰੰਜਣ ਹਰਿ ਪਰਵੇਸ, ਮਾਝੇ ਦੇਸ ਖੇਲ ਅਪਾਰਿਆ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਦੇਵੇ ਸ਼ਬਦ ਇਕ ਹੁਲਾਰਿਆ । ਪਾਰਬ੍ਰਹਮ ਸਦਾ ਆਦੇਸ, ਨਮੋ ਨਮੋ ਨਮੋ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਾਹਮਣ ਨਾਮ ਉਚਾਰਿਆ ।

ਜਗਤ ਤ੍ਰਿਸਨਾ ਭੇਖ ਹਰਿ ਮਿਟਾਇੰਦਾ । ਦਰ ਦਵਾਰੇ ਏਕਾ ਸਿਖ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਉਜਲ ਕਰੇ ਮਾਤ ਕੁੱਖ, ਸਾਚਾ ਸੁੱਖ ਇਕ ਵਖਾਇੰਦਾ । ਝੂਠੀ ਕਾਇਆ ਨਾ ਲੱਗੇ ਦੁੱਖ, ਹਰਿਜਨ ਰਸਨਾ ਜੋ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੂਹਾ ਵੇਸ ਨਰ ਨਰੇਸ਼ ਆਪਣਾ ਆਪ ਵਟਾਇੰਦਾ । ਓਅੰਕਾਰਾ ਇਕ ਅਕਾਲਾ । ਸੂਹਾ ਵੇਸ ਸਚ ਮਹੱਲਾ । ਸੁਨ ਅਗੰਮ ਅਗੰਮ ਸੁਨ ਆਪੇ ਜਾਣੇ ਥਲ ਥਲਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਰ ਦਵਾਰਾ ਏਕਾ ਮਹੱਲਾ ।

ਜਗਤ ਸਵਾਲੀ ਦਰ ਮੰਗੇ ਭਿਖਿਆ । ਕਾਇਆ ਮੰਦਰ ਖਾਲੀ, ਘਰ ਲੇਖਾ ਸਾਚਾ ਕਿਸੇ ਨਾ ਲਿਖਿਆ । ਸਚ ਦਵਾਰੇ ਆਵੇ ਡਰ, ਜਗਤ ਲੱਗੀ ਤ੍ਰਿਸਨਾ ਤ੍ਰਿਖਿਆ । ਮੰਗੇ ਜਗਤ ਜਗਿਆਸੂ ਵਰ, ਪੁਰਖ ਅਬਿਨਾਸ਼ੀ ਪਾਏ ਸਾਚੀ ਭਿਖਿਆ । ਜੋਤੀ ਜੋਤ ਸਰੂਪ ਹਰਿ, ਲੇਖਾ ਲਿਖਤ ਆਪੇ ਲਿਖਿਆ ।

ਮੰਗਣ ਵਰ ਦਰ ਬਣ ਸਵਾਲੀਆ । ਦੂਜਾ ਦਿਸੇ ਨਾ ਕੋਈ ਸੰਗ, ਦਰ ਘਰ ਸਾਚਾ ਦਿਸੇ ਖਾਲੀਆ । ਬਾਲ ਜਵਾਨੀ ਰਹੀ ਲੰਘ, ਅੰਤ ਬੁਢੇਪਾ ਮਾਰੇ ਤਾਲੀਆ । ਮਾਇਆ ਮਮਤਾ ਵਹਿਣ ਗੰਗ, ਕਾਇਆ ਰੰਗ ਜਗਤ ਦਰ ਮਾਲੀਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਜਗਤ ਜਗਿਆਸੂ ਦਰ ਜਾਏ ਨਾ ਖਾਲੀਆ ।

ਸਾਚੀ ਸਿਕ ਸਿੱਖ ਗੁਰ ਆਸ । ਆਪੇ ਲੇਖਾ ਰਿਹਾ ਲਿਖ, ਮਾਤ ਪਤਾਲ ਪ੍ਰਿਥਮੀ ਅਕਾਸ । ਦਰ ਦਵਾਰੇ ਮੰਗੀ ਭਿਖ, ਹੱਡ ਨਾੜੀ ਪਿੰਜਰ ਮਾਸ । ਤ੍ਰਿਸਨਾ ਮਮਤਾ ਲੱਗੀ ਵਿਸ ਰਸਨ ਸਵਾਸ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਕਾਇਆ ਖੇੜਾ ਹੋਇਆ ਨਾਸ । ਕਾਇਆ ਖੇੜਾ ਮਹੱਲ ਮੁਨਾਰਾ । ਅੰਤਮ ਬੰਨ੍ਹੇ ਬੇੜਾ, ਹਰਿਜਨ ਆਏ ਚਲ ਦਵਾਰਾ । ਬਖ਼ਸ਼ੇ ਦਾਤ ਚੁੱਕੇ ਝੇੜਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਿਸ਼ਨਾ ਸੁਖਲਾ ਕਰੇ ਵਿਚਾਰਾ ।

ਕਿਸ਼ਨਾ ਸੁਖਲਾ ਪਖ ਪਰਧਾਨ । ਕਿਸ਼ਨਾ ਵੇਖੇ ਮਾਰ ਧਿਆਨ । ਅੰਧ ਅੰਧੇਰਾ ਸੁੰਞ ਮਸਾਣ । ਦਰ ਦਵਾਰੇ ਪਾਇਆ ਫੇਰਾ, ਆਸਾ ਪੁੰਨੀ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਾਚਾ ਵਰ, ਸਾਚਾ ਬੰਧਨ ਬੰਧ ਬੰਧਾਨ ।

ਬੰਧੇ ਨਾਤਾ ਜਗਤ ਬਿਧਾਤ । ਸਤਿ ਸਪੂਤਾ ਬਖ਼ਸ਼ੇ ਦਾਤ, ਆਪੇ ਵੇਖੇ ਵੇਖ ਵਖਾਣੇ ਦਹਿ ਦਿਸ਼ ਚਾਰੇ ਕੂਟ ਉਤਰ ਪੂਰਬ ਪੱਛਮ ਦੱਖਣ ਦਿਵਸ ਰਾਤ । ਨਾਮ ਲਗਾਏ ਏਕਾ ਝੂਟਾ ਨਾ ਕੋਈ ਸਵੇਰ ਨਾ

ਕੋਈ ਸੰਞ, ਨਾ ਕੋਈ ਜਾਣੇ ਕਲ ਪਰਭਾਤ । ਲੋਕਮਾਤ ਲੱਗੇ ਬੂਟਾ, ਹਰਿ ਜੀ ਬਖ਼ਸ਼ੇ ਸਾਚੀ ਦਾਤ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਜਗਤ ਜਗਿਆਸੂ ਪੁੱਛੇ ਵਾਤ । ਕਾਇਆ ਬੂਟਾ ਲੱਗੇ ਫਲ । ਸਚ ਦਵਾਰੇ ਆਏ ਚਲ । ਕਿਰਪਾ ਕਰ ਹਰਿ ਗਿਰਧਾਰੇ ਰਕਤ ਬੂੰਦੀ ਮਾਰ ਉਛਲ । ਹੱਡ ਮਾਸ ਨਾੜੀ ਕਰ ਉਜਿਆਰੇ, ਕਰੇ ਪਰਕਾਸ਼ ਕਾਇਆ ਡੂੰਘੀ ਡਲ । ਨੌਂ ਅਠਾਰਾਂ ਧਾਮ ਅਟੱਲ । ਆਪੇ ਵੇਖੇ ਕਾਇਆ ਖਲ । ਦਸਵੇਂ ਮਾਤ ਪੂਤ ਅਪਾਰੇ, ਜਗਤ ਸੁਰਤ ਹਿਲਿਆ ਨਾਲ । ਮਾਇਆ ਰਾਣੀ ਪੈਰ ਪਸਾਰੇ, ਆਪਣਾ ਮੂਲ ਗਵਾਇਆ ਕਲ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਜੋਤੀ ਜੋਤ ਕਰ ਉਜਿਆਰੇ ।

ਪੂਤ ਸਪੂਤਾ ਉਪਜੇ ਲੱਖ । ਨੌਂ ਅਠਾਰਾਂ ਉਲਟਾ ਰੁਖ । ਸ਼ਬਦ ਅਧਾਰਾ ਉਜਲ ਮੁੱਖ । ਜੀਵ ਗਵਾਰਾ ਜਗਤ ਸੁਖ । ਪਾਰਬ੍ਰਹਮ ਜਨ ਪਾਏ ਸਾਰਾ, ਮਾਨਸ ਦੇਹੀ ਉਜਲ ਮੁੱਖ । ਭਰਮ ਭੁੱਲਾ ਜਗਤ ਗਵਾਰਾ, ਘਰ ਘਰ ਧੁੰਏ ਰਹੇ ਧੁਖ । ਦਰ ਦਰ ਮੰਗੇ ਜਗਤ ਦਵਾਰਾ, ਜਗਤ ਬੂਟਾ ਰਿਹਾ ਸੁੱਕ । ਅੰਮ੍ਰਿਤ ਫਲ ਲੱਗੇ ਕਾਇਆ ਡਾਲਾ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਇਕ ਅਕੋਤਰ ਉਪਜੇ ਕੁੱਖ ।

ਮਾਤ ਸੁਲੱਖਣੀ ਕੁੱਖ ਮਾਤ । ਪੁਰਖ ਅਬਿਨਾਸ਼ ਨਾ ਖਾਲੀ ਰੱਖਣੀ, ਸਾਚੀ ਦੇਵੇ ਵਸਤ ਦਾਤ । ਲੇਖਾ ਲਿਖੇ ਅਲਖ ਅਲਖਣੀ, ਨਾ ਕੋਈ ਪੁੱਛੇ ਜਾਤ ਪਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਾਤਾ ਮਾਤ ਬੰਧਾਏ, ਪੂਤ ਸਪੂਤਾ ਬਖ਼ਸ਼ੇ ਦਾਤ ।

ਇਕ ਅਕੋਤਰ ਇਕ ਅਕਾਲ । ਨਾਮਾ ਦੇਵੇ ਸਾਚਾ ਸੋਤਰ, ਨੇਤਰ ਖੋਲ੍ਹ ਦੀਨ ਦਿਆਲ । ਸਦਾ ਸੁਹੇਲਾ ਅਗੰਮ ਅਗੋਚਰ, ਪਾਰਬ੍ਰਹਮ ਪੁਰਖ ਕਿਰਪਾਲ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਏਕਾ ਬਖ਼ਸ਼ੇ ਲਾਲ ।

ਏਕਾ ਏਕ ਏਕਾ ਧਾਰੀ । ਹਰਿਜਨ ਮੰਗੇ ਸਾਚੀ ਟੇਕ, ਉਜਲ ਮੁੱਖ ਵਡ ਸੰਸਾਰੀ । ਕਾਇਆ ਸੁਲਖਣੀ ਬੁਧ ਬਿਬੇਕ, ਸ਼ਬਦ ਸਰੂਪੀ ਫੇਰੇ ਆਰੀ । ਕਲਜੁਗ ਮਾਇਆ ਨਾ ਲੱਗੇ ਸੇਕ, ਹਉਮੇ ਰੋਗ ਰਿਹਾ ਨਿਵਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕੁੱਖ ਮਾਤ ਕਰਾਏ, ਹਉਮੇ ਦੁਖੜਾ ਰੋਗ ਨਿਵਾਰੀ ।

ਖਾਲੀ ਕੁੱਖ ਦੁੱਖ ਮਿਟੇ ਸੰਤਾਪ । ਆਪ ਮਿਟਾਏ ਜਗਤ ਤ੍ਰਿਸਨਾ ਭੁੱਖ, ਹਰਿਜਨ ਬਣਾਏ ਮਾਈ ਬਾਪ । ਸਾਚੀ ਸਿਖਿਆ ਰਹੇ ਸਿਖ, ਹਰਿ ਕਿਰਪਾ ਕਰੇ ਆਪੇ ਆਪ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪ ਬਣਾਏ ਵੱਡਾ ਵਡ ਪਰਤਾਪ । ਮਿਲਿਆ ਨਾਮ ਪੂਤ ਅਤਿ ਦਾਨ । ਕਲਜੁਗ ਮਾਇਆ ਮਮਤਾ ਮਧ, ਕਲਜੁਗ ਭਰਮ ਨਾ ਭੁੱਲ ਜੀਵ ਨਿਧਾਨ । ਪੁਰਖ ਅਬਿਨਾਸ਼ੀ ਦਰ ਘਰ ਸਾਚੇ ਸੱਦ, ਮੰਗੇ ਦਾਨ ਹੋ ਹੈਰਾਨ । ਧੁਨ ਸ਼ਬਦ ਨਾਦ ਨਾ ਵੱਜੇ ਨਦ, ਨਾ ਸੁਨ ਮੰਡਲ ਹੋਏ ਵੈਰਾਨ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਸੰਤ ਸੁਹੇਲੇ ਕਰ ਪਛਾਨ ।

ਗੁਰਮੁਖ ਉਠ ਉਠ ਜਾਗ, ਹਰਿ ਜਗਾਇੰਦਾ । ਕਲ ਕਾਇਆ ਧੋ ਦਾਗ਼, ਪ੍ਰਭ ਅੰਮ੍ਰਿਤ ਜਲ ਲਿਆਇੰਦਾ । ਹਰਿਜਨ ਸਾਚਾ ਸੁਣ ਰਾਗ, ਕਲਜੁਗ ਮਾਇਆ ਮਾਤ ਤਿਆਗ, ਪੂਰਨ ਹੋਏ ਵਡ ਵਡਭਾਗ,

ਮਾਨਸ ਦੇਹੀ ਲੇਖੇ ਲਾਇੰਦਾ । ਗੁਰਮੁਖ ਉਠ ਉਠ ਜਾਗ ਵੇਲਾ, ਵਕਤ ਸੁਹੇਲਾ ਮਿਲਣਾ ਕੰਤ ਸੁਹਾਗ । ਆਪੇ ਗੁਰ ਆਪੇ ਚੇਲਾ, ਕਲ ਤੇਰਾ ਸੁਹਾਇਆ ਬਾਗ । ਦਰਗਾਹ ਸਾਚੀ ਸਾਚਾ ਮੇਲਾ, ਆਪੇ ਵਸੇ ਇਕ ਅਕੇਲਾ, ਦਿਵਸ ਰੈਣ ਰਿਹਾ ਜਾਗ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪ ਬੁਝਾਵਣ ਆਇਆ ਕਲਜੁਗ ਤ੍ਰਿਸਨਾ ਆਗ ।

ਕਲਜੁਗ ਤ੍ਰਿਸਨਾ ਅੱਗ ਜਗਤ ਜਲਾਇਆ । ਗੁਰਮੁਖ ਸਾਚੇ ਜਾਗ, ਆਪ ਬਣਾਏ ਹੰਸ ਕਾਗ, ਸੋਹੰ ਚੋਗ ਸਚ ਰਖਾਇਆ । ਬਾਸ਼ਕ ਸੇਜਾ ਸੋਹੇ ਨਾਗ, ਲਛਮੀ ਮਨ ਹੋਏ ਵੈਰਾਗ, ਸੀਤਲ ਸ਼ਬਦ ਆਇਆ । ਰੰਗ ਰੰਗੀਲਾ ਮੋਹਣ ਮਾਧਵ ਮਾਧ, ਸਾਚੀ ਸੇਵਾ ਆਪ ਸਵਾਇਆ । ਕਾਇਆ ਰੰਗਣ ਸੂਹਾ ਪੀਲਾ ਆਦਿ, ਪੁਰਖ ਅਨਾਦੀ ਜੁਗਾ ਜੁਗੰਤਰ ਬਣਤ ਬਣਾਇਆ । ਅੰਮ੍ਰਿਤ ਜਾਮ ਆਤਮ ਰਸ ਪੀ ਲਾ, ਹਉਮੇ ਦੇਵੇ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਵਰਨ ਅਵਰਨਾ ਆਪ ਅਖਵਾਇਆ ।

ਵਰਨ ਅਵਰਨਾ ਆਪ ਰੰਗ ਰਾਤਾ । ਸ੍ਰਿਸ਼ਟ ਸਬਾਈ ਏਕਾ ਸਰਨਾ, ਏਕਾ ਜੋਤ ਪੁਰਤ ਬਿਧਾਤਾ । ਆਪੇ ਜਾਣੇ ਜੰਮਣ ਮਰਨਾ, ਕਲਜੁਗ ਜੀਵ ਨਾ ਕਿਸੇ ਪਛਾਤਾ । ਪਰਗਟ ਹੋਏ ਧਰਨੀ ਧਰਨਾ, ਤਰਨੀ ਤਰਨਾ ਉਤਮ ਜਾਤਾ । ਨੇਹਕਲੰਕ ਸਾਚੀ ਸਰਨਾ, ਚਾਰ ਵਰਨਾਂ ਬਣਾਏ ਇਕ ਜਮਾਤਾ । ਚਾਰ ਵਰਨ ਇਕ ਦਵਾਰ । ਸਚ ਦਵਾਰੇ ਆਪੇ ਪਾਏ ਹਰਿ ਜੀ ਸਾਰ, ਲੋਕਮਾਤ ਖ਼ਬਰਦਾਰਿਆ । ਨੌਂ ਦਵਾਰੇ ਵੇਖੇ ਮਾਰ ਝਾਤ, ਮਾਇਆ ਰਾਣੀ ਪਸਰ ਪਸਾਰਿਆ । ਕਲਜੁਗ ਜੀਵ ਅੰਧੇਰੀ ਰਾਤ, ਮਾਇਆ ਮਮਤਾ ਤਨ ਜਲਾ ਰਿਹਾ । ਸ਼ਬਦ ਮਿਲੇ ਨਾ ਸਾਚੀ ਦਾਤ, ਸਚ ਦਵਾਰਾ ਬੰਦ ਰਖਾ ਰਿਹਾ । ਜਨ ਭਗਤਾਂ ਪੁੱਛਣ ਆਇਆ ਵਾਤ, ਸ਼ਬਦ ਹਥੌੜਾ ਨਾਲ ਉਠਾ ਰਿਹਾ । ਨਰ ਨਰਾਇਣ ਕਮਲਾਪਾਤ, ਅੰਦਰੇ ਅੰਦਰ ਮਾਰੇ ਝਾਤ, ਤ੍ਰੈ ਧਾਤਾਂ ਕੁਫਲ ਤੁੜਾ ਰਿਹਾ । ਹਰਿਜਨ ਮਿਲੇ ਤ੍ਰੈਲੋਕੀ ਨਾਥ, ਜੋਤ ਨਿਰੰਜਣ ਸਾਚੀ ਮਤ, ਸੋਹੰ ਸ਼ਬਦ ਤਿਲਕ ਲਗਾ ਰਿਹਾ । ਸਤਿਜੁਗ ਚਲੇ ਸਾਚੀ ਗਾਥ, ਏਕਾ ਸ਼ਬਦ ਸਾਚਾ ਰਾਥ, ਗੁਰਮੁਖ ਸਾਚੇ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੇਖਾ ਲਿਖ ਲਿਖ ਜਾਣੇ ਭਵਿਖਤ ਵਾਕ, ਸਾਚਾ ਲੇਖਾ ਆਪ ਲਿਖਾ ਰਿਹਾ ।

ਵਡਭਾਗੀ ਵਡਭਾਗ ਭਰਮ ਭਉ ਚੁੱਕਿਆ । ਸੋਈ ਆਤਮ ਗਈ ਜਾਗ, ਹਰਿਆ ਹੋਇਆ ਤਨ ਕਾਇਆ ਸੁੱਕਿਆ । ਕਲਜੁਗ ਕਾਲਾ ਰਿਹਾ ਭਾਗ, ਦਾਣਾ ਪਾਣੀ ਮਾਤ ਮੁਕਿਆ । ਸਤਿਜੁਗ ਸਾਚਾ ਰਿਹਾ ਜਾਗ, ਵੇਲਾ ਸੁਹੇਲਾ ਆਏ ਢੁਕਿਆ । ਗੁਰਮੁਖ ਹੰਸ ਬਣਾਏ ਕਾਗ, ਬੇਮੁਖ ਖਪਾਏ ਧਰਤ ਮਾਤ ਭਾਰ ਚੁਕਿਆ । ਜੋਤੀ ਜੋਤ ਸਰੂਪ ਹਰਿ, ਦੋਹਾਂ ਮੇਲਾ ਇਕ ਘਰ, ਲੇਖਾ ਚੁੱਕੇ ਖਾਣਾ ਪੀਣਾ ਹੁੱਕਿਆ । ਕਲਜੁਗ ਕਾਲੀ ਧਾਰ ਦਏ ਦੁਹਾਈਆ । ਸਤਿਜੁਗ ਸਾਚਾ ਹੋ ਤਿਆਰ, ਦੂਰ ਦੁਰਾਡਾ ਰਿਹਾ ਤਕਾਈਆ । ਕਲਜੁਗ ਕਾਲਾ ਕਰਮ ਵਿਚਾਰ, ਚਾਰੇ ਕੁੰਟਾਂ ਕਾਲੀ ਛਾਹੀਆ । ਸਤਿਜੁਗ ਸਾਚਾ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਸਤਿਜੁਗ ਸਾਚੀ ਦਇਆ ਕਮਾਈਆ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਪਰਪੰਚ ਖੇਲ ਵਖਾਈਆ । ਧਰਤ ਮਾਤ ਦੱਬੀ ਭਾਰ, ਦਿਵਸ ਰੈਣ ਦਏ ਦੁਹਾਈਆ । ਸਤਿਜੁਗ ਸਾਚੇ ਕਰ ਪਿਆਰ, ਦੁਖੀ ਮਾਂ ਤੇਰੀ ਕੁਰਲਾਈਆ । ਗੋਦੀ ਕਰਨੀ ਠੰਡੀ ਠਾਰ, ਗੀਤ ਸੁਹਾਗੀ ਇਕ ਸੁਣਾਈਆ । ਹਰਿ ਕਿਰਪਾ ਕਰੇ ਅਪਾਰ, ਸੋਹੰ ਵਸਤ ਝੋਲੀ ਪਾਈਆ । ਗੁਰਮੁਖਾਂ ਕਰ ਤਨ ਸ਼ਿੰਗਾਰ, ਸੋਲਾਂ ਕਲੀਆਂ ਨਾਲ ਗੁੰਦਾਈਆ । ਆਪ ਕਰੇ ਆਪਣੀ ਕਾਰ, ਵੇਖਣ ਜਾਏ ਥਾਉਂ ਥਾਈਂਆ । ਪਕੜ ਉਠਾਏ ਨਰ ਨਾਰ, ਬਿਰਧ ਜਵਾਨਾਂ ਦੇ ਮਤ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਹੋਏ ਪਹਿਰੇਦਾਰ, ਅੱਠੇ ਪਹਿਰ ਤੇਰਾ ਸਿਕਦਾਰ, ਲੋਕਮਾਤ ਬਣੇ ਸੱਚੀ ਸਰਕਾਰ, ਸਦ ਸਦ ਸ਼ਬਦ ਤਾਜ ਸਿਰ ਰਖਾਈਆ । ਸੰਤ ਸੁਹੇਲੇ ਕਰਨੇ ਖ਼ਬਰਦਾਰ, ਫੂਲਨ ਬਰਖਾ

ਹਰਿ ਜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦੁਲਾਰਾ ਸ਼ਬਦ ਹਲੂਣੇ ਰਿਹਾ ਜਗਾਈਆ ।

ਸ਼ਬਦ ਹਲੂਣਾ ਮਾਰ ਹਰਿ ਜਗਾਇੰਦਾ । ਕਲਜੁਗ ਭਾਰ ਵਧਿਆ ਦੂਣਾ, ਨਾ ਕੋਇ ਸਿਰ ਉਠਾਇੰਦਾ । ਜਗਤ ਭਾਂਡਾ ਹੋਇਆ ਊਣਾ, ਸ਼ਬਦ ਦਾਤ ਨਾ ਕੋਈ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਵੇਖੇ ਘਰ, ਕਵਣ ਨਾਰੀ ਕਵਣ ਨਰ, ਕਵਣ ਸਿੰਘਾਸਣ ਤਨ ਸੁਹਾਇੰਦਾ । ਕਲਜੁਗ ਸੱਚਾ ਵੇਖ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਮੰਦਰ ਮਹੱਲ ਅਚੱਲ ਅਟੱਲ ਮੁਨਾਰੇ । ਆਪੇ ਵੇਖੇ ਜਲ ਥਲ, ਜੰਗਲ ਉਜਾੜ ਪਹਾੜੇ । ਜੂਠੇ ਝੂਠੇ ਮਾਇਆ ਲੂਠੇ ਜਾਮਾਧਾਰੀ ਭੇਖਾਧਾਰੀ ਗੁਰਦਵਾਰੇ ਮੰਦਰ ਅੰਦਰ ਹਾਹਾਕਾਰੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੀ ਬੰਨ੍ਹੇ ਮਾਤ ਧਾਰੇ ।

ਕਲਜੁਗ ਕਾਲਾ ਮੁੱਖ, ਲੱਗੀ ਛਾਹੀਆ । ਲੱਖ ਚੁਰਾਸੀ ਲੱਗਾ ਦੁੱਖ, ਨਾ ਕੋਈ ਦਏ ਮਿਟਾਈਆ । ਸਤਿਜੁਗ ਸਾਚਾ ਸੁਖਣਾ ਰਿਹਾ ਸੁੱਖ, ਪ੍ਰਭ ਅਬਿਨਾਸ਼ੀ ਦਇਆ ਕਮਾਈਆ । ਜਨ ਭਗਤਾਂ ਕਰੇ ਉਜਲ ਮੁੱਖ, ਸੋਹੰ ਸਾਚਾ ਜਾਮ ਪਿਆਈਆ । ਮਾਤ ਗਰਭ ਨਾ ਹੋਏ ਉਲਟਾ ਰੁਖ, ਸਤਾਰਾਂ ਹਾੜੀ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਮਿਟੀ ਤ੍ਰਿਸਨਾ ਭੁੱਖ, ਸਚ ਦਵਾਰੇ ਰਿਹਾ ਬਹਾਈਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਇਕ ਵਰ, ਆਪ ਆਪਣਾ ਲੜ ਫੜਾਈਆ ।

ਕਲਜੁਗ ਕੂੜੀ ਰੇਖ ਭੇਖਿਆ । ਪੁਰਖ ਅਬਿਨਾਸ਼ੀ ਰਿਹਾ ਵੇਖ, ਜੋਤੀ ਜਾਮਾ ਧਰਿਆ ਭੇਸਿਆ । ਸਤਿਜੁਗ ਸਾਚਾ ਮੰਗੇ ਟੇਕ, ਪੁਰਖ ਅਬਿਨਾਸ਼ੀ ਕਰੇ ਬੁਧ ਬਿਬੇਕ, ਲੋਕਮਾਤ ਲੱਗੇ ਨਾ ਕੋਈ ਸੇਕਿਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਏਕੰਕਾਰ ਹਰਿ ਨਿਰੰਕਾਰ ਜੋਤ ਨਿਰੰਜਣ ਇਕ ਅਕਾਰਾ, ਆਦਿਨ ਅੰਤਾ ਏਕਮ ਏਕਿਆ । ਸਤਿਜੁਗ ਸਾਚਾ ਇਕ, ਇਕ ਇਕੱਲਾ ਹੈ । ਕਲਜੁਗ ਕਾਲਾ ਵੇਸ, ਚਾਰੋਂ ਕੁੰਟ ਪਿਆ ਤਰਥੱਲਾ ਹੈ । ਸਤਿਜੁਗ ਸਾਚੇ ਸਾਚੀ ਟੇਕ, ਪ੍ਰਭ ਮਿਲਿਆ ਇਕ ਮਹੱਲਾ ਹੈ । ਕਲਜੁਗ ਪਾਪੀ ਰਿਹਾ ਵੇਖ, ਚਾਰ ਚੁਫੇਰੇ ਵਲਾ ਛਲਾ ਹੈ । ਜੋਤੀ ਜੋਤ ਸਰੂਪ ਹਰਿ, ਦੋਹਾਂ ਦੇਵੇ ਇਕ ਵਰ, ਸੋਹੰ ਸ਼ਬਦ ਸਾਚਾ ਜਲਾ ਥਲਾ ਹੈ ।

ਸੋਹੰ ਸ਼ਬਦ ਭੱਲਾ ਹਰਿ ਨਿਰੰਕਾਰਿਆ । ਨਾ ਕੋਈ ਜਾਣੇ ਜੀਵ ਗਵਾਰਿਆ । ਸਤਿਜੁਗ ਮੇਟੇ ਦੂਈ ਦਵੈਤੀ ਸਲਾ, ਕਲਜੁਗ ਝੂਠੇ ਸੀਨਾ ਪਾੜਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਦੋਹਾਂ ਦੇਵੇ ਇਕ ਵਰ, ਸਚ ਦਵਾਰੇ ਸਤਾਰਾਂ ਹਾੜਿਆ । ਕਲਜੁਗ ਕਲ ਮਿਲੇ ਵਰ, ਹੋਏ ਅੰਤ ਜੁਦਾਈਆ । ਚਾਰੋਂ ਕੁੰਟ ਆਉਣਾ ਡਰ, ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਜਾਣੀ ਮਰ, ਪ੍ਰਭ ਸਾਚਾ ਭੇੜ ਭਿੜਾਈਆ । ਗੁਰਮੁਖ ਵਿਰਲਾ ਜਾਏ ਤਰ, ਜਿਸ ਆਪਣਾ ਲੜ ਫੜਾਈਆ । ਅੰਮ੍ਰਿਤ ਨੁਹਾਏ ਸਾਚੇ ਸਰ, ਸਾਚਾ ਤਾਲ ਹਰਿ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨ ਕਾਗੋਂ ਹੰਸ ਬਣਾਈਆ ।

ਗੁਰਮੁਖ ਸਾਚੇ ਮਾਣਕ ਮੋਤੀ । ਏਕਾ ਲੇਖਾ ਰਿਹਾ ਲਿਖਾਏ, ਨਾ ਕੋਈ ਵਰਨ ਨਾ ਕੋਈ ਗੋਤੀ । ਆਤਮ ਘਰ ਦੀਪਕ ਇਕ ਜਗਾਏ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋ ਦਰ ਮੰਗੇ ਨਾਮ ਵਰ, ਦੁਰਮਤ ਮੈਲ ਜਾਏ ਧੋਤੀ ।

ਸਤਿਜੁਗ ਸਾਚੇ ਖ਼ੁਸ਼ੀ ਮਨਾਈ । ਪ੍ਰਭ ਅਬਿਨਾਸ਼ੀ ਭਿਛਿਆ ਪਾਈ । ਸੋਹੰ ਸ਼ਬਦ ਵੱਜੀ ਵਧਾਈ । ਰਾਗ ਰਾਗਾਂ ਰਿਹਾ ਸੁਣਾਈ । ਅਨਹਦ ਨਾਦਾ ਧੁਨ ਉਪਜਾਈ । ਰਸਨਾ ਸ਼ਬਦ ਏਕਾ ਗਾਈ । ਮਿਲਿਆ ਸ਼ਬਦ ਬੋਧ ਅਗਾਧਾ, ਲੋਆਂ ਪੁਰੀਆਂ ਕਰੇ ਰੁਸ਼ਨਾਈ । ਕਿਰਪਾ ਕਰੇ ਆਪ ਰਘੁਰਾਈ ਮਾਧਵ ਮਾਧਾ, ਭਿੰਨੜੀ ਰੈਣ ਨਾਲ ਰਲਾਈ । ਹਰਿਜਨ ਹਰਿ ਸਾਧਨ ਸਾਧਾ, ਲੋਕਮਾਤ ਸਾਚੀ ਕਰਨ ਆਇਆ ਕੁੜਮਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਤੇਰੀ ਆਤਮ ਜੋਤੀ ਪੁਰਖ ਨਿਰੰਜਣ ਏਕਾ ਆਪ ਵਿਆਹੀ ।

ਗੁਰਮੁਖ ਜੋਤੀ ਆਤਮ ਨਾਰੀ, ਪ੍ਰਭ ਸਾਚੇ ਆਪ ਵਿਆਹੀਆ । ਸੋਹੰ ਦੇਵੇ ਸ਼ਬਦ ਸ਼ਿੰਗਾਰੀ, ਸਾਚਾ ਗਹਿਣਾ ਤਨ ਪਹਿਨਾਈਆ । ਧਰਮ ਰਾਏ ਦੀ ਧੀ ਕਵਾਰੀ, ਲਾੜੀ ਮੌਤ ਦਏ ਦੁਹਾਈਆ । ਲੱਖ ਚੁਰਾਸੀ ਵੇਖੇ ਨੈਣ ਉਘਾੜੀ, ਸਾਚਾ ਲਾੜਾ ਦਿਸ ਨਾ ਆਈਆ । ਗੁਰਮੁਖਾਂ ਹਰਿ ਫਿਰੇ ਪਿੱਛੇ ਅਗਾੜੀ, ਸੀਸ ਸਿਹਰਾ ਸਾਚਾ ਲਾਈਆ । ਚਾਰੋਂ ਕੁੰਟ ਕਰੇ ਵਾੜੀ, ਪਹਿਰੇਦਾਰ ਇਕ ਅਖਵਾਈਆ । ਜਗੇ ਜੋਤ ਬਹੱਤਰ ਨਾੜੀ, ਕਾਇਆ ਮੰਦਰ ਉਜਿਆਰ ਕਰਾਈਆ । ਕਿਰਪਾ ਕਰੇ ਸਤਾਰਾਂ ਹਾੜੀ, ਗੁਰ ਸੰਗਤ ਮਿਲੇ ਵਧਾਈਆ । ਖਿੜਿਆ ਫੁਲ ਸੱਚੀ ਫੁਲਵਾੜੀ, ਰੱਖੇ ਲਾਜ ਗੁਰ ਚਰਨ ਛੁਹਾਈ ਦਾੜ੍ਹੀ, ਕਲਜੁਗ ਸਾਚਾ ਮਾਣ ਦਵਾਈਆ । ਗੁਰਮੁਖ ਚਾੜ੍ਹੇ ਸਾਚੀ ਘੋੜੀ, ਆਤਮ ਡੋਰ ਆਪਣੇ ਹੱਥ ਰਖਾਈਆ । ਸਾਚੇ ਘਰ ਰਿਹਾ ਵਾੜੀ, ਪੰਚਮ ਕੁੰਡਾ ਆਪੇ ਲਾਹੀਆ । ਛੇਵੇਂ ਘਰ ਸ਼ਬਦ ਅਪਾਰੀ, ਧੁਨੀ ਸਾਚਾ ਰਾਗ ਸੁਣਾਈਆ । ਸੱਤਵੇਂ ਘਰ ਜੋਤ ਨਿਰੰਕਾਰੀ, ਸਚ ਸਿੰਘਾਸਣ ਆਪ ਸੁਹਾਈਆ । ਅਚਰਜ ਖੇਲ ਹਰਿ ਅਪਾਰੀ, ਦੂਸਰ ਕੋਇ ਦਿਸ ਨਾ ਆਈਆ । ਲੋਆਂ ਪੁਰੀਆਂ ਕਰ ਉਸਾਰੀ, ਚੌਦਾਂ ਹਟ ਜਾਲ ਬਣਾਈਆ । ਬ੍ਰਹਮਾ ਦੇਵੇ ਜੋਤ ਨਿਰੰਕਾਰੀ, ਚਾਰੇ ਮੁਖੜੇ ਨਾਲ ਲਗਾਈਆ । ਸਾਚੇ ਵੇਦਾਂ ਰਿਹਾ ਉਚਾਰੀ, ਚਾਰੇ ਜੁਗਾਂ ਧਾਰ ਬਣਾਈਆ । ਨਾਰਦ ਸੁਤ ਕਰੇ ਪਿਆਰੀ, ਧਰਮ ਰਾਏ ਦੀ ਧੀ ਕਵਾਰੀ, ਵੇਲੇ ਅੰਤਮ ਦਏ ਦੁਹਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਬਖ਼ਸ਼ ਫੂਲਨ ਸਾਚੀ ਖਾਰੀ, ਹਰਿ ਆਪਣੇ ਸੀਸ ਉਠਾਈਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ ਦੇਵੇ ਵਰ, ਬੇਮੁਖਾਂ ਵਾਰੋ ਵਾਰੀ ਤੇਰੀ ਗੋਦ ਦਏ ਬਿਠਾਈਆ ।

ਨੇਹਕਲੰਕ ਕਲ ਜਾਮਾ ਪਾਇਆ । ਏਕਾ ਸਾਚਾ ਰਾਹ ਵਖਾਇਆ । ਲਾੜੀ ਮੌਤ ਨਾਲ ਰਲਾਇਆ । ਜੂਠੇ ਝੂਠੇ ਮਾਇਆ ਲੂਠੇ ਰਾਜੇ ਰਾਣੇ ਸ਼ਾਹ ਸੁਲਤਾਨੇ ਹੱਥੀਂ ਬੰਨ੍ਹੇ ਗਾਨੇ, ਪਾਪਾਂ ਮਹਿੰਦੀ ਆਪ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪੇ ਦੇਵੇ ਸਰਬ ਵਰ, ਆਪ ਆਪਣਾ ਦਰਸ ਦਿਖਾਇਆ । ਲਾੜੀ ਮੌਤ ਕਰੇ ਸਲਾਹ । ਕਲਜੁਗ ਕਿਹੜਾ ਬਣੇ ਮਲਾਹ । ਝੂਠਾ ਚਪੂ ਦੇਵੇ ਲਾ । ਵੰਞ ਮੁਹਾਣਾ ਇਕ ਬਣਾ । ਰਾਜਾ ਰਾਣਾ ਲਏ ਬਨ੍ਹਾ । ਸੁਘੜ ਸਿਆਣਾ ਦਏ ਭੁਲਾ । ਮੁੱਲਾਂ ਸ਼ੇਖ਼ ਸ਼ੇਖ਼ ਮੁਲਾਣਾ ਮੁੱਛਾਂ ਦਾੜ੍ਹੀ ਦਏ ਕਟਾ । ਆਪੇ ਵੇਖੇ ਅੰਧਾ ਕਾਣਾ, ਨੇਤਰ ਦੋਵੇਂ ਬੰਦ ਕਰਾ । ਕਲਜੁਗ ਤੇਰਾ ਸਾਚਾ ਘਾਣ ਏਕਾ ਪਾਣਾ, ਲੱਖ ਚੁਰਾਸੀ ਬਣਤ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾੜੀ ਮੌਤ ਦੇਵੇ ਵਰ, ਸਤਾਰਾਂ ਹਾੜੀ ਹੁਕਮ ਸੁਣਾ ।

ਲਾੜੀ ਮੌਤ ਤੂੰ ਮੁਟਿਆਰ । ਪਹਿਲੇ ਵੇਖ ਮੁਹੰਮਦੀ ਯਾਰ । ਸਾਚਾ ਸੰਗ ਕਰ ਤਿਆਰ । ਮੰਗੀ ਮੰਗ ਦਰ ਨਿਆਰ । ਰੰਗੀ ਰੰਗ ਸ਼ਬਦ ਕਟਾਰ । ਸੰਗੀ ਸੰਗ ਬੀਰ ਬੇਤਾਲੇ, ਲੱਖ ਇਕ ਅੱਸੀ ਹਜ਼ਾਰ । ਕਲ ਕਾਲਕਾ ਖੱਪਰ ਉਠਾਏ, ਖ਼ੁਸ਼ੀ ਮਨਾਏ ਵਾਰੋ ਵਾਰ । ਜਗੇ ਜੋਤ ਇਕ ਜਵਾਲੇ, ਅਸ਼ਟਭੁਜ ਸਿੰਘ ਅਸਵਾਰ । ਸਿੰਘ ਸਿੰਘਾਸਣ ਈਸੇ ਮੂਸੇ ਹੋਏ ਖਵਾਰ । ਆਪੇ ਤੋੜੇ ਜਗਤ ਜੰਜਾਲੇ, ਪਰਗਟ ਹੋਏ ਸੱਚੀ ਸਰਕਾਰ । ਗੁਰਮੁਖ ਵੇਖੇ ਜਗਤ ਕੰਗਾਲੇ, ਰਸਨਾ ਨਾਉਂ ਰਿਹਾ ਵਿਚਾਰ । ਕਰੇ ਕਰਾਏ ਆਪ ਪ੍ਰਿਤਪਾਲੇ, ਅੱਠੇ ਪਹਿਰ ਸਦਾ ਚਲੇ ਨਾਲੇ । ਚਲੇ ਚਲਾਏ ਅਵੱਲੜੀ ਚਾਲੇ । ਸਾਚਾ ਦੇਵੇ ਸ਼ਬਦ ਦੁਸ਼ਾਲ, ਨੇੜ

ਨਾ ਆਏ ਕਾਲ ਮਹਾਂਕਾਲ, ਸਾਚੇ ਘਰ ਆਪ ਵਸਾ ਲੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੇਹਕਲੰਕ ਨਰਾਇਣ ਨਰ, ਗੁਰਮੁਖਾਂ ਦੱਸੇ ਰਾਹ ਸੁਖਾਲੇ ।

ਜਗਤ ਵਖਾਏ ਰਾਹ, ਭਗਤ ਭਗਵਾਨਿਆ । ਹਰਿ ਦਾਤਾ ਬੇਪਰਵਾਹ, ਕਲ ਚਤੁਰ ਸੁਘੜ ਸਿਆਨਿਆ । ਲੱਖ ਚੁਰਾਸੀ ਪਾਏ ਫਾਹ, ਤੋੜੇ ਮਾਣ ਸਰਬ ਅਭਿਮਾਨਿਆ । ਅੱਗੇ ਕੋਈ ਨਾ ਕਰੇ ਨਾ, ਸੋਹੰ ਫੜਿਆ ਤੀਰ ਕਮਾਨਿਆ । ਗਊ ਗਰੀਬਾਂ ਪਕੜੇ ਬਾਂਹ, ਤਖ਼ਤੋਂ ਲਾਹੇ ਰਾਜੇ ਰਾਣਿਆ । ਸੰਤ ਸੁਹੇਲਾ ਰੱਖੇ ਠੰਡੀ ਛਾਂ, ਦਰ ਘਰ ਸਾਚੇ ਦੇਵੇ ਮਾਣਿਆ । ਆਪੇ ਪਿਤਾ ਆਪੇ ਮਾਂ, ਗੁਣਵੰਤਾ ਗੁਣ ਨਿਧਾਨਿਆ । ਘਰ ਘਰ ਕਲਜੁਗ ਆਪ ਉਡਾਏ ਕਾਂ, ਨਰ ਹਰਿ ਨਾ ਕਿਸੇ ਪਛਾਣਿਆ । ਬੇਮੁਖ ਥਾਉਂ ਥਾਂ, ਬੇੜਾ ਡੋਬੇ ਬੇਮੁਹਾਣਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦੇਵੇ ਨਾਮ ਨਿਸ਼ਾਨਿਆ ।

ਸਾਚਾ ਦੇਵੇ ਨਾਮ ਨਿਸ਼ਾਨ, ਜਗਤ ਨਿਸ਼ਾਨਿਆ । ਕਿਰਪਾ ਕਰੇ ਆਪ ਭਗਵਾਨ, ਦੇਵੇ ਦਾਨ ਵਡ ਵਡ ਦਾਨਿਆ । ਝੁੱਲਣਾ ਏਕਾ ਮਾਤ ਨਿਸ਼ਾਨ, ਸੱਤਾਂ ਦੀਪਾਂ ਪੁਰਖ ਸੁਜਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪਣੀ ਕਿਰਪਾ ਰਿਹਾ ਕਰ, ਨਾ ਕੋਈ ਜਾਣੇ ਭੇਵ ਵਡ ਵਡ ਦਾਨਿਆ ।

ਸਤਿਜੁਗ ਸਚ ਨਿਸ਼ਾਨ, ਧਰਮ ਜੈਕਾਰਿਆ । ਸ੍ਰਿਸ਼ਟ ਸਬਾਈ ਇਕ ਬਿਬਾਣ, ਪ੍ਰਭ ਸਾਚਾ ਆਪ ਉਡਾ ਰਿਹਾ । ਚਾਰੇ ਕੁੰਟਾਂ ਮਾਰ ਧਿਆਨ, ਸ਼ਬਦ ਏਕਾ ਇਕ ਦਵਾ ਰਿਹਾ । ਆਪ ਰਖਾਏ ਏਕਾ ਆਣ, ਦੂਸਰ ਹੋਰ ਨਾ ਕੋਈ ਤਕਾ ਰਿਹਾ । ਸਾਚਾ ਸ਼ਬਦ ਦੇਵੇ ਪੀਣ ਖਾਣ, ਆਤਮ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਸਰਬ ਘਟਾਂ ਘਟ ਜਾਣੀ ਜਾਣ, ਘਟ ਮੰਦਰ ਹਰਿ ਸਮਾ ਰਿਹਾ । ਇਕ ਦਵਾਰ ਇਕ ਭਗਵਾਨ, ਇਕ ਹੁਲਾਰਾ ਸਚ ਜਹਾਨ, ਪੀਣ ਖਾਣ ਨਾ ਕੋਈ ਵਖਾ ਰਿਹਾ । ਧੁਨ ਨਾਦ ਅਨਾਹਦ ਬਾਨ, ਦਸਮ ਦਵਾਰੀ ਆਪ ਚਲਾ ਰਿਹਾ । ਸਰਗੁਣ ਨਿਰਗੁਣ ਇਕ ਵਖਾਣ, ਤ੍ਰੈਕੁਟੀ ਦੇਸ ਵੇਸ ਇਕ ਕਰਾ ਰਿਹਾ । ਆਪੇ ਜਾਣੇ ਨਰ ਨਰੇਸ਼, ਅਜੱਪਾ ਜਾਪ ਨਾ ਕੋਈ ਕਰਾ ਰਿਹਾ । ਹਿਰਦੇ ਕੋਲ ਹਰਿ ਪਰਵੇਸ਼, ਅੱਠੀਂ ਤੱਤੀਂ ਫਲ ਲਗਾ ਰਿਹਾ । ਅੱਠੇ ਪਹਿਰ ਅੱਠੇ ਵੇਸ, ਸਾਚਾ ਭੇਖ ਆਪ ਛੁਪਾ ਰਿਹਾ । ਨਾ ਕੋਈ ਜਾਣੇ ਨਰ ਨਰੇਸ਼, ਅੰਦਰੇ ਅੰਦਰ ਲੇਖ ਲਿਖਾ ਰਿਹਾ । ਆਪੇ ਬ੍ਰਹਮਾ ਵਿਸ਼ਨ ਗਣੇਸ਼, ਵਿਸ਼ਨ ਭਿਖਾਰੀ ਆਪ ਅਖਵਾ ਰਿਹਾ । ਆਪੇ ਧਾਰੇ ਰਾਮਾ ਭੇਸ, ਕਾਹਨਾ ਕ੍ਰਿਸ਼ਨਾ ਜੋਤ ਜਗਾ ਰਿਹਾ । ਕਲਜੁਗ ਭੁੱਲੇ ਜੀਵ ਦਸਮੇਸ਼, ਦਰ ਦਵਾਰੇ ਕਿਹੜੇ ਸਮਾ ਰਿਹਾ । ਨਾ ਕੋਈ ਮੁੱਛ ਦਾੜ੍ਹੀ ਨਾ ਕੇਸ, ਸੱਤਵੇਂ ਘਰ ਸਾਚਾ ਹਰਿ ਜੋਤੀ ਜੋਤ ਡਗਮਗਾ ਰਿਹਾ । ਆਪੇ ਨਰ ਆਪੇ ਨਰੇਸ਼, ਆਪੇ ਜਾਣੇ ਆਪਣਾ ਵੇਸ, ਬਸਤਰ ਭੂਸ਼ਨ ਨਾ ਕੋਈ ਪਹਿਨਾ ਰਿਹਾ । ਸਾਚੀ ਸੇਜਾ ਹਰਿ ਪਰਵੇਸ਼, ਸ਼ਬਦ ਸਿੰਘਾਸਣ ਡੇਰਾ ਲਾ ਰਿਹਾ । ਤਾਰਾ ਮੰਡਲ ਕਰੇ ਆਦੇਸ, ਸਪਤ ਰਿਖੀ ਸੰਗ ਸੁਹਾ ਰਿਹਾ । ਧਰੂ ਦਰਬਾਰਾ ਦਰਵੇਸ਼, ਸਤਿ ਸਵਰਨੀ ਏਕਾ ਚੜ੍ਹਾ ਰਿਹਾ । ਸਚ ਦਵਾਰੇ ਆਪ ਪਰਵੇਸ਼, ਮਹਿੰਮਾ ਅਗਣਤ ਨਾ ਕੋਈ ਗਿਣਾ ਰਿਹਾ । ਆਪੇ ਰਿਖੀ ਰਿਖੇਸ਼ਰ ਰੇਖ, ਲੇਖਾ ਲਿਖਤ ਨਾ ਕੋਈ ਰਖਾ ਰਿਹਾ । ਨਿਰਗੁਣ ਧਾਰੇ ਜੋਤੀ ਭੇਖ, ਸਰਗੁਣ ਭਰਮ ਭੁਲੇਖੇ ਭੁਲਾ ਰਿਹਾ । ਗੁਰਮੁਖ ਵਿਰਲੇ ਨੇਤਰ ਨੈਣ ਲੈਣਾ ਵੇਖ, ਸਾਚੀ ਦਿਸ਼ਾ ਜਿਸ ਖੁਲ੍ਹਾ ਰਿਹਾ । ਮਸਤਕ ਲਿਖੇ ਸਾਚੇ ਲੇਖ, ਜੋਤ ਨਿਰੰਜਣ ਦੇਸ ਵਸਾ ਰਿਹਾ । ਜਪਲੋਕ ਰਿਹਾ ਹਰਿ ਵਸੇਖ, ਤਪ ਤਪੀਸਾ ਇਕ ਕਰਾ ਰਿਹਾ । ਸਤਿਲੋਕ ਜੋਤ ਹਮੇਸ਼, ਵਰਭੰਡ ਬ੍ਰਹਿਮੰਡ ਭੇਵ ਨਾ ਪਾ ਰਿਹਾ । ਜੋਤੀ ਨੂਰ ਵੰਡੇ ਖੰਡ ਖੰਡ, ਲੋਕਮਾਤ ਤੇਰੀ ਵੰਡ, ਸੋਲਾਂ ਕਲਾ ਵੰਡ ਵੰਡਾ ਰਿਹਾ । ਨਵਾਂ ਸੱਤਾਂ ਭੇਖ ਪੰਡ, ਕਲਜੁਗ ਅੰਤਮ ਵੇਖ ਵਖਾ ਰਿਹਾ । ਸੁਨ ਅਗੰਮੀ ਚੰਡ ਪਰਚੰਡ, ਸ਼ਬਦ ਸਾਰ ਜੋਤੀ ਧਾਰ, ਸੋਹੰ ਖੰਡਾ ਆਪ ਪਰਗਟਾ ਰਿਹਾ । ਜੋਤੀ ਜੋਤ ਸਰੂਪ

ਹਰਿ, ਨੇਹਕਲੰਕ ਨਰਾਇਣ ਨਰ, ਆਪਣੀ ਵੰਡ ਆਪ ਵੰਡਾ ਰਿਹਾ । ਵੇਦ ਵਿਆਸੇ ਪਾਈ ਵੰਡ, ਨੇਹਕਲੰਕ ਕਲ ਜਾਮਾ ਧਾਰਿਆ । ਬੇਮੁਖ ਜੀਵਾਂ ਆਉਂਦੀ ਕੰਡ, ਜਨ ਭਗਤਾਂ ਹੋਏ ਆਪ ਸਹਾਰਿਆ । ਧਰੇ ਜਗਤ ਭੇਖ ਪਖੰਡ, ਜੀਵ ਜੰਤ ਸਦ ਗਵਾਰਿਆ । ਆਤਮ ਹੋਈ ਸਰਬ ਰੰਡ, ਮਾਨਸ ਦੇਹੀ ਜਨ ਹੰਕਾਰਿਆ । ਪ੍ਰਭ ਅਬਿਨਾਸ਼ੀ ਤੋੜੇ ਸਰਬ ਘਮੰਡ, ਰਾਜ ਰਾਜਾਨਾਂ ਵਿਚ ਦਰਬਾਰਿਆ । ਕਲਜੁਗ ਔਧ ਗਈ ਹੰਢ, ਕਰੇ ਖੇਲ ਹਰਿ ਗਿਰਧਾਰਿਆ । ਗੁਰਮੁਖਾਂ ਪੱਲੇ ਬੰਨ੍ਹੇ ਨਾਮ ਗੰਢ, ਸਚ ਕਰਾਏ ਆਪ ਵਣਜ ਵਪਾਰਿਆ । ਆਪੇ ਵਸੇ ਉਤਭੁਜ ਸੇਤਜ ਜੇਰਜ ਅੰਡ, ਖਾਣੀ ਬਾਣੀ ਸਰਬ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰਾ ਕਰਮ ਵਿਚਾਰਿਆ ।

ਕਵਣ ਕੂਟ ਕਵਣ ਦਵਾਰਾ, ਹਰਿ ਜੋਤੀ ਜੋਤ ਜਗਾ ਰਿਹਾ । ਕਵਣ ਤਨ ਸ਼ਬਦ ਨਗਾਰਾ, ਹਰਿ ਏਕਾ ਚੋਟ ਲਗਈਆ ਹੈ । ਕਵਣ ਮਨ ਤਨ ਅਫਾਰਾ, ਹਰਿ ਭਾਂਡਾ ਭੱਜਿਆ । ਕਵਣ ਜਨ ਮੰਗੇ ਮੰਗ ਦਰ ਦਵਾਰਾ, ਪੂਰਨ ਇਛਿਆ ਆਪ ਕਰਈਆ ਹੈ । ਕਵਣ ਧੰਨ ਪੱਲੇ ਬੰਨ੍ਹ, ਹਰਿਜਨ ਉਤਰੇ ਪਾਰ ਕਿਨਾਰਾ ਹੈ । ਲੋਕਮਾਤ ਨਾ ਲੱਗੇ ਸੰਨ੍ਹ, ਦਰਗਾਹ ਸਾਚੀ ਦਏ ਸਹਾਰਾ ਹੈ । ਲੱਖ ਚੁਰਾਸੀ ਦੇਵੇ ਡੰਨ, ਪਰਗਟ ਹੋਏ ਹਰਿ ਦਾਤਾਰਾ ਹੈ । ਗੁਰਮੁਖਾਂ ਬੇੜਾ ਰਿਹਾ ਬੰਨ੍ਹ, ਕਲ ਬਣਿਆ ਆਪ ਲਿਖਾਰਾ ਹੈ । ਸਤਿਜੁਗ ਚੜ੍ਹਾਏ ਸਾਚਾ ਚੰਦ, ਸੋਹੰ ਝੰਡਾ ਅਪਰ ਅਪਾਰਾ ਹੈ । ਸੱਤਾਂ ਦੀਪਾਂ ਡੋਰੀ ਰਿਹਾ ਬੰਨ੍ਹ, ਲੱਖਣ ਕਰੌਂਚ ਪੁਸ਼ਕਰ ਜੰਬੂ ਖੇਲ ਨਿਆਰਾ ਹੈ । ਜੋਤੀ ਜੋਤ ਸਰੂਪ ਹਰਿ, ਆਪੇ ਵਰਤੇ ਵਿਚ ਸੰਸਾਰਾ ਹੈ ।

ਜੰਬੂ ਦੀਪ ਜੋਤ ਜਗਈਆ । ਸਾਤ ਸਮੁੰਦਰ ਇਕ ਚਲਾਏ, ਹਰਿ ਜੂ ਸਾਚੀ ਨਈਆ । ਸਤਬਰਤ ਜਿਉਂ ਦਇਆ ਕਮਾਏ, ਮਹਾਂਪਰਲੋ ਵੇਖ ਵਖਈਆ । ਕਲਜੁਗ ਨਈਆ ਡਗਮਗਾਏ, ਨਾ ਕੋਈ ਪਾਰ ਲੰਘਈਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਅੰਤਮ ਧੱਕਾ ਇਕ ਲਗਈਆ । ਕਲਜੁਗ ਬੇੜਾ ਹੋਏ ਤਿਆਰ, ਅੰਤਮ ਕਲ ਕਲ ਵਾਰਿਆ । ਲੱਖ ਚੁਰਾਸੀ ਚੁਕਿਆ ਭਾਰ, ਨਾ ਮਿਲੇ ਕੋਈ ਸਹਾਰਿਆ । ਅੰਤਮ ਡੁੱਬਣਾ ਵਿਚ ਅੰਧਕਾਰ, ਕਿਸੇ ਨਾ ਦਿਸੇ ਪਾਰ ਕਿਨਾਰਿਆ । ਜੂਠੇ ਝੂਠੇ ਮੀਤ ਮੁਰਾਰ, ਜਗਤ ਨਾਤਾ ਜੀਵ ਸੰਸਾਰਿਆ । ਅੰਤਮ ਹੋਣਾ ਪਏ ਖਵਾਰ, ਜੂਏ ਬਾਜੀ ਮਾਨਸ ਹਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਦੇਵੇ ਨਾਮ ਅਪਾਰਿਆ ।

ਨਾਮ ਅਪਾਰਾ ਅਮੋਲ, ਹਰਿ ਅਮੋਲਿਆ । ਬਜਰ ਕਪਾਟੀ ਪੜਦੇ ਰਿਹਾ ਖੋਲ੍ਹ, ਪੂਰਾ ਤੋਲ ਹਰਿ ਜੀ ਤੋਲਿਆ । ਅੱਠੇ ਪਹਿਰ ਕਰੇ ਕਲੋਲ, ਵਸੇ ਕਾਇਆ ਸੱਚੇ ਢੋਲ, ਬੇਮੁਖਾਂ ਨਾਲ ਕਦੇ ਨਾ ਬੋਲਿਆ । ਗੁਰਮੁਖ ਆਤਮ ਅੰਦਰ ਲੈਣਾ ਫੋਲ, ਸਾਚਾ ਲਾਲ ਕਿਉਂ ਰੋਲ ਵਰੋਲਿਆ । ਸ਼ਬਦ ਨਗਾਰਾ ਵੱਜੇ ਢੋਲ, ਹਰਿ ਜੀ ਵਸੇ ਸਦਾ ਕੋਲਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦਿਸੇ ਇਕ ਘਰ, ਨਾ ਕੋਈ ਰੱਖੇ ਪੜਦਾ ਉਹਲਿਆ ।

ਇਕ ਦਵਾਰਾ ਹਰਿ ਨਿਰੰਕਾਰਾ ਵਸਤ ਅਪਾਰਿਆ । ਹਰਿਜਨ ਮੰਗੇ ਬਣ ਭਿਖਾਰਾ, ਦੇਵੇ ਵਰ ਸੱਚੀ ਸਰਕਾਰਿਆ । ਆਤਮ ਜੋਤ ਕਰ ਉਜਿਆਰਾ, ਸਦ ਬਖ਼ਸ਼ੇ ਸਾਚੀ ਧਾਰਿਆ । ਆਪ ਵਖਾਏ ਪਾਰ ਕਿਨਾਰਾ, ਦਰਗਾਹ ਸਾਚੀ ਸਚ ਮਹੱਲ ਮੁਨਾਰਿਆ । ਜੋਤ ਨਿਰੰਜਣ ਖੇਲ ਅਪਾਰਾ, ਆਪੇ ਬਣੇ ਸਰਬ ਸਹਾਰਾ, ਨਾ ਕੋਈ ਜਾਣੇ ਜੰਤ ਗਵਾਰਾ, ਮਿਲਿਆ ਮੇਲ ਕੰਤ ਭਤਾਰਾ, ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚਾ ਮੀਤ ਮੁਰਾਰਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਕਲਜੁਗ ਅੰਤਮ ਭੇਖ ਧਰ, ਸਚ ਨਿਸ਼ਾਨ ਇਕ ਵਖਾ ਰਿਹਾ ।

ਸਚ ਨਿਸ਼ਾਨਾ ਜਾਏ ਝੁੱਲ, ਹਰਿ ਸਾਚਾ ਆਪ ਝੁਲਾਇੰਦਾ । ਕਲਜੁਗ ਤੇਰਾ ਪੈਣਾ ਮੁੱਲ, ਵੇਖ ਵਖਾਣੇ ਸਾਰੀ ਕੁਲ, ਸਾਚਾ ਲੇਖਾ ਆਪ ਲਿਖਾਇੰਦਾ । ਬੇਮੁਖਾਂ ਅੰਮ੍ਰਿਤ ਆਤਮ ਗਿਆ ਡੁੱਲ, ਕਿਸੇ ਹੱਥ ਨਾ ਆਏ ਪਾਣੀ ਚੁਲ, ਦਰ ਦਵਾਰੇ ਆਪ ਫਿਰਾਇੰਦਾ । ਜਗਤ ਅੰਧੇਰ ਜਾਣਾ ਝੁੱਲ, ਜੂਠੇ ਝੂਠੇ ਜਾਣੇ ਰੁਲ, ਇਕ ਉਖੇੜਾ ਹਰਿ ਲਗਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਸਾਚੇ ਤੋਲ ਜਾਣਾ ਤੁਲ, ਸੋਹੰ ਕੰਡਾ ਹਰਿ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਪਾਰ ਕਰਾਇੰਦਾ ।

ਆਦਿ ਨਮੋ ਆਦਿ ਨਮੋ ਆਦਿ ਨਮੋ ਜਗਤ ਗੁਰਦੇਵ ਸਵਾਮੀ ਆਦਿ ਨਮੋ । ਪਾਰਬ੍ਰਹਮ ਸਰਬ ਤਨੋ । ਗਿਆਨਵਾਨ ਗੁਣਵੰਤ ਸੋਭਾ ਤਨ ਸ਼ਿੰਗਾਰ ਕਨੋ । ਭਰਿਆ ਮਾਤ ਨਾਮ ਭੰਡਾਰ, ਵਣਜ ਕਰਾਏ ਹਰਿਜਨੋ । ਵੇਸ ਅਨੇਕ ਹਰਿ ਦਾਤਾਰ, ਬੇੜਾ ਆਪਣਾ ਬੰਨ੍ਹੋ । ਰੈਣ ਸਬਾਈ ਮੰਗਲਾਚਾਰ, ਲੱਗਾ ਭਾਗ ਕਾਇਆ ਤਨ ਤਨੋ । ਸਚ ਦਵਾਰਾ ਚਰਨ ਭਿਖਾਰ, ਸਾਚਾ ਨਾਤਾ ਪੁਰਖ ਬਿਧਾਤਾ, ਧਰਮ ਰਾਏ ਦਾ ਤੋੜ ਡੰਨੋ । ਨਰ ਹਰਿ ਸਾਚਾ ਸਚ ਪਛਾਤਾ, ਉਤਮ ਵੇਖੀ ਜਾਤਾ ਪਾਤਾ, ਹਰਿ ਦਵਾਰੇ ਦੋਏ ਪਾਲ ਚੋਬਦਾਰ ਸਚ ਗਨੋ । ਆਦਿ ਨਮੋ ਅਨਭੇਵ ਦੇਵ ਸਵਾਮੀਆ । ਕਥਨੀ ਕਥ ਨਾ ਰਸਨਾ ਸੇਵਿਆ । ਹਰਿਜਨ ਪੂਰਨ ਘਾਲ ਸਾਚੀ ਘਾਲੀ, ਦਰਗਾਹ ਸਾਚੀ ਮਿਲੇ ਧਾਮ ਬਿਸਰਾਮਿਆ । ਅੰਮ੍ਰਿਤ ਆਤਮ ਸਾਚਾ ਮੇਵ, ਫਲ ਖਵਾਏ ਆਪ ਬਦਾਮਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਉਜਿਆਰਾ ਆਪ ਕਰ, ਪਵਣ ਹੁਲਾਰਾ ਸਰਬ ਪਛਾਨਿਆ ।

ਆਦਿ ਸ਼ਬਦ ਸੁਨੇਹੜਾ ਦੇਵੇ ਸਾਧਨ ਸੰਤਿਆ । ਆਪੇ ਨਰ ਸੱਚਾ ਨਰੇਸ਼, ਕੰਤ ਕੰਤੂਲਾ ਸਾਚਾ ਕੰਤਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰੰਗਣ ਰੰਗ ਰੰਗਾਏ, ਮਾਤ ਵਖਾਏ ਏਕਾ ਬਸੰਤਿਆ ।

ਸਾਚਾ ਰੰਗ ਬਸੰਤ, ਹਰਿ ਇਕ ਚੜ੍ਹਾਈਆ । ਕਲਜੁਗ ਭੁੱਲੇ ਮਾਇਆ ਰੁਲੇ ਜੀਵ ਜੰਤ, ਨੌਂ ਦਵਾਰੇ ਹੋਏ ਹਲਕਾਈਆ । ਗੁਰ ਦਰ ਮੰਦਰ ਸਚ ਅਪਾਰਾ, ਏਕਾ ਵਸਿਆ ਹਰਿ ਨਿਰੰਕਾਰਾ, ਬੇਮੁਖਾਂ ਪੜਦਾ ਦਏ ਖੁਲ੍ਹਾਈਆ । ਦਸਵੇਂ ਘਰ ਜੋਤ ਉਜਿਆਰਾ, ਨੌਂ ਦਵਾਰੇ ਖੋਲ੍ਹੇ ਬਾਰਾ, ਪਹਿਲਾ ਤੱਤ ਆਪ ਵਿਚਾਰਾ । ਦੂਜੀ ਮਤ ਸਰਬ ਸੁੱਖ ਨਾਰਾ । ਤੀਜੇ ਰੱਤ ਅਗਨੀ ਧਾਰਾ । ਚੌਥੇ ਵਤ ਪੁਰਖ ਅਪਾਰਾ । ਪੰਜਵੇ ਸਤਿ ਪੁਰਖ ਨਿਰੰਜਣ, ਵੇਖੇ ਵਿਗਸੇ ਕਰ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਭਗਤ ਜਨਾਂ ਦੱਸੇ ਵਸੇ ਘਰ, ਬੇਮੁਖਾਂ ਕਰੇ ਬੰਦ ਕਿਵਾੜਾ ।

ਆਦਿ ਗੁਰ ਆਦਿ ਗੁਰ ਆਦਿ ਗੁਰ ਗੁਰ ਮੰਤਰ ਗੁਰ ਨਾਉਂ । ਮੇਲ ਮਿਲਾਏ ਪਾਰਬ੍ਰਹਮ ਸਚ ਥਾਉਂ । ਲਿਖਿਆ ਲੇਖ ਹਰਿਜਨ ਧੁਰ, ਚਰਨ ਪ੍ਰੀਤੀ ਜਾਏ ਜੁੜ, ਬੇੜਾ ਪਾਰ ਕਰਾਏ ਫੜ ਫੜ ਬਾਂਹੋਂ । ਆਪ ਚੜ੍ਹਾਏ ਸ਼ਬਦ ਘੋੜਾ ਪੁਰਖ ਅਬਿਨਾਸ਼ੀ ਆਤਮ ਰਥ, ਜੋਤੀ ਜੋਤ ਸਰੂਪ ਹਰਿ, ਸਰਬ ਗਤਾਂ ਗਤ ਆਪੇ ਜਾਣੇ ਵਡ ਦਾਤਾ ਬੇਪਰਵਾਹੋ ।

ਸ਼ਬਦ ਮੌਲਾਨਾ ਮੌਲਾਨਿਆ । ਸ਼ਬਦ ਸਿੰਘਾਸਣ ਸਾਚਾ ਥਾਉਂ, ਲੋਕਮਾਤ ਆਪ ਪਛਾਨਿਆ । ਗੁਰਮੁਖ ਸਾਚਾ ਸੰਤ ਦੁਲਾਰਾ ਆਪ ਬਿਠਾਏ ਵਿਚ ਗੁੜਗਾਉਂ, ਦੇਵੇ ਸ਼ਬਦ ਨਾਮ ਨਿਸ਼ਾਨਿਆ । ਕਰਨ ਆਇਆ ਠੰਡੀ ਛਾਂਓ, ਏਕਾ ਏਕ ਹਰਿ ਭਗਵਾਨਿਆ । ਗੁਰ ਗੋਬਿੰਦਾ ਤੇਰਾ ਨਾਉਂ, ਪਰਗਟ ਹੋਏ ਵਿਚ

ਜਹਾਨਿਆ । ਚਾਲੀ ਮੁਕਤੇ ਆਪ ਉਪਾਏ, ਜਗਤ ਸਾਚਾ ਹਰਿ ਕਰੇ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪਣੇ ਭਾਣੇ ਸਦ ਸਮਾਨਿਆ ।

ਗੁਰ ਗੋਬਿੰਦ ਗੁਰ ਲੇਖ ਲਿਖਾਇਆ । ਲਿਖਿਆ ਲੇਖ ਸਰਬ ਮਿਟਾਇਆ । ਸਰਸਾ ਤੇਰੀ ਕੀਆ ਭੇਟ, ਕਲਜੁਗ ਜੀਆਂ ਹੱਥ ਨਾ ਆਇਆ । ਨੇਹਕਲੰਕ ਖੇਵਟ ਖੇਟ, ਆਪੇ ਬੇੜਾ ਲਏ ਤਰਾਇਆ । ਕਲਜੁਗ ਕਹਿਰ ਵਰਤੇ ਉਪਰ ਧਰਤੇ, ਸਵਾ ਪਹਿਰ ਮਹੀਨਾ ਜੇਠ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਲਿਖਿਆ ਲਿਖਤ ਭਵਿਖਤਾਂ ਆਪੇ ਰਿਹਾ ਵਖਾਇਆ ।

ਲਿਖਿਆ ਲੇਖ ਲੇਖ ਕੁਰਾਨ, ਸਿੰਘ ਸਾਵਣ ਕੀਤੀ ਆਪ ਪਛਾਣ, ਸਚ ਮਹੱਲੇ ਇਕ ਟਿਕਾਇਆ । ਕਰ ਧਿਆਨ ਵੇਲੇ ਅੰਤ ਨੇਹਕਲੰਕ ਜਾਮਾ ਪਾਇਆ । ਹਾਕਨ ਡਾਕਨ ਸਿਰ ਮੁੰਡਵਾਇਆ । ਵੇਖ ਵਖਾਣੇ ਮਾਰ ਧਿਆਨ, ਚੌਥੀ ਕੂਟੇ ਆਪ ਦਬਾਇਆ । ਸੋਹੰ ਅੱਖਰ ਵਿਚ ਲਿਖਾਇਆ । ਸਿੰਘ ਜੈਮਲ ਜੋ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਲ ਸਤਰਾਵੇਂ ਦਇਆ ਕਮਾਏ, ਆਪਣੀ ਹੱਥੀਂ ਦਏ ਕਢਾਇਆ ।

ਸਾਲ ਸਤਾਰਵੇਂ ਲੇਖ ਸਤਾਰਾ । ਕੋਟਨ ਵਿਚੋਂ ਇਕ ਹਜਾਰਾ । ਇਕ ਹਜਾਰਾ ਹਰਿ ਦਵਾਰਾ । ਵੇਖ ਵਖਾਣੇ ਬਿਆਸ ਕਿਨਾਰਾ । ਸਾਚਾ ਝੰਡਾ ਆਪ ਉਠਾਏ, ਸੋਹੰ ਡੰਡਾ ਨਾਲ ਲਗਾਏ, ਵਰਭੰਡੀ ਵਰਭੰਡ ਸਮਾਏ, ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣੀ ਰਚਨਾ ਰਿਹਾ ਚਲਾਏ । ਗੁਰ ਗੋਬਿੰਦ ਲੇਖ ਲਿਖਾਇਆ । ਦਿਨ ਘੜੀ ਇਹ ਸਮਝਾਇਆ । ਭਾਣਾ ਮੰਨਣਾ ਸਿਰ ਤੇ ਆਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਤਮ ਅੰਦਰ ਡੇਰਾ ਲਾਇਆ । ਪੁਰੀ ਅਨੰਦ ਹੋਏ ਉਦਾਸੀ, ਨਗਰ ਖੇੜਾ ਭੇਵ ਨਾ ਪਾਇਆ । ਪਰਗਟ ਹੋਏ ਘਨਕਪੁਰ ਵਾਸੀ, ਸੰਬਲ ਦੇਸ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪਣਾ ਲੇਖਾ ਆਪੇ ਆਪ ਲਿਖਾਇਆ, ਸਾਚਾ ਲੇਖ ਲਿਖਈਆ ।

ਸੰਗਤ ਬਤਾਈ ਨੰਦ ਜੀ, ਪੁੱਛੇ ਰੀਤ । ਕਵਣ ਗੁਰੂ ਹੈ ਗੁਰ ਗੋਬਿੰਦੇ, ਕਵਣ ਬਣਾਇਆ ਸਾਚਾ ਮੀਤ । ਕਵਣ ਪਰਗਟ ਹੋਏ ਵਿਚ ਸਾਚੀ ਹਿੰਦੇ, ਕਵਣ ਸੁਣਾਏ ਸਾਚਾ ਗੀਤ । ਕਵਣ ਕਾਇਆ ਕਵਣ ਸੇਜ, ਕਵਣ ਕਾਅਬਾ ਆਸਣ ਲਾਇਆ, ਕਵਣ ਅਲ੍ਹਾ ਹੱਕ ਜਨਾਬਾ, ਕਵਣ ਵਜਾਏ ਤਨ ਰਬਾਬਾ, ਕਵਣ ਪਰਖੇ ਸਾਚੀ ਨੀਤ । ਜੋਤੀ ਜੋਤ ਸਰੂਪ ਹਰਿ, ਕਵਣ ਜੋਤ ਹੋਏ ਮਹਿਤਾਬਾ, ਕਾਇਆ ਕਰੇ ਠੰਡੀ ਸੀਤ ।

ਨੰਦ ਚੰਦ ਚੰਦ ਸੁੱਤ ਦੁਲਾਰੇ । ਗੁਰ ਗੋਬਿੰਦਾ ਬਚਨ ਉਚਾਰੇ । ਜੋਤੀ ਜਾਮਾ ਭੇਖ ਨਿਆਰੇ । ਛੱਡਣਾ ਦੇਸ ਕਾਇਆ ਪਿੰਡ, ਪਰਗਟ ਹੋਣਾ ਵਿਚ ਘਵਿੰਡ, ਝੰਡਾ ਝੁੱਲੇ ਵਿਚ ਸੰਸਾਰੇ । ਗੁਰਮੁਖਾਂ ਭਾਗ ਲਗਾਏ, ਜੋਤੀ ਨੂਰ ਕਰ ਅਕਾਰੇ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਰਸਾ ਤੇਰੀ ਭੇਟ ਕਰਾਏ, ਆਪ ਚਲਿਆ ਪਾਰ ਕਿਨਾਰੇ ।

ਸਰਸਾ ਤੇਰੀ ਭੇਟ ਚੜ੍ਹਾਈ । ਗੁਰ ਗੋਬਿੰਦੇ ਲਿਖਤ ਕਰਾਈ । ਨੇਹਕਲੰਕ ਲਏ ਪਰਗਟਾਈ । ਸਾਚਾ ਸ਼ਬਦ ਜੋਤੀ ਲਏ ਲਿਖਾਈ । ਬੀਸ ਇਕੀਸਾ ਭੇਵ ਖੁਲ੍ਹਾਈ । ਲਿਖਿਆ ਲੇਖ ਲਏ ਵਖਾਈ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਚਾਰੇ ਕੁੰਟਾਂ ਰਿਹਾ ਸੁਣਾਈ ।

ਸੰਬਲ ਦੇਸ ਸਾਚਾ ਰਾਜ । ਸਾਚੀ ਪੁਰੀ ਸਾਚਾ ਤਾਜ । ਸੋਹੰ ਸ਼ਬਦ ਮਾਰੇ ਅਵਾਜ਼ । ਕਲਜੁਗ ਅੰਤਮ ਰਚਿਆ ਕਾਜ । ਸਾਚਾ ਸਾਜਨ ਰਿਹਾ ਸਾਜ । ਚਾਰੋਂ ਕੁੰਟ ਕਰਾਏ ਭਾਜ । ਜਨ ਭਗਤਾਂ ਰੱਖਣ ਆਇਆ ਲਾਜ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਦੋ ਜਹਾਨਾਂ ਸਾਚਾ ਵਾਲੀ ਏਕਾ ਆਪਣੀ ਰੱਖੇ ਸਾਂਝ । ਗੁਰ ਗੋਬਿੰਦ ਖ਼ੁਸ਼ੀ ਮਨਾਈ । ਏਕਾ ਚੋਲਾ ਰੰਗ ਬਸੰਤੀ, ਵੇਲੇ ਅੰਤਮ ਤਨ ਛੁਹਾਈ । ਪਰਗਟ ਹੋਏ ਜੋਤ ਭਗਵੰਤੀ, ਭੇਸਾ ਵੇਸਾ ਦਏ ਖੁਲ੍ਹਾਈ । ਆਪੇ ਕਾਹਨਾ ਆਪੇ ਕੰਤੀ, ਜਗਤ ਬਣਾਏ ਸਗਲ ਬਣਤੀ, ਜੋਗੀ ਜੁਗਤਾ ਸਾਚੀ ਭੁਗਤਾ ਆਪਣੀ ਆਪੇ ਆਪ ਬਣਾਈ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਨਿਰਮਲ ਜੋਤੀ ਰਿਹਾ ਜਗਾਈ ।

ਸੰਬਲ ਦੇਸ ਸਾਜਨ ਸਾਜਿਆ । ਗੌੜ ਬ੍ਰਹਿਮਣ ਮਾਰੇ ਅਵਾਜ਼, ਪੁਰਖ ਅਬਿਨਾਸ਼ੀ ਗਰੀਬ ਨਿਵਾਜਿਆ । ਦਰ ਘਰ ਸਾਚੇ ਆਉਣਾ ਭਾਜ, ਸਿਰ ਰਖੌਣਾ ਸਾਚਾ ਤਾਜਿਆ । ਜਨ ਭਗਤਾਂ ਰੱਖਣੀ ਮਾਤ ਲਾਜ, ਆਪ ਸਵਾਰੇ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਪਰਗਟ ਹੋਏ ਦੇਸ ਮਾਝਿਆ ।

ਸੰਬਲ ਦੇਸ ਸਚ ਸਮਾਇਆ । ਕਾਇਆ ਕੱਚ ਕਿਸੇ ਦਿਸ ਨਾ ਆਇਆ । ਜੋਤ ਨਿਰੰਜਣ ਰਹੀ ਮੱਚ, ਲੋਕਮਾਤ ਹਰਿ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸ਼ਬਦ ਸਿੰਘਾਸਣ ਜੋਤ ਸਰੂਪੀ ਡੇਰਾ ਲਾਇਆ ।

ਸੰਬਲ ਦੇਸ ਸਾਚਾ ਡੇਰਾ । ਗੁਰਮੁਖਾਂ ਤਨ ਪਾਏ ਘੇਰਾ । ਕਦੇ ਨਾ ਹੋਏ ਅੰਧੇਰੀ ਰੈਣ, ਅੱਠੇ ਪਹਿਰ ਸੰਞ ਸਵੇਰਾ । ਲਾੜੀ ਮੌਤ ਨਾ ਖਾਏ ਡੈਣ, ਪੁਰਖ ਅਬਿਨਾਸ਼ੀ ਪਾਇਆ ਫੇਰਾ । ਪੁਰਖ ਅਬਿਨਾਸ਼ੀ ਰਸਨਾ ਕਿਸੇ ਨਾ ਸਕੇ ਕਹਿਣ, ਬੇਮੁਖਾਂ ਭੁਲਾਇਆ ਕਰ ਕਰ ਹੇਰਾ ਫੇਰਾ । ਲੱਖ ਚੁਰਾਸੀ ਡੁੱਬੀ ਵਹਿਣ, ਕਲਜੁਗ ਮਾਇਆ ਪਾਇਆ ਘੇਰਾ । ਜਨ ਭਗਤਾਂ ਚੁਕਾਏ ਲੈਣ ਦੇਣ, ਆਪੇ ਤਾਰੇ ਕਰ ਕਰ ਮਿਹਰਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜਗਤ ਭੁਲਾਏ ਕਰ ਕਰ ਹੇਰਾ ਫੇਰਾ ।

ਸੰਬਲ ਦੇਸ ਸੰਬਲ ਦਰ । ਸੰਬਲ ਦਰ ਨਰ ਨਰੇਸ਼ । ਨਰ ਹਰਿ ਨਰਾਇਣ ਅਵੱਲੜਾ ਭੇਸ । ਅਵੱਲੜਾ ਦੇਸ ਅਵੱਲੜਾ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰ ਗੁਰ ਦਸਮੇਸ ।

ਸੰਬਲ ਦੇਸ ਸਾਫ ਮੈਦਾਨਿਆ । ਜੂਠਾ ਝੂਠਾ ਨਾ ਕੋਈ ਦਿਸੇ ਰੁਖ, ਮਾਇਆ ਲੂਠਾ ਬਾਲਕ ਨਾਹੀ ਕੁੱਖ, ਏਕਾ ਜੋਤ ਸ੍ਰੀ ਭਗਵਾਨਿਆ । ਦਿਸ ਨਾ ਆਏ ਉਜਲ ਮੁੱਖ, ਨਾ ਕੋਈ ਜਾਣੇ ਪੰਚ ਸ਼ੈਤਾਨਿਆ । ਗੁਰਮੁਖ ਸਾਚੇ ਸੁਖਣਾ ਰਹੇ ਸੁਖ, ਕਲਜੁਗ ਵਸੂਰਾ ਉਤਰੇ ਦੁੱਖ, ਪਰਗਟ ਹੋਏ ਵਾਲੀ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸਾਚਾ ਦੇਸ ਆਪ ਪਛਾਨਿਆ ।

ਸੰਬਲ ਦੇਸ ਸਾਢੇ ਤਿੰਨ ਹੱਥ, ਜੋਤ ਨਿਰੰਜਣ ਆਪ ਜਗਾਈਆ । ਜਗਤ ਚਲਾਇਆ ਸਾਚਾ ਰਥ, ਸ਼ਬਦ ਘੋੜਾ ਰਿਹਾ ਜੁਆਈਆ । ਹੱਥ ਆਪਣੇ ਰੱਖੇ ਨੱਥ, ਲੋਆਂ ਪੁਰੀਆਂ ਰਿਹਾ ਦੌੜਾਈਆ । ਪਤਾਲ ਅਕਾਸ਼ ਚੜ੍ਹਨਾ ਨੱਠ, ਜੀਵਾਂ ਜੰਤਾਂ ਦਿਸ ਨਾ ਆਈਆ । ਆਪਣੀ ਲਖਣੀ ਰਿਹਾ ਲੱਖ, ਜੋਤੀ ਜੋਤ ਸਰੂਪ ਹਰਿ, ਸਰਬ ਕਲਾ ਆਪੇ ਸਮਰੱਥ, ਸੰਬਲ ਦੇਸ ਚਾਰ ਦਵਾਰੇ ਸਾਢੇ ਤਿੰਨ ਹੱਥ ਸੀਆਂ ਆਪ ਦਿਖਾਈਆ ।

ਸੰਬਲ ਦੇਸ ਸਾਢੇ ਤਿੰਨ ਹੱਥ ਸੀਆਂ, ਆਪ ਰਖਾਈ ਹਰਿ ਜੀ ਨੀਹਾਂ, ਨਾ ਕੋਈ ਜਾਣੇ ਜੰਤ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਗੌੜ ਬ੍ਰਹਿਮਣ ਕਰ ਪਿਆਰ ।

ਗੌੜ ਬ੍ਰਹਿਮਣ ਹਰਿ ਮਿਲਾਇਆ । ਕਾਇਆ ਮੰਦਰ ਵਿਚ ਸਮਾਇਆ । ਸ਼ਬਦ ਸਿੰਘਾਸਣ ਡੇਰਾ ਲਾਇਆ । ਫੜ ਕੇ ਬਾਂਹੋਂ ਆਪ ਸਵਾਇਆ । ਸੁਰਤੀ ਸ਼ਬਦੀ ਸ਼ਬਦੀ ਸੁਰਤੀ ਏਕਾ ਮੇਲਾ ਆਪ ਮਿਲਾਇਆ । ਗਿਆਨ ਬੋਧ ਬੋਧ ਅਗਾਧਾ, ਪੁਰਖ ਅਬਿਨਾਸ਼ੀ ਸਾਚਾ ਨਾਦਾ, ਏਕਾ ਸ਼ਬਦ ਹੱਥ ਫੜਾਇਆ । ਭੇਵ ਖੁਲ੍ਹਾਏ ਹਰਿ ਬ੍ਰਹਿਮਾਦਾ, ਏਕਾ ਦੇਵੇ ਸਾਚੀ ਦਾਦਾ, ਸਾਚਾ ਭੇਵ ਰਿਹਾ ਖੁਲ੍ਹਾਇਆ । ਆਪੇ ਪਿਤਾ ਆਪੇ ਦਾਦਾ, ਮਾਤ ਪਿਤ ਨਾ ਕੋਈ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਇਹ ਸਮਝਾਇਆ ।

ਗੌੜ ਬ੍ਰਾਹਮਣ ਬ੍ਰਹਮ ਪਛਾਨ । ਪਾਰਬ੍ਰਹਮ ਕਰ ਵੇਖ ਧਿਆਨ । ਸਾਚਾ ਧਰਮ ਧਰਮ ਨਿਸ਼ਾਨ । ਦੂਈ ਦਵੈਤੀ ਮਿਟੇ ਭਰਮ, ਇਕ ਉਠਾਉਣੀ ਤੀਰ ਕਮਾਨ । ਕਲਜੁਗ ਜੀਵਾਂ ਵੇਖੇ ਕਰਮ, ਥਾਉਂ ਥਾਈਂ ਬੇਈਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਸ੍ਰੀ ਭਗਵਾਨ ।

ਬ੍ਰਾਹਮਣ ਗੌੜਾ ਸ਼ਬਦ ਕਟਾਰ । ਸਾਢੇ ਤਿੰਨ ਹੱਥ ਲੰਬਾ ਚੌੜਾ, ਕਲਜੁਗ ਤੇਰੀ ਅੰਤਮ ਵਾਰ ਉਚ ਮੁਨਾਰ ਲੋਆਂ ਪੁਰੀਆਂ ਪਾਵੇ ਸਾਰ । ਚਾਰੋਂ ਕੁੰਟ ਰਿਹਾ ਦੌੜਾ, ਅੰਦਰ ਗੁਪਤ ਜਾਹਰ । ਆਪੇ ਵੇਖੇ ਮਿੱਠਾ ਕੌੜਾ, ਕਰੇ ਕਰਾਏ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਸ਼ਬਦ ਖੰਡਾ ਕਰ ਤਿਆਰ ।

ਸ਼ਬਦ ਖੰਡਾ ਕਰ ਤਿਆਰ, ਹਰਿ ਸਾਚੀ ਬਣਤ ਬਣਾਇੰਦਾ । ਚਾਰੋਂ ਕੁੰਟਾਂ ਵੇਖ ਵਖਾਣ, ਦਿਸ ਕਿਸੇ ਨਾ ਆਇੰਦਾ । ਸਾਚੇ ਘਰ ਸੱਚੀ ਸਰਕਾਰ, ਆਪਣਾ ਲੇਖਾ ਆਪ ਗਿਣਾਇੰਦਾ । ਕਲਜੁਗ ਵੇਖੇ ਠੱਗ ਚੋਰ ਯਾਰ, ਤਿਖੀ ਧਾਰ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਪਾਰ ਕਿਨਾਰਾ ਪਹਿਲੀ ਵਾਰਾ ਏਕਾ ਏਕ ਵਖਾਇੰਦਾ ।

ਕਲਜੁਗ ਤੇਰਾ ਪਾਰ ਕਿਨਾਰਾ । ਹਰਿ ਜੀ ਸਾਚੇ ਆਪ ਵਿਚਾਰਾ । ਸੰਬਲ ਦੇਸ ਕਰ ਉਤਾਰਾ । ਸਾਚੀ ਨਗਰੀ ਵਿਚ ਮਰਦੰਗ ਢੋਲ ਏਕਾ ਸਚ ਨਗਾਰਾ । ਨੇਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰਾ । ਸੰਬਲ ਦੇਸ ਉਚ ਮੁਨਾਰਾ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਕੀਆ ਖੇਲ ਅਪਰ ਅਪਾਰਾ । ਆਪ ਆਪਣਾ ਵਿਚ ਟਿਕਾਇਆ, ਲੋਆਂ ਪੁਰੀਆਂ ਵਸੇ ਬਾਹਰਾ । ਨੌਂ ਦਰਵਾਜੇ ਬੰਦ ਰਖਾਇਆ, ਦਸਵੇਂ ਭੇਦ ਅਪਰ ਅਪਾਰਾ । ਬੇਮੁਖ ਜੀਵਾਂ ਜੂਠਿਆਂ ਝੂਠਿਆਂ, ਮਾਇਆ ਰਾਣੀ ਝੂਠੇ ਧੰਦੇ ਲਾਇਆ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਏਕਾ ਨਾਮ ਜੋੜ ਜੁੜਾਇਆ ।

ਗੌੜ ਬ੍ਰਾਹਮਣ ਜੁੜਿਆ ਜੋੜਾ । ਪੁਰਖ ਅਬਿਨਾਸ਼ੀ ਇਕ ਲਿਆਇਆ ਸ਼ਬਦ ਘੋੜਾ । ਫੜ ਫੜ ਬਾਹੋਂ ਰਿਹਾ ਚੜ੍ਹਾਇਆ, ਜਗਤ ਮਲਾਹੀ ਆਪੇ ਦਰ ਦਵਾਰ ਬੋਹੜਾ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਆਪੇ ਪਰਖੇ ਮਿਠਾ ਕੌੜਾ ।

ਸੰਬਲ ਦੇਸ ਸੁਰਤ ਸੰਭਾਲੀਆ । ਪੁਰਖ ਅਬਿਨਾਸ਼ੀ ਦਇਆ ਕਮਾਏ, ਆਪ ਜਗਾਏ ਜੋਤ ਅਕਾਲੀਆ । ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਸਮਝਾਏ, ਕਲਜੁਗ ਰੈਣ ਘਟਾ ਕਾਲੀਆ । ਫੜ ਫੜ ਬਾਹੋਂ ਮਾਰਗ ਪਾਏ, ਧਰੂ ਬਾਲਕ ਅਨਾਥ ਸਮਝਾਏ, ਚਲਦਾ ਰਹੇ ਅਵੱਲੜੀ ਚਾਲੀਆ । ਪਰਗਟ ਹੋਏ ਦਰਸ ਦਿਖਾਏ, ਮਨ ਅੰਤਰ ਮੰਤਰ ਸ਼ਬਦ ਜਣਾਏ, ਹਰਿ ਦੱਸੇ ਰਾਹ ਸੁਖਾਲੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਫਲ ਲਗਾਏ ਕਾਇਆ ਸਾਚੀ ਡਾਲੀਆ ।

ਲੱਗਾ ਫਲ ਕਾਇਆ ਡਾਲ੍ਹ । ਪੁਰਖ ਅਬਿਨਾਸ਼ੀ ਜਗਤ ਦਲਾਲ । ਘਨਕਪੁਰ ਵਾਸੀ ਜੋਤ ਵਿਸਾਲ । ਗੁਰਮੁਖ ਸਾਚੇ ਲੱਭੇ ਲਾਲ । ਜੋਤ ਨਿਰੰਜਣ ਮਾਤ ਪਰਕਾਸ਼ੀ, ਰੱਖੇ ਦੀਪਕ ਸਾਚੇ ਥਾਲ । ਜੋਤੀ ਜੋਤ ਸਰੂਪ ਹਰਿ, ਨੇਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਵੇਖ ਵਖਾਣੇ ਆਪੇ ਚਲੇ ਨਾਲ ਨਾਲ ।

ਲੱਖ ਚੁਰਾਸੀ ਹਰਿ ਸਮਾਇਆ । ਕਲਜੁਗ ਜੀਵਾਂ ਦਿਸ ਨਾ ਆਇਆ । ਸ਼ਬਦ ਸਰੂਪੀ ਡੰਕ ਵਜਾਇਆ । ਆਪ ਉਠਾਏ ਰਾਓ ਰੰਕ, ਸ਼ਬਦ ਸੁਨੇਹੜਾ ਆਪ ਪੁਜਾਇਆ । ਪਰਗਟ ਹੋਏ ਵਾਸੀ ਪੁਰੀ ਘਨਕ, ਪੜਦਾ ਉਹਲਾ ਰਹੇ ਨਾ ਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਦੇ ਮਤ ਰਿਹਾ ਸਮਝਾਇਆ ।

ਵਾਲੀ ਹਿੰਦ ਕਰ ਧਿਆਨ । ਸ਼ਬਦ ਝੰਡਾ ਵਿਚ ਮੈਦਾਨ । ਨੌਂ ਖੰਡਾਂ ਕਰੇ ਆਪ ਪਛਾਨ । ਰਾਜ ਰਾਜਾਨਾਂ ਵੱਢੇ ਕੰਡਾਂ, ਹਰਿ ਹਰਿ ਵਾਲੀ ਦੋ ਜਹਾਨ । ਕਰੇ ਖੇਲ ਵਿਚ ਵਰਭੰਡਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚ ਭਗਤ ਭਗਵਾਨ ਆਪ ਪਛਾਨਿਆ ।

ਰਾਜ ਰਾਜਾਨਾਂ ਏਕਾ ਆਣ, ਦੇਵੇ ਮਾਣ ਮਾਣ ਨਿਮਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਨਿਆ । ।

. . . . . . . . . . . . . . ਹਰਿ ਨਿਸ਼ਾਨਾ ਹਰਿ ਬਣਾਉਣਾ । ਸੋਹੰ ਉਪਰ ਲੇਖ ਲਿਖਾਉਣਾ । ਕਾਲੀ ਧਾਰ ਨਾਲ ਜੁੜਾਉਣਾ । ਚਿੱਟਾ ਅੱਖਰ ਆਪੇ ਪਾਉਣਾ । ਕਰ ਕਰ ਵੱਖਰ ਲੋਕਮਾਤੀ ਵਿਚ ਰਖਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਖਾਉਣਾ । (੧ ਮਾਘ ੨੦੧੨ ਬਿ)

### ੧੮ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਨਿਸ਼ਾਨ ਸਾਹਿਬ ਦੇ ਪਾਸ ਜੋ ਸੱਤ ਰੰਗਾ ਚਵੀ ਹੱਥ ਉਚਾ ਹੈ ਵਿਹਾਰ ਹੋਇਆ

ਸਾਢੇ ਤਿੰਨ ਹੱਥ ਜੀਆ ਦਾਨ, ਪ੍ਰਭ ਦੇਵੇ ਸ੍ਰਿਸ਼ਟ ਸਬਾਈਆ । ਚਵੀ ਹੱਥ ਮਾਤ ਨਿਸ਼ਾਨ, ਉਚਾ ਲੰਮਾ ਰਿਹਾ ਰਖਾਈਆ । ਸੱਤਾਂ ਦੀਪਾਂ ਇਕ ਧਿਆਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਇਕ ਉਡਾਏ ਸ਼ਬਦ ਬਿਬਾਣ, ਚਾਰੇ ਕੁੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟਨ ਕੋਟੀ ਜਨਮ ਭਵਾਈਆ ।

ਜਗਤ ਨਿਸ਼ਾਨਾ ਸਤਿਜੁਗ, ਗੁਰ ਪੂਰੇ ਬਣਤ ਬਣਾਈਆ । ਕਲਜੁਗ ਔਧ ਗਈ ਪੁਗ, ਨੂਰੀ ਨੂਰੇ ਜੋਤ ਜਗਾਈਆ । ਮਨਮੁਖ ਜੀਵ ਜੂਠੀ ਝੂਠੀ ਚੋਗ ਰਿਹਾ ਚੁਗ, ਸ਼ਬਦ ਚੋਗ ਨਾ ਕੋਈ ਚੁਗਾਈਆ । ਕਲਜੁਗ ਮਾਇਆ ਮਮਤਾ ਰੋਗ, ਲੋਭ ਹੰਕਾਰਾ ਤਨ ਵਸਾਈਆ । ਗੁਰਮੁਖਾਂ ਮੇਲਾ ਧੁਰ ਸੰਜੋਗ, ਸਾਚੀ ਸੰਗਤ ਮੇਲ ਮਿਲਾਈਆ । ਦਰਸ ਦਿਖਾਏ ਹਰਿ ਅਮੋਘ, ਕਲ ਸਾਚੀ ਜੋਤ ਜਗਾਈਆ । ਆਦਿ ਅੰਤ ਨਾ ਹੋਏ ਵਿਜੋਗ, ਬੇੜਾ ਬੰਨਣਹਾਰ ਆਪ ਅਖਵਾਈਆ । ਵੇਖੇ ਖੇਲ ਤੀਨ ਲੋਕ, ਤ੍ਰੈਗੁਣ ਮਾਇਆ ਸੰਗ ਉਪਾਈਆ । ਲੱਖ ਚੁਰਾਸੀ ਦੇਵੇ ਝੋਕ, ਚੌਦਾਂ ਚੌਦਾਂ ਹੱਟ ਵਿਕਾਈਆ । ਪ੍ਰਭ ਕਾ ਭਾਣਾ ਨਾ ਕੋਈ ਸਕੇ ਰੋਕ, ਤੀਰਥ ਤਟ ਤਟ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਰਿਹਾ ਝੁਲਾਈਆ ।

ਜਗਤ ਨਿਸ਼ਾਨਾ ਰੰਗ ਸੱਤ, ਪ੍ਰਭ ਸਾਚੇ ਮਾਤ ਰੰਗਾਇਆ । ਨੌਂ ਖੰਡ ਪ੍ਰਿਥਮੀ ਏਕਾ ਮੱਤ, ਏਕਾ ਬੂਝ ਬੁਝਾਇਆ । ਲੱਖ ਚੁਰਾਸੀ ਉਬਲੇ ਰੱਤ, ਨਾ ਧੀਰ ਕੋਇ ਧਰਾਇਆ । ਜਨ ਭਗਤਾਂ ਜਾਣੇ ਮਿਤ ਗਤ, ਕਾਇਆ ਮੰਦਰ ਆਸਣ ਲਾਇਆ । ਅੰਤਮ ਰਖਣਹਾਰਾ ਪੱਤ, ਪਤ ਪਤਵੰਤਾ ਆਖ ਅਖਵਾਇਆ । ਚਰਨ ਪ੍ਰੀਤੀ ਬੰਨੇ ਨੱਤ, ਸਾਚਾ ਨਾਤਾ ਮਾਤ ਬੰਧਾਇਆ । ਸਗਲ ਵਸੂਰੇ ਗਏ ਲੱਥ, ਜਿਸ ਜਨ ਦਰ ਘਰ ਸਾਚੇ ਦਰਸ਼ਨ ਪਾਇਆ । ਲੇਖ ਮਿਟਾਏ ਸੀਆਂ ਸਾਢੇ ਤਿੰਨ ਹੱਥ, ਤਿੰਨ ਹੱਥ ਚਿੱਟਿਆ ਮੰਦਰ ਦਏ ਸੁਹਾਇਆ । ਆਪ ਚੜ੍ਹਾਏ ਸਾਚੇ ਰਥ, ਧੁਰ ਦਰਗਾਹੀ ਲੈ ਕੇ ਆਇਆ । ਸ਼ਬਦ ਜਣਾਏ ਅਕਥਨਾ ਅਕੱਥ, ਧੁਨ ਆਤਮਕ ਸ਼ਬਦ ਵੈਰਾਗ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਇਕ ਧਰਮ ਵਰਭੰਡੀ ਆਪ ਝੁਲਾਇਆ ।

ਵਰਭੰਡੀ ਤੇਰਾ ਸਚ ਨਿਸ਼ਾਨ, ਪ੍ਰਭ ਆਪੇ ਆਪ ਝੁਲਾਇੰਦਾ । ਆਪੇ ਜਾਣੇ ਆਪਣੀ ਆਣ, ਵਾਲੀ ਹਿੰਦ ਹੁਕਮ ਸੁਣਾਇੰਦਾ । ਅੱਸੂ ਤਿੰਨ ਕਰੇ ਧਿਆਨ, ਪੰਚਾਂ ਸੰਗ ਰਲਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨ, ਦਿਸ ਕਿਸੇ ਨਾ ਆਇੰਦਾ । ਗੁਰ ਗੋਬਿੰਦਾ ਮਿਲਿਆ ਨੌਜਵਾਨ, ਸਾਚਾ ਹਾਣੀ ਮੇਲ ਮਿਲਾਇੰਦਾ । ਸ਼ਬਦ ਫੜੇ ਤੀਰ ਕਮਾਨ, ਤਨ ਗਾਤਰੇ ਆਪ ਲਟਕਾਇੰਦਾ । ਬਜਰ ਕਪਾਟੀ ਸਚ ਮਿਆਨ, ਨਾ ਕੋਈ ਫੋਲ ਫੁਲਾਇੰਦਾ । ਲੱਖ ਚੁਰਾਸੀ ਲਾਹੇ ਘਾਣ, ਅੰਦਰ ਬੈਠਾ ਵਾਰ ਚਲਾਇੰਦਾ । ਕਲਜੁਗ ਤੇਰੀ ਅੰਤਮ ਵੇਖ ਮਕਾਣ, ਪ੍ਰਭ ਭੇਖ ਭੇਖ ਵਟਾਇੰਦਾ । ਚਾਰੋਂ ਕੁੰਟ ਝੂਠ ਮਕਾਨ, ਸਚ ਸਮਗਰੀ ਨਾ ਕੋਇ ਰਖਾਇੰਦਾ । ਸ਼ਾਹ ਸੁਲਤਾਨਾਂ ਵੇਖੇ ਪਰਖੇ ਆਪੇ ਆਣ, ਆਪ ਆਪਣੀ ਬਣਤ ਬਣਾਇੰਦਾ । ਦਿੱਲੀ ਤਖ਼ਤ ਹਰਿ ਰਾਜ ਰਾਜਾਨ, ਪੰਚਮ ਮੀਤਾ ਚਰਨ ਛੁਹਾਇੰਦਾ । ਅੱਸੂ ਤਿੰਨ ਸਚ ਦਿਹਾੜਾ, ਪ੍ਰਭ ਸਾਚੇ ਜੋਤ ਜਗਾਵਨੀ । ਇਕ ਕਰਾਏ ਸ਼ਬਦ ਅਖਾੜਾ, ਰਾਗ ਰਾਗਨੀ ਸੰਗ ਰਲਾਵਨੀ । ਵੇਖੇ ਖੇਲ ਬਹੱਤਰ ਨਾੜਾ, ਹਾਡੀ ਹਾਡੀ ਭੇੜ ਭਿੜਾਵਨੀ । ਪਰਗਟ ਹੋਏ ਸਾਚਾ ਲਾੜਾ, ਸਾਚੇ ਘੋੜੇ ਵਾਗ ਫੜਾਵਨੀ । ਆਪੇ ਹੋਏ ਪਿਛੇ ਅਗਾੜਾ, ਗੁਰਮੁਖਾਂ ਦਾਮਨ ਰੱਖੇ ਸਾਚਾ ਦਾਮਨੀ । ਜ਼ਿਮੀ ਅਸਮਾਨਾ ਤੁਟੇ ਪਾੜਾ, ਲੇਖ ਲਿਖਾਏ ਸਤਾਰਾਂ ਹਾੜਾ, ਕਲਜੁਗ ਮਿਟੇ ਅੰਧੇਰੀ ਸ਼ਾਮਨੀ । ਮਾਝਾ ਦੇਸ਼ ਹੋਏ ਉਜਾੜਾ, ਪੁਰਖ ਅਗੰਮੀ ਮਾਰੇ ਧਾੜਾ, ਜਿਉਂ ਲੰਕਾ ਢਾਹੇ ਰਾਮਾ ਰਾਵਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਇਕ ਕਰ, ਹਰਿ ਸਾਚੀ ਬਣਤ ਬਣਾਵਨੀ ।

ਜਗਤ ਨਿਸ਼ਾਨਾ ਸਤ ਰੰਗ, ਸਤਾਂ ਦੀਪਾਂ ਡੰਨਿਆ । ਧਰਮ ਮਾਤ ਮੰਗੀ ਸਾਚੀ ਮੰਗ, ਸਤਿਜੁਗ ਸਾਚੇ ਬੇੜਾ ਬੰਨ੍ਹਿਆ । ਲੋਆਂ ਪੁਰੀਆਂ ਵੇਖੇ ਲੰਘ, ਬ੍ਰਹਮਾ ਸ਼ਿਵ ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਦੇਵੇ ਡੰਨਿਆ । ਹਰਿ ਸ਼ਬਦ ਵਸੇਰਾ ਨਾ ਕੋਈ ਛੱਪਰੀ ਨਾ ਕੋਈ ਛੰਨ, ਜਨ ਭਗਤਾਂ ਬੇੜਾ ਬੰਨ੍ਹਿਆ । ਗੁਰ

ਸੰਗਤ ਮੁੱਖੋਂ ਕਹਿਣਾ ਧੰਨ ਧੰਨ, ਪ੍ਰਭ ਦਿਸ ਨਾ ਆਏ ਆਤਮ ਅੰਨ੍ਹਿਆਂ । ਗੁਰਮੁਖ ਆਤਮ ਗਿਆ ਮੰਨ, ਪ੍ਰਭ ਸਾਚੇ ਬੇੜਾ ਬੰਨ੍ਹਿਆ । ਭਰਮ ਭੁਲੇਖਾ ਕੱਢਿਆ ਜਨ, ਸ਼ਬਦ ਚੜ੍ਹਾਇਆ ਸਾਚਾ ਚੰਨਿਆ । ਰਾਏ ਧਰਮ ਨਾ ਲਾਹੇ ਡੰਨ, ਲੱਖ ਚੁਰਾਸੀ ਕਰੇ ਬੰਨਿਆ । ਜਗਤ ਵਿਕਾਰਾ ਖੰਨ ਖੰਨ, ਏਕਾ ਰਾਗ ਸੁਣਾਏ ਕੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਮਨ ਭਵੰਨਿਆ ।

ਹਰਿ ਅਵੱਲੜੀ ਕਾਰ ਅਵੱਲੜੀ ਰੀਤਿਆ । ਦੁਹਰੀ ਧਾਰਾ ਜਗਤ ਵਖਾਏ ਇਕ ਅਤੀਤਿਆ । ਦੁਹਰੀ ਧਾਰਾ ਜਗਤ ਵਖਾਏ ਕਲਜੁਗ ਅੰਤਮ ਜਾਏ ਬੀਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਆਪਣੀ ਰੀਤਿਆ । ਸਾਚੀ ਰੀਤੀ ਸਤਿ ਪੁਰਖ, ਜੁਗ ਜੁਗ ਮਾਤ ਚਲਾਇੰਦਾ । ਆਪੇ ਆਪ ਕਰਤਾ ਪੁਰਖ, ਨਿਰਭੈ ਰੂਪ ਸਮਾਇੰਦਾ । ਕਦੇ ਸੋਗ ਨਾ ਕਦੇ ਹਰਖ, ਏਕਾ ਰੰਗ ਰੰਗਾਇੰਦਾ । ਗੁਰਮੁਖ ਸਾਚੇ ਰਿਹਾ ਪਰਖ, ਘਸਵਟੀ ਨਾਮ ਰਖਾਇੰਦਾ । ਅੰਤਮ ਵੇਲੇ ਕਰੇ ਤਰਸ, ਸਾਚੀ ਹਾਟੀ ਇਕ ਵਖਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਕਾਇਆ ਮਾਟੀ ਤਾਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਨਿਸ਼ਾਨਾ ਇਕ ਕਰ, ਸੱਤਾਂ ਦੀਪਾਂ ਆਪ ਝੁਲਾਇੰਦਾ ।

ਜਗਤ ਨਿਸ਼ਾਨਾ ਸਾਢੇ ਤਿੰਨ ਹੱਥ, ਪ੍ਰਭ ਚਾਰੋਂ ਕੁੰਟ ਬਣਾਇੰਦਾ । ਵੇਖੇ ਖੇਲ ਹਰਿ ਸਮਰੱਥ, ਸਤਿਜੁਗ ਸਾਚਾ ਰਾਹ ਚਲਾਇੰਦਾ । ਲੱਖ ਚੁਰਾਸੀ ਪਾਵੇ ਨੱਥ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਦਰ ਫਿਰਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਤਮ ਦੇਵੇ ਬ੍ਰਹਮ ਗਿਆਨਾ, ਜੋਤ ਸਰੂਪੀ ਹਰਿ ਭਗਵਾਨਾ, ਏਕਾ ਬਖ਼ਸ਼ੇ ਨਾਮ ਨਿਸ਼ਾਨਾ, ਧੁਰ ਦਰਗਾਹੀ ਸੰਗ ਰਖਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪ ਰਮਈਆ ਆਪੇ ਰਾਮਾ, ਆਪ ਪਿਆਏ ਅੰਮ੍ਰਿਤ ਜਾਮਾ, ਲੱਖ ਚੁਰਾਸੀ ਮਿਟੇ ਸ਼ਾਮਾ, ਭਗਤ ਉਧਾਰੇ ਬਿਦਰ ਸੁਦਾਮਾ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਵਜਾਏ ਸ਼ਬਦ ਦਮਾਮਾ, ਪੁਰੀਆਂ ਲੋਆਂ ਲੋਆਂ ਪੁਰੀਆਂ ਪਾਤਾਲ ਆਕਾਸ਼ਾਂ ਆਪਣਾ ਆਪ ਸੁਣਾਇੰਦਾ ।

ਸ਼ਬਦ ਦਮਾਮ ਵਜਿਆ, ਕਲਜੁਗ ਅੰਤਮ ਵਾਰ । ਜੋਤੀ ਸਰੂਪੀ ਹਰਿ ਹਰਿ ਗੱਜਿਆ, ਨੇਹਕਲੰਕੀ ਜਾਮਾ ਧਾਰ । ਗੁਰ ਗੋਬਿੰਦਾ ਸਤਿਗੁਰ ਸਾਚਾ, ਸੋਹੰ ਫੜ ਸ਼ਬਦ ਤੇਗ ਕਟਾਰ । ਅੰਮ੍ਰਿਤ ਪੀ ਪੀ ਰੱਜਿਆ, ਆਪੇ ਵਸੇ ਪਾਰ ਕਿਨਾਰ । ਹਰਿ ਹਰਿ ਨਰ ਨਰ ਹੋਵੇ ਖੱਬੇ ਸੱਜਿਆ, ਆਪੇ ਹੋਏ ਪਿਛੇ ਅਗਾੜ੍ਹ । ਭਾਗ ਲੱਗੇ ਦੇਸ ਮਾਝਿਆ, ਸਤਿਜੁਗ ਸਾਚਾ ਖੋਲ੍ਹੇ ਦਵਾਰ । ਚਾਰ ਵਰਨਾਂ ਏਕ ਹਾਜੀ ਹੱਜਿਆ, ਮੱਕਾ ਕਾਅਬਾ ਹੋਏ ਖੁਵਾਰ । ਜੋ ਘੜਿਆ ਸੋ ਭੱਜਿਆ, ਕਲਜੁਗ ਤੇਰੀ ਅੰਤਮ ਵਾਰ । ਸਤਿਜੁਗ ਸਾਚਾ ਤਾਲ ਵਜਿਆ, ਪ੍ਰਭ ਆਪ ਵਜਾਵਣਹਾਰ । ਚਰਨ ਧੂੜ ਇਸ਼ਨਾਨ ਕਰਾਏ ਸਾਚਾ ਮਜਿਆ, ਦੁਰਮਤ ਮੈਲ ਦਏ ਉਤਾਰ । ਦਰ ਦਵਾਰੇ ਜੋ ਜਨ ਆਏ ਭੱਜਿਆ, ਲੱਖ ਚੁਰਾਸੀ ਉਤਰੇ ਪਾਰ । ਕਿਸੇ ਲਾਉਣ ਨਾ ਦੇਵੇ ਅੱਜਿਆ ਪੱਜਿਆ, ਸੰਮਤ ਸੋਲਾਂ ਹੱਥ ਫੜੇ ਤੇਜ ਕਟਾਰ । ਜਨ ਭਗਤਾਂ ਰੱਖੇ ਲਜਿਆ, ਹਰਿ ਪੁਰਖਾ ਸਚ ਭਤਾਰ । ਮਨਮੁਖਾਂ ਮਾਇਆ ਮਮਤਾ ਦਜਿਆ, ਅਗਨੀ ਜੋਤੀ ਲਾਏ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਏਕਾ ਰੀਤਾ ਦਿਹੁਰਾ ਗੁਰਦਵਾਰਾ ਮੰਦਰ ਮਸੀਤਾ, ਸਭ ਤੋਂ ਵਸੇ ਆਪੇ ਬਾਹਰ ।

ਮੰਦਰ ਮਸੀਤ ਨਾ ਗੁਰੂਦਵਾਰ, ਪ੍ਰਭ ਸਾਚੇ ਜੋਤ ਜਗਾਈਆ । ਆਪੇ ਵਸੇ ਗੁਪਤ ਜਾਹਿਰ, ਦਿਸ ਕਿਸੇ ਨਾ ਆਈਆ । ਭੇਖਧਾਰੀ ਦਰ ਦਰ ਖ਼ਵਾਰ, ਗੁਰ ਗੋਬਿੰਦ ਸਾਰ ਨਾ ਪਾਈਆ । ਨਾਤਾ ਤੋੜੇ ਊਚਾਂ ਨੀਚਾਂ ਏਕਾ ਬਖ਼ਸ਼ੇ ਚਰਨ ਪਿਆਰ, ਰਾਜ ਰਾਜਾਨਾ ਦਰ ਦਰ ਫਿਰਾਈਆ । ਸਰਬ ਜੀਆਂ ਪ੍ਰਭ ਸਾਂਝਾ ਯਾਰ, ਜੋਤੀ ਜਾਮਾ ਭੇਖ ਵਟਾਈਆ । ਕਰਮ ਕੁਕਰਮਾਂ ਰਿਹਾ ਵਿਚਾਰ, ਕਲਜੁਗ ਲੇਖਾ ਰਿਹਾ ਮੁਕਾਈਆ । ਧਰਮ

ਦਵਾਰੇ ਹਾਹਾਕਾਰ, ਲੱਖ ਚੁਰਾਸੀ ਦਏ ਦੁਹਾਈਆ । ਚਿਤਰ ਗੁਪਤ ਲੇਖ ਲਿਖਾਰ, ਅਠਾਈ ਕੁੰਡਾਂ ਬੂਹਾ ਲਾਹੀਆ । ਛੋਟਾ ਮੁੰਡਾ ਕਰ ਤਿਆਰ, ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਸਿੰਘ ਮਨਜੀਤਾ ਅੱਗੇ ਲਾਈਆ । ਨੌਂ ਦਵਾਰੇ ਹੋਇਆ ਬਾਹਰ, ਇਕ ਉਡਿਆ ਸ਼ਬਦ ਉਡਾਰ, ਪੁਰੀ ਇੰਦਰ ਰਾਹ ਵਖਾਈਆ । ਕਰੋੜ ਤੇਤੀਸਾ ਮਾਰੇ ਮਾਰ, ਸੋਹੰ ਖੰਡਾ ਫੜ ਦੋ ਧਾਰ, ਨੇਹਕਲੰਕ ਨਰ ਅਵਤਾਰ, ਸ਼ਬਦ ਸਰੂਪੀ ਖ਼ਬਰਦਾਰ, ਦੇਵੀ ਦੇਵ ਹਾਹਾਕਾਰ, ਨਾ ਹੋਏ ਕੋਇ ਸਹਾਈਆ । ਪੁਰਖ ਅਬਿਨਾਸ਼ੀ ਨਰ ਅਵਤਾਰ, ਘਨਕਪੁਰ ਵਾਸੀ ਖੇਲ ਅਪਾਰ, ਮਦਿਰਾ ਮਾਸੀ ਕਰੇ ਖ਼ਵਾਰ, ਨਾਤਾ ਤੁਟੇ ਭੈਣਾ ਭਾਈਆ । ਸ਼ਬਦ ਰੰਗਾਇਆ ਸਚ ਰੰਗ, ਪ੍ਰਭ ਸਾਚੀ ਬਣਤ ਬਣਾਈਆ । ਨਾਮ ਡੋਰੀ ਚੜ੍ਹੇ ਪਤੰਗ, ਆਪੇ ਆਪ ਰਿਹਾ ਉਠਾਈਆ । ਵੇਖ ਵਖਾਣੇ ਗੋਦਾਵਰੀ ਗੰਗ, ਅਠ ਸਠ ਤੀਰਥ ਚਰਨ ਛੁਹਾਈਆ । ਕਵਣ ਦਵਾਰਾ ਵਜੇ ਮਰਦੰਗ, ਠਾਕਰ ਦਵਾਰਾ ਗੁਰ ਦਰ ਮੰਦਰ ਨਾਦ ਅਨਾਦਾ ਰਿਹਾ ਵਜਾਈਆ । ਲੱਖ ਚੁਰਾਸੀ ਭੌਂਦੀ ਬੰਦਰ, ਗੁਰ ਗੋਬਿੰਦ ਦਿਸ ਨਾ ਆਈਆ । ਪੁਰਖ ਅਬਿਨਾਸ਼ੀ ਵਸਿਆ ਅੰਦਰ, ਸਚ ਸਿੰਘਾਸਣ ਡੇਰਾ ਲਾਈਆ । ਉਚੇ ਟਿਲੇ ਫਿਰ ਫਿਰ ਥੱਕੇ ਗੋਰਖ ਮਛੰਦਰ, ਕਾਇਆ ਮੂੰਡ ਮੁੰਡਾਈਆ । ਕਰੋੜ ਤੇਤੀਸਾ ਰੋਵੇ ਅੰਦਰ, ਨਾ ਕੋਈ ਹੋਏ ਸਹਾਈਆ । ਕਾਹਨਾ ਕ੍ਰਿਸ਼ਨਾ ਵੇਖੇ ਬਨ ਬਿੰਦਰ, ਜੀਵ ਜੰਤ ਫਿਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਇਕ ਘਰ, ਸਰ ਅੰਮ੍ਰਿਤ ਲੇਖ ਲਿਖਾਈਆ ।

ਸਰ ਅੰਮ੍ਰਿਤ ਅੰਮ੍ਰਿਤ ਰਸ, ਗੁਰ ਘਰ ਕਿਸੇ ਨਾ ਪਾਇਆ । ਮਦਿਰਾ ਮਾਸੀ ਗਏ ਵਸ, ਸਾਚਾ ਰਾਹ ਭੁਲਾਇਆ । ਅੰਤਮ ਪੈਂਡਾ ਮੁੱਕੇ ਨੱਸ ਨੱਸ, ਬਿਆਸ ਕਿਨਾਰਾ ਇਕ ਵਖਾਇਆ । ਸੰਮਤ ਸੋਲਾਂ ਰਿਹਾ ਦੱਸ, ਕੋਇ ਹੋਏ ਨਾ ਕਿਸੇ ਸਹਾਇਆ । ਨਾ ਕੋਈ ਸਕੇ ਕਮਰ ਕਸ, ਹੱਥ ਕਿਰਪਾਨ ਨਾ ਕੋਇ ਉਠਾਇਆ । ਪੁਰਖ ਅਬਿਨਾਸ਼ੀ ਚਰਨਾਂ ਹੇਠਾਂ ਦੇਵੇ ਝੱਸ, ਰੰਗ ਸੁਨਿਹਰੀ ਕਲਜੁਗ ਵਰਤੇ ਕਹਿਰੀ, ਆਪਣਾ ਭੇਖ ਵਟਾਇਆ ।

ਚਾਰੋਂ ਕੁੰਟ ਦਿਸਣ ਵੈਰੀ, ਮੁਗਲ ਪਠਾਣਾ ਸ਼ੇਰ ਦਲੇਰੀ, ਸੱਤਰ ਲੱਖ ਰਿਹਾ ਚੜ੍ਹਾਇਆ । ਮਾਇਆਧਾਰੀ ਢਹਿ ਢਹਿ ਢੇਰੀ, ਉਚੇ ਮੰਦਰ ਫਿਰੇ ਹਨੇਰੀ, ਗੁਰ ਦਰ ਕੋਈ ਦਿਸ ਨਾ ਆਇਆ । ਕਲਜੁਗ ਤੇਰੀ ਵਰਤੇ ਕਹਿਰੀ, ਨਾ ਕੋਈ ਦਿਸੇ ਨਗਰ ਸ਼ਹਿਰੀ, ਪੁਰਖ ਅਬਿਨਾਸ਼ੀ ਏਕਾ ਕਾਮ ਆਪਣੇ ਹੱਥ ਰਖਾਇਆ । ਲੇਖਾ ਚੁਕੇ ਜਗਤ ਦਾਮ, ਏਕਾ ਪੱਲੇ ਰਹਿ ਜਾਏ ਨਾਮ, ਗੁਰਮੁਖ ਵਿਰਲਾ ਬਣੇ ਵਣਜ ਵਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਮਿਟੇ ਸ਼ਾਮ, ਫੜ ਸ਼ਬਦ ਖੰਡਾ ਦੋ ਧਾਰੀ । ਸ਼ਬਦ ਖੰਡਾ ਹੱਥ ਕਟਾਰ, ਪ੍ਰਭ ਸਾਚਾ ਹੱਥ ਰਖਾਇੰਦਾ ।

ਸੋਲਾਂ ਕਰ ਤਨ ਸ਼ਿੰਗਾਰ, ਚਿੱਟਾ ਅਸਵ ਕਸਾਇੰਦਾ । ਕਲਗੀ ਤੋੜਾ ਨਾਮ ਅਪਾਰ, ਜਗਤ ਜਗਦੀਸ ਸੀਸ ਟਿਕਾਇੰਦਾ । ਜੋਤੀ ਨੂਰਾ ਸ਼ਬਦ ਸਰੂਰਾ, ਸਾਚਾ ਰਾਹ ਵਖਾਇੰਦਾ । ਲੋਆਂ ਪੁਰੀਆਂ ਏਕਾ ਪੌੜਾ, ਨਾ ਕੋਈ ਜਾਣੇ ਲੰਮਾ ਚੌੜਾ, ਸੋਹੰ ਸੋ ਲਗਾਇੰਦਾ । ਆਪੇ ਹੋਏ ਬ੍ਰਹਿਮਣ ਗੌੜਾ, ਪੂਤ ਸਪੂਤਾ ਆਪ ਉਪਾਇੰਦਾ । ਸੰਬਲ ਨਗਰੀ ਵੇਖੇ ਮਿਠਾ ਕੌੜਾ, ਨੌਂ ਦਰ ਵੇਖ ਵਖਾਇੰਦਾ । ਧੁਰ ਦਰਗਾਹੀ ਆਇਆ ਦੌੜਾ, ਨੀਲਾ ਘੋੜਾ ਪੌੜ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਚ ਨਿਸ਼ਾਨਾ, ਏਕਾ ਝੁਲੇ ਵਿਚ ਜਹਾਨਾ, ਹਰਿ ਸਾਚੀ ਬਣਤ ਬਣਾਇੰਦਾ ।

ਸਾਚੀ ਸਤਿਜੁਗ ਧਾਰ, ਪ੍ਰਭ ਲਾਲ ਰੰਗ ਗੁਲਾਲਿਆ । ਲੱਖਣ ਦੀਪ ਅਪਰ ਅਪਾਰ, ਚਲੇ ਅਵੱਲੜੀ ਚਾਲਿਆ । ਕੰਚਨ ਰੂਪ ਕਰੌਚ ਕਰ, ਫਲ ਵੇਖੇ ਸ੍ਰਿਸ਼ਟ ਸਬਾਈ ਡਾਲਿਆ । ਪੁਸ਼ਕਰ ਨੀਲੀ ਧਾਰ ਵਰੋਲੇ

ਦਸੇ ਰਾਹ ਸੁਖਾਲਿਆ । ਜੰਬੂ ਦੀਪ ਏਕਾ ਘਰ, ਮੇਟ ਮਿਟਾਏ ਘਟਾ ਕਾਲਿਆ । ਸੂਹਾ ਪੀਲਾ ਮਿਲੇ ਵਰ, ਸ਼ਾਨ ਸਲਮਲ ਆਪ ਲਿਖਾਲਿਆ । ਕਲਜੁਗ ਤੇਰੀ ਕਾਲੀ ਧਾਰ, ਕੁਸ਼ਾ ਰੂਪ ਵਟਾ ਲਿਆ । ਪ੍ਰਭ ਵੇਖੇ ਖੇਲ ਵਿਚ ਸੰਸਾਰ, ਦਹਿ ਦਿਸ਼ਾ ਭੇਖ ਵਟਾ ਲਿਆ । ਭੇਖ ਮਿਟਾਏ ਮੁਹੰਮਦੀ ਯਾਰ, ਅੰਜ਼ੀਲ ਕੁਰਾਨਾ ਕੱਢੇ ਦਵਾਲਿਆ । ਮੱਕਾ ਮਦੀਨਾ ਪਾਵੇ ਸਾਰ, ਸੰਮਤ ਉਨੀ ਅਲ੍ਹਾ ਰਾਣੀ ਪਾੜੇ ਚੁੰਨੀ, ਕਰੇ ਖੇਲ ਅਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਨਿਸ਼ਾਨਾ ਜਗਤ ਵਰ, ਆਪਣੀ ਹੱਥੀਂ ਆਪ ਬਣਾ ਲਿਆ ।

ਇਕ ਨਿਸ਼ਾਨਾ ਇਕ ਬਣਤ, ਧੁਰ ਦਰਗਾਹ ਬਣਾਈਆ । ਲੇਖਾ ਲਿਖਣਹਾਰਾ ਹਰਿ ਹਰਿ ਸਾਚਾ ਮਹਿੰਮਾ ਅਗਣਤ, ਗਣੀ ਨਾ ਜਾਈਆ । ਨਾ ਕੋਈ ਜਾਣੇ ਜੀਵ ਜੰਤ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਗੁਰਮੁਖ ਵਿਰਲੇ ਏਕਾ ਸ਼ਬਦ ਆਤਮ ਮਿਲਾ ਅਭੇਵ ਅਭੇਦ ਦਏ ਖੁਲ੍ਹਾਈਆ । ਮਿਲੇ ਮੇਲ ਹਰਿ ਦਾਤਾ ਗੁਣਵੰਤ, ਅਛਲ ਅਛੇਦਾ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚਾਰ ਵੇਦਾਂ ਰਿਹਾ ਮੁਕਾਈਆ ।

ਚਾਰ ਵੇਦ ਮਾਰ ਧਿਆਨ, ਬ੍ਰਹਮੇ ਰਿਹਾ ਜਗਾਇਆ । ਸਤਿਜੁਗ ਦੁਆਪਰ ਤ੍ਰੇਤਾ ਕਲਜੁਗ ਵੇਖ ਮਕਾਨ, ਪ੍ਰਭ ਲੇਖਾ ਰਿਹਾ ਮੁਕਾਇਆ । ਸ਼ਬਦ ਰਖਾਏ ਸਾਚੀ ਆਣ, ਸਾਚੀ ਰੇਖਾ ਮਾਤ ਲਿਖਾਇਆ । ਆਪ ਉਡਾਏ ਇਕ ਬਿਬਾਣ, ਲੋਚਣ ਨੇਤਰ ਲੇਖਾ ਦਿਸ ਨਾ ਆਇਆ । ਗੁਰਮੁਖ ਵਿਰਲੇ ਚਤਰ ਸੁਜਾਨ, ਭਰਮ ਭੁਲੇਖਾ ਰਿਹਾ ਮਿਟਾਇਆ । ਆਤਮ ਦੇਵੇ ਬ੍ਰਹਮ ਗਿਆਨ, ਸ਼ਬਦ ਨਿਸ਼ਾਨਾ ਤੀਰ ਚਲਾਇਆ । ਰਾਗ ਸੁਣਾਏ ਸਾਚੇ ਕਾਨ, ਧੁਨੀ ਨਾਦ ਵਜਾਇਆ । ਦਰਸ ਵੇਖ ਸ੍ਰੀ ਭਗਵਾਨ, ਸੁਨ ਮਨੀ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਰਿਹਾ ਬਣਾਇਆ ।

ਸਚ ਨਿਸ਼ਾਨਾ ਪਹਿਲੀ ਵੰਡ, ਭਾਰਤ ਖੰਡ ਵੰਡਾਈਆ । ਆਪੇ ਵੇਖੇ ਹਰਿ ਬ੍ਰਹਿਮੰਡ, ਸਾਚੀ ਰਚਨ ਰਚਾਈਆ । ਸਤਾਂ ਦੀਪਾਂ ਰਿਹਾ ਵੰਡ, ਨੌਂ ਖੰਡ ਬੂਝ ਬੁਝਾਈਆ । ਨਾ ਕੋਈ ਦੀਸੇ ਸਤਿਜੁਗ ਨਾਰ ਦੁਹਾਗਣ ਰੰਡ, ਬੀਸ ਇਕੀਸਾ ਹੋਏ ਸਹਾਈਆ । ਪਹਿਲੀ ਬੰਨ੍ਹੇ ਆਪਣੀ ਹੱਥੀਂ ਗੰਢ, ਵਾਲੀ ਹਿੰਦ ਲਏ ਖੁਲ੍ਹਾਈਆ । ਜਨ ਭਗਤਾਂ ਪਾਏ ਆਤਮ ਠੰਡ, ਅੱਸੂ ਤਿੰਨ ਖ਼ੁਸ਼ੀ ਮਨਾਈਆ । ਹੱਥ ਫੜੇ ਚੰਡ ਪਰਚੰਡ, ਦਿੱਲੀ ਤਖ਼ਤ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਲਿਖਣਹਾਰਾ ਲਿਖਤ, ਨਾ ਸਕੇ ਕੋਈ ਮਿਟਾਈਆ ।

ਸ਼ਬਦ ਨਿਸ਼ਾਨਾ ਕਰ ਤਿਆਰ, ਦੂਜੀ ਧਾਰ ਚਲਾਇੰਦਾ । ਆਪੇ ਜਾਣੇ ਆਪਣੀ ਕਾਰ, ਆਪਣੀ ਕਾਰ ਕਮਾਇੰਦਾ । ਸ਼ਬਦ ਬਣਾਏ ਸਚ ਦਸਤਾਰ, ਆਪਣੇ ਸੀਸ ਟਿਕਾਇੰਦਾ । ਜੁਗਾ ਜੁਗੰਤਰ ਕੰਤ ਵਿਹਾਰ, ਨਾਰੀ ਸੰਤ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਲਿਖਣਹਾਰਾ ਲਿਖਤ, ਆਪਣਾ ਰੰਗ ਵਖਾਇੰਦਾ । . . . . . . . . . . .

. . . . . . . ਪਹਿਲੀ ਸੇਵਾ ਹਰਿ ਭਗਵਾਨ, ਆਪਣੀ ਆਪ ਲਾਈਆ । ਸਵਾ ਪੰਝੀ ਕਰੇ ਦਾਨ, ਸੱਤ ਰੰਗ ਨਿਸ਼ਾਨ ਬਣਾਈਆ । ਦੂਜੀ ਭੇਟਾ ਸ਼ਬਦ ਮਹਾਨ, ਸਿੰਘ ਠਾਕਰ ਆਪ ਕਰਾਈਆ । ਸਿੰਘ ਪ੍ਰੀਤਮ ਬਣਨਾ ਨਾਲ ਜਵਾਨ, ਦਸ ਦਸਵਾਂ ਰਿਹਾ ਜਗਾਈਆ । ਗੁਰਮੁਖ ਤੇਰੀ ਵਧਦੀ ਸ਼ਾਨ, ਅਠ ਅਠਾਰਵਾਂ

ਹਿਸਾ ਪਾਈਆ । ਸਿੰਘ ਪਾਲ ਤੇਰੀ ਨਾਮ ਦੁਕਾਨ, ਚਲਦੀ ਵਾਹੋ ਦਾਹੀਆ । ਸਿੰਘ ਇੰਦਰ ਬਖ਼ਸ਼ੇ ਚਰਨ ਧਿਆਨ, ਸ਼ਬਦ ਸਹਾਰਾ ਡੰਡਾ ਹੱਥ ਫੜਾਈਆ । ਸਿੰਘ ਬਿਸ਼ਨ ਤੇਰਾ ਰੱਖੇ ਮਾਣ, ਕਲਜੁਗ ਅੰਤਮ ਕੰਢਾ ਨੇੜੇ ਆਈਆ । ਪੁਰਖ ਅਬਿਨਾਸ਼ੀ ਚਤਰ ਸੁਜਾਨ, ਸਾਚੀ ਵੰਡਾ ਮਾਤ ਵੰਡਾਈਆ । ਨੌਂ ਖੰਡ ਪ੍ਰਿਥਮੀ ਦੇਵੇ ਦੰਡਾ, ਏਕਾ ਡੰਡਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਲੇਖਾ ਪੰਚਮ ਲੇਖ, ਜੋਤੀ ਜਾਮਾ ਧਰ ਧਰ ਭੇਖ, ਲਹਿਣਾ ਦੇਣਾ ਰਿਹਾ ਮੂਲ ਚੁਕਾਈਆ ।

ਆਪਣੀ ਸੇਵਾ ਆਪੇ ਲਾਏ, ਸਰਬ ਜੀਆਂ ਜਗ ਦਾਤਾ । ਗੁਰਮੁਖ ਸਾਚੇ ਸੰਗ ਰਲਾਏ, ਆਪ ਪਿਤਾ ਪਿਤ ਮਾਤਾ । ਕਾਇਆ ਚੋਲੀ ਰੰਗ ਚੜ੍ਹਾਏ, ਬਖ਼ਸ਼ੇ ਸਾਚੀ ਦਾਤਾ । ਸ਼ਬਦ ਡੋਲੀ ਵਿਚ ਬਿਠਾਏ, ਨਾ ਕੋਈ ਪੁਛੇ ਜਾਤਾ ਪਾਤਾ । ਦਰ ਦਵਾਰੇ ਗੋਲੀ ਇਕ ਰਖਾਏ, ਏਕਾ ਇਕ ਇਕਾਂਤਾ । ਹੌਲੀ ਹੌਲੀ ਸ਼ਬਦ ਜਣਾਏ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਆਤਮ ਗੰਢ ਆਪਣੀ ਹੱਥੀਂ ਖੋਲ੍ਹੇ ਖੋਲ੍ਹ ਵਖਾਏ, ਮੇਲ ਮਿਲਾਏ ਕਮਲਾਪਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਦੇਣਾ, ਗੁਰਮੁਖਾਂ ਪਹਿਨਾਏ ਸ਼ਬਦ ਗਹਿਣਾ, ਸਾਚੀ ਬਣਤ ਬਣਾਤਾ । ........(੧੭ ਸਾਵਣ ੨੦੧੩ ਬਿ)

ੴ ੴ ੴ ੴ ੴ

ੴ ੫ ਅਸੂ ੨੦੧੩ ਬਿਕ੍ਰਮੀ ਨਵੀਂ ਦਿੱਲੀ ਰਾਸ਼ਟਰਪਤੀ ਹਾਊਸ ਵਿਚ ਡਾ੦ ਰਾਜਿੰਦਰ ਪ੍ਰਸ਼ਾਦ ਨਾਲ ਬਚਨ ਹੋਏ ੴ

(ਪੰਜ ਵਸਤੂਆਂ : ੧, ਸੱਤ ਰੰਗ ਨਿਸ਼ਾਨ ੨, ਤਾਜ ੩, ਸ਼ਬਦ ਸੋਟੀ ੪, ਪੰਜ ਸੋਹੰ ਬੈਜ ੫, ਪੰਜਾਬੀ ਜੁੱਤਾ ਰਾਸ਼ਟਰਪਤੀ ਨੂੰ ਦਿਤੀਆਂ)

ਅੱਸੂ ਪੰਜ ਵੀਹ ਸੌ ਤੇਰਾਂ ਬਿਕ੍ਰਮੀ, ਘਰ ਸਾਚੇ ਵੱਜੀ ਵਧਾਈਆ । ਰਾਸ਼ਟਰਪਤ ਪਤੀ ਪਤਵੰਤ, ਸ੍ਰਿਸ਼ਟ ਸਬਾਈ ਏਕਾ ਰਾਹ ਵਖਾਈਆ । ਜੁਗ ਜੁਗ ਹਰਿ ਸੰਗ ਰਹੇ ਕੁੜਮਾਈ, ਨਾ ਕੋਈ ਛੋੜ ਛੁੜਾਈਆ । ਸਚ ਵਸਤ ਹਰਿ ਭੇਟ ਚੜ੍ਹਾਈ, ਅੰਗੀਕਾਰ ਆਪ ਅਖਵਾਈਆ । ਦਰ ਦਵਾਰਾ ਬੰਕ ਸੁਹਾਏ, ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਧੁਰ ਫ਼ਰਮਾਣ ਏਕਾ ਏਕ ਜਣਾਈਆ ।

ਆਏ ਦਵਾਰ ਦਰ ਮਿਹਰਵਾਨ, ਮਿਲਿਆ ਮੇਲ ਮੀਤਾ । ਆਤਮ ਜੋਤੀ ਬ੍ਰਹਮ ਗਿਆਨ, ਸ਼ਬਦ ਸੁਣਾਈ ਸਾਚੀ ਗੀਤਾ । ਸੱਤ ਰੰਗ ਝੁੱਲੇ ਧਰਮ ਨਿਸ਼ਾਨ, ਭਾਰਤ ਖੰਡ ਸ੍ਰਿਸ਼ਟ ਸਬਾਈ ਜੀਤਾ । ਤਾਜ ਮੋਰ ਮੁਕਟ ਭਗਵਾਨ, ਏਕਾ ਰੰਗ ਰੰਗਾਏ ਹਸਤ ਕੀਟਾ । ਪੰਚ ਨਿਸ਼ਾਨ ਰਾਜ ਜੋਗ ਜਗਤ ਮੰਤਰੀ ਇਕ ਵਖਾਏ ਸਾਚੀ ਰੀਤਾ । ਸ਼ਬਦ ਸੋਟੀ ਜਗਤ ਬਲਵਾਨ, ਏਕਾ ਏਕ ਕਰਾਏ ਹਸਤ ਕੀਟਾ । ਚਰਨ ਜੋੜਾ ਚਰਨ ਕਵਲ ਧਿਆਨ, ਸ੍ਰੀ ਭਗਵਾਨ ਆਪ ਆਪ ਆਪ ਪ੍ਰਭ ਆਪਣਾ ਕੀਤਾ । ਰਾਸ਼ਟਰਪਤ ਜਗਤ ਸੰਦੇਸ਼, ਸੰਦੇਸ਼ ਰਿਹਾ ਸੁਣਾਇਆ । ਭਾਰਤ ਖੰਡ ਬਾਲ ਅਵਸਥਾ, ਵਡ ਵਡ ਵਡ ਕਰਮ ਕਮਾਇਆ । ਪਾਰਬ੍ਰਹਮ ਸਰਬ ਕਲਾ ਸਮਰਥਾ, ਜਨ ਭਗਤਾਂ ਰਥ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਸਾਚੀ ਸੇਵਾ ਭੇਟ ਧਰ, ਧੰਨ ਧੰਨ ਧੰਨਵਾਦ ਰਿਹਾ ਕਰਾਇਆ । ।

ੴ ੴ ੴ ੴ ੴ

........ ਰਾਜ ਮੰਤਰੀ ਜਗਤ ਬਲਵਾਨ, ਹਰਿ ਸਾਚੇ ਹੱਥ ਵਡਿਆਈਆ । ਸੱਤ ਰੰਗ ਵੇਖਣਾ ਇਕ

ਨਿਸ਼ਾਨ, ਰਾਸ਼ਟਰਪਤ ਸੇਵਾ ਲਾਈਆ । ਉਪਰ ਲਿਖਿਆ ਲੇਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਇਕ ਪੜ੍ਹਾਈਆ । ਭਰਮ ਨਾ ਭੁੱਲਣਾ ਜੀਵ ਨਿਧਾਨ, ਸੰਮਤ ਸੰਮਤੀ ਦਏ ਜਣਾਈਆ । ਸਾਚਾ ਮੇਲਾ ਵਿਚ ਜਹਾਨ, ਹਰਿ ਸਾਜਣ ਮੀਤ ਅਖਵਾਈਆ । ਬਵੰਜਾ ਦੇਸਾਂ ਕਰ ਪਹਿਚਾਨ, ਸਚ ਸੰਦੇਸ਼ ਇਕ ਸੁਣਾਈਆ । ਪਰਗਟ ਹੋਏ ਹਰਿ ਭਗਵਾਨ, ਨਰ ਨਰੇਸ਼ਾ ਆਪ ਅਖਵਾਈਆ । ਆਪੇ ਗੋਪੀ ਆਪੇ ਕਾਹਨ, ਸੀਤਾ ਰਾਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਜਗਤ ਲੜਾਈਆ । ....... ੩ ਅੱਸੂ ੨੦੧੪ ਬਿ

ੴ ੴ ੴ ੴ ੴ

ੴ ੧ ਅੱਸੂ ੨੦੧੮ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ੴ

......... ਸਿੰਘ ਪਾਲ ਕਰ ਨਿਮਸਕਾਰ, ਏਕਾ ਮੰਗ ਮੰਗਾਇੰਦਾ । ਬ੍ਰਹਮ ਪੁਰੀ ਤੇਰਾ ਧਾਮ ਨਿਆਰ, ਬਿਨ ਪਾਰਬ੍ਰਹਮ ਨਾ ਸੋਭਾ ਪਾਇੰਦਾ । ਏਕਾ ਮੰਗਾਂ ਤੇਰੀ ਅੰਮ੍ਰਿਤ ਧਾਰ, ਅੱਠੇ ਪਹਿਰ ਮੁੱਖ ਰਖਾਇੰਦਾ । ਏਕਾ ਜਲਵਾ ਤੇਰਾ ਦੀਦਾਰ, ਨੂਰ ਨੂਰ ਵਿਚ ਟਿਕਾਇੰਦਾ । ਵਿਸ਼ਨੂੰ ਆਵੇ ਜਾਵੇ ਵਾਰੋ ਵਾਰ, ਨਿਤ ਨਵਿਤ ਮੇਲ ਮਿਲਾਇੰਦਾ । ਅਗੇ ਚਲੇ ਨਵੀਂ ਧਾਰ, ਪਿਛਲੀ ਕੀਤੀ ਤੇਰੀ ਉਲਟਾਇੰਦਾ । ਇਕ ਵਾਰ ਆਵਾਂ ਰੋਜ਼ ਤੇਰੇ ਦਰਬਾਰ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਵੇਖ ਵਖਾਇੰਦਾ ।

ਪੁਰਖ ਅਬਿਨਾਸ਼ੀ ਦਇਆਨਿਧ, ਆਪਣੀ ਦਇਆ ਕਮਾਈਆ । ਗੁਰਮੁਖ ਕਾਰਜ ਕਰੇ ਸਿਧ, ਕਰਤਾ ਕੀਮਤ ਆਪੇ ਪਾਈਆ । ਤੇਰੇ ਮਿਲਣ ਦੀ ਸਾਚੀ ਬਿਧ, ਆਪਣੇ ਹੱਥ ਰਖਾਈਆ । ਗੁਰਸਿਖ ਬਣ ਕੇ ਕਰੀਂ ਨਾ ਜ਼ਿਦ, ਦਰ ਤੇਰੇ ਆਵਾਂ ਚਾਈਂ ਚਾਈਆ । ਤੂੰ ਚਾਦਰ ਬਣਿਆ ਹਿੰਦ, ਤੇਰਾ ਪਰਦਾ ਬਣੇ ਸੱਚਾ ਸ਼ਹਿਨਸ਼ਾਹੀਆ । ਤੇਰੀ ਗੋਬਿੰਦ ਬਣਿਆ ਬਿੰਦ, ਪੁਰਖ ਅਕਾਲ ਦਏ ਵਡਿਆਈਆ । ਤੇਰਾ ਝਿਰਨਾ ਝਿਰੇ ਮੇਰਾ ਅੰਮ੍ਰਿਤ ਸਾਗਰ ਸਿੰਧ, ਅੱਠੇ ਪਹਿਰ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਪੂਰ ਕਰਾਈਆ ।

ਸਿੰਘ ਮਨਜੀਤਾ ਛੋਟਾ ਬਾਲਾ, ਬਾਲੀ ਬੁਧ ਖ਼ੁਸ਼ੀ ਮਨਾਇੰਦਾ । ਧੰਨ ਭਾਗ ਦਿਤਾ ਰਾਹ ਸੁਖਾਲਾ, ਰਾਹ ਵਿਚ ਨਾ ਕੋਇ ਅਟਕਾਇੰਦਾ । ਮੇਰਾ ਤੁਟਾ ਜਗਤ ਜੰਜਾਲਾ, ਤੇਰਾ ਜੰਜਾਲ ਮੋਹੇ ਭਾਇੰਦਾ । ਮੈਂ ਔਂਦਾ ਜਗਾ ਕੇ ਆਇਆ ਬਟਵਾਰਾ ਸਿੰਘ ਪਾਲਾ, ਤੇਰੇ ਤੇਰੇ ਨਾਲ ਰਲਾਇੰਦਾ । ਮੇਰੀ ਪ੍ਰੀਤੀ ਨਿਭੇ ਤੇਰੇ ਨਾਲਾ, ਦੂਸਰ ਓਟ ਨਾ ਕੋਇ ਤਕਾਇੰਦਾ । ਤੂੰ ਚਲੀ ਅਵੱਲੜੀ ਚਾਲਾ, ਤੇਰਾ ਭੇਵ ਕੋਇ ਨਾ ਪਾਇੰਦਾ । ਮੈਂ ਤੇਰੀ ਪਾਈ ਮਾਲਾ, ਸੋਹੰ ਤੇਰਾ ਰੂਪ ਸਮਾਇੰਦਾ । ਮੈਂ ਵੇਖੀ ਤੇਰੀ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸੋਭਾ ਪਾਇੰਦਾ । ਮੇਰਾ ਇਕੋ ਇਕ ਸਵਾਲਾ, ਸਵਾਲ ਤੇਰੇ ਅੱਗੇ ਰਖਾਇੰਦਾ । ਤੇਰੇ ਸਿੱਖ ਨਾ ਖਾਏ ਕਾਲ ਮਹਾਂਕਾਲਾ, ਤੇਰੇ ਅੱਗੇ ਝੋਲੀ ਡਾਹਿੰਦਾ । ਸਾਢੇ ਤਿੰਨ ਹੱਥ ਕੁੱਲੀ ਵਖਾ ਕੇ ਆਇਆ ਜਗਤ ਜਹਾਨਾਂ, ਗੁਰਮੁਖ ਵਿਰਲਾ ਬੁਝ ਬੁਝਾਇੰਦਾ । ਜਿਸ ਨੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗਾਇਆ ਸਚ ਤਰਾਨਾ, ਮਾਤ ਗਰਭ ਫੇਰ ਨਾ ਆਇੰਦਾ । ਜੇ ਤੁਠਾ ਦੇ ਦਾਤਾਂ, ਦੂਜੀ ਮੰਗ ਨਾ ਕੋਇ ਮੰਗਾਇੰਦਾ । ਤੇਰਾ ਝੁੱਲਦਾ ਰਹੇ ਨਿਸ਼ਾਨਾ, ਹਉਂ ਸੇਵਕ ਵੇਖ ਵਖਾਇੰਦਾ । ਗੁਰਸਿਖ ਬੰਨਣ ਤੇਰੇ ਨਾਮ ਦਾ ਗਾਨਾਂ, ਦੂਜਾ ਸਗਨ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਝੋਲੀ ਡਾਹਿੰਦਾ ।

ਪੁਰਖ ਅਬਿਨਾਸ਼ੀ ਦੀਨ ਦਿਆਲ, ਆਪਣੀ ਦਇਆ ਕਮਾਈਆ । ਮਨਜੀਤ ਤੇਰੀ ਸੁਰਤ ਸੰਭਾਲ, ਆਪ ਆਪਣਾ ਕਰੇ ਸਹਾਈਆ । ਤੂੰ ਦੱਸਿਆ ਰਾਹ ਸੁਖਾਲ, ਜਗ ਰੀਤੀ ਮਾਤ ਚਲਾਈਆ । ਗੁਰਸਿਖ ਵਿੰਗਾ ਹੋਏ ਨਾ ਵਾਲ, ਜਿਸ ਮਿਲਿਆ ਸੱਚਾ ਮਾਹੀਆ । ਲੱਖ ਚੁਰਾਸੀ ਤੋੜੇ ਜੰਜਾਲ, ਰਾਏ ਧਰਮ ਫੰਦ ਕਟਾਈਆ । ਸਚੰਖਡ ਦਵਾਰੇ ਦਏ ਬਹਾਲ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸਿੰਘ ਜਗਦੀਸ਼ ਆ ਦਵਾਰੇ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਵਾਹ ਵਾ ਤੇਰੇ ਖੇਲ ਨਿਆਰੇ, ਭੇਵ ਕੋਈ ਨਾ ਪਾਇੰਦਾ । ਸ਼ੰਕਰ ਵਰਗੇ ਫੜ ਉਤਾਰੇ, ਸੀਸ ਖ਼ਾਕ ਨਾ ਕੋਇ ਰਖਾਇੰਦਾ । ਬਾਸ਼ਕ ਤਸ਼ਕ ਲੱਥੇ ਸ਼ੰਗਾਰੇ, ਕੰਠ ਮਾਲ ਨਾ ਸੋਭਾ ਪਾਇੰਦਾ । ਹੱਥੋਂ ਤ੍ਰਸ਼ੂਲ ਪਰਾਂ ਮਾਰੇ, ਡਿਗੀ ਫੇਰ ਨਾ ਕੋਇ ਉਠਾਇੰਦਾ । ਕਲਜੁਗ ਆਇਆ ਅੰਤ ਕਿਨਾਰੇ, ਤੇਰੀ ਖੇਲ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਲੈਣ ਹੁਲਾਰੇ, ਧੀਰਜ ਧੀਰ ਨਾ ਕੋਇ ਧਰਾਇੰਦਾ । ਰਵ ਸਸ ਕਰਨ ਪੁਕਾਰੇ, ਧਰਤ ਧਵਲ ਸਰਬ ਕੁਰਲਾਇੰਦਾ । ਰਾਜ ਰਾਜਾਨ ਮਾਰਨ ਨਾਅਰੇ, ਸੀਸ ਤਾਜ ਨਾ ਕੋਇ ਟਿਕਾਇੰਦਾ । ਸ਼ਾਹ ਸੁਲਤਾਨਾਂ ਝੰਡੇ ਪਾੜੇ, ਸਚ ਨਿਸ਼ਾਨ ਨਾ ਕੋਇ ਝੁਲਾਇੰਦਾ । ਅੰਤਮ ਦਿਨ ਆਏ ਮਾੜੇ, ਸਾਚਾ ਰਾਹ ਨਾ ਕੋਇ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਆਇਆ ਤੇਰੇ ਦਵਾਰੇ, ਏਕਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਅਗੇ ਡਾਹਿੰਦਾ ।

ਸਾਚੀ ਝੋਲੀ ਰਿਹਾ ਵਖਾ, ਆਪਣਾ ਪਰਦਾ ਆਪ ਚੁਕਾਈਆ । ਏਕਾ ਭਿਛਿਆ ਦੇਣੀ ਪਾ, ਵਸਤ ਅਮੋਲਕ ਦੇ ਜਣਾਈਆ । ਤੇਰਾ ਝੁਲਦਾ ਰਹੇ ਨਿਸ਼ਾਂ, ਚੱਵੀਂ ਹੱਥ ਵਡ ਵਡਿਆਈਆ । ਸਾਢੇ ਤਿੰਨ ਹੱਥ ਕਰਨੀ ਕਲਿਆਣ, ਜੋ ਆਏ ਤੇਰੀ ਸਰਨਾਈਆ । ਤੂੰ ਕਰਨਾ ਸਚ ਨਿਆਂ, ਸਾਚੇ ਤਖ਼ਤ ਬੈਠ ਸੱਚੇ ਸ਼ਹਿਨਸ਼ਾਹੀਆ । ਗੁਰ ਅਵਤਾਰਾਂ ਫੜਨੀ ਬਾਂਹ, ਜੁਗ ਜੁਗ ਤੇਰੀ ਸੇਵ ਕਮਾਈਆ । ਵੇਖੀਂ ਅਗੋਂ ਕਰ ਨਾ ਦੇਵੀਂ ਨਾ, ਬੇਪਰਵਾਹ ਮੇਰੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਨਿਸ਼ਾਨਾ ਹੱਥ ਉਠਾਈਆ ।

ਸਚ ਨਿਸ਼ਾਨਾ ਤੇਰਾ ਝੁੱਲੇ, ਲੋਕਮਾਤ ਵੱਜੇ ਵਧਾਈਆ । ਹਰਿ ਸੰਗਤ ਤੇਰੀ ਫਲੇ ਫੂਲੇ, ਪਤ ਡਾਲੀ ਆਪ ਮਹਿਕਾਈਆ । ਗੁਰਸਿਖ ਤੇਰਾ ਕਦੇ ਨਾ ਰੁਲੇ, ਰਾਏ ਧਰਮ ਨਾ ਦਏ ਸਜ਼ਾਈਆ । ਭਾਗ ਲਗੌਣਾ ਸਾਚੀ ਕੁਲੇ, ਜੋ ਜਨ ਤੇਰਾ ਦਰਸਨ ਪੇਖੇ ਚਾਈਂ ਚਾਈਆ । ਹਰਿ ਭਗਤੀ ਬੂਟਾ ਕਦੇ ਨਾ ਹੁੱਲੇ, ਸਿਮਲ ਰੁਖ ਨਾ ਰੂਪ ਵਟਾਈਆ । ਤੇਰਾ ਸਿੱਖ ਤੇਰੇ ਤੋਲ ਤੁਲੇ, ਦੂਸਰ ਹਟ ਨਾ ਕਦੇ ਵਿਕਾਈਆ । ਤੂੰ ਆਪਣੇ ਭੰਡਾਰੇ ਦੇਣੇ ਖੁੱਲ੍ਹੇ, ਅਤੁਟ ਤੇਰੀ ਵਡਿਆਈਆ । ਗੁਰਸਿਖ ਭੁੱਲੇ ਤੂੰ ਸਦਾ ਅਭੁੱਲੇ, ਅਭੁੱਲ ਦੇਣੀ ਨਾ ਕਦੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਵੀਂ ਹੱਥ ਝੁੱਲੇ ਨਿਸ਼ਾਨਾ, ਕਰੇ ਖੇਲ ਸ੍ਰੀ ਭਗਵਾਨਾ, ਕਲਜੁਗ ਅੰਤਮ ਵੰਡ ਵੰਡਾਈਆ ।

ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਹੁਕਮ ਜਣਾਇੰਦਾ । ਚਵੀ ਹੱਥ ਝੁਲਦਾ ਰਹੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨੌ ਖੰਡ ਪ੍ਰਿਥਮੀ ਮੰਨੇ ਆਣ, ਸਾਚਾ ਹੁਕਮ ਮਨਾਇੰਦਾ । ਚਾਰ ਜੁਗ ਰਹੇ ਨਿਸ਼ਾਨ, ਜੁਗ ਚੌਕੜੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਇੰਦਾ ।

ਗੁਰੂ ਦਵਾਰੇ ਆਇਆ ਗੁਰਦਿਆਲ, ਦੋਏ ਦੋਏ ਕਰੇ ਨਿਮਸਕਾਰਾ । ਚੌਥੇ ਜੁਗ ਲਿਆ ਭਾਲ, ਵਿਛੜਿਆ ਮੀਤ ਮੁਰਾਰਾ । ਆਪ ਸੁਣਾਏ ਮੁਰੀਦਾਂ ਹਾਲ, ਆਪਣਾ ਬੋਲ ਕਰਾਰਾ । ਬਲ ਬਾਵਨ ਖੇਲ

ਮਹਾਨ, ਖੇਲੇ ਖੇਲ ਅਗੰਮ ਅਪਾਰਾ । ਮੈਂ ਆਪਾ ਕੀਤਾ ਕੁਰਬਾਨ, ਤੂੰ ਖੋਲਿਆ ਹੱਟ ਕਿਵਾੜਾ । ਮੈਂ ਬਣਿਆ ਬਾਲ ਨਾਦਾਨ, ਤੂੰ ਹੁਕਮੀ ਹੁਕਮ ਕੀਤਾ ਇਕ ਵਰਤਾਰਾ । ਮੈਂ ਸਿਤਲ ਲੋਕ ਵੇਖਿਆ ਮਾਰ ਧਿਆਨ, ਕਵਣ ਦਵਾਰੇ ਤੇਰਾ ਮਹੱਲ ਮੁਨਾਰਾ । ਚੌਥੇ ਜੁਗ ਹੋਇਆ ਪਰਵਾਨ, ਮਾਣਸ ਜਨਮ ਦੀਆ ਆਧਾਰਾ । ਆਪਣੀ ਕਿਰਪਾ ਕਰ ਗੁਣ ਨਿਧਾਨ, ਕੀਤਾ ਸਚ ਪਿਆਰਾ । ਮੇਰਾ ਚੌਥੇ ਜੁਗ ਲੇਖੇ ਲਾਇਆ ਕੀਤਾ ਦਾਨ, ਲੰਗਰ ਚਲਾਇਆ ਅਪਰ ਅਪਾਰਾ । ਤੇਈ ਮੱਘਰ ਦਿਵਸ ਮਹਾਨ, ਪੁਰਖ ਅਬਿਨਾਸ਼ੀ ਕਰਿਆ ਖੇਲ ਨਿਆਰਾ । ਵੀਹ ਸੌ ਸੋਲਾਂ ਬਿਕ੍ਰਮੀ ਕਰ ਪਰਵਾਨ, ਲੋਹ ਚੁਰ ਪੁਟ ਲਾਇਆ ਮਿਟੀ ਗਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਾਵਣਹਾਰਾ ਸਾਰਾ ।

ਧੰਨ ਭਾਗ ਜੇ ਪਾਈ ਸਾਰ, ਆਪਣਾ ਬਿਰਦ ਕਮਾਇਆ । ਤੇਰਾ ਲਹਿਣਾ ਦੇਣਾ ਬੜਾ ਔਖਾ ਮੇਰੇ ਯਾਰ, ਜੁਗ ਜੁਗ ਵਿਛੋੜਾ ਸਹਿ ਨਾ ਸਕਾਂ ਰਾਇਆ । ਕਲਜੁਗ ਅੰਤਮ ਮਿਲਿਆ ਆਪਣੀ ਧਾਰ, ਧਾਰ ਧਾਰ ਵਿਚ ਮਿਲਾਇਆ । ਮੈਂ ਸੁਣਿਆ ਤੂੰ ਲੌਣਾ ਸਚ ਦਰਬਾਰ, ਪਹਿਲੀ ਚੇਤਰ ਦਿਵਸ ਸੁਹਾਇਆ । ਤੂੰ ਸ਼ਾਹ ਪਾਤਸ਼ਾਹ ਪਾਤਸ਼ਾਹਾਂ ਦਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਤੇਰਾ ਨਾਉਂ ਵਡਿਆਇਆ । ਛੱਤੀ ਜੁਗ ਨਾਨਕ ਪਾਈ ਤੇਰੀ ਸਾਰ, ਚਵੀ ਹੱਥ ਨਿਸ਼ਾਨ ਫੇਰ ਚੜ੍ਹਾਇਆ । ਛੱਤੀ ਫੁੱਟ ਜਗਤ ਵਿਹਾਰ, ਫੁੱਟਾਂ ਨਾਲ ਜਗਤ ਨਾਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਨਿਉਂ ਨਿਉਂ ਸੀਸ ਝੁਕਾਇਆ ।

ਚਾਰ ਜੁਗ ਦਾ ਭੂਪਤ ਰਾਜਾ, ਤੇਰੇ ਅੱਗੇ ਮੰਗ ਮੰਗਾਇੰਦਾ । ਤੂੰ ਸ਼ਾਹ ਪਾਤਸ਼ਾਹ ਬਣ ਬਣ ਕਰੇ ਕਾਜਾ, ਦਰ ਸਾਚਾ ਇਕ ਸੁਹਾਇੰਦਾ । ਤੂੰ ਸ਼ਬਦ ਅਗੰਮੀ ਮਾਰੇ ਵਾਜਾਂ, ਅਨਾਦੀ ਨਾਦ ਸੁਣਾਇੰਦਾ । ਤੂੰ ਭਗਤਾਂ ਜੁਗ ਜੁਗ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਸੰਤ ਸੁਹੇਲਾ ਫਿਰੇ ਭਾਜਾ, ਆਪਣੀ ਸੇਵ ਕਮਾਇੰਦਾ । ਅੰਤਮ ਪਰਗਟ ਹੋਇਉਂ ਦੇਸ ਮਾਝਾ, ਸੰਬਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਮੰਗ ਮੰਗਾਇੰਦਾ ।

ਤੂੰ ਰਾਜਾ ਮੈਂ ਦਰਬਾਰੀ, ਤੇਰੀ ਸੇਵਾ ਸਚ ਕਮਾਈਆ । ਮੇਰੀ ਨਾਨਕ ਗੋਬਿੰਦ ਨਾਲ ਬੱਝੀ ਯਾਰੀ, ਨਾ ਕੋਈ ਤੋੜੇ ਤੋੜ ਤੁੜਾਈਆ । ਝੱਲੇ ਆਈ ਤੇਰੀ ਵਾਰੀ, ਡੱਲੇ ਦੇਣੀ ਇਕ ਸਲਾਹੀਆ । ਗੋਬਿੰਦ ਆਏ ਤੇਰੇ ਦਵਾਰੀ, ਦਰ ਸਾਚੇ ਮੇਰੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਏਕਾ ਵਸਤ ਮੰਗ ਮੰਗਾਈਆ ।

ਪਹਿਲੀ ਚੇਤਰ ਗੋਬਿੰਦ ਔਣਾ, ਲੈ ਕੇ ਧੁਰ ਪਰਵਾਨਾ । ਕਵਣ ਦਵਾਰੇ ਦੱਸ ਬਹੌਣਾ, ਕਵਣ ਤੇਰਾ ਟਿਕਾਣਾ । ਛੱਤੀ ਫੁੱਟ ਨਿਸ਼ਾਨ ਝੁਲੌਣਾ, ਨਾਨਕ ਦੇਵੇ ਧੁਰ ਪਰਵਾਨਾ । ਛੱਤੀ ਜੁਗ ਭੇਵ ਖੁਲੌਣਾ, ਖੋਲ੍ਹੇ ਭੇਵ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਨਾ ।

ਮੰਗਾਂ ਮੰਗ ਦੇ ਕੇ ਜੋਰ, ਟਾਲਿਆਂ ਟਲ ਕਦੀ ਨਾ ਜਾਈਆ । ਦਰ ਆਇਆਂ ਜੇ ਦੇਵੇਂ ਹੋੜ, ਤੇਰੀ ਕਰੇ ਨਾ ਕੋਇ ਵਡਿਆਈਆ । ਟੁੱਟੀ ਜੇ ਨਾ ਦੇਵੇਂ ਜੋੜ, ਟੁੱਟੀ ਗੰਢਣਹਾਰ ਨਾ ਫੇਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਹੇ ਦੱਸ, ਕੀ ਕੁਛ ਤੇਰੀ ਮੰਗ । ਤੇਰੇ ਅੰਤਰ ਜਾਵਾਂ ਵਸ, ਚਾੜ੍ਹਾਂ ਆਪਣਾ ਰੰਗ ।

ਤੇਰੇ ਕੋਲ ਆਵਾਂ ਨੱਸ, ਮਾਣਾਂ ਸੇਜ ਪਲੰਘ । ਆਪਣਾ ਮਾਰਗ ਦੇਵਾਂ ਦੱਸ, ਕੱਟਾਂ ਭੁੱਖ ਨੰਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਹੁਕਮ ਸੂਰਾ ਸਰਬੰਗ ।

ਆਪਣੀ ਖ਼ਾਤਰ ਨਾ ਕੋਈ ਮੰਗ, ਘਾਟਾ ਕੋਈ ਨਜ਼ਰ ਨਾ ਆਈਆ । ਤੂੰ ਸਾਹਿਬ ਸੂਰਾ ਸਰਬੰਗ, ਤੇਰੀ ਸੱਚੀ ਸ਼ਹਿਨਸ਼ਾਹੀਆ । ਛੱਤੀ ਜੁਗ ਤੇਰਾ ਮਰਦੰਗ, ਨੌਂ ਸੌ ਚੁਰਾਨਵੇ ਚੌਕੜੀ ਜੁਗ ਗਾਈਆ । ਤੇਰੇ ਗ੍ਰਹਿ ਇਕ ਅਨੰਦ, ਮੰਗਲ ਤੇਰੀ ਵਡਿਆਈਆ । ਤੇਰਾ ਨਾਮ ਸੁਹਾਗੀ ਛੰਦ, ਤੇਰਾ ਗੀਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਦਵਾਰਾ ਤੇਹੇ ਸੋਭਾ ਪਾਈਆ ।

ਤੇਰਾ ਦਵਾਰਾ ਹੋਏ ਛੱਤੀ ਫੁੱਟ, ਛੱਤੀ ਛੱਤੀ ਨਾਲ ਮਿਲਾਈਆ । ਸੱਤਰ ਬਹੱਤਰ ਚੁਹੱਤਰ ਤੇਰੀ ਨੀਹ ਲੈਣ ਪੁੱਟ, ਚੌਦਾਂ ਚੌਦਾਂ ਸੇਵ ਕਮਾਈਆ । ਚਾਰ ਕੁੰਟ ਪਏ ਲੁੱਟ, ਮੱਚਦੀ ਜਾਏ ਦੁਹਾਈਆ । ਗੋਬਿੰਦ ਬੂਟਾ ਜਾਏ ਫੁੱਟ, ਜੋ ਨੀਹਾਂ ਵਿਚ ਗਿਆ ਦਬਾਈਆ । ਤੇਰਾ ਸਿੱਖ ਸੋਇਆ ਜਾਏ ਉਠ, ਜਗਤ ਨੀਂਦਰ ਦਏ ਮਿਟਾਈਆ । ਛੱਬੀ ਪੋਹ ਦੇਵੇ ਭੰਡਾਰਾ ਅੱਤੁਟ, ਆਪਣੇ ਹੱਥ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਤੀ ਛੱਤੀ ਤੇਰੀ ਲਕੀਰ, ਸਿੰਘ ਗੁਰਦਿਆਲ ਮੰਗ ਮੰਗਾਈਆ ।

ਤ੍ਰੇਤਾ ਦਵਾਪਰ ਕਲਜੁਗ ਬਣਿਆ ਰਹੇ ਫਕੀਰ, ਸਤਿਜੁਗ ਵੇਲਾ ਚੇਤੇ ਕਰਾਇੰਦਾ । ਤੇਰੇ ਨਾਮ ਦੀ ਮਾਰ ਜ਼ੰਜ਼ੀਰ, ਆਪਣੇ ਤਨ ਬੰਧਨ ਪਾਇੰਦਾ । ਏਕਾ ਰੱਖੀ ਆਸ ਅੰਤ ਚੋਟੀ ਚੜ੍ਹਨਾ ਅਖ਼ੀਰ, ਸਾਚਾ ਡੰਡਾ ਏਕਾ ਹੱਥ ਫੜਾਇੰਦਾ । ਤੂੰ ਪੀਰਨ ਵਡ ਪੀਰ, ਬੇਨਜ਼ੀਰ ਤੇਰੀ ਨਜ਼ਰ ਨਾ ਕੋਇ ਬਦਲਾਇੰਦਾ । ਤੇਰੇ ਹੱਥ ਤੇਰੀ ਸ਼ਮਸ਼ੀਰ, ਤੇਰੀ ਸ਼ਰਅ ਨਾ ਕੋਇ ਵਖਾਇੰਦਾ । ਛੱਤੀ ਰਾਗ ਵਹਾਵਣ ਨੀਰ, ਛੱਤੀ ਛੱਤੀ ਘੇਰਾ ਪਾਇੰਦਾ । ਫੇਰ ਵਖਾਈ ਆਪਣੀ ਤਸਵੀਰ, ਪੰਥ ਖ਼ਾਲਸਾ ਆਪ ਉਠਾਇੰਦਾ । ਪਹਿਲੀ ਚੇਤ ਬਦਲ ਤਕਦੀਰ, ਤਦਬੀਰ ਆਪਣੇ ਰੱਥ ਰਖਾਇੰਦਾ । ਜਿਸ ਨੂੰ ਕਹਿੰਦੇ ਉਚ ਦਾ ਪੀਰ, ਬਣ ਹਕੀਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ ।

ਸੱਤਰ ਸਿੱਖ ਰਹਿਣ ਤਿਆਰ, ਸਤਿਗੁਰ ਪੂਰਾ ਆਪ ਜਣਾਈਆ । ਇਕ ਇਕ ਇਟ ਦੇਣ ਉਖਾੜ, ਇਟ ਇਟ ਨਾਲ ਰਹਿਣ ਨਾ ਪਾਈਆ । ਛੱਤੀ ਛੱਤੀ ਕਰ ਪਿਆਰ, ਛੱਤੀ ਛੱਤੀ ਬੰਧਨ ਪਾਈਆ । ਬਹੱਤਰ ਬਹੱਤਰ ਦੇਵੇ ਧਾਰ, ਧਾਰ ਧਾਰ ਵਿਚ ਜਣਾਈਆ । ਚੁਹੱਤਰ ਚੁਹੱਤਰ ਲਏ ਉਠਾਲ, ਸਤਿ ਸਤਿ ਸਤਿ ਸਤਿ ਸੇਵ ਕਮਾਈਆ । ਚੌਦਾਂ ਚੌਦਾਂ ਕਰ ਬਹਾਲ, ਗਲੋਂ ਜ਼ੰਜ਼ੀਰ ਦਏ ਕਟਾਈਆ । ਸਚਖੰਡ ਬਣਾ ਸੱਚੀ ਧਰਮਸਾਲ, ਲੋਕਮਾਤ ਦਏ ਸੁਹਾਈਆ । ਉਪਰ ਬੈਠ ਦੀਨ ਦਿਆਲ, ਸਾਢੇ ਤਿੰਨ ਹੱਥ ਦਏ ਵਡਿਆਈਆ । ਗੋਬਿੰਦ ਆਏ ਚਲ ਕੇ ਲਾਲ, ਪਹਿਲੀ ਚੇਤ ਰੁਤ ਸੁਹਾਈਆ । ਔਂਦਾ ਜਾਂਦਾ ਕਿਸੇ ਨਾ ਦਿਸੇ ਕਰੇ ਖੇਲ ਕਮਾਲ, ਕਮਲੀ ਵਾਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਬਹੱਤਰ ਚੁਹੱਤਰ ਛੱਬੀ ਪੋਹ ਦਏ ਪਰਗਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਾਲੀ ਦੋ ਜਹਾਨ, ਛੱਤੀ ਦਿਵਸ ਸੇਵ ਕਮਾਈਆ ।

. . . . . . . . . . . . . ਸਤਿਜੁਗ ਸਾਚਾ ਹਰਿ ਵਖਾਵਣਾ, ਜਨ ਭਗਤਾਂ ਦਇਆ ਕਮਾ । ਲੱਖ ਚੁਰਾਸੀ ਖ਼ਾਕ ਰਲਾਵਣਾ, ਵਸਦਾ ਖੇੜਾ ਦਏ ਢਾਹ । ਸੰਮਤ ਅਠਾਰਾਂ ਰਾਹ ਤਕਾਵਣਾ, ਬੀਸ ਬੀਸਾ ਦਏ ਸਲਾਹ । ਗੋਬਿੰਦ ਸੂਰਾ ਏਕਾ ਡੰਕ ਵਜਾਵਣਾ, ਲੋਆਂ ਪੁਰੀਆਂ ਦਏ ਹਿਲਾ । ਬ੍ਰਹਮਾ ਸ਼ਿਵ ਆਪ ਉਠਾਵਣਾ, ਉਚੀ ਰੋਵਣ ਮਾਰਨ ਧਾ । ਕ੍ਰੋੜ ਤੇਤੀਸਾ ਰਹਿਣ ਨਾ ਪਾਵਣਾ, ਸੁਰਪਤ ਰਾਜਾ ਇੰਦ ਲੱਭੇ ਨਾ ਕੋਈ ਰਾਹ । ਕਲਜੁਗ ਕੂੜਾ ਮੁੱਖ ਛੁਪਾਵਣਾ, ਝੂਠਾ ਭੁੱਲੇ ਅੰਤਮ ਨਾਂ । ਸਤਿਜੁਗ ਸਾਚਾ ਮਾਰਗ ਲਾਵਨਾ, ਸਾਚਾ ਖੇੜਾ ਦਏ ਸੁਹਾ । ਸਤ ਰੰਗ ਨਿਸ਼ਾਨਾ ਇਕ ਚੜ੍ਹਾਵਣਾ, ਸੱਤਾਂ ਦੀਪਾਂ ਦਏ ਵਡਿਆ । ਨੌ ਖੰਡ ਫੇਰਾ ਪਾਵਣਾ, ਨੌ ਦਵਾਰੇ ਪੰਧ ਮੁਕਾ । ਚੰਡ ਪਰਚੰਡ ਇਕ ਚਮਕਾਵਨਾ, ਬ੍ਰਹਿਮੰਡਾਂ ਖੰਡਾਂ ਵੰਡਣ ਆਪ ਵੰਡਾ । ਉਤਭੁਜ ਸੇਤਜ ਰਹਿਣ ਨਾ ਪਾਵਣਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਕਰੇ ਨਿਆ । ਸੱਤ ਸਮੁੰਦਰ ਜਲ ਸੁਕਾਵਣਾ, ਅਗਨੀ ਰੱਖੇ ਏਕਾ ਭਾਹ । ਪੁਰਖ ਅਬਿਨਾਸ਼ੀ ਖੇਲ ਖਲਾਵਣਾ, ਆਪਣਾ ਭਾਣਾ ਦਏ ਵਰਤਾ । ਹਰਿ ਕਾ ਭਾਣਾ ਨਾ ਕਿਸੇ ਮਿਟਾਵਣਾ, ਗੁਰ ਪੀਰ ਅਵਤਾਰ ਰਹੇ ਸੀਸ ਝੁਕਾ । ਨੇਹਕਲੰਕ ਨਾਉਂ ਹਰਿ ਅਬਿਨਾਸ਼ੀ ਆਪਣਾ ਆਪ ਧਰਾਵਣਾ, ਨਿਰਗੁਣ ਜੋਤ ਕਰ ਰੁਸ਼ਨਾ । ਸਤਿਜੁਗ ਸਾਚਾ ਸਤਿ ਵਰਤਾਵਣਾ, ਸਤਿ ਸਤਿਵਾਦੀ ਹੋਏ ਆਪ ਮਲਾਹ । ਆਦਿ ਜੁਗਾਦੀ ਆਪਣਾ ਬੇੜਾ ਆਪ ਚਲਾਵਣਾ, ਆਪੇ ਦੇਵਣਹਾਰ ਸਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਇਕ ਜਪਾਏ ਸਾਚਾ ਨਾਂ । . . . ੧੪ ਮੱਘਰ ੨੦੧੭ ਬਿ

. . . . . . . . ਗੁਰ ਅਵਤਾਰ ਅੰਤ ਸਕੇ ਨਾ ਪਾ, ਬੇਅੰਤ ਕਹਿ ਕਹਿ ਗਏ ਵਿਚ ਲੋਕਾਈਆ । ਸਾਧ ਸੰਤ ਮੰਗਣ ਚਰਨ ਪਨਾਹ, ਇਕੋ ਆਸ ਰਖਾਈਆ । ਪੀਰ ਪੈਗ਼ੰਬਰ ਦਸਤਗੀਰ ਧਿਆਨ ਰਹੇ ਲਗਾ, ਨੇਤਰ ਨੈਣ ਉਠਾਈਆ । ਕਿਸੇ ਹੱਥ ਨਾ ਆਵੇ ਬੇਪਰਵਾਹ, ਬੇਦਰਦੀ ਦਰਦ ਨਾ ਕੋਇ ਵੰਡਾਈਆ । ਕਲਜੁਗ ਅੰਤਮ ਫੇਰਾ ਪਾ, ਆਪਣੀ ਅਲਖ ਆਪ ਜਗਾਈਆ । ਗੁਰਮੁਖ ਸੱਜਣ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਿਰ ਆਪਣਾ ਹਰਿ ਹੱਥ ਟਿਕਾ, ਸਚ ਟਿਕਾਣੇ ਦਏ ਬਹਾਈਆ । ਨਾਮ ਬਬਾਣੇ ਆਪ ਚੜ੍ਹਾ, ਮਾਣ ਨਿਮਾਣੇ ਲਏ ਉਡਾਈਆ । ਸਚ ਦੁਆਰਾ ਆਪ ਸੁਹਾ, ਗੁਰਸਿਖਾਂ ਲਏ ਬਹਾਈਆ । ਬੇਮੁਹਾਣਾ ਹੋਇਆ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਰਾਜਾ ਰਾਣਾ ਤਖ਼ਤੋਂ ਲਾਹ, ਗੁਰਮੁਖ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਨਿਸ਼ਾਨ, ਚਵੀ ਹੱਥ ਕਰ ਪਰਵਾਨ, ਸਾਢੇ ਤਿੰਨ ਹੱਥ ਦੇਵੇ ਦਾਨ, ਅਟਾਰਸੀ ਸੰਗਤ ਕਰ ਪਰਵਾਨ, ਸਚ ਦੁਆਰੇ ਦਏ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਾਏ ਇਕ ਵਿਧਾਨ, ਵਿਧੀ ਆਪਣੇ ਹੱਥ ਰਖਾਈਆ । . . . . . . ੨੫ ਪੋਹ ੨੦੧੮ ਬਿ

. . . . . . . . . . . . ਜਿਸ ਵੇਲੇ ਨੇਹਕਲੰਕ ਕਲ ਆਵੇ ਕਲਕੀ ਅਵਤਾਰ, ਜੋਤੀ ਜਾਤਾ ਵੇਸ ਵਟਾਈਆ । ਭਗਤ ਵਛਲ ਮੀਤ ਮੁਰਾਰ, ਮੁਰਾਰੀ ਸਭ ਦਾ ਬੇਪਰਵਾਹੀਆ । ਸੱਤ ਰੰਗ ਨਿਸ਼ਾਨਾ ਸਚਖੰਡ ਨਿਵਾਸੀ ਦੇਵੇ ਚਾੜ੍ਹ, ਚਵੀ ਹੱਥ ਮਾਣ ਰਖਾਈਆ । ਵੀਹ ਸੌ ਇਕੀ ਬਿਕ੍ਰਮੀ ਰਾਹ ਤੱਕੇ ਸਾਂਝੇ ਯਾਰ, ਪਲਕ ਆਪਣੀ ਅੱਖ ਖੁਲ੍ਹਾਈਆ । ਕਿਸ ਵੇਲੇ ਦੇਵੇ ਦਰਸ ਦੀਦਾਰ, ਦੀਦਾਂ ਦਾ ਦੀਦ ਕਰੇ ਰੁਸ਼ਨਾਈਆ । ਚੌਹਾਂ ਦਾ ਲੇਖਾ ਵਿਚ ਸੰਸਾਰ, ਚਾਰੋਂ ਕੁੰਟ ਰੁਸ਼ਨਾਈਆ । ਚਾਰ ਨਿਸ਼ਾਨੇ ਛੱਤੀ ਫੁੱਟ ਦੇ ਉਤੇ ਦੇਵੇ ਚਾੜ੍ਹ, ਸ਼ਾਹ

ਪਾਤਸ਼ਾਹ ਆਪਣਾ ਹੁਕਮ ਮਨਾਈਆ । ਚਾਰ ਰੱਖੇ ਸਿੰਘਾਸਣ ਚਾਰ ਦੀਵਾਰ, ਸਾਢੇ ਤਿੰਨ ਹੱਥ ਉਪਰ ਸੋਭਾ ਪਾਈਆ । ਨੌਵਾਂ ਪ੍ਰੀਤਮ ਸਿੰਘ ਲਏ ਉਠਾਲ, ਜਿਸ ਦਾ ਲੇਖਾ ਜਾਣੇ ਹਰਿ ਰਘੁਰਾਈਆ । . . . . . . .

੨੫ ਪੋਹ ੨੦੨੧ ਬਿ

ੴ ੴ ੴ ੴ ੴ

ੴ ੫ ਕੱਤਕ ਸ਼ਹਿਨਸ਼ਾਹੀ ਸੰਮਤ ੧ ਧੀਰ ਪੁਰ ਦਿੱਲੀ ਦਰਬਾਰ ਦੀ ਨੀਂ ਰੱਖਣ ਸਮੇਂ ੴ

. . . . ਜੁਗ ਚੌਕੜੀ ਸਭ ਕੁਝ ਮੇਰੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਭ ਦਾ ਲਹਿਣਾ ਦੇਣਾ ਕਰ ਕੇ ਬਸ, ਬਸਤੇ ਬਿਸਤਰਿਆਂ ਵਿਚ ਬੰਧਾਈਆ । ਹਰਿ ਭਗਤ ਗੁਰਮੁਖ ਕਰੇ ਇਕੱਠ, ਇਕੱਠਿਆਂ ਦਿਆਂ ਵਡਿਆਈਆ । ਸਚ ਦਰਬਾਰ ਦੀ ਨੀਂਹ ਰੱਖ, ਪਿਆਰ ਦੀ ਜੜ ਦਿਆਂ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਭਗਤਾਂ ਵਾਲਾ ਪੱਖ, ਭੁੱਲਿਆਂ ਦੇਵਾਂ ਸਜਾਈਆ । ਗੁਰਮੁਖਾਂ ਦੀ ਸੇਵਾ ਇਹ ਪਿਛਲਾ ਰਸ, ਰਸਤਾ ਸ੍ਰਿਸ਼ਟੀ ਦਏ ਵਖਾਈਆ । ਜਿਸ ਦੇ ਨਿਸ਼ਾਨੇ ਉਤੇ ਸਦੀ ਪਿਛੋਂ ਖਰਚ ਹੋਣਾ ਸਵਾ ਲੱਖ, ਨਿਸ਼ਾਨਾ ਧਰਮ ਇਕ ਝੁਲਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਕੋਈ ਵਸ, ਵਸੀਕਾਰ ਸਰਬ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਵੇਖ ਵਖਾਈਆ । . . . . . . . . . . . .

ੴ ੴ ੴ ੴ ੴ

ੴ ੫ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ੴ

ਗੋਬਿੰਦ ਕਹੇ ਵੇਖੋ ਗੁਰ ਪੈਗੰਬਰ ਅਵਤਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੁਰਖ ਅਕਾਲ ਖੇਲ ਕਰੇ ਅਗੰਮ ਅਪਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਨਾਮ ਜੈਕਾਰ, ਰਾਗਾਂ ਨਾਦਾਂ ਢੋਲਿਆਂ ਕਲਮਿਆਂ ਵਿਚ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਸ ਵਟਾਏ ਆਪ ਨਿਰੰਕਾਰ, ਕੁਦਰਤ ਦਾ ਕਾਦਰ ਵੇਖ ਵਖਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਰੇ ਪੁਕਾਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੂ ਹੀ ਤੂ ਹੀ ਰਾਗ ਅਲਾਈਆ । ਜੋ ਸਤਿ ਸਵਾਮੀ ਸਦਾ ਨਿਹਕਾਮੀ ਵਸਣਹਾਰਾ ਨਿਹਚਲ ਧਾਮ ਧਾਮ ਨਿਆਰ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ, ਪੁਰੀ ਲੋਅ ਬ੍ਰਹਿਮੰਡ ਖੰਡ ਪਾਵਣਹਾਰਾ ਸਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਸਰਗੁਣ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਖੇਲ ਕਰੇ ਵਿਚ ਸੰਸਾਰ, ਜੋਤੀ ਜਾਤਾ ਪੁਰਖ ਬਿਧਾਤਾ ਦੀਵਾ ਬਾਤੀ ਕਮਲਾਪਾਤੀ ਏਕਾ ਜੋਤ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਲਾਏ ਇਕ ਦਰਬਾਰ, ਧੁਰ ਦੀ ਧਾਰ ਆਪ ਬਣਾਈਆ । ਬੀਸ ਇਕੀਸਾ ਹਰਿ ਜਗਦੀਸਾ ਹੋਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਰੁੱਤ ਸੁਹੰਜਣੀ ਕਰੇ ਆਪ ਪਿਆਰ, ਪਰਮ ਪੁਰਖ ਪ੍ਰੀਤਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਭਗਤ ਸੁਹੇਲਾ ਇਕ ਇਕੱਲਾ ਲੇਖਾ ਜਾਣੇ ਸਚ ਦਰਬਾਰ, ਦਰ ਦਰਬਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਕਾਰ ਕਮਾਈਆ ।

ਗੋਬਿੰਦ ਕਹੇ ਵੇਖੋ ਪੀਰ ਪੈਗੰਬਰ ਗੁਰ ਅਵਤਾਰ ਖੋਲ੍ਹ ਕੇ ਅੱਖ, ਆਖਰ ਦਿਆਂ ਜਣਾਈਆ । ਜਿਸ ਦਾ ਮਾਰਗ ਸ੍ਰਿਸ਼ਟ ਸਬਾਈ ਵਰਨਾਂ ਬਰਨਾਂ ਜਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਆਏ ਦੱਸ, ਸ਼ਰਅ ਸ਼ਰੀਅਤ

ਵੰਡ ਵੰਡਾਈਆ । ਜਿਸ ਦਾ ਮੱਕਾ ਕਾਅਬਾ ਹੁਜਰਿਆਂ ਅੰਦਰ ਦੱਸ ਕੇ ਆਏ ਹੱਜ, ਮਹਿਬੂਬ ਮੁਹੱਬਤ ਇਕੋ ਇਕ ਜਣਾਈਆ । ਜਿਸ ਦਾ ਨਾਮ ਨਿਸ਼ਾਨ ਦੱਸਦੇ ਆਏ ਮੰਦਰ ਸ਼ਿਵਦਵਾਲੇ ਮੱਠ, ਜਗਤ ਵਿਦਿਆ ਕਰ ਪੜ੍ਹਾਈਆ । ਜਿਸ ਨੂੰ ਲੱਭਦੇ ਗੁਰ ਦਰ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਜਿਸ ਦਾ ਖਾਣੀ ਬਾਣੀ ਗਾਵੇ ਜਸ, ਸੋਹਲੇ ਢੋਲੇ ਸਿਫ਼ਤ ਸਲਾਹੀਆ । ਜਿਸ ਦਾ ਵਾਕ ਭਵਿਖਤਾਂ ਅੰਦਰ ਲਿਖਾ ਕੇ ਆਏ ਜਗ, ਜਗਜੀਵਣ ਦਾਤਾ ਨਾਉਂ ਧਰਾਈਆ । ਸੋ ਸਾਹਿਬ ਸਵਾਮੀ ਹੋ ਪਰਗਟ, ਪੁਰਖ ਅਕਾਲਾ ਖੇਲ ਖਿਲਾਈਆ । ਜਿਸ ਭਗਤ ਦਵਾਰ ਖੋਲ੍ਹ ਹੱਟ, ਅਲੱਖ ਅਗੋਚਰ ਅਗੰਮ ਅਥਾਹ ਵਸਤ ਇਕ ਵਰਤਾਈਆ । ਅੰਤਰ ਆਤਮ ਪਰਮਾਤਮ ਨਿਜ ਘਰ ਲਾ ਕੇ ਸ਼ਬਦੀ ਸੱਟ, ਸੋਈ ਸੁਰਤੀ ਆਪ ਉਠਾਈਆ । ਕੂੜੀ ਕਿਰਿਆ ਮੇਟ ਕੇ ਮਨ ਮਤ, ਗੁਰਮਤ ਇਕੋ ਇਕ ਸਮਝਾਈਆ । ਨਿਝਰ ਝਿਰਨਾ ਦੇਵੇ ਸਾਚਾ ਰਸ, ਬੂੰਦ ਸਵਾਂਤੀ ਆਪ ਚੁਵਾਈਆ । ਜਨਮ ਕਰਮ ਦਾ ਲਹਿਣਾ ਝੋਲੀ ਪਾ ਕੇ ਹੱਕ, ਹਰਖ਼ ਸੋਗ਼ ਚਿੰਤਾ ਗ਼ਮ ਰਿਹਾ ਮਿਟਾਈਆ । ਸਤਿਜੁਗ ਸਾਚਾ ਮਾਰਗ ਰਿਹਾ ਦੱਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਸੰਤ ਸੁਹੇਲਾ ਹੋ ਕੇ ਵਸ, ਗੁਰਮੁਖ ਗੁਰ ਗੁਰ ਚੇਲਾ ਮੇਲ ਮਿਲਾਈਆ । ਸਵਾਂਗੀ ਹੋ ਕੇ ਖੇਲ ਕਰੇ ਬਾਜੀਗਰ ਨਟ, ਅਛਲ ਛਲ ਧਾਰੀ ਆਪਣੀ ਕਾਰ ਕਮਾਈਆ । ਸਾਰੇ ਉਠੋ ਛੇਤੀ ਝੱਟ, ਬਿਨ ਤਨ ਲਉ ਅੰਗੜਾਈਆ । ਸ੍ਰੀ ਭਗਵਾਨ ਆਪਣੀ ਬਦਲ ਰਿਹਾ ਕਰਵਟ, ਮਿਹਰਵਾਨ ਆਪਣੀ ਦਇਆ ਕਮਾਈਆ । ਵਕਤ ਸੁਹੰਜਣਾ ਆਦਿ ਨਿਰੰਜਣਾ ਕਰੇ ਖੇਲ ਆਪ ਸਮਰੱਥ, ਦੂਜਾ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਗੁਰ ਗੋਬਿੰਦ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦਾ ਆਦਿ ਜੁਗਾਦੀ ਸਚ ਗਿਆਨ, ਨਜ਼ਰ ਇਕੋ ਨਾਮ ਦ੍ਰਿੜਾਈਆ । ਜਿਸ ਨੂੰ ਮੰਨਦੇ ਰਹੇ ਸ੍ਰੀ ਭਗਵਾਨ, ਜਨ ਭਗਤਾਂ ਹੋਏ ਸਹਾਈਆ । ਜਿਸ ਦੇ ਦਰ ਤੋਂ ਲੈਂਦੇ ਰਹੇ ਦਾਨ, ਖਾਲੀ ਝੋਲੀ ਸਦਾ ਭਰਾਈਆ । ਉਹ ਕਰੇ ਖੇਲ ਆਪ ਮਹਾਨ, ਮਿਹਰਵਾਨ ਸਮਝ ਕੋਇ ਨਾ ਆਈਆ । ਕਾਗਜ ਕਲਮ ਸ਼ਾਹੀ ਹੋਈ ਹੈਰਾਨ, ਹਰਿ ਕਾ ਲੇਖ ਨਾ ਕੋਇ ਸਮਝਾਈਆ । ਜੋ ਮਾਛੂਵਾੜੇ ਦੇ ਕੇ ਆਇਆ ਬਿਆਨ, ਧੁਰ ਸੰਦੇਸ਼ਾ ਰਾਗ ਅਲਾਈਆ । ਕਲ ਕਲਕੀ ਪਰਗਟ ਹੋਵੇ ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਜਿਸ ਦਾ ਸਾਚਾ ਚਿੱਲਾ ਤੀਰ ਕਮਾਨ, ਤਰਕਸ਼ ਇਕ ਹੱਥ ਰਖਾਈਆ । ਜਿਸ ਦਾ ਲੇਖਾ ਦੋ ਜਹਾਨ, ਲੋਕ ਪਰਲੋਕ ਵੇਖੇ ਚਾਈਂ ਚਾਈਂਆ । ਓਸ ਦਾ ਸੰਦੇਸ਼ਾ ਦੇਵਾਂ ਧੁਰ ਫ਼ਰਮਾਣ, ਧੁਰ ਦਾ ਹੁਕਮ ਸੁਣਾਈਆ । ਬੀਸ ਇਕੀਸ ਝੁਲਾਵਣਹਾਰ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ ।

ਗੁਰ ਗੋਬਿੰਦ ਕਹੇ ਉਠੋ ਆਪਣਾ ਬਲਧਾਰ, ਹਰਿ ਕਰਤਾ ਆਪ ਸੁਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਈਆ । ਚਾਰੋਂ ਕੁੰਟ ਵੇਖ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਪੀਰ ਪੈਗ਼ੰਬਰ ਹੋਵੋ ਖ਼ਬਰਦਾਰ, ਆਲਸ ਨਿੰਦਰਾ ਸਰਬ ਮਿਟਾਈਆ । ਵੇਲਾ ਵਕਤ ਸੁਹੇਲਾ ਗੁਰ ਚੇਲਾ ਕਰੇ ਪਿਆਰ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਹੁਲਾਰਾ, ਇਕੋ ਵਾਰ ਸੁਣਾਈਆ । ਤੂੰ ਦਸ ਦਸਮੇਸ਼ ਸੁੱਤ ਦੁਲਾਰਾ, ਪੁਰਖ ਅਕਾਲ ਇਕ ਅਖਵਾਈਆ । ਤੇਰਾ ਸਚ ਸਚ ਪਿਆਰਾ, ਪ੍ਰੀਤਮ ਪ੍ਰੇਮੀ ਇਕੋ ਨਜ਼ਰੀ ਆਈਆ । ਜੁਗ ਚੌਕੜੀ ਅਸੀਂ ਦੇਂਦੇ ਆਏ ਲਾਰਾ, ਜੀਵਾਂ ਜੰਤਾਂ ਤਾਂਈ ਜਣਾਈਆ । ਕਲ ਕਲਕੀ ਲਏ ਅਵਤਾਰਾ,

ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਇਕੋ ਸਚ ਅਖਾੜਾ, ਸਚਖੰਡ ਬੈਠਾ ਆਸਣ ਲਾਈਆ । ਜਿਸ ਦੇ ਹੁਕਮੇ ਅੰਦਰ ਤੇਈ ਅਵਤਾਰਾ, ਭਗਤ ਅਠਾਰਾਂ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਸਜਦਾ ਕਰਨ ਵਾਰੋ ਵਾਰਾ, ਨਿਉਂ ਨਿਉਂ ਲਾਗਣ ਪਾਈਆ । ਨਾਨਕ ਗੋਬਿੰਦ ਦੇਹਿ ਅਧਾਰਾ, ਦਰ ਠਾਂਡੇ ਖ਼ੁਸ਼ੀ ਮਨਾਈਆ । ਸਾਚਾ ਦੱਸ ਸਤਿ ਵਿਹਾਰਾ, ਵਿਵਹਾਰੀ ਦਏ ਸਮਝਾਈਆ । ਗੋਬਿੰਦ ਦੱਸੇ ਨਾਲ ਇਸ਼ਾਰਾ, ਸ਼ਬਦੀ ਧਾਰ ਪਰਗਟਾਈਆ । ਉਠੋ ਵੇਖੋ ਚਲ ਭਗਤ ਦਵਾਰਾ, ਭਗਵਨ ਬੈਠਾ ਸੋਭਾ ਪਾਈਆ । ਬੀਸ ਇਕੀਸਾ ਹੋ ਉਜਿਆਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਦਸ ਸਾਲ ਜਿਸ ਦਾ ਸੁਣਦੇ ਰਹੇ ਨਗਾਰਾ, ਨੌਬਤ ਨਾਮ ਵਜਾਈਆ । ਸੋ ਵੇਖਣਹਾਰਾ ਖੇਲ ਅਪਾਰਾ, ਅਪਰੰਪਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਕਮਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਗੋਬਿੰਦ, ਸਾਡੀ ਇਕ ਅਰਜੋਈਆ । ਪੁਰਖ ਅਕਾਲ ਗਹਿਰ ਗੰਭੀਰ ਸਾਗਰ ਸਿੰਧ, ਹਉਂ ਬੂੰਦ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਵੇਖੀ ਚਿੰਦ, ਚਿੰਤਾ ਚਿਖਾ ਰਹੀ ਜਲਾਈਆ । ਗੁਰਮੁਖ ਵਿਰਲਾ ਸੱਜਣ ਸੁਹੇਲਾ ਸ਼ਬਦ ਅਨਾਦੀ ਹੋਏ ਬਿੰਦ, ਮਾਤ ਪਿਤ ਖਹਿੜਾ ਲਏ ਛੁਡਾਈਆ । ਉਹ ਵੇਖ ਨੇਤਰ ਰੋਂਦਾ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਦਏ ਦੁਹਾਈਆ । ਸ਼ੰਕਰ ਛੱਡ ਕੇ ਆਪਣਾ ਪਿੰਡ, ਬੇਵਤਨ ਹੋਇਆ ਦਏ ਦੁਹਾਈਆ । ਬ੍ਰਹਮਾ ਰੋ ਰੋ ਕਹੇ ਮੇਰੇ ਸਾਹਿਬ ਬਖ਼ਸ਼ਿੰਦ, ਬਖ਼ਸ਼ਿਸ਼ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਵੇਖ ਵਖਾਈਆ ।

ਗੁਰ ਅਵਤਾਰ ਕਹਿਣ ਸੁਣ ਕਲਗੀਧਰ, ਜਗਤ ਜਗਦੀਸ਼ ਕੀ ਕੀ ਖੇਲ ਕਰਾਈਆ । ਕੀ ਭਗਤਾਂ ਦੇਵੇ ਧੁਰ ਦਾ ਵਰ, ਵਸਤ ਅਮੋਲਕ ਝੋਲੀ ਪਾਈਆ । ਸਤਿ ਦਵਾਰਿਉਂ ਸਭ ਨੂੰ ਆਵੇ ਡਰ, ਭੈ ਭਉ ਰਿਹਾ ਮਨਾਈਆ । ਕਲਜੁਗ ਜੀਵ ਕੂੜੀ ਕਿਰਿਆ ਕਰਨੀ ਗਏ ਗਲ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਤੇਰੀ ਸਿਖਿਆ ਉਤੇ ਕੋਈ ਨਾ ਸਕਿਆ ਚੱਲ, ਚਲਿੱਤਰਾਂ ਭਰੀ ਸਰਬ ਲੋਕਾਈਆ । ਖਾਲੀ ਮੰਦਰਾਂ ਵਿਚ ਖੜਕਦੇ ਸੁਣੇ ਟੱਲ, ਸੰਖਾਂ ਵਾਲੇ ਮੁਖ ਰਹੇ ਵਜਾਈਆ । ਰਸ ਰਿਹਾ ਨਾ ਤੀਰਥ ਅਠ ਸਠ ਜਲ, ਮੰਦਰ ਮਸਜਿਦ ਮੱਠ ਦਏ ਦੁਹਾਈਆ । ਦੂਈ ਦਵੈਤੀ ਮੇਟ ਨਾ ਸਕਿਆ ਕੋਈ ਸਲ, ਕੂੜੀ ਸ਼ਰਅ ਰਿਹਾ ਗੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਰਿਹਾ ਉਠਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਦੱਸ ਸੱਚ, ਬੀਸ ਇਕੀਸਾ ਮੰਗ ਮੰਗਾਈਆ । ਮੁਰੀਦਾਂ ਮੁਰਸ਼ਦਾਂ ਕਿਹੜਾ ਹੱਜ, ਬਿਨ ਕਾਅਬਿਉਂ ਨਜ਼ਰੀ ਆਈਆ । ਬਿਨ ਗੁਰੂਆਂ ਕਿਹੜਾ ਮੱਠ, ਮੰਦਰ ਕਵਣ ਸੁਹਾਈਆ । ਬਿਨ ਅੰਮ੍ਰਿਤ ਕਿਹੜਾ ਤਟ, ਕਿਨਾਰਾ ਦੇ ਦਰਸਾਈਆ । ਬਿਨ ਸੌਦਿਉਂ ਕਿਹੜਾ ਹੱਟ, ਵਣਜਾਰਾ ਕਵਣ ਅਖਵਾਈਆ । ਬਿਨ ਹਰਿਨਾਮੇ ਕਿਹੜਾ ਦਾਸ, ਭਗਤੀ ਧੁਰ ਦੀ ਰਿਹਾ ਕਮਾਈਆ । ਗੋਬਿੰਦ ਸਚ ਸੁਨੇਹੜਾ ਇਕੋ ਵਾਰ ਦੇ ਆਖ, ਬਿਨ ਅੱਖਰਾਂ ਆਪ ਜਣਾਈਆ । ਪੁਰਖ ਅਕਾਲ ਸਭ ਦਾ ਮਾਈ ਬਾਪ, ਪਤਿਪਰਮੇਸ਼ਵਰ ਵਡ ਵਡਿਆਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਤਖ਼ਤ ਬੈਠਾ ਆਪ, ਦੋ ਜਹਾਨਾਂ ਹੁਕਮ ਵਰਤਾਈਆ । ਜੋ ਕੂੜੀ ਕਿਰਿਆ ਮੇਟਣਹਾਰਾ ਪਾਪ, ਪੱਤਤ ਪੁਨੀਤ ਦਏ ਬਣਾਈਆ । ਜੋ ਜਨ ਭਗਤਾਂ ਨਜ਼ਰੀ ਆਏ ਸਾਖਿਆਤ, ਸਚ ਦਰਬਾਰੇ ਸੋਭਾ ਪਾਈਆ । ਮੈਂ ਏਸੇ ਕਾਰਨ ਤੁਹਾਨੂੰ ਰਿਹਾ ਆਖ, ਉਠੋ ਚਲੋ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਜਿਸ

ਵੇਲੇ ਜਾਈਏ ਪ੍ਰਭੂ ਦੇ ਪਾਸ, ਨਿਉਂ ਨਿਉਂ ਮਸਤਕ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਲੈ ਲਈਏ ਸਾਥ, ਪਿਛੇ ਰਹਿਣ ਕੋਇ ਨਾ ਪਾਈਆ । ਸਾਚੇ ਭਗਤਾਂ ਦਈਏ ਆਖ, ਕਬੀਰ ਜੁਲਾਹਾ ਨਾਲ ਸਲਾਹੀਆ । ਚਲੋ ਵੇਖੀਏ ਪਤਨ ਘਾਟ, ਜਿਸ ਦਰ ਬੈਠਾ ਬੇਪਰਵਾਹੀਆ । ਦੂਰ ਦੁਰਾਡੇ ਮੁਕੇ ਵਾਟ, ਪੰਧ ਅਗਲਾ ਨੇੜੇ ਆਈਆ । ਸਾਰੇ ਕਹਿਣ ਅੱਜੇ ਕਿਹੜਾ ਦਿਨ ਗੋਬਿੰਦ ਕਹੇ ਪੰਜ ਪੋਹ ਦੀ ਰਾਤ, ਜਿਸ ਦਾ ਭੇਵ ਕੋਇ ਨਾ ਪਾਈਆ । ਵੀਹ ਸੌ ਗਿਆਰਾਂ ਬਿਕ੍ਰਮੀ ਜਨ ਭਗਤਾਂ ਜੋੜ ਕੇ ਸਾਚਾ ਨਾਤ, ਧੁਰ ਦਰਬਾਰਾ ਦਿਤਾ ਬਣਾਈਆ । ਨੌਂ ਦਵਾਰੇ ਖੋਲ੍ਹ ਕੇ ਤਾਕ, ਦਸਵੇਂ ਆਪਣੇ ਰੰਗ ਰੰਗਾਈਆ । ਕੋੜ੍ਹਿਆਂ ਕਮਲਿਆਂ ਕੋਟ ਜਨਮ ਦੇ ਧੋ ਕੇ ਪਾਪ, ਦੁਰਮਤ ਮੈਲ ਧੁਵਾਈਆ । ਆਤਮ ਪਰਮਾਤਮ ਨਾਤਾ ਜੋੜ ਕੇ ਸਾਕ, ਬ੍ਰਹਮ ਪਾਰਬ੍ਰਹਮ ਸੱਜਣ ਲਿਆ ਮਨਾਈਆ । ਚਾਰ ਵਰਨ ਜਿਸ ਦੀ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰਾਂ ਆਈ ਮਸਤੀ, ਅਲਮਸਤ ਰੂਪ ਵਟਾਈਆ । ਚਲੋ ਵੇਖੀਏ ਅਗੰਮੀ ਹਸਤੀ, ਜਿਸ ਦਾ ਹੱਲ ਜਰਬ ਸਮਝ ਕੋਇ ਨਾ ਪਾਈਆ । ਜਾ ਕੇ ਮਿਲੀਏ ਪ੍ਰੀਤਮ ਅਰਸ਼ੀ, ਜੋ ਕੁਰਸ਼ੀ ਫਰਸ਼ ਵਡਿਆਈਆ । ਜੋ ਗਰੀਬ ਨਿਮਾਣਿਆਂ ਬਣ ਕੇ ਆਇਆ ਦਰਦੀ, ਦੁਖੀਆਂ ਦੁਖ ਵੰਡਾਈਆ । ਜਿਸ ਦੀ ਸਦਾ ਸਦਾ ਸਦ ਕਲਾ ਹੋਵੇ ਚੜ੍ਹਦੀ, ਗੋਬਿੰਦ ਡੰਕਾ ਫਤਿਹ ਗਿਆ ਸੁਣਾਈਆ । ਜਿਸ ਨੂੰ ਕਹਿ ਕੇ ਗਿਆ ਨਰ ਨਰਾਇਣ ਕਲਕੀ, ਕਲਕਾਤੀ ਫੇਰਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਆਪਣੀ ਮਰਜੀ, ਮਜਲਸ ਭਗਤਾਂ ਨਾਲ ਰਖਾਈਆ । ਓਸ ਦੇ ਦਰ ਤੇ ਮਨਜ਼ੂਰ ਹੋਵੇ ਸਭ ਦੀ ਅਰਜ਼ੀ, ਆਰਜ਼ੂ ਸਭ ਦੀ ਵੇਖ ਵਖਾਈਆ । ਇਹ ਖੇਲ ਅਗੰਮੀ ਨਰ ਦੀ, ਨਰ ਨਾਰੀ ਨਾ ਕੋਇ ਜਣਾਈਆ । ਜਿਸ ਦਾ ਢੋਲਾ ਸੋਹਲਾ ਲੱਖ ਚੁਰਾਸੀ ਜੀਵ ਜੰਤ ਪੜ੍ਹਦੀ, ਅਨਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਇਕ ਵਾਰ, ਇਕੋ ਏਕ ਜਣਾਈਆ । ਅਸੀਂ ਰਾਹ ਤੱਕਦੇ ਰਹੇ ਨੌਂ ਸੌਂ ਚੁਰਾਨਵੇ ਚੌਕੜੀ ਜੁਗ ਚਾਰ, ਕੋਟਨ ਕੋਟ ਕਾਲ ਧਿਆਨ ਲਗਾਈਆ । ਧੰਨ ਸੁ ਵੇਲਾ ਕਿਰਪਾ ਕਰੀ ਅਪਾਰ, ਅਪਰੰਪਰ ਸਵਾਮੀ ਆਪਣੀ ਖੇਲ ਵਖਾਈਆ । ਓਸ ਦੇ ਚਰਨ ਕਵਲ ਕਰੀਏ ਨਿਮਸਕਾਰ, ਧੂੜੀ ਮਸਤਕ ਟਿੱਕਾ ਖਾਕ ਰਮਾਈਆ । ਪੰਜ ਪੋਹ ਦਾ ਦਿਵਸ ਵਿਚਾਰ, ਦਹਿ ਦਿਸ਼ਾਂ ਖ਼ੁਸ਼ੀ ਜਣਾਈਆ । ਇਕ ਇਕ ਦਾ ਇਕ ਪਿਆਰ, ਦੂਆ ਏਕਾ ਜੋੜ ਜੁੜਾਈਆ । ਸਾਚੀ ਕਿਰਪਾ ਕਰੇ ਆਪ ਕਰਤਾਰ, ਕਰਤਾ ਬੇਪਰਵਾਹੀਆ । ਆਪਣਾ ਸਤ ਰੰਗ ਨਿਸ਼ਾਨਾ ਦੇਵੇ ਚਾੜ੍ਹ, ਇਕੀ ਦਿਵਸ ਮਾਤ ਲਹਿਰਾਈਆ । ਇਕੀ ਦਿਨ ਲੋਕਮਾਤ ਗੁਰ ਅਵਤਾਰ ਪੀਰ ਪੈਗ਼ੰਬਰ ਆਉਂਦੇ ਰਹਿਣ ਵਾਰੋ ਵਾਰ, ਬਣ ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ ।

ਗੋਬਿੰਦ ਕਹੇ ਦੱਸ ਸ੍ਰੀ ਭਗਵਾਨ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਪ੍ਰਭ ਤੇਰਾ ਝੁਲਦਾ ਰਹੇ ਨਿਸ਼ਾਨ, ਦਿਵਸ ਰੈਣ ਇਕੋ ਰੰਗ ਰੰਗਾਈਆ । ਨਿਉਂਦੇ ਰਹਿਣ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਉਂਦੇ ਰਹਿਣ ਗਾਨ, ਚਾਰ ਵੇਦ ਸਿਫ਼ਤ ਸਾਲਾਹੀਆ । ਭਗਤ ਸੁਹੇਲੇ ਮੰਗਦੇ ਰਹਿਣ ਦਾਨ, ਖਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇਣਾ ਵਖਾਈਆ ।

ਗੋਬਿੰਦ ਜਾ ਕੇ ਦੱਸ ਸ੍ਰੀ ਭਗਵੰਤ, ਸਚ ਸੰਦੇਸ਼ਾ ਇਕ ਜਣਾਈਆ । ਤੂੰ ਮਾਲਕ ਧੁਰ ਦਾ ਕੰਤ, ਹਉਂ ਨਾਰੀ ਸੇਵ ਕਮਾਈਆ । ਤੇਰਾ ਖੇਲ ਵੇਖੀਏ ਅੰਤ, ਅੰਤਸ਼ਕਰਨ ਸਭ ਦਾ ਖੋਜ ਖੁਜਾਈਆ । ਤੇਰਾ ਨਾਮ ਬਚਨ ਸੁਣੀਏ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਤੇਰੀ ਮਹਿੰਮਾ ਵੇਖ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਤੂੰ ਬੋਧ ਅਗਾਧਾ ਪੰਡਤ, ਤੇਰੀ ਵਿਦਿਆ ਸਮਝ ਕੋਇ ਨਾ ਪਾਈਆ । ਹਉਂ ਦਰਵੇਸ਼ ਗੁਰ ਅਵਤਾਰ ਪੈਗ਼ੰਬਰ ਤੇਰੇ ਦਰ ਤੇ ਮੰਗਤ, ਚਾਕਰ ਨਜ਼ਰੀ ਆਈਆ । ਪੰਜ ਪੋਹ ਕਰੀਏ ਮਿੰਤ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ ।

ਗੁਰ ਗੋਬਿੰਦ ਕਹੇ ਮੈਂ ਜੀਵਦਿਆਂ ਅਬਿਨਾਸ਼ੀ ਕਰਤੇ ਸੀਸ ਨਿਵੌਂਦਾ ਹਾਂ । ਪੁਰਖ ਅਕਾਲ ਇਕ ਮਨੌਂਦਾ ਹਾਂ । ਧੁਰ ਦਾ ਹਾਲ ਆਪ ਜਣੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗੌਂਦਾ ਹਾਂ । ਸਚ ਦਵਾਰੇ ਅਲਖ ਜਗਾਵਾਂਗਾ । ਪਰਤੱਖ ਪਰਮੇਸ਼ਵਰ ਦਰਸ਼ਨ ਪਾਵਾਂਗਾ । ਹਕੀਕਤ ਵਿਚੋਂ ਮੰਗਾਂ ਹੱਕ, ਧੁਰ ਦੀ ਝੋਲੀ ਆਪ ਭਰਾਵਾਂਗਾ । ਤੁਹਾਡੀ ਇਛਿਆ ਦੇਵਾਂ ਦੱਸ, ਪੜਦਾ ਉਹਲਾ ਨਾ ਕੋਈ ਰਖਾਵਾਂਗਾ । ਕਲਜੁਗ ਵੇਖ ਅੰਧੇਰੀ ਮਸ, ਚੰਦ ਨੂਰ ਇਕ ਚਮਕਾਵਾਂਗਾ । ਕੂੜੀ ਕਿਰਿਆ ਪ੍ਰਭ ਖੇੜਾ ਕਰ ਦਏ ਭੱਠ, ਅਗਨੀ ਤੱਤ ਤਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਝੋਲੀ ਅੱਗੇ ਡਾਹਵਾਂਗਾ ।

ਸਾਚੀ ਝੋਲੀ ਇਕ ਵਖਾਵਾਂਗਾ । ਹੌਲੀ ਹੌਲੀ ਪ੍ਰਭੂ ਜਣਾਵਾਂਗਾ । ਸਭ ਦੀ ਬੋਲੀ ਆਪ ਪਰਨਾਵਾਂਗਾ । ਬਣ ਕੇ ਢੋਲੀ ਢੋਲ ਵਜਾਵਾਂਗਾ । ਧੁਰ ਦਾ ਬਣ ਕੇ ਸਾਚਾ ਤੋਲੀ, ਤੋਲ ਆਪਣੇ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਰਸ਼ਨ ਪਾਵਾਂਗਾ ।

ਗੋਬਿੰਦ ਉਠ ਜਾ ਕੇ ਦੱਸ, ਦਸ ਦਸਮੇਸ਼ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦੇ ਚਰਨਾ ਰਹੇ ਢੱਠ, ਮਾਣ ਅਭਿਮਾਨ ਨਾ ਕੋਇ ਰਖਾਈਆ । ਸ੍ਰੀ ਭਗਵਾਨ ਆਪਣਾ ਪਰਗਟ ਕਰ ਰੰਗ ਸੱਤ, ਸਤਿ ਸਤਿਵਾਦੀ ਆਪ ਉਠਾਈਆ । ਸ੍ਰਿਸ਼ਟ ਸਬਾਈ ਦੇ ਮੱਤ, ਮਨਮਤ ਦੂਰ ਕਰਾਈਆ । ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਜੋ ਤੈਥੋਂ ਵਿਛੜ ਕੇ ਹੋਏ ਅੱਡ, ਓਨ੍ਹਾਂ ਆਪਣੇ ਵਿਚ ਮਿਲਾਈਆ । ਕੀ ਹੋਇਆ ਜੇ ਭੁਲ ਕੇ ਤੇਰੇ ਤੈਨੂੰ ਗਏ ਛੱਡ, ਤੂੰ ਅਭੁੱਲ ਇਕ ਅਖਵਾਈਆ । ਤੇਰੀ ਕਿਰਪਾ ਨਾਲ ਤੇਰੇ ਚਰਨ ਜਾਵਣ ਢੱਠ, ਧੂੜੀ ਟਿੱਕਾ ਖ਼ਾਕ ਰਮਾਈਆ । ਨਾਤਾ ਤੁਟ ਜਾਏ ਤੱਤ ਅੱਠ, ਨੌਂ ਦਰ ਪੰਧ ਚੁਕਾਈਆ । ਦਸਵੇਂ ਘਰ ਮਿਲ ਸੱਚ, ਸਚ ਤੇਰੀ ਸਰਨਾਈਆ । ਸਾਢੇ ਤਿੰਨ ਕਰੋੜ ਅੰਦਰ ਜਾਣਾ ਰਚ, ਲੂੰ ਲੂੰ ਤੇਰਾ ਰਾਗ ਅਲਾਈਆ । ਲੱਭ ਲੱਭ ਤੈਨੂੰ ਸਾਰੇ ਗਏ ਥੱਕ, ਖੋਜਿਆਂ ਹੱਥ ਕਿਤੇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਖਾਲੀ ਦਿਸੇ ਮੱਠ, ਅਬਿਨਾਸ਼ੀ ਕਰਤਾ ਨੂਰ ਨਾ ਕੋਇ ਰੁਸ਼ਨਾਈਆ । ਸਾਧ ਸੰਤ ਜੀਵ ਜੰਤ ਮਨ ਵਾਸਨਾ ਸਾਰੇ ਰਹੇ ਭੱਜ, ਬਣ ਬਣ ਪਾਂਧੀ ਰਾਹੀਆ । ਮੁਲਾਂ ਸ਼ੇਖ਼ ਮੁਸਾਇਕ ਕਰਦੇ ਹੱਜ, ਮੱਕਾ ਕਾਅਬਾ ਫਿਰੀ ਦੁਹਾਈਆ । ਤੇਰੀ ਆਤਮ ਪਰਮਾਤਮ ਤੈਥ ਹੋਈ ਅਲੱਗ, ਸਰਬਗ ਮੇਲ ਨਾ ਕੋਇ ਮਿਲਾਈਆ । ਪੰਚਮ ਪੋਹ ਸਾਰੇ ਚਰਨੀ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਆਪਣਾ ਚਾੜ੍ਹ ਨਿਸ਼ਾਨਾ ਦੋ ਜਹਾਨਾਂ ਖੋਲ੍ਹ ਅੱਖ, ਸੋਇਆ ਕੋਇ ਰਹਿਣ ਨਾ ਪਾਈਆ । ਬੋਲ ਜੈਕਾਰਾ ਇਕ ਅਲੱਖ, ਅਲੱਖ ਅਗੋਚਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਗੋਬਿੰਦ ਕਹੇ ਸੁਣ ਭਗਵੰਤ, ਪ੍ਰਭ ਤੈਨੂੰ ਦਿਆਂ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ

ਮਿੰਨਤ, ਨਿਰਧਨ ਹੋ ਕੇ ਸੀਸ ਨਿਵਾਈਆ । ਸਦੀ ਬੀਸ ਇਕੀਸੇ ਸਾਡੀ ਮੁੱਕੀ ਹਿੰਮਤ, ਹੌਸਲਾ ਰਹੇ ਢਾਹੀਆ । ਤੇਰਾ ਵੇਖੀਏ ਅਗੰਮੀ ਖਿੱਲਤ, ਸੋਹਣਾ ਰੂਪ ਨਜ਼ਰੀ ਆਈਆ । ਸਚ ਦਵਾਰੇ ਹੋਵੇ ਮਿਲਤ, ਦੂਈ ਦਵੈਤ ਚੁਕਾਈਆ । ਮਨੂਆ ਮਨ ਨਾ ਕਰੇ ਇੱਲਤ, ਦਹਿ ਦਿਸ਼ਾਂ ਨਾ ਉਠ ਉਠ ਧਾਈਆ । ਜਿਧਰ ਵੇਖੀਏ ਉਤਰ ਪੂਰਬ ਪੱਛਮ ਦੱਖਣ ਤੇਰੀ ਨਜ਼ਰੀ ਆਏ ਇਕੋ ਸਿੰਮਤ, ਦੂਜੀ ਵੰਡ ਨਾ ਕੋਇ ਵੰਡਾਈਆ । ਨਬੀ ਰਸੂਲ ਲੇਖਾ ਮੁਕਾ ਦੇ ਉਮਤ, ਮਿਹਰ ਨਜ਼ਰ ਅੱਖ ਉਠਾਈਆ । ਲੇਖਾ ਚੁਕ ਜਾਏ ਮੁੰਡ ਮੁੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੇ ਪਰਗਟਾਈਆ ।

ਗੋਬਿੰਦ ਕਹੇ ਪ੍ਰਭ ਮੇਰੀ ਅਰਜ਼, ਅੰਤਮ ਇਕ ਜਣਾਈਆ । ਮੇਰਾ ਲਾਹ ਦੇ ਪਿਛਲਾ ਕਰਜ਼, ਬੱਚੇ ਨੀਂਹਾ ਹੇਠ ਦਬਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਮੱਦਦ ਤੇਰੀ ਓਟ ਤਕਾਈਆ । ਤੇਰਾ ਕੁਛ ਨਾ ਹੋਵੇ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਜੇ ਗਰੀਬਾਂ ਦਾ ਤੈਨੂੰ ਦਰਦ, ਦੁਖੀਆਂ ਦੁਖ ਵੰਡਾਈਆ । ਕੂੜੀ ਕਿਰਿਆ ਮੇਟ ਦੇ ਧੜਤ, ਪੂਜਾ ਕੋਇ ਰਹਿਣ ਨਾ ਪਾਈਆ । ਇਕੋ ਤੇਰਾ ਹੁਕਮ ਵਰਤੇ ਅਰਸ਼ ਫਰਸ਼, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਤੇਰਾ ਢੋਲਾ ਗਾਈਆ । ਕਿਸੇ ਦੀ ਅਵਰ ਨਾ ਰਹੇ ਕੋਈ ਹਰਸ, ਹਵਸ ਸਭ ਦੀ ਦੇ ਬੁਝਾਈਆ । ਸਾਰੇ ਤੇਰੀ ਰਹਿਮਤ ਮੰਗਦੇ ਤਰਸ, ਮਿਹਰਵਾਨ ਹੋਣਾ ਸਹਾਈਆ । ਸ਼ਰਅ ਸ਼ਰੀਅਤ ਤਿਖੀ ਰਹੇ ਨਾ ਕਰਦ, ਮਜ਼੍ਹਬ ਦੀਨ ਨਾ ਕੋਇ ਲੜਾਈਆ । ਤੇਰਾ ਲੇਖਾ ਕੋਈ ਨਾਪ ਨਾ ਸਕੇ ਮੀਲ ਵਰਗ, ਹਿੰਦਸਿਆਂ ਵਿਚ ਨਾ ਕੋਇ ਜਣਾਈਆ । ਏਹੋ ਤੇਰਾ ਖੇਲ ਪ੍ਰਭੂ ਅਸਚਰਜ, ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਉਠ ਵੇਖ ਆਪਣੀ ਉਹ ਫਰਦ, ਜਿਸ ਦਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਗੋਬਿੰਦ ਕਹੇ ਪ੍ਰਭ ਚਾੜ੍ਹ ਸੱਤ ਰੰਗ, ਰੰਗ ਰੰਗੀਲੇ ਤੇਰੇ ਹੱਥ ਵਡਿਆਈਆ । ਜੁਗ ਜੁਗ ਦੀ ਪੂਰੀ ਕਰਦੇ ਮੰਗ, ਸਤਿਜੁਗ ਤ੍ਰੇਤਾ ਦੁਆਪਰ ਗਏ ਵਿਹਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਮੈਂ ਛੱਡ ਕੇ ਪੁਰੀ ਅਨੰਦ, ਤੇਰੇ ਚਰਨ ਡੇਰਾ ਲਾਈਆ । ਬੀਸ ਇਕੀਸੇ ਪੌਣੀ ਗੰਢ, ਨਾ ਹੋਵੇ ਮਾਤ ਜੁਦਾਈਆ । ਤੇਰਾ ਸੱਤ ਰੰਗ ਨਿਸ਼ਾਨਾ ਭਗਤਾਂ ਪਾਵੇ ਠੰਡ, ਅੰਮ੍ਰਿਤ ਮੇਘ ਬਰਸਾਈਆ । ਵੀਹ ਸੌ ਇਕੀ ਬਿਕ੍ਰਮੀ ਸ੍ਰਿਸ਼ਟ ਸਬਾਈ ਨਾਲ ਪਵੇ ਗੰਢ, ਹੌਲੀ ਹੌਲੀ ਤੰਦ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੱਤ ਰੰਗ ਨਿਸ਼ਾਨਾ ਚਾੜ੍ਹ ਪ੍ਰਭ, ਸਤਿ ਤੇਰੀ ਵਡਿਆਈਆ । ਚਵੀ ਹੱਥ ਝੁੱਲੇ ਝੱਬ, ਛੱਤੀ ਆਪਣੀ ਵੰਡ ਵੰਡਾਈਆ । ਜੁਗ ਛਤੀਸਾ ਮੁੱਕੇ ਹੱਦ, ਛੱਤੀ ਰਾਗ ਦੇਣ ਦੁਹਾਈਆ । ਕਿਰਪਾ ਕਰ ਹਰਿ ਸਮਰੱਥ, ਤੇਰੇ ਹੱਥ ਵਡਿਆਈਆ । ਸੰਤ ਸੁਹੇਲੇ ਤੈਨੂੰ ਲੈਣ ਲੱਭ, ਦੂਰ ਦੁਰਾਡੇ ਧਿਆਨ ਲਗਾਈਆ । ਜਨ ਭਗਤਾਂ ਪੜਦਾ ਲੈਣਾ ਕੱਜ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਨਾਮ ਦਾ ਢੋਲਾ ਗੌਂਦੇ ਰਹੀਏ ਛੰਦ, ਇਕੀ ਦਿਨ ਸੇਵ ਕਮਾਈਆ । ਸਾਚੀ ਕਰ ਕੇ ਆਏ ਵੰਡ, ਪੋਹ ਛੇ ਦੇਈਏ ਜਣਾਈਆ । ਛੱਬੀ ਪੋਹ ਤੇਰਾ ਮਾਣ ਕੇ ਅਨੰਦ, ਅਨੰਦ ਤੇਰੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਵਖਾਈਆ ।

ਸ੍ਰੀ ਭਗਵਾਨ ਦਇਆ ਕਮੌਂਦਾ ਏ । ਜੋਤ ਸਰੂਪੀ ਜੋਤ ਡਗਮਗੌਂਦਾ ਏ । ਸ਼ਬਦ ਅਗੰਮੀ ਹੁਕਮ ਸੁਣੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅਰਜ ਮੰਨੀ, ਮਨਸਾ ਸਭ ਦੀ ਵੇਖ ਵਖੌਂਦਾ ਏ । ਅਰਸ਼

ਫਰਸ਼ ਦਾ ਮਾਲਕ ਬਣ ਕੇ ਧਨੀ, ਦੌਲਤ ਨਾਮ ਖਜਾਨਾ ਆਪ ਵਰਤੌਂਦਾ ਏ । ਧੁਰ ਸੰਦੇਸ਼ਾ ਸੁਣਾਵੇ ਬਿਨਾਂ ਕੰਨੀ, ਆਪਣਾ ਹੁਕਮ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮੌਂਦਾ ਏ ।

ਸਚ ਕਰਨੀ ਕਾਰ ਕਮਾਵਾਂਗਾ । ਸੱਤ ਰੰਗ ਨਿਸ਼ਾਨ ਚੜ੍ਹਾਵਾਂਗਾ । ਚਾਰ ਯੁਗ ਦੀ ਪੂਰੀ ਮੰਗ ਕਰਾਵਾਂਗਾ । ਨਾਮ ਨਿਧਾਨ ਅਗੰਮਾ ਛੰਦ, ਬਿਨ ਮਹੱਲ ਅਟੱਲ ਪੜ੍ਹਾਵਾਂਗਾ । ਜਨ ਭਗਤਾਂ ਦੇ ਕੇ ਅੰਤਰ ਅਨੰਦ, ਖਾਦਮ ਰਸ ਚਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਕੇ ਬਨੌਣਾ ਸੱਚਾ ਸੰਗ, ਲੇਖਾ ਦੀਨ ਮਜ਼੍ਹਬ ਮਿਟਾਵਾਂਗਾ । ਕਲਜੁਗ ਔਧ ਰਹੀ ਹੰਢ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਕੂੜੀ ਕਿਰਿਆ ਕਰਕੇ ਖੰਡ ਖੰਡ, ਸਤਿ ਧਰਮ ਇਕ ਪਰਗਟਾਵਾਂਗਾ । ਨਾਰ ਦੋਹਾਗਣ ਮੇਟ ਕੇ ਰੰਡ, ਕੰਤ ਸੁਹਾਗੀ ਜੋੜ ਜੁੜਾਵਾਂਗਾ । ਲੇਖਾ ਜਾਣ ਕੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਵਾਂਗਾ । ਪੜਦਾ ਲਾਹ ਕੇ ਕੋਟ ਬ੍ਰਹਿਮੰਡ, ਪੁਰੀ ਲੋਅ ਅਕਾਸ਼ ਚਰਨਾਂ ਹੇਠ ਦਬਾਵਾਂਗਾ । ਸਤਿ ਝੁਲਾ ਕੇ ਨਿਸ਼ਾਨਾ ਸੱਤ ਰੰਗ, ਰੰਗਤ ਇਕੋ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਵਖਾਵਾਂਗਾ ।

ਸਚ ਕਰਨੀ ਖੇਲ ਵਖਾਵੇਗਾ । ਧਰਤ ਧਵਲ ਧਰਨੀ ਸੋਭਾ ਪਾਵੇਗਾ । ਗੁਰ ਅਵਤਾਰ ਪੈਗ਼ੰਬਰ ਪੀਰ ਸਰਨੀ ਲਾਵੇਗਾ । ਸ਼ਬਦ ਅਗੰਮੀ ਚਲੇ ਤੀਰ, ਦੋ ਜਹਾਨਾਂ ਪਾਰ ਕਰਾਵੇਗਾ । ਮੰਜ਼ਲ ਚੋਟੀ ਚੜ੍ਹ ਅਖ਼ੀਰ, ਲੱਖ ਚੁਰਾਸੀ ਵੇਖ ਵਖਾਵੇਗਾ । ਕਲਜੁਗ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਆਪ ਦ੍ਰਿੜ੍ਹਾਵੇਗਾ । ਸ਼ਰਅ ਕੂੜਾ ਕੱਟ ਜੰਜ਼ੀਰ, ਡੋਰੀ ਤੰਦ ਨਾਮ ਬੰਧਾਵੇਗਾ । ਲੇਖਾ ਚੁਕੇ ਸ਼ਾਹ ਵਜੀਰ, ਲਸ਼ਕਰ ਸ਼ਾਹੀ ਖ਼ਾਕ ਮਿਲਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਘਤ ਕੇ ਆਵਣ ਵਹੀਰ, ਰਹਿਬਰ ਹੋ ਕੇ ਆਪ ਸਮਝਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਧੀਰ, ਸਿਰ ਆਪਣਾ ਹੱਥ ਟਿਕਾਵੇਗਾ । ਦਾਤਾ ਹੋ ਕੇ ਗੁਣੀ ਗਹੀਰ, ਵਸਤ ਅਮੋਲਕ ਝੋਲੀ ਪਾਵੇਗਾ । ਜੋਤ ਚਮਕਾ ਕੇ ਬੇਨਜ਼ੀਰ, ਜਨ ਭਗਤਾਂ ਨਜ਼ਰੀ ਆਵੇਗਾ । ਆਪਣੀ ਦੱਸ ਸਚ ਤਸਵੀਰ, ਤਸਵਰ ਆਪਣਾ ਆਪ ਕਰਾਵੇਗਾ । ਲੇਖਾ ਜਾਣ ਕੇ ਹਸਤ ਕੀਟ, ਕੀਟ ਕੀਟਾਂ ਵਿਚ ਡੇਰਾ ਲਾਵੇਗਾ । ਕਲਜੁਗ ਕੂੜੀ ਕਿਰਿਆ ਕੱਟ ਕੇ ਭੀੜ, ਭਾਂਡਾ ਭਰਮ ਭਉ ਭੰਨਾਵੇਗਾ । ਸਚ ਨਿਸ਼ਾਨਾ ਚਾੜ੍ਹੇ ਮਾਤ ਅਖ਼ੀਰ, ਅਕਲ ਕਲਧਾਰੀ ਆਪਣੀ ਕਲ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਦਿਵਸ ਆਪ ਝੁਲਾਵੇਗਾ ।

ਇਕੀ ਦਿਵਸ ਨਿਸ਼ਾਨਾ ਝੁਲੇਗਾ । ਸਚ ਦਵਾਰਾ ਧੁਰ ਦਾ ਖੁਲ੍ਹੇਗਾ । ਗੁਰਮੁਖ ਕੋਈ ਮਾਤ ਨਾ ਰੁਲੇਗਾ । ਭਗਤ ਸੁਹੇਲਾ ਕਦੇ ਨਾ ਭੁਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕੋ ਮੱਲੇਗਾ । ਸਚ ਸਿੰਘਾਸਣ ਇਕ ਸੁਹਾਵਾਂਗਾ । ਨਵ ਨੌਂ ਚਾਰ ਵੇਖ ਵਖਾਵਾਂਗਾ । ਦੋ ਜਹਾਨ ਹੁਕਮ ਮਨਾਵਾਂਗਾ । ਧਰਮ ਨਿਸ਼ਾਨਾ ਇਕ ਉਠਾਵਾਂਗਾ । ਸ੍ਰਿਸ਼ਟ ਸਬਾਈ ਨੇਤਰ ਅੱਖ ਦਰਸਾਵਾਂਗਾ । ਕਰਕੇ ਖੇਲ ਅਗੰਮ ਅਥਾਹੀ, ਧੁਰ ਦੀ ਅਲਖ ਇਕ ਜਣਾਵਾਂਗਾ । ਬੀਸ ਇਕੀਸਾ ਹਰਿ ਜਗਦੀਸਾ ਕਰੇ ਖੇਲ ਬੇਪਰਵਾਹੀ, ਬੇਪਰਵਾਹੀ ਵਿਚ ਸਮਾਵਾਂਗਾ । ਵਰਨ ਬਰਨ ਪਏ ਦੁਹਾਈ, ਚਾਰ ਅਠਾਰਾਂ ਜੋੜ ਜੁੜਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਆਵਣ ਰਾਹੀ, ਪਾਂਧੀ ਪੰਧ ਵਿਚ ਜਣਾਵਾਂਗਾ । ਸਵਾ ਘੰਟਾ ਵਜਦੀ ਰਹੇ ਵਧਾਈ, ਸੱਤ ਪੰਜ ਜੋੜ ਜੁੜਾਵਾਂਗਾ । ਸੱਤਰ ਬਹੱਤਰ ਚੁਹੱਤਰ ਕਰ ਰੁਸ਼ਨਾਈ, ਪਜੱਤਰ ਆਪਣਾ ਰੰਗ ਰੰਗਾਵਾਂਗਾ । ਬਣ ਕੇ ਧੁਰ ਦਾ ਦਾਇਆ ਦਾਈ, ਸੰਤ ਸੁਹੇਲੇ ਗੋਦ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਵਾਂਗਾ ।

ਸਚ ਕਰਨੀ ਕਾਰ ਕਮਾਵੇਗਾ । ਪ੍ਰਭ ਅਬਿਨਾਸ਼ੀ ਖੇਲ ਖਿਲਾਵੇਗਾ । ਧੁਰ ਦਾ ਸਾਥੀ ਨਜ਼ਰੀਂ ਆਵੇਗਾ । ਸਾਚਾ ਮੰਤਰ ਅੰਤਰ ਪਾਠੀ ਜਾਪ ਜਪਾਵੇਗਾ । ਤ੍ਰੈਗੁਣ ਲੱਗੇ ਨਾ ਮਾਇਆ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਵੇਗਾ । ਬ੍ਰਹਮ ਜਣਾ ਕੇ ਇਕ ਨਿਰੰਤਰ, ਨਿਰਵੈਰ ਕਾਰ ਕਮਾਵੇਗਾ । ਲੇਖਾ ਚੁਕਾ ਕੇ ਗਗਨ ਗਗਨੰਤਰ, ਚਰਨ ਕਵਲ ਇਕ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਆਪ ਝੁਲਾਵੇਗਾ ।

ਸਚ ਨਿਸ਼ਾਨ ਸਚ ਝੁਲਾਵਾਂਗਾ । ਦੋ ਜਹਾਨਾਂ ਆਪ ਵਖਾਵਾਂਗਾ । ਗੋਪੀ ਕਾਹਨਾ ਨਾਲ ਮਿਲਾਵਾਂਗਾ । ਸੀਤਾ ਰਾਮ ਪੜਦਾ ਲਾਹਵਾਂਗਾ । ਈਸਾ ਮੂਸਾ ਮੁਹੰਮਦ ਸਜਦਾ ਸੀਸ ਝੁਕਾਨ, ਕਲਮਿਆਂ ਵਿਚੋਂ ਕਲਮਾ ਆਪ ਪੜ੍ਹਾਵਾਂਗਾ । ਬਣ ਕੇ ਧੁਰ ਦਾ ਇਕ ਅਮਾਮ, ਅਮਲ ਸਭ ਦੇ ਵੇਖ ਵਖਾਵਾਂਗਾ । ਮੁਕਾਮੇ ਹੱਕ ਹੋ ਮਿਹਰਵਾਨ, ਚੌਦਾਂ ਲੋਕ ਚੌਦਾਂ ਤਬਕ ਹੁਕਮ ਵਰਤਾਵਾਂਗਾ । ਬਿਨ ਨੇਤਰ ਵੇਖੇ ਜ਼ਿਮੀਂ ਅਸਮਾਨ, ਮੰਡਲ ਮੰਡਪ ਖੋਜ ਖੁਜਾਵਾਂਗਾ । ਧਰਮ ਦਵਾਰੇ ਬਣ ਕੇ ਹੁਕਮਰਾਨ, ਹੁਕਮ ਹਾਕਮਾ ਆਪ ਸੁਣਾਵਾਂਗਾ । ਇਕੀ ਦਿਵਸ ਦਾ ਖੇਲ ਮਹਾਨ, ਇਕੀ ਇਕੀਆਂ ਭਾਈ ਤਾਈਂ ਆਪ ਵਡਿਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ।

## ੬ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਰੈਣ ਸਬਾਈ ਰਹੇ ਫਿਰਦੇ, ਗੁਰ ਅਵਤਾਰ ਪੈਗ਼ੰਬਰ ਰਹੇ ਜਣਾਈਆ । ਦਰਸ਼ਨ ਕੀਤੇ ਸਾਚੇ ਪਿਰ ਦੇ, ਪਤਿ ਪਰਮੇਸ਼ਵਰ ਸੀਸ ਨਿਵਾਈਆ । ਸੁਣੇ ਸੰਦੇਸੇ ਪੂਰਬ ਚਿਰ ਦੇ, ਅੰਤਰ ਧਿਆਨ ਰਖਾਈਆ । ਜਨ ਭਗਤਾਂ ਰੱਖੇ ਪ੍ਰਭ ਸਾਚਾ ਬਿਰਦੇ, ਮਿਹਰ ਨਜ਼ਰ ਇਕ ਉਠਾਈਆ । ਜਾਂ ਤੱਕਿਆਂ ਗੁਰਮੁਖਾਂ ਵਸਿਆ ਹਿਰਦੇ, ਸਚ ਦਵਾਰਾ ਇਕ ਸੁਹਾਈਆ । ਮਾਲਕ ਬਣ ਕੇ ਥਿਰ ਘਰ ਦੇ, ਘਰ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਵੇ ਸਹਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਰਹੇ ਤੱਕਦੇ, ਦੋ ਜਹਾਨਾਂ ਅੱਖ ਖੁਲ੍ਹਾਈਆ । ਖੇਲ ਵੇਖੀਏ ਪੁਰਖ ਸਮਰੱਥ ਦੇ, ਸਾਹਿਬ ਸੁਲਤਾਨ ਕੀ ਕੀ ਰਚਨ ਰਚਾਈਆ । ਨਾਅਰੇ ਸੁਣੀਏ ਸਚ ਅਲੱਖ ਦੇ, ਦੋ ਜਹਾਨਾਂ ਵੱਜੇ ਵਧਾਈਆ । ਰਸ ਮਾਣੀਏ ਉਸ ਜਸ ਦੇ, ਜੋ ਸਿਫ਼ਤਾਂ ਵਿਚ ਨਾ ਕੋਇ ਸਲਾਈਆ । ਦਰਸ਼ਨ ਪਾਈਏ ਅਗੰਮੀ ਨੇਤਰ ਅੱਖ ਦੇ, ਜੋ ਆਖ਼ਰ ਫ਼ੈਸਲੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਰੈਣ ਸਬਾਈ ਫਿਰ ਫਿਰ ਥੱਕੇ, ਭੱਜੇ ਵਾਹੋ ਦਾਹੀਆ । ਖਾਲੀ ਵੇਖੇ ਮਦੀਨੇ ਮੱਕੇ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇਣ ਦੁਹਾਈਆ । ਚਾਰ ਕੁੰਟ ਦਹਿ ਦਿਸ਼ਾ ਪਤ ਕੋਇ ਨਾ ਰੱਖੇ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਏ ਵਡਿਆਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਲਿਆ ਨੱਠ, ਬਣ ਬਣ ਪਾਂਧੀ ਪੰਧ ਮੁਕਾਈਆ । ਖੋਜ ਖੋਜ ਵੇਖੇ ਅਠ ਸਠ, ਤੀਰਥ ਤੱਟ ਫੇਰਾ ਪਾਈਆ । ਜਗਤ ਵਣਜਾਰੇ ਵੇਖੇ ਹੱਟ, ਨਵ ਨੌਂ ਚਾਰ ਪੜਦਾ ਲਾਹੀਆ । ਨੌਂ ਦਵਾਰੇ ਵੇਖੇ ਰਸ, ਕੂੜੀ ਕਿਰਿਆ ਸ੍ਰਿਸ਼ਟ ਹਲਕਾਈਆ । ਜੀਵਾਂ ਜੰਤਾਂ ਵੇਖੀ ਮਤ, ਸਾਧ ਸੰਤ ਰਹੇ ਕੁਰਲਾਈਆ । ਮਿਲੇ ਮੇਲ ਨਾ ਕੋਇ ਪੁਰਖ ਸਮਰੱਥ, ਧੁਰ ਦਾ ਸੰਗ ਨਾ ਕੋਇ

ਨਿਭਾਈਆ । ਸਭ ਦਾ ਖੇੜਾ ਹੁੰਦਾ ਦਿਸੇ ਭੱਠ, ਅੱਗੇ ਹੋ ਨਾ ਕੋਇ ਬਚਾਈਆ । ਰਸਨਾ ਜਿਹਵਾ ਬੱਤੀ ਦੰਦ ਮਣਕਿਆਂ ਵਾਲਾ ਨਾਮ ਰਹੇ ਰਟ, ਅੰਤਰ ਆਤਮ ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਦਿਤਾ ਜਣਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਰੈਣ ਸਬਾਈ ਫਿਰੇ ਭੱਜੇ, ਚਾਰ ਕੁੰਟ ਦਹਿ ਦਿਸ਼ਾਂ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਲੱਭੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਨਾਮ ਪਿਆਲੇ ਪੀ ਕੇ ਰਸ ਮਧੇ, ਮਧੁਰ ਧੁਨ ਰਹੇ ਜਸ ਗਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਕਲਜੁਗ ਤੱਤੀ ਵਾ ਵਗੇ, ਸਾਂਤਕ ਸਤਿ ਨਾ ਕੋਇ ਕਰਾਈਆ । ਮਾਨਸ ਮਨੁਖ ਹੋਏ ਹੰਸ ਜੀਵ ਕੱਗੇ, ਸੋਹੰ ਹੰਸਾ ਰੂਪ ਨਾ ਕੋਇ ਵਟਾਈਆ । ਨਾਰੀ ਪੁਰਸ਼ ਵੇਖੇ ਨੰਗੇ, ਧੀਰਜ ਧੀਰ ਸਤਿ ਸੰਤੋਖ ਸਤਿ ਸਤਿਵਾਦ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰੇ ਹੱਥ ਨਜ਼ਰੀ ਆਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੀ ਮਾਰ ਕੇ ਨਜ਼ਰ, ਬੇਨਜ਼ੀਰ ਤੇਰੀ ਸਰਨਾਈਆ । ਗੁਰ ਅਵਤਾਰਾਂ ਰਹੀ ਕੋਈ ਨਾ ਕਦਰ, ਮਾਣ ਤਾਣ ਨਾ ਕੋਇ ਵਡਿਆਈਆ । ਗੁਰਮੁਖਾਂ ਪੂਰੀ ਹੋਵੇ ਨਾ ਸਧਰ, ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਕੁੰਟ ਕੂੜੀ ਕਿਰਿਆ ਪਿਆ ਗਦਰ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਸ਼ਾਹ ਸੁਲਤਾਨ ਕਮਾਵੇ ਕੋਈ ਨਾ ਅਦਲ, ਇਨਸਾਫ ਹੱਥ ਕਿਸੇ ਨਾ ਆਈਆ । ਰੈਣ ਅੰਧੇਰੀ ਘਟ ਵੇਖੀ ਬੱਦਲ, ਸੂਰੀਯਾ ਸਚ ਨਾ ਕੋਇ ਰੁਸ਼ਨਾਈਆ । ਪੌੜੀ ਚੜ੍ਹੇ ਕੋਈ ਨਾ ਮੰਜ਼ਲ, ਦਰਗਹਿ ਸਚ ਨਾ ਕੋਇ ਸਮਾਈਆ । ਮਨ ਵਾਸਨਾ ਕਰੇ ਕੋਈ ਨਾ ਕਤਲ, ਖੰਡਾ ਨਾਮ ਨਾ ਹੱਥ ਉਠਾਈਆ । ਮੁੜ ਕੇ ਜਾਏ ਕੋਈ ਨਾ ਆਪਣੇ ਵਤਨ, ਜਗਤ ਵਿਛੋੜਾ ਪੰਧ ਮੁਕਾਈਆ । ਗੁਰਮੁਖ ਥੋੜੇ ਸੱਜਣ ਸੁਹੇਲੇ ਮੱਲ ਕੇ ਬੈਠੇ ਧੁਰ ਦਾ ਪਤਨ, ਖੇਵਟ ਖੇਟਾ ਇਕੋ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸਾਂ ਤੱਕਿਆਂ ਜਲ ਥਲ, ਮਹੀਅਲ ਖੋਜ ਖੁਜਾਈਆ । ਬਿਨ ਭਗਤਾਂ ਦੀਪਕ ਜੋਤੀ ਕੋਈ ਨਾ ਰਿਹਾ ਬਲ, ਸੁੰਞ ਮਸਾਣ ਦਿਸੀ ਲੋਕਾਈਆ । ਵੇਖ ਕੇ ਆਏ ਡੂੰਘੀ ਡਲ, ਉਜਾੜ ਪਹਾੜ ਸਮੁੰਦ ਸਾਗਰ ਫੋਲ ਫੁਲਾਈਆ । ਉਚੇ ਟਿੱਲੇ ਪਰਬਤ ਵੇਖੇ ਥਲ, ਵਹਿੰਦੀ ਧਾਰ ਖੋਜ ਖੁਜਾਈਆ । ਬਿਨ ਜਨ ਭਗਤਾਂ ਸਾਚਾ ਦਰ ਕੋਈ ਨਾ ਬੈਠਾ ਮੱਲ, ਸਤਿ ਦਵਾਰੇ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਿਤਾ ਦਰਸਾਈਆ ।

ਰੈਣ ਸਬਾਈ ਰਹੇ ਲੱਭਦੇ, ਨਿਰਗੁਣ ਤੇਰੀ ਖੋਜ ਖੁਜਾਈਆ । ਪੈਂਡੇ ਮੁਕਾਂਦੇ ਰਹੇ ਜਗਤ ਜਹਾਨ ਹੱਦ ਦੇ, ਦੂਰ ਦੁਰਾਡੇ ਨੇੜੇ ਆਈਆ । ਸੰਤ ਸੁਹੇਲੇ ਰਹੇ ਸੱਦਦੇ, ਹੋਕਾ ਨਾਮ ਜਣਾਈਆ । ਵੇਖੇ ਕਲਜੁਗ ਅੰਗਿਆਰੇ ਅੱਗ ਦੇ, ਅਗਨੀ ਤੱਤ ਤਪਾਈਆ । ਕੂੜੀ ਕਿਰਿਆ ਪਿਆਲੇ ਮਧ ਦੇ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਸਚ ਦਵਾਰੇ ਸਜਦੇ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਆਏ ਭੌਂ, ਹਰਿ ਜੂ ਪਿਛਲਾ ਪੰਧ ਮੁਕਾਈਆ । ਮਾਨਵ ਮਾਨੁਖ ਸਾਰੇ ਰਹੇ ਸੌਂ, ਸੁੱਤਿਆ ਰੈਣ ਵਿਹਾਈਆ । ਭਗਤ ਸੁਹੇਲੇ ਤੇਰਾ ਜਪਦੇ ਨਾਉਂ, ਨਿਰੰਕਾਰ ਇਕ ਧਿਆਈਆ । ਅਰਬਾਂ ਖਰਬਾਂ ਵਿਚੋਂ ਥੋੜੇ ਵਸਦੇ ਵੇਖੇ ਗਾਉਂ, ਸਾਢੇ ਤਿੰਨ ਹੱਥ ਨਗਰ ਜਿਥੇ ਤੇਰੀ ਵੱਜੇ

ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਚੁਕਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਸਬਾਈ ਮੁਕਿਆ ਪੰਧ, ਪਾਂਧੀ ਰਹੇ ਸੁਣਾਈਆ । ਲੱਖ ਚੁਰਾਸੀ ਰਸਨਾ ਜਿਹਵਾ ਕੂੜੀ ਕਿਰਿਆ ਲੱਗਾ ਵੇਖਿਆ ਗੰਦ, ਸੱਚੀ ਧਾਰ ਨਾ ਕੋਇ ਵਹਾਈਆ । ਗੁਰਮੁਖ ਥੋੜੇ ਸੰਤ ਸੁਹੇਲੇ ਜਨ ਭਗਤ ਗੌਂਦੇ ਸੋਹੰ ਛੰਦ, ਸਹਿੰਸਾ ਰੋਗ ਸਰਬ ਚੁਕਾਈਆ । ਜਿਨ੍ਹਾਂ ਦੇ ਅੰਦਰ ਵੇਖਿਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟ ਹੋ ਕੇ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰਾ ਨਜ਼ਰੀਂ ਆਈਆ ।

ਰੈਣ ਸਬਾਈ ਰਹੇ ਖੋਜਦੇ, ਖੋਜਤ ਖੋਜਤ ਵੇਖ ਵਖਾਈਆ । ਵੇਖੇ ਨਜ਼ਾਰੇ ਤੇਰੀ ਮੌਜ ਦੇ, ਮਜਲਸ ਭਗਤਾਂ ਨਾਲ ਲਗਾਈਆ । ਲਹਿਣੇ ਚੁਕਾ ਕੇ ਲੋਕ ਪਰਲੋਕ ਦੇ, ਚਰਨ ਕਵਲ ਦਿਤੀ ਸਰਨਾਈਆ । ਪਿਆ ਪਿਆਲੇ ਨਾਮ ਖੁਮਾਰੀ ਮਦਹੋਸ਼ ਦੇ, ਮਸਤ ਮਸਤਾਨੇ ਦਏ ਬਣਾਈਆ । ਉਹ ਦਰਸ ਤੇਰਾ ਪ੍ਰਭ ਲੋਚਦੇ, ਲੋਚਨ ਨੇਤਰ ਨੈਣ ਅੱਖ ਉਠਾਈਆ । ਜਨ ਭਗਤਾਂ ਲੇਖੇ ਮੁੱਕੇ ਅਫਸੋਸ ਦੇ, ਚਿੰਤਾ ਰੋਗ ਗਵਾਈਆ । ਇਕੋ ਦਰਸ਼ਨ ਤੇਰਾ ਲੋਚਦੇ, ਦੂਜੀ ਲੋੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਰੈਣ ਪਿਛੋਂ ਵੇਖਿਆ ਦਿਵਸ ਚੜ੍ਹਦਾ, ਲੋਕਮਾਤ ਵੱਜੀ ਵਧਾਈਆ । ਭਗਤ ਸੁਹੇਲਾ ਇਕ ਅਕੇਲਾ ਸਚ ਦਵਾਰੇ ਵੇਖਿਆ ਖੜਦਾ, ਬਲਧਾਰੀ ਆਪਣਾ ਬਲ ਧਰਾਈਆ । ਦੋ ਜਹਾਨ ਵੇਖਿਆ ਡਰਦਾ, ਭੈ ਭਉ ਸਿਰ ਰਖਾਈਆ । ਖੇਲ ਵੇਖਿਆ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਦਿਵਸ ਵੇਖਿਆ ਵੇਲਾ ਸੁਹੰਜਣਾ ਸਾਢੇ ਦਸ, ਦਸਤਗੀਰ ਮਿਲੀ ਵਡਿਆਈਆ । ਸਾਡੀ ਪਲਕ ਨਾ ਖੁੱਲ੍ਹੀ ਅੱਖ, ਪਰਤੱਖ ਰੂਪ ਗੁਸਾਈਆ । ਜਨ ਭਗਤਾਂ ਦੇਵਣਹਾਰਾ ਹੱਕ, ਹਿਕਮਤ ਆਪਣੇ ਹੱਥ ਰਖਾਈਆ । ਜਿਸ ਵਕਤ ਸੁਹੇਲੇ ਭਗਤ ਦਵਾਰੇ ਨੀਂਹ ਦਿਤੀ ਰੱਖ, ਨੀਵਿਆਂ ਉਚੇ ਰਿਹਾ ਬਣਾਈਆ । ਓਸ ਦਾ ਨਿਸ਼ਾਨਾ ਚੜ੍ਹਿਆ ਝੱਟ, ਫੱਟ ਦੋ ਜਹਾਨ ਲਗਾਈਆ । ਅੱਗੇ ਜਾ ਕੇ ਰਿਹਾ ਦੱਸ, ਜਨ ਭਗਤਾਂ ਆਪ ਜਣਾਈਆ । ਉਠੋ ਵੇਖੋ ਲੋਕਮਾਤ ਧਰਨੀ ਧਰਤ ਧਵਲ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਪੁਰਖ ਪੁਰਖੋਤਮ ਖੇਲ ਕਰੇ ਸਾਖਿਆਤ, ਬੰਦ ਤਾਕ ਨਾ ਕੋਇ ਰਖਾਈਆ । ਲੇਖਾ ਜਾਣੇ ਭਵਿਖਤ ਵਾਕ, ਵੇਲਾ ਵਕਤ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ ।

ਸਾਢੇ ਦਸ ਵੇਖਿਆ ਨਿਸ਼ਾਨਾ, ਨਿਸ਼ਾ ਸਭ ਦੀ ਰਿਹਾ ਕਰਾਈਆ । ਜਿਸ ਦਾ ਦੇ ਕੇ ਗਿਆ ਬਿਆਨਾ, ਤਿਸ ਦਾ ਹੱਕ ਝੋਲੀ ਪਾਈਆ । ਲੇਖਾ ਜਾਣ ਸ੍ਰੀ ਭਗਵਾਨਾ, ਭਾਗ ਭਗਤਾਂ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਅਗੰਮ ਅਥਾਈਆ । ਸੱਤ ਰੰਗ ਨਿਸ਼ਾਨਾ ਵੇਖ ਬ੍ਰਹਮ, ਬ੍ਰਹਮਾ ਸੀਸ ਨਿਵਾਈਆ । ਕਰੇ ਖੇਲ ਸ੍ਰੀ ਭਗਵਨ, ਭਗਤਾਂ ਦਏ ਵਡਿਆਈਆ । ਲੱਖ ਚੁਰਾਸੀ ਦੇਵੇ ਡੰਨ, ਬਚਿਆ ਕੋਇ ਰਹਿਣ ਨਾ ਪਾਈਆ । ਸੰਤ ਸੁਹੇਲੇ ਸਾਚੇ ਚੰਨ, ਬਿਨ ਚੰਦ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਬੇੜਾ ਬੰਨ, ਬੰਨੇ ਅਗਲੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਹੋ ਕੇ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਈਆ । ਜਨ ਭਗਤਾਂ ਹੋਇਆ ਆਪ ਦਿਆਲ, ਦੀਨਨ ਗਲੇ ਲਗਾਈਆ । ਸਚ ਦਵਾਰੇ ਵੇਖੀ ਸੱਚੀ ਧਰਮਸਾਲ, ਧਰਮੀ ਇਕੋ ਬੇਪਰਵਾਹੀਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਓਸ ਨੂੰ ਦੱਸੀਏ ਅੱਖੀਂ ਵੇਖਿਆ ਹਾਲ, ਪੜਦਾ ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖਿਆ ਪੋਹ ਛੇ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਲੱਖ ਚੁਰਾਸੀ ਕਾਇਆ ਮਾਟੀ ਸਭ ਦੀ ਦਿਸੇ ਥੇਹ, ਸਚ ਮਨਾਰ ਨਾ ਕੋਇ ਸੁਹਾਈਆ । ਕੋਟਨ ਕੋਟ ਕੋਟਾਂ ਵਿਚੋਂ ਜਨ ਭਗਤਾਂ ਲਗਾ ਤੇਰੇ ਨੇਉਂ, ਨਿਉਂ ਨਿਉਂ ਬੈਠਣ ਸੀਸ ਝੁਕਾਈਆ । ਤੈਨੂੰ ਮਾਲਕ ਖਾਲਕ ਪ੍ਰਿਤਪਾਲਕ ਮੰਨ ਕੇ ਧੁਰ ਦਾ ਪਿਉ, ਪਿਤਾ ਇਕੋ ਇਕ ਬਣਾਈਆ । ਅਸਾਂ ਵੇਖਿਆ ਸਚਖੰਡ ਮਾਰ ਧਿਆਨ ਪਤਾ ਨਹੀਂ ਕਿਸ ਵੇਲੇ ਕਿਥੇ ਗਿਉਂ, ਗਹਿਰ ਗੰਭੀਰ ਆਪਣੀ ਖੇਲ ਖਿਲਾਈਆ । ਸਾਨੂੰ ਗੋਬਿੰਦ ਦੱਸਿਆ ਭਗਤਾਂ ਅੰਦਰ ਰਿਹੋਂ, ਦੂਜਾ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲਹਿਣਾ ਦੇਣਾ ਚੁਕਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਦਿਵਸ ਦਿਨ ਰਹੇ ਲੱਭਦੇ, ਥਾਨ ਥਨੰਤਰ ਖੋਜ ਖੁਜਾਈਆ । ਬਿਨ ਪੈਰਾਂ ਰਹੇ ਭੱਜਦੇ, ਅਗਲਾ ਪਿਛਲਾ ਪੰਧ ਮੁਕਾਈਆ । ਕੂਕਾਂ ਮਾਰ ਮਾਰ ਰਹੇ ਸੱਦ ਦੇ, ਹੋਕੇ ਹੱਕ ਜਣਾਈਆ । ਵਾਹੋ ਦਾਹੀ ਅੱਗੇ ਰਹੇ ਵਧਦੇ, ਬਲ ਆਪਣਾ ਆਪ ਪਰਗਟਾਈਆ । ਜਿਸ ਵੇਲੇ ਵੇਖਿਆ ਭਗਤ ਦਵਾਰਾ ਲੰਘ ਕੇ, ਆਪਣੀ ਅੱਖ ਖੁਲ੍ਹਾਈਆ । ਅਬਿਨਾਸ਼ੀ ਕਰਤਾ ਬੈਠਾ ਕੋਲ ਪਲੰਘ ਦੇ, ਸਾਢੇ ਤਿੰਨ ਹੱਥ ਮੰਦਰ ਇਕ ਸੁਹਾਈਆ । ਜਿਥੇ ਨਾਦ ਅਗੰਮੀ ਵਜਦੇ, ਸ਼ਬਦ ਧੁੰਨ ਕਰਨ ਸ਼ਨਵਾਈਆ । ਜਨ ਭਗਤ ਸਹੇਲੇ ਸੱਜਣ ਉਥੇ ਸਜਦੇ, ਸਜਦਿਆਂ ਵਾਲਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਨਿਧਾਨਾ ਜਪਦੇ, ਜਪ ਜੀਵਣ ਖ਼ੁਸ਼ੀ ਵਖਾਈਆ । ਝਗੜੇ ਛੱਡ ਕੇ ਦੀਨ ਮਜ਼੍ਹਬ ਦੇ, ਮਜ਼ਲਸ ਇਕੋ ਰਹੇ ਵਖਾਈਆ । ਕਾਇਆ ਚੋਲੀ ਆਪਣੀ ਰੰਗਦੇ, ਕੂੜੀ ਕਿਰਿਆ ਮੈਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰੀ ਸੇਵ ਕਮਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਛੇ ਪੋਹ ਦੀ ਛੇਵੀਂ ਰਾਤ, ਗੋਬਿੰਦ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਜਨ ਭਗਤਾਂ ਦੇਵਣ ਜਾਣਾ ਨਾਮ ਸੁਗਾਤ, ਗਿਆਰਾਂ ਸਦ ਸੌ ਇਕੋ ਵਾਰ ਦਰਸ ਦਿਖਾਈਆ । ਅਗਲੀ ਖ਼ੁਸ਼ੀਆਂ ਵਾਲੀ ਚੜ੍ਹੇ ਪਰਭਾਤ, ਗੁਰਮੁਖ ਪਰਭਾਤੀ ਘਰ ਵੱਜੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੰਡਣ ਜਾਏ ਆਪ ਸੁਗਾਤ, ਸੁਗੰਧ ਖਾ ਕੇ ਗੁਰਮੁਖਾਂ ਝੋਲੀ ਦਏ ਭਰਾਈਆ । ।

## ੧੩ ਪੋਹ ੨੦੨੧ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

. . . . . . . . . . . . ਸ੍ਰੀ ਭਗਵਾਨ ਦਿਤਾ ਇਸ਼ਾਰਾ, ਸ਼ਬਦ ਸਚ ਜਣਾਈਆ । ਵੇਖਾਂ ਖੇਲ ਵਿਚ ਸੰਸਾਰਾ, ਲੋਕਮਾਤ ਕਰ ਰੁਸ਼ਨਾਈਆ । ਬਤਾਲੀ ਸਾਲ ਦਾ ਤੇਰਾਂ ਪੋਹ ਦਾ ਇਹ ਦਿਹਾੜਾ, ਪੂਰਬ ਲੇਖੇ ਲਾਈਆ । ਗੁਰਮੁਖ ਤੇਰੀ ਸੁਣ ਪੁਕਾਰਾ, ਜਨ ਭਗਤਾਂ ਦਏ ਵਡਿਆਈਆ । ਅੱਜ ਤੋਂ ਅੱਗੇ ਜਿਹੜਾ ਗੁਰਮੁਖਾਂ ਘਰ ਹੋਏ ਵਿਹਾਰਾ, ਉਸ ਦੀ ਰੀਤ ਇਕ ਦਰਸਾਈਆ । ਉਹ ਗੁਰਮੁਖ ਸੁੱਚਾ ਹੱਥ ਫੜੇ ਇਕ ਨਿਸ਼ਾਨਾ, ਸੱਤ ਰੰਗ ਨਜ਼ਰੀ ਆਈਆ । ਉਸ ਦਾ ਵਸਦਾ ਰਹੇ ਮਕਾਨਾ, ਸਤਿਜੁਗ ਸਾਰੇ ਲੱਭਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦੇਵੇ ਮਾਣ ਵਡਿਆਈਆ ।

ਪੋਹ ਕਹੇ ਮੈਂ ਆਇਆ ਤੇਰਾਂ, ਨਾਨਕ ਧਾਰ ਚੇਤੇ ਆਈਆ । ਕਲਜੁਗ ਹੋਇਆ ਜਗਤ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਪਾਲ ਸਿੰਘ ਤੇਰਾ ਵਕਤ ਸੁਹੇਲਾ, ਸੱਜਣ ਸੁਹੇਲਾ ਦਏ ਬਣਾਈਆ । ਜੋ ਵਸਣਹਾਰਾ ਧਾਮ ਨਵੇਲਾ, ਜਨ ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਪੋਹ ਤੇਰਾਂ ਕਹੇ ਮੈਂ ਵੇਖਿਆ ਚੁਕ ਕੇ ਅੱਖ, ਜ਼ਿਮੀਂ ਅਸਮਾਨਾਂ ਪਰੇ ਨਿਗਾਹ ਲਗਾਈਆ । ਅਬਿਨਾਸ਼ੀ ਕਰਤਾ ਇਕ ਪਰਤੱਖ, ਸਾਖਿਆਤ ਦਰਸ ਦਿਖਾਈਆ । ਉਸ ਦੇ ਨਾਲ ਸਿੰਘ ਪਾਲ ਰਿਹਾ ਹੱਸ, ਖ਼ੁਸ਼ੀਆਂ ਨਾਲ ਖ਼ੁਸ਼ੀ ਵਖਾਈਆ । ਉਚੀ ਬੋਲ ਬੋਲ ਰਿਹਾ ਦੱਸ, ਸ੍ਰੀ ਭਗਵਾਨ ਭਗਤਾਂ ਹੋਣਾ ਸਦਾ ਸਹਾਈਆ । ਪਹਿਲੋਂ ਮੇਰਾ ਨਿਸ਼ਾਨ ਫੜਾ ਆਪਣੇ ਹੱਥ, ਤੇਰਾਂ ਪੋਹ ਖ਼ੁਸ਼ੀ ਮਨਾਈਆ । ਚੌਦਾਂ ਪੋਹ ਸਿੰਘ ਜਗਦੀਸ਼ ਸੇਵਾ ਜਾਏ ਲੱਗ, ਨਿਸ਼ਾਨਾ ਆਪਣੇ ਹੱਥ ਵਖਾਈਆ । ਪੰਦਰਾਂ ਪੋਹ ਸਿੰਘ ਮਨਜੀਤ ਆਏ ਸੱਜ, ਬਾਲਾ ਨੱਢਾ ਨੌਜਵਾਨ ਫੇਰਾ ਪਾਈਆ । ਸੋਲਾਂ ਪੋਹ ਸਿੰਘ ਸਰਵਨ ਟੇਕ ਮੱਥ, ਦਰ ਤੇਰੇ ਖ਼ੁਸ਼ੀ ਮਨਾਈਆ । ਸਤਾਰਾਂ ਪੋਹ ਬਲ ਰਾਜਾ ਹੋ ਕੇ ਤੇਰੇ ਵਸ, ਗੁਰਦਿਆਲ ਸਿੰਘ ਗੀਤ ਇਕ ਗਾਈਆ । ਪੰਜੇ ਦਿਨ ਵਾਰੋ ਵਾਰੀ ਸਚ ਨਿਸ਼ਾਨ ਫੜ ਕੇ ਹੱਥ, ਜਨ ਭਗਤ ਦਵਾਰੇ ਦੇਣ ਝੁਲਾਈਆ । ਜੋ ਬਿਨ ਅੱਖਰਾਂ ਬਿਨ ਸਤਰਾਂ ਬਿਨ ਹਰੂਫਾਂ ਬਿਨ ਤਾਰੀਫਾਂ ਰਵਿਦਾਸ ਗਿਆ ਦੱਸ, ਵਡ ਆਪਣੀ ਆਸ ਰਖਾਈਆ । ਜਿਸ ਵੇਲੇ ਮੇਰਾ ਆਵੇ ਪੁਰਖ ਸਮਰੱਥ, ਬੇਪਰਵਾਹ ਫੇਰਾ ਪਾਈਆ । ਉਹ ਭਗਤਾਂ ਸੰਤਾਂ ਪੈਜ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਉਥੇ ਕ੍ਰਿਸ਼ਨ ਅੱਗੋਂ ਬੋਲੇ ਝੱਟ, ਤ੍ਰਿਲੋਕੀ ਨਾਥ ਆਪਣਾ ਬਚਨ ਸੁਣਾਈਆ । ਮੇਰੇ ਚਰਨ ਦੀ ਇਕ ਬੂੰਦ ਜੋ ਬੱਧਕ ਰਸਨਾ ਨਾਲ ਲਈ ਚੱਟ, ਓਸੇ ਦਾ ਰਸ ਅਜੇ ਮੁਕ ਨਾ ਜਾਈਆ । ਅਗਲਾ ਲੇਖਾ ਅੱਗੇ ਦੇਣਾ ਦੱਸ, ਪੜਦਾ ਉਹਲਾ ਦਏ ਉਠਾਈਆ । ਜਨ ਭਗਤਾਂ ਦਾ ਸਚ ਭਗਤੀ ਝੋਲੀ ਪਾ ਕੇ ਹੱਕ, ਹੁਕਮ ਆਪਣੇ ਵਿਚ ਰਖਾਈਆ । ਅੱਗੇ ਰਹੇ ਨਾ ਕੋਈ ਸ਼ੱਕ, ਸ਼ਿਕਵੇ ਸਾਰੇ ਦਏ ਗੁਵਾਈਆ । ਜੁਗ ਚੌਕੜੀ ਲੱਭਦੇ ਲੱਭਦੇ ਸਾਰੇ ਗਏ ਥੱਕ, ਥਕਾਵਟ ਪਿਛਲੀ ਦਏ ਮੁਕਾਈਆ । ਪ੍ਰੇਮ ਪਿਆਰ ਪ੍ਰੀਤੀ ਦੇ ਲੱਗੇ ਘਾਉ ਫੱਟ, ਪੱਟੀ ਮਰਹਮ ਆਪਣੀ ਹੱਥੀਂ ਦਏ ਬੰਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੀ ਦਾਤ ਭਗਤਾਂ ਦੀ ਵਸਤ ਭਗਤਾਂ ਫੜਾ ਕੇ ਹੱਥ, ਆਪ ਪਰਤੱਖ ਹੋ ਕੇ ਵੇਖੇ ਚਾਈਂ ਚਾਈਂਆ ।।
੧੩ ਪੋਹ ੨੦੨੧ ਬਿ

ੴ ੴ ੴ ੴ ੴ

ੴ ੧੩ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ ਸਿੰਘ ਦੇ ਗ੍ਰਿਹ ੴ

ਤੇਰਾਂ ਪੋਹ ਕਹੇ ਮੈਂ ਜਾਣਾ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਕਰਨ ਧਿਆਨ, ਬਿਨ ਅੱਖਾਂ ਰਾਹ ਤਕਾਇੰਦਾ । ਇਕ ਇਕੱਲਾ ਏਕੰਕਾਰਾ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਇੰਦਾ । ਜਿਸ ਦੀ ਭਗਤ ਦੇਵੇ ਸਲਾਹ, ਸਾਚਾ ਰਾਹ ਇਕ ਦ੍ਰਿੜਾਇੰਦਾ । ਬੀਸ ਇਕੀਸਾ ਹਰਿ ਜਗਦੀਸ਼ਾ ਵੇਖੇ ਆ, ਨਿਰਗੁਣ ਆਪਣਾ ਫੇਰਾ ਪਾਇੰਦਾ । ਡੁਬਦੇ ਪਾਥਰ ਲਏ ਤਰਾ, ਕਵਲ ਫੁੱਲ ਜਗਤ ਮਹਿਕਾਇੰਦਾ । ਸਾਚਾ ਹੁਕਮ ਇਕ ਵਰਤਾ, ਧੁਰ ਸੰਦੇਸ਼ਾ ਆਪ ਜਣਾਇੰਦਾ । ਧਰਮ ਵਿਚੋਲਾ ਇਕ ਬਣਾ, ਸਿੰਘ ਪਾਲ ਵਡਿਆਇੰਦਾ । ਤੇਰਾਂ ਪੋਹ ਰੁੱਤ ਸੁਹਾ, ਵਦੀ ਸੁਦੀ ਨਾ ਕੋਇ ਜਣਾਇੰਦਾ । ਸਚ ਨਿਸ਼ਾਨਾ ਹੱਥ ਫੜਾ, ਸੱਤ ਰੰਗ ਆਪ ਹਿਲਾਇੰਦਾ । ਜਨ ਭਗਤੋ ਅਗੇ ਜਨਮ ਮਰਨ ਦਾ ਲੇਖਾ ਰਿਹਾ ਨਾ ਰਾ, ਆਵਣ ਜਾਵਣ ਰਹਿਣ ਕੋਇ ਨਾ ਪਾਇੰਦਾ । ਸ਼ਾਹਦਤ ਦੇਣ ਵਾਲਾ ਗੋਬਿੰਦ ਸੱਚਾ ਗਵਾਹ, ਜੋ ਏਥੇ ਉਥੇ ਮੁਕਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਸੁਣਾਇੰਦਾ ।

ਸਚ ਨਿਸ਼ਾਨ ਫੜ ਕੇ ਗੁਰਮੁਖ ਗ੍ਰਹਿ, ਖ਼ੁਸ਼ੀ ਇਕ ਮਨਾਈਆ । ਦੋ ਜਹਾਨ ਇਕੋ ਹੁਕਮ ਰਹੇ, ਰਹਿਬਰ ਇਕ ਅਖਵਾਈਆ । ਨਿਰਭਉ ਜਣਾਏ ਆਪਣਾ ਭੈ, ਕੂੜੀ ਕਿਰਿਆ ਗੜ੍ਹ ਤੁੜਾਈਆ । ਜਗਤ ਸ੍ਰਿਸ਼ਟੀ ਹੋਣੀ ਲੈ, ਲਹਿਣੇ ਸਭ ਦੇ ਦੇਵੇ ਵਿਚ ਮੁਕਾਈਆ । ਜਨ ਭਗਤਾਂ ਕੋਲ ਸਚਖੰਡ ਦਵਾਰਾ ਅੱਜ ਤੋਂ ਕੀਤਾ ਬੈਅ, ਗਿਰਵੀ ਵਾਲਾ ਲੇਖਾ ਰਿਹਾ ਨਾ ਰਾਈਆ । ਇਸ ਤੋਂ ਚੰਗੀ ਹੋਰ ਕਿਹੜੀ ਸ਼ੈਅ, ਜੋ ਸ਼ਹਿਨਸ਼ਾਹ ਦਏ ਵਰਤਾਈਆ । ਭਗਤ ਭਗਵਾਨ ਮਿਲ ਕੇ ਇਕੋ ਅੰਦਰ ਬਹੇ, ਮੰਦਰ ਆਪ ਸੁਹਾਈਆ । ਜਨ ਭਗਤ ਸੁਹੇਲਾ ਹਰਿ ਸਰਨਾਈ ਢਏ, ਢੱਠਿਆਂ ਫੜ ਬਾਹੋਂ ਗਲੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਨਾਮ ਵਡਿਆਈਆ ।

ਗੋਬਿੰਦ ਕਹੇ ਵਖਾਓ ਬੈਨਾਮਾ, ਜੋ ਭਗਤੋ ਲਿਆ ਲਿਖਾਈਆ । ਸ਼ਹਾਦਤ ਨਾਲ ਦਿਓ ਕ੍ਰਿਸ਼ਨਾ ਰਾਮਾ, ਦੋਵੇਂ ਮੇਲ ਮਿਲਾਈਆ । ਮੈਂ ਪ੍ਰਭ ਦਾ ਵੇਖਾਂ ਅਗਲਾ ਕੀ ਨਿਜ਼ਾਮਾ, ਬਦਲੀ ਕੀ ਕਰਾਈਆ । ਅਗੋਂ ਆਇਆ ਇਕ ਫ਼ਰਮਾਣਾ, ਧੁਰ ਦਾ ਹੁਕਮ ਸੁਣਾਈਆ । ਬੇਸ਼ਕ ਗੁਰਮੁਖ ਗੁਰਸਿਖ ਜਨ ਭਗਤ ਹੋਵੇ ਬਾਲ ਅੰਞਾਣਾ, ਮੈਂ ਸੁਘੜ ਸਿਆਣਾ ਦਿਆਂ ਬਣਾਈਆ । ਏਸੇ ਕਾਰਨ ਜਨ ਭਗਤ ਦਵਾਰੇ ਝੁਲੌਣ ਲੱਗਾ ਨਿਸ਼ਾਨਾ, ਜਿਸ ਨਿਸ਼ਾਨ ਦੇ ਹੇਠਾਂ ਗੁਰ ਪੀਰ ਅਵਤਾਰ ਸੇਵ ਕਮਾਈਆ । ਉਹਨਾਂ ਮਿਲੇ ਆਪ ਭਗਵਾਨਾ, ਦੂਜੀ ਲੋੜ ਰਹੇ ਨਾ ਰਾਈਆ । ਜਨ ਭਗਤ ਖ਼ੁਸ਼ੀਆਂ ਨਾਲ ਗਾਵਣ ਗਾਣਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਸਚ ਦਾ ਮਿਲਿਆ ਇਕ ਟਿਕਾਣਾ, ਮੰਦਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ ।

ਗੋਬਿੰਦ ਕਹੇ ਪ੍ਰਭ ਆਪਣਾ ਲਾ ਅੰਗੂਠਾ, ਇਕੋ ਵਾਰ ਜਣਾਈਆ । ਜੁਗ ਚੌਕੜੀ ਤੂੰ ਅਛਲ ਛਲ ਝੂਠਿਆਂ ਨਾਲ ਮਿਲ ਕੇ ਹੋ ਜਾਏਂ ਝੂਠਾ, ਸੱਚਿਆਂ ਨਾਲ ਮਿਲ ਕੇ ਬੇਸ਼ਕ ਬੋਲੇਂ ਸੱਚ, ਸਚ ਬੋਲਣ ਵਾਲੇ ਥੋੜੇ ਨਜ਼ਰੀ ਆਈਆ । ਪੁਰਖ ਅਕਾਲ ਕਹੇ ਗੋਬਿੰਦ ਤੈਨੂੰ ਕਿਉਂ ਨਹੀਂ ਚੜ੍ਹਦਾ ਗੁੱਸਾ, ਜੋ ਮੇਰਾ ਨਾਮ ਭੁਲਾਈਆ । ਗੋਬਿੰਦ ਕਿਹਾ ਮੈਂ ਹੁਣ ਬੰਦਿਆਂ ਵਰਗਾ ਨਹੀਂ ਰੱਖਣਾ ਜੁਸਾ, ਫੜਿਆਂ ਹੱਥ ਕਿਸੇ ਨਾ ਆਈਆ । ਮੇਰੀਆਂ ਨਜ਼ਰ ਨਾ ਆਵਣ ਮੁੱਛਾਂ, ਸੀਸ ਕੇਸ ਨਾ ਕੋਇ ਜਣਾਈਆ । ਮੈਂ ਮਾਰਿਆਂ ਢਾਹਿਆਂ ਨਾ ਤੈਥੋਂ ਨਾ ਤੇਰੀ ਲੋਕਾਈ ਕੋਲੋਂ ਮੁੱਕਾਂ, ਮੁਕੰਮਲ ਤੇਰਾ ਰੂਪ ਨਜ਼ਰੀਂ ਆਈਆ । ਮੈਨੂੰ ਲੋੜ ਕੋਈ ਨਾ ਪੁੱਤਾਂ, ਜੇ ਪੁੱਤ ਵੇਖਾਂ ਤੇ ਗੁਰਮੁਖਾਂ ਨਜ਼ਰੀ ਆਈਆ । ਮੈਂ ਪ੍ਰਭੂ ਇਕੋ ਤੈਨੂੰ ਪੁੱਛਾਂ, ਪਿਛਲੀ ਯਾਦ ਕਰਾਈਆ । ਜਿਸ ਵੇਲੇ ਮੈਨੂੰ ਨੌਂ ਬਰਸ ਦੇ ਨੂੰ ਅੰਦਰ ਮਾਰੀਆਂ ਗੁੱਝਾਂ, ਹੌਲੀ ਜਿਹੀ ਉਠਾਈਆ । ਭੇਵ ਦੱਸ ਕੇ ਗੁੱਝਾ, ਇਕੋ ਰਮਜ਼ ਲਗਾਈਆ । ਜਿਸ ਦੇ ਹੁਕਮ ਨਾਲ ਮੇਰਾ ਪਿਤਾ ਤੇਗ਼ ਬਹਾਦਰ ਝੂਜਾ, ਆਪ ਆਪਣਾ ਭੇਟ ਕਰਾਈਆ । ਮੈਨੂੰ ਖ਼ੁਸ਼ੀ ਹੋਈ ਉਹ ਫੇਰ ਹੋਇਆ ਅੱਜ ਮੌਜੂਦਾ, ਨਿਰਗੁਣ ਹੋ ਕੇ ਫੇਰਾ ਪਾਈਆ । ਜਨ ਭਗਤਾਂ ਨੂੰ ਦੇਣ ਆਇਆ ਸਬੂਤਾ, ਸਾਖਿਆਤ ਮਰਦੇ ਲਏ ਬਚਾਈਆ । ਨਾਲੇ ਮੇਲ ਮਿਲਾ ਕੇ ਨਾਲ ਮਹਿਬੂਬਾ, ਮੁਹੱਬਤ ਵਿਚ ਰਖਾਈਆ । ਮੈਂ ਉਸ ਵੇਲੇ ਇਹ ਬਣਾਇਆ ਸੀ ਮਨਸੂਬਾ, ਜਿਸ ਵੇਲੇ ਪਿਤਾ ਅੱਗੇ ਸੀਸ ਨਿਵਾਈਆ । ਕਦੀ ਪ੍ਰਭੂ ਵੀ ਆਵੇਗਾ ਸਾਡੀ ਹੱਦ ਅੰਦਰ ਹਦੂਦਾ, ਦਾਇਰਿਆਂ ਵਿਚ ਰਖਾਈਆ । ਮੈਂ ਆਪਣੇ ਅੰਦਰ ਬੰਦ ਕਰਾਂ ਜਿਉਂ ਮਿਸਰੀ ਅੰਦਰ ਕੂਜਾ, ਕੁਛ ਮੇਰੇ ਬਿਨਾ ਉਸ
ਦਾ ਵਸ ਨਾ ਚਲੇ ਰਾਈਆ । ਕਿਸੇ ਨੂੰ ਹੱਥ ਨਾ ਆਵੇ ਢੂੰਡਾ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਮੇਰੀ ਝੋਲੀ ਪਾਈਆ ।

ਗੋਬਿੰਦ ਕਹੇ ਮੈਨੂੰ ਯਾਦ ਨੌਂ ਸਾਲ ਦੀ ਅਵਸਥਾ, ਅਭੁੱਲ ਤੇਰੀ ਵਡਿਆਈਆ । ਤੇਰੇ ਪ੍ਰੇਮ ਨਾਲੋਂ ਆਪਣਾ ਤਨ ਕਰਕੇ ਸਸਤਾ, ਪਿਤਾ ਤੇਰੀ ਝੋਲੀ ਪਾਈਆ । ਮੈਨੂੰ ਅੱਜ ਖ਼ੁਸ਼ੀ ਉਹ ਭਗਤਾਂ ਦੱਸਣ

ਆਇਆ ਰਸਤਾ, ਸ਼ਬਦ ਨਾਲ ਜਣਾਈਆ । ਜਨ ਭਗਤੋ ਤੁਹਾਡਾ ਸਭ ਤੋਂ ਵੱਖਰਾ ਪ੍ਰਭ ਦੇ ਕੋਲ ਬੰਨ੍ਹ ਕੇ ਆਇਆ ਬਸਤਾ, ਫਾਈਲ ਦੂਜੇ ਹੱਥ ਨਾ ਕੋਇ ਫੜਾਈਆ । ਤੁਹਾਡਾ ਹਾਲ ਰਹਿਣ ਨਹੀਂ ਦੇਣਾ ਖਸਤਾ, ਖਾਲਸ ਆਪਣੇ ਰੰਗ ਰੰਗਾਈਆ । ਗੁਰਮੁਖ ਭਗਤ ਕੂੜੀ ਕਿਰਿਆ ਦਾ ਲੜਾਕਾ ਸੋਹਣਾ ਦਸਤਾ, ਬਲਕਾਰੀ ਨਜ਼ਰੀ ਆਈਆ । ਜੋ ਹਰਿ ਸਰਨਾਈਂ ਵਸਤਾ, ਵੱਖਰਾ ਧਾਮ ਨਾ ਕੋਇ ਬਣਾਈਆ । ਉਹ ਮੇਲ ਕਰਾਏ ਆਪਣੀ ਅੱਖ ਦਾ, ਪਰਤੱਖ ਨਜ਼ਰੀ ਆਈਆ । ਜਦ ਵੇਖੇ ਤੇ ਤੁਹਾਡੇ ਅੰਦਰ ਵਸਦਾ, ਵਸਲ ਆਪਣਾ ਸਚ ਕਰਾਈਆ । ਪਿਛਾ ਦੇ ਕਦੇ ਨਾ ਨੱਸਦਾ, ਪੱਲੂ ਗੰਢ ਨਾ ਕੋਇ ਛੁਡਾਈਆ । ਗੋਬਿੰਦ ਵੇਸ ਅਵੱਲੜੇ ਜੱਟ ਦਾ, ਜੱਟ ਸ਼ਬਦ ਨਾਉਂ ਪਰਗਟਾਈਆ । ਸ਼ਬਦ ਸਤਿਗੁਰ ਕਿਸੇ ਦਾ ਨਾਮ ਕਦੇ ਨਾ ਰਟਦਾ, ਰੱਟਿਆਂ ਵਿਚ ਰੱਖੇ ਲੋਕਾਈਆ । ਜੋ ਚਾਹੇ ਸੋ ਆਪਣੀ ਕੀਮਤ ਵੱਟਦਾ, ਆਪਣੇ ਹੱਟ ਵਿਕਾਈਆ । ਉਹ ਕਦੇ ਮੇਲ ਨਹੀਂ ਹੁੰਦਾ ਬੂੰਦ ਰੱਤ ਦਾ, ਮਾਤ ਗਰਭ ਨਾ ਡੇਰਾ ਲਾਈਆ । ਉਹ ਜੋਤ ਸਰੂਪ ਜੋਤੀ ਨੂਰ ਲਟ ਲਟ ਜਗਦਾ, ਦੋ ਜਹਾਨ ਕਰੇ ਰੁਸ਼ਨਾਈਆ । ਸੰਤ ਭਗਤ ਭਗਵਾਨ ਆਪਣੀ ਖਾਹਿਸ਼ ਨਾਲ ਸੱਦਦਾ, ਲੋੜ ਆਪਣੀ ਨਾਲ ਮਿਲਾਈਆ । ਮਿਹਰਵਾਨ ਹੋ ਕੇ ਪੜਦਾ ਕਜਦਾ, ਦਇਆਵਾਨ ਹੋ ਕੇ ਹੋਏ ਸਹਾਈਆ । ਤੁਹਾਨੂੰ ਬਣਾਕੇ ਮਾਲਕ ਘਰ ਅੱਧ ਦਾ, ਅੱਧਾ ਹਿੱਸਾ ਤੁਹਾਡੀ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਓਸ ਦਵਾਰ ਬਹਿ ਕੇ ਸਜਦਾ, ਜਿਸ ਦਵਾਰੇ ਆਦਿ ਜੁਗਾਦਿ ਜੁਗ ਚੌਕੜੀ ਸੱਤ ਰੰਗ ਨਿਸ਼ਾਨ ਇਕੋ ਨਜ਼ਰੀ ਆਈਆ ।

ਸੱਤ ਨਿਸ਼ਾਨ ਕਹੇਂ ਮੇਰੀ ਰੱਖੀਂ ਲਾਜ, ਅਭੁੱਲ ਭੁੱਲ ਕਦੇ ਨਾ ਜਾਈਆ । ਮੈਂ ਵੇਖ ਕੇ ਤੇਰਾ ਤਾਜ, ਤਖ਼ਤ ਨਿਵਾਸੀ ਖ਼ੁਸ਼ੀ ਮਨਾਈਆ । ਮੈਂ ਵੇਖਣਾ ਤੇਰੇ ਭਗਤਾਂ ਦੇ ਬੇੜਾ ਤਰਦਾ ਜਹਾਜ਼, ਜੋ ਤੇਰੀ ਛਾਤੀ ਉਪਰ ਆਸਣ ਲਾਈਆ । ਮੈਂ ਦੱਸਣਾ ਉਹ ਰਿਵਾਜ, ਜਿਸ ਦੀ ਰਸਮ ਅਦਾ ਨਾ ਕਿਸੇ ਕਰਾਈਆ । ਉਹ ਗੁਰਮੁਖੋ ਜਨ ਭਗਤੋ ਨਾ ਕੋਈ ਰੋਜ਼ਾ ਨਾ ਨਿਮਾਜ਼, ਨਾ ਕੋਈ ਬੰਦਗੀ ਨਾ ਕੋਈ ਮੰਤਰ ਵੇਦ ਪਾਠ ਪੁਰਾਨ ਕਰੇ ਪੜ੍ਹਾਈਆ । ਸਿੱਧਾ ਨਜ਼ਰੀ ਆਵਾਂ ਸਾਖਿਆਤ, ਸਵੱਛ ਸਰੂਪ ਹੋ ਕੇ ਦਰਸ ਦਿਖਾਈਆ । ਪਹਿਲੀ ਮੰਗ ਪਹਿਲੀ ਵਾਰ ਆਜ ਸ੍ਰੀ ਭਗਵਾਨ ਸੱਚੇ ਮਹਾਰਾਜ, ਤੇਰੀ ਇਕ ਸਰਨਾਈਆ ।।

੧੪ ਪੋਹ ੨੦੨੧ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ

ਸਚ ਨਿਸ਼ਾਨ ਕਹੇ ਪ੍ਰਭ ਬਖ਼ਸ਼ ਸਚ ਧਰਮ, ਚਾਰ ਵਰਨ ਅਠਾਰਾਂ ਬਰਨ ਦੇ ਸਮਝਾਈਆ । ਕੂੜੀ ਕਿਰਿਆ ਮੇਟ ਕੇ ਕਾਂਡ ਕਰਮ, ਨਿਹਕਰਮੀ ਆਪਣਾ ਕਰਮ ਦੇ ਸਮਝਾਈਆ । ਪੁਰਖ ਅਕਾਲ ਸਭ ਨੂੰ ਮਿਲੇ ਸ਼ਰਨ, ਆਤਮ ਪਰਮਾਤਮ ਇਸ਼ਟ ਨਾ ਕੋਇ ਮਨਾਈਆ । ਗੁਰ ਸ਼ਬਦੀ ਪੱਲੂ ਸਾਰੇ ਫੜਨ, ਪੰਜ ਤੱਤ ਗੁਰੂ ਨਾ ਕੋਇ ਮਨਾਈਆ । ਕਾਇਆ ਮੰਦਰ ਅੰਦਰ ਆਪਣੀ ਮੰਜ਼ਲ ਚੜ੍ਹਨ, ਮਹੱਲ ਅਟੱਲ ਦਰਸ਼ਨ ਪਾਈਆ । ਸਚ ਸਰੂਪੀ ਤੇਰਾ ਦਰਸ਼ਨ ਕਰਨ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਨੈਣ ਕਰ ਰੁਸ਼ਨਾਈਆ । ਤੂੰ ਦਾਤਾ ਦਾਨੀ ਕਰਨੀ ਕਰਨ, ਕਰਤਾ ਪੁਰਖ ਤੇਰੀ ਵਡਿਆਈਆ । ਕੂੜੀ ਕਿਰਿਆ ਹਉਮੇ ਰੋਗ ਸਭ ਦੇ ਝੜਨ, ਮਾਇਆ ਮਮਤਾ ਰਹਿਣ ਨਾ ਪਾਈਆ । ਗੁਰਸਿਖ ਗੁਰਸਿਖ ਨਾਲ ਨਾ ਮੂਲ ਲੜਨ, ਗੁਰਮਤ ਗੁਰ ਗੁਰ ਦੇ ਬੁਝਾਈਆ । ਚਰਨ ਪ੍ਰੀਤੀ ਬਖ਼ਸ਼ ਉਪਰ ਧਰਨੀ ਧਰਨ, ਧਵਲ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਸਚ ਨਿਸ਼ਾਨਾ ਕਹੇ ਪ੍ਰਭ ਦੇ ਬ੍ਰਹਮ ਮੱਤ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਤਿ ਸੰਤੋਖ ਧੀਰਜ

ਦੇ ਸਤਿ, ਅਗਨੀ ਤੱਤ ਗੁਵਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅੰਮ੍ਰਿਤ ਮੇਘ ਇਕ ਬਰਸਾਈਆ । ਆਪਣੇ ਮਿਲਣ ਦੀ ਖੋਲ੍ਹ ਦੇ ਅੱਖ, ਪਰਤੱਖ ਰੂਪ ਨਜ਼ਰ ਆਏ ਗੁਸਾਈਆ । ਸਾਚੇ ਸੰਤਾਂ ਝੋਲੀ ਪਾ ਦੇ ਹੱਕ, ਪੂਰਬ ਲਹਿਣਾ ਵੇਖ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਤਾ ਜਾਵਣ ਛੱਡ, ਕੂੜੀ ਕਿਰਿਆ ਪਰੇ ਸੁਟਾਈਆ । ਜਗਤ ਜਹਾਨੋਂ ਹੋ ਜਾਣ ਅੱਡ, ਇਕੋ ਤੇਰੀ ਓਟ ਤਕਾਈਆ । ਲੇਖੇ ਲਾ ਦੇ ਸਾਢੇ ਤਿੰਨ ਹੱਥ ਕਾਇਆ ਮਾਟੀ ਹੱਡ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤ੍ਰੈਗੁਣ ਮਾਇਆ ਲੱਗੀ ਬੁਝਾ ਦੇ ਅੱਗ, ਸਾਂਤਕ ਸਤਿ ਕਰਾਈਆ । ਬਿਨ ਮੱਕੇ ਕਾਅਬਿਉਂ ਕਰਾ ਦੇ ਹੱਜ, ਹੁਜਰਾ ਕਾਇਆ ਹੱਕ ਵਖਾਈਆ । ਸ਼ਬਦ ਅਗੰਮੀ ਵਜਾ ਦੇ ਨਾਦ, ਢੋਲਕ ਛੈਣਾ ਲੋੜ ਰਹੇ ਨਾ ਰਾਈਆ । ਨਾਮ ਸੁਣਾ ਦੇ ਬੋਧ ਅਗਾਧ, ਰਸਨਾ ਜਿਹਵਾ ਚੁੱਕੇ ਸਰਬ ਪੜ੍ਹਾਈਆ । ਆਤਮ ਪਰਮਾਤਮ ਬਣਾ ਦੇ ਇਕ ਸਮਾਜ, ਦੂਜੀ ਰਸਮ ਨਾ ਕੋਇ ਜਣਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦੇ ਗੁਵਾਈਆ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਰਾਹ ਵਖਾਈਆ । ਤੇਰੇ ਨਾਉਂ ਦੀ ਸਾਰੇ ਗਾਵਣ ਇਕੋ ਗਾਥ, ਨਾਮ ਕਲਮਾ ਇਕੋ ਰੂਪ ਸਮਾਈਆ । ਤੇਰਾ ਜੈਕਾਰਾ ਇਕੋ ਆਏ ਅਵਾਜ਼, ਤੂੰ ਹੀ ਤੂੰ ਹੀ ਰਾਗ ਅਲਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਵਾਹਦ, ਲਾਸ਼ਰੀਕ ਤੇਰੀ ਸ਼ਰਨਾਈਆ । ਆਪਣਾ ਹੁਕਮ ਕਰ ਆਇਦ, ਧੁਰ ਫ਼ਰਮਾਣਾ ਇਕ ਦ੍ਰਿੜਾਈਆ । ਸਚ ਕਾਨੂੰਨ ਬਣਾ ਕੁਆਇਦ, ਧਾਰਾ ਆਪਣੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਹਿਜ ਸਹਿਜ ਤੇਰੀ ਸਰਨਾਈਆ ।

ਨਿਸ਼ਾਨ ਕਹੇ ਪ੍ਰਭ ਬਖ਼ਸ਼ ਦੇ ਧੀਰਜ ਸਤਿ ਸੰਤੋਖ, ਜੀਵਾਂ ਜੰਤਾਂ ਦੇ ਸਮਝਾਈਆ । ਆਪਣੇ ਨਾਮ ਦੀ ਬਖ਼ਸ਼ ਚੋਗ, ਕੂੜੀ ਤ੍ਰਿਸ਼ਨਾ ਦੇ ਮਿਟਾਈਆ । ਹਉਮੇ ਕੱਟ ਦੇ ਰੋਗ, ਹੰ ਬ੍ਰਹਮ ਇਕ ਸਮਝਾਈਆ । ਜਨਮ ਜਨਮ ਨਾ ਹੋਏ ਵਿਜੋਗ, ਅਗਲਾ ਵਿਛੋੜਾ ਦੇ ਕਟਾਈਆ । ਆਪਣੇ ਨਾਲ ਕਰ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਭਾਗ ਲਗਾ ਦੇ ਕਾਇਆ ਕੋਟ, ਸਾਢੇ ਤਿੰਨ ਹੱਥ ਮੰਦਰ ਵੱਜੇ ਵਧਾਈਆ । ਅਨਹਦ ਨਾਦੀ ਵੱਜੇ ਚੋਟ, ਧੁਨ ਰਾਗ ਇਕ ਸ਼ਨਵਾਈਆ । ਸਤਿ ਸਰੂਪੀ ਨਜ਼ਰੀ ਆਏ ਜੋਤ, ਪਰਕਾਸ਼ਵਾਨ ਤੇਰੀ ਬੇਪਰਵਾਹੀਆ । ਲਹਿਣਾ ਦੇਣਾ ਮੁਕ ਜਾਏ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਿਤ ਨਵਿਤ ਤੇਰਾ ਦਰਸ਼ਨ ਕਰੀਏ ਅਮੋਗ, ਸਵੱਛ ਸਰੂਪੀ ਤੂਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਸ੍ਰਿਸ਼ਟ ਸਬਾਈ ਦੇ ਸਮਝਾਈਆ ।

ਧਰਮ ਨਿਸ਼ਾਨਾ ਕਹੇ ਸੁਣ ਮੇਰੇ ਠਾਕਰ, ਪ੍ਰਭ ਅਬਿਨਾਸ਼ੀ ਤੇਰੀ ਓਟ ਤਕਾਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਬੇਅੰਤ ਤੇਰੀ ਵਡਿਆਈਆ । ਤੂੰ ਜੋਧਾ ਸੂਰਬੀਰ ਬਹਾਦਰ, ਬਲਧਾਰੀ ਇਕ ਅਖਵਾਈਆ । ਕਿਰਪਾ ਕਰ ਕਰੀਮ ਕਾਦਰ, ਕੁਦਰਤ ਤੇਰਾ ਰਾਹ ਤਕਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਆਦਲ, ਅਦਾਲਤ ਇਕੋ ਇਕ ਲਗਾਈਆ । ਝਗੜਾ ਮੁਕਾ ਦੇ ਮਕਤੂਲ ਕਾਤਲ, ਛੁਰੀ ਵਿਚ ਹੱਥ ਨਾ ਕੋਇ ਰਖਾਈਆ । ਆਪਣਾ ਜਲਵਾ ਨੂਰ ਦੇ ਦੇ ਬਾਤਨ, ਜ਼ਾਹਰ ਜਹੂਰ ਤੂੰ ਹੀ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਮਿਆਂ ਅੰਦਰ ਜਿਸ ਨੂੰ ਆਖਣ, ਨਾਮਾਂ ਵਿਚ ਸਲਾਹੀਆ । ਕਲਾਮਾਂ ਵਿਚ ਦੇਵਣ ਭਾਸ਼ਣ, ਸਲਾਮਾਂ ਵਿਚ ਨਿਉਂ ਨਿਉਂ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਹਿਨਸ਼ਾਹ ਇਕ ਅਖਵਾਈਆ । ਲੱਖ ਚੁਰਾਸੀ ਤੇਰੀ ਮੁਹਤਾਜਣ, ਲੋੜੀਂਦੀ ਵਸਤ ਜਨ ਭਗਤਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਧਰਮ ਨਿਸ਼ਾਨਾ ਕਹੇ ਪ੍ਰਭ ਕਰਦੇ ਰਹਿਮਤ, ਰਹਿਮਾਨ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ

ਤੇਰੇ ਨਾਲ ਸਹਿਮਤ, ਫਿਰਕਾ ਨਜ਼ਰ ਕੋਇ ਨਾ ਆਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਅਹਿਮਕ, ਸਾਚੀ ਸਿਖਿਆ ਹੱਥ ਕਿਸੇ ਨਾ ਆਈਆ । ਕਿਸੇ ਨੇ ਬੱਧੀ ਧੋਤੀ ਕਿਸੇ ਨੇ ਬੱਧੀ ਤਹਿਮਤ, ਕੋਈ ਤੰਬਿਆਂ ਪੜਦਾ ਬਦਨ ਰਿਹਾ ਪਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਸ਼ਬਦ ਦੀ ਮਾਰ ਇਕੋ ਸੈਨਤ, ਸਚ ਇਸ਼ਾਰੇ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਾਤੀ ਵੇਖ ਵਖਾਈਆ ।

ਸਤਿ ਨਿਸ਼ਾਨਾ ਕਹੇ ਮੈਂ ਵੇਖਿਆ ਕਲਜੁਗ ਸਦੀ ਬੀਸ, ਚਾਰੋਂ ਕੁੰਟ ਧਿਆਨ ਲਗਾਈਆ । ਮੁਲਾਂ ਸ਼ੇਖ਼ ਮੁਸਾਇਕ ਭੁੱਲੇ ਕਲਮਾ ਹੱਕ ਹਦੀਸ, ਹਜ਼ਰਤ ਕਰੇ ਨਾ ਕੋਇ ਪੜ੍ਹਾਈਆ । ਝਗੜਾ ਜ਼ਾਤ ਪਾਤ ਊਚ ਨੀਚ, ਰਾਉ ਰੰਕ ਖਹਿ ਖਹਿ ਮਰੇ ਲੋਕਾਈਆ । ਪੰਡਤ ਪਾਂਧੇ ਕਾਇਆ ਹੋਈ ਨਾ ਕਿਸੇ ਠੰਡੀ ਸੀਤ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਗ੍ਰੰਥੀ ਪੰਥੀ ਤੇਰੀ ਸੱਚੀ ਨਜ਼ਰ ਨਾ ਆਈ ਪ੍ਰੀਤ, ਹਉਮੇ ਹੰਗਤਾ ਮਾਇਆ ਮਮਤਾ ਬੈਠੇ ਗੜ੍ਹ ਬਣਾਈਆ । ਪਰਮ ਪੁਰਖ ਪਰਮਾਤਮ ਜਨ ਭਗਤਾਂ ਆਤਮ ਤੇਰੀ ਕਰੇ ਉਡੀਕ, ਅੰਤਰ ਅੰਤਰ ਧਿਆਨ ਲਗਾਈਆ । ਤੂੰ ਵਾਹਦ ਲਾਸ਼ਰੀਕ, ਸਚ ਤੌਫੀਕ ਨੂਰ ਖ਼ੁਦਾਈਆ । ਤੇਰੀ ਧਾਰ ਅਜ਼ਬ ਬਾਰੀਕ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਤੂੰ ਰਹਿਮਤ ਕਰ ਬਖ਼ਸ਼ੀਸ਼, ਰਹਿਮਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਧਰਮ ਨਿਸ਼ਾਨਾ ਕਹੇ ਪ੍ਰਭ ਖੋਲ੍ਹ ਦੇ ਪੜਦਾ, ਭਰਮ ਭੁਲੇਖਾ ਸਰਬ ਕਢਾਈਆ । ਜਨ ਭਗਤ ਗੋਲਾ ਬਣਾ ਆਪਣੇ ਦਰ ਦਾ, ਦਰਵੇਸ਼ ਹੋ ਕੇ ਅਲਖ ਜਗਾਈਆ । ਤੂੰ ਮਾਲਕ ਘਰ ਘਰ ਦਾ, ਲੱਖ ਚੁਰਾਸੀ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਕੋਲੋਂ ਡਰਦਾ, ਭੈ ਵਿਚ ਸਰਬ ਲੋਕਾਈਆ । ਤੇਰੇ ਅਗੇ ਕੋਈ ਨਾ ਅੜਦਾ, ਜੋ ਘੜਿਆ ਭੰਨ ਵਖਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਤੇਰੇ ਚਰਨ ਦਵਾਰੇ ਸੇਵ ਕਰਦਾ, ਆਦਿ ਜੁਗਾਦਿ ਜੁਗ ਚੌਕੜੀ ਨਿਉਂ ਨਿਉਂ ਸੀਸ ਨਿਵਾਈਆ । ਤੂੰ ਮਾਲਕ ਖਾਲਕ ਮਿਹਰਵਾਨ ਆਪਣੀ ਕਿਰਪਾ ਕਰਦਾ, ਮਹਿਬੂਬ ਤੇਰੀ ਵਡ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਉਠ ਵੇਖ ਅਗਨੀ ਸੜਦਾ, ਸਦੀ ਚੌਧਵੀਂ ਤੱਤ ਅੱਗ ਨਾ ਕੋਇ ਬੁਝਾਈਆ । ਹੁਜਰੇ ਹੱਕ ਕੋਈ ਨਾ ਵੜਦਾ, ਮੰਦਰ ਸਾਚੇ ਆਸਣ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਜਣਾਈਆ ।

ਸਤਿ ਨਿਸ਼ਾਨਾ ਕਹੇ ਪ੍ਰਭ ਵੇਖ ਕਲਜੁਗ ਮਾਇਆ, ਲੱਖ ਚੁਰਾਸੀ ਬੰਧਨ ਪਾਈਆ । ਘਰ ਘਰ ਤੇਰਾ ਨਾਉਂ ਭੁਲਾਇਆ, ਵੱਜੇ ਸਚ ਨਾ ਕੋਇ ਵਧਾਈਆ । ਕੂੜੀ ਕਿਰਿਆ ਵਿਚ ਭਰਮਾਇਆ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਚਾ ਸਤਿਗੁਰ ਕਿਸੇ ਨਜ਼ਰ ਨਾ ਆਇਆ, ਪੁਰਖ ਅਕਾਲ ਤੇਰਾ ਦਰਸ ਕੋਇ ਨਾ ਪਾਈਆ । ਕੋਟਨ ਕੋਟ ਗੁਰੂ ਕਲਜੁਗ ਰਹੇ ਅਖਵਾਇਆ, ਸਤਿਗੁਰ ਤੇਰਾ ਨੂਰ ਜਹੂਰ ਨਾ ਕੋਇ ਰੁਸ਼ਨਾਈਆ । ਕਿਰਪਾ ਕਰ ਬੇਪਰਵਾਹਿਆ, ਲੋਕਮਾਤ ਹੋ ਸਹਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਪਣਾ ਵੇਸ ਵਟਾਇਆ, ਭੇਵ ਅਭੇਦਾ ਦੇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਪੁਰੀ ਲੋਅ ਤੇਰਾ ਰਾਹ ਤਕਾਇਆ, ਜਲ ਥਲ ਬੈਠੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਬਿਨਾਸ਼ੀ ਕਰਤੇ ਹੋ ਸਹਾਈਆ ।

ਸਚ ਨਿਸ਼ਾਨਾ ਕਹੇ ਮੈਂ ਤੇਰਾ ਨਿਸ਼ਾਨ, ਤੁਧ ਬਿਨ ਸਕੇ ਨਾ ਕੋਇ ਝੁਲਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨ, ਸਤਿ ਸਤਿਵਾਦੀ ਇਕ ਅਖਵਾਈਆ । ਮੈਂ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਇਆ ਵਿਚ

ਜਹਾਨ, ਲੋਕਮਾਤ ਫੇਰਾ ਪਾਈਆ । ਤੇਰਾ ਬਣਾਵਾ ਸਚ ਵਿਧਾਨ, ਸਾਚੀ ਧਾਰਾ ਇਕ ਪਰਗਟਾਈਆ । ਚਾਰ ਵਰਨ ਦਾ ਇਕ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਿਆਂ ਸਮਝਾਈਆ । ਭੇਵ ਚੁਕਾ ਕੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜ਼ੀਲ ਕੁਰਾਨ ਗੀਤਾ ਪੜਦਾ ਲਾਹੀਆ । ਖਾਣੀ ਬਾਣੀ ਵੇਖਾਂ ਮਾਰ ਧਿਆਨ, ਪਤ ਪਰਮੇਸ਼ਵਰ ਤੇਰੀ ਇਕ ਸਰਨਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹੁਕਮਰਾਨ, ਮੈਂ ਹੁਕਮੇ ਵਿਚ ਰੱਖਾਂ ਲੋਕਾਈਆ । ਨੌਂ ਖੰਡ ਸੱਤ ਦੀਪ ਮੰਨਣ ਤੇਰੀ ਆਨ, ਸਿਰ ਸਕੇ ਨਾ ਕੋਇ ਉਠਾਈਆ । ਪਹਿਲੋਂ ਭਗਤਾਂ ਦੇਵਾਂ ਗਿਆਨ, ਸਾਚੇ ਸੰਤਾਂ ਬਖ਼ਸ਼ਾਂ ਮਾਣ, ਗੁਰਮੁਖਾਂ ਕਰਾਂ ਪਹਿਚਾਣ, ਗੁਰਸਿਖਾਂ ਦਰ ਘਰ ਮਿਲਾਂ ਆਣ, ਸਤਿ ਸਤਿਵਾਦੀ ਤੇਰੀ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਕਵਲ ਮਿਲੇ ਵਡਿਆਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਤੋਂ ਵੱਖਰਾ, ਮੇਰੀ ਬਣਤ ਨਾ ਕਿਸੇ ਬਣਾਈਆ । ਨਾ ਕਿਸੇ ਹਿਸਾਬ ਕਿਤਾਬ ਲਿਖਾਇਆ ਵਿਚ ਅੱਖਰਾਂ, ਚਾਰ ਯੁਗ ਗਣਤ ਨਾ ਕੋਇ ਗਿਣਾਈਆ । ਨਾ ਪ੍ਰਭੂ ਤੇਰੀ ਕਿਤਾਬ ਦਾ ਉਲਟਾਇਆ ਕਿਸੇ ਪੱਤਰਾ, ਸੱਤਾਂ ਸਤਰਾਂ ਵਾਲੀ ਸਮਝ ਕਿਸੇ ਨਾ ਆਈਆ । ਜਿਸ ਵੇਲੇ ਮੈਂ ਭਗਤਾਂ ਘਰ ਚੜ੍ਹਿਆ ਲੱਖ ਚੁਰਾਸੀ ਪੈਣਾ ਖਤਰਾ, ਖਤਰੇ ਵਿਚ ਲੋਕਾਈਆ । ਖ਼ੂਨ ਉਬਲੇ ਕਤਰਾ ਕਤਰਾ, ਬੂੰਦ ਬੂੰਦ ਆਪਣਾ ਰੰਗ ਵਖਾਈਆ । ਜਿਨ੍ਹਾਂ ਚਿਰ ਮੈਂ ਹੋਇਆ ਰਿਹਾ ਮਕਰਾ, ਆਪਣੀ ਨਾ ਲਈ ਅੰਗੜਾਈਆ । ਕਿਸੇ ਨੇ ਖਾਧੀ ਗਾਂ ਕਿਸੇ ਨੇ ਖਾਧਾ ਬੱਕਰਾ, ਪ੍ਰਭ ਨੂੰ ਦੋਵੇਂ ਗਏ ਭੁਲਾਈਆ । ਪੈਗ਼ੰਬਰਾਂ ਕੋਲੋਂ ਭੇਟਾ ਲੈ ਕੇ ਛਤਰਾ, ਸ਼ਰਅ ਦਿਤੀ ਬਣਾਈਆ । ਹੁਣ ਕਲਜੁਗ ਅੰਤਮ ਹੋ ਕੇ ਆਵਾਂ ਅਥਰਾ, ਜਿਦ ਵਿਚ ਆਇਆ ਮੰਨ ਕਦੇ ਨਾ ਜਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਹੁਕਮ ਦਾ ਝੁੱਲੇ ਅੰਧੇਰਾ ਝੱਖੜਾ, ਕੂੜੀ ਕਿਰਿਆ ਜੜ੍ਹ ਦੇ ਉਖੜਾਈਆ । ਤੇਰਾ ਹੁਕਮ ਕੋਈ ਨਾ ਮਿਸਾਲ ਦੇਵੇ ਲਕੀਰ ਉਤੇ ਪੱਥਰਾ, ਪੱਥਰਾਂ ਵਾਲੀ ਲਕੀਰ ਅੰਤਮ ਮਿਟ ਜਾਈਆ । ਜਿਸ ਗੋਬਿੰਦ ਨੇ ਤੇਰਾ ਹੰਢਾਇਆ ਇਕ ਸਥਰਾ, ਉਹ ਤੇਰੀ ਦਏ ਗਵਾਹੀਆ । ਪਾਰਬ੍ਰਹਮ ਪਤ ਪਰਮੇਸ਼ਵਰ ਅੱਗੇ ਖੇਲ ਕਰਨ ਨਹੀਂ ਦੇਣਾ ਕੋਈ ਮਸਖਰਾ, ਭੰਡਾਂ ਵਾਂਗ ਭੰਡੀ ਭਗਤਾਂ ਨਾਲ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਠਾਂਡੇ ਦਰਦੀ ਹੋ ਕੇ ਮੰਗ ਮੰਗਾਈਆ ।।

## ੧੪ ਪੋਹ ੨੦੨੧ ਬਿਕ੍ਰਮੀ ਹਰਜੀਤ ਸਿੰਘ ਦੇ ਗ੍ਰਹਿ

ਸੱਤ ਨਿਸ਼ਾਨ ਕਹੇ ਪ੍ਰਭ ਮੇਰੀ ਅਰਦਾਸ, ਤਖ਼ਤ ਨਿਵਾਸੀ ਬੇਨੰਤੀ ਇਕ ਸੁਣਾਈਆ । ਤੇਰੇ ਭਗਤ ਸੰਤ ਸਦ ਵਸਣ ਤੇਰੇ ਪਾਸ, ਜੁਗ ਚੌਕੜੀ ਨਾ ਹੋਇ ਜੁਦਾਈਆ । ਤੇਰੇ ਮਿਲਣ ਦੀ ਰੱਖਣ ਆਸ, ਦੂਜੀ ਓਟ ਨਾ ਕੋਇ ਰਖਾਈਆ । ਲੋਕਮਾਤ ਨਾ ਹੋਵਣ ਉਦਾਸ, ਹੈਰਾਨੀ ਮਨ ਕੋਇ ਨਾ ਪਾਈਆ । ਤੇਰੇ ਗੀਤ ਅੰਦਰ ਗਾਵਣ ਸਵਾਸ ਸਵਾਸ, ਪਵਣ ਪਵਣੀ ਸੇਵ ਕਮਾਈਆ । ਚਰਨ ਕਵਲ ਸੇਵਾ ਕਰਨ ਬਣਕੇ ਦਾਸੀ ਦਾਸ, ਨਿਉਂ ਨਿਉਂ ਲਾਗਣ ਪਾਈਆ । ਬਿਨ ਕੀਮਤ ਵਿਕਣ ਤੇਰੇ ਹਾਟ, ਦੂਜਾ ਹਿੱਸਾ ਨਾ ਕੋਇ ਵੰਡਾਈਆ । ਪਤਿ ਪਰਮੇਸ਼ਵਰ ਪਤ ਉਹਨਾਂ ਲੈਣੀ ਰਾਖ, ਪਤਵੰਤਾ ਹੋ ਕੇ ਦਇਆ ਕਮਾਈਆ । ਸਦਾ ਤੇਰੀ ਮੰਜ਼ਲ ਚੜ੍ਹਨ ਘਾਟ, ਸਨਮੁਖ ਤੇਰਾ ਦਰਸ਼ਨ ਪਾਈਆ । ਕਲਜੁਗ ਵੇਖ ਅੰਧੇਰੀ ਰਾਤ, ਨੇਤਰ ਨੈਣ ਆਪਣਾ ਆਪ ਖੁਲ੍ਹਾਈਆ । ਅਬਿਨਾਸ਼ੀ ਕਰਤੇ ਉਹਨਾਂ ਪੁਛ ਵਾਤ, ਜੋ ਜੁਗ ਜਨਮ ਦੇ ਤੇਰੀ ਆਸ ਰਖਾਈਆ । ਦੀਵਾ ਬਾਤੀ ਕਮਲਾਪਾਤੀ ਨਿਝਰ ਘਰ ਕਰ ਪਰਕਾਸ਼, ਬੂੰਦ ਸਵਾਂਤੀ ਮੁਖ ਚਵਾਈਆ । ਨਾਮ ਪਦਾਰਥ ਬਖ਼ਸ਼ ਦਾਤ, ਸਚ ਸੁਗਾਤ ਸੁਗੰਧੀ ਵਾਲੀ ਝੋਲੀ ਪਾਈਆ । ਅੱਠੇ ਪਹਿਰ ਰੱਖ ਪਰਭਾਤ, ਅਨ ਦਿਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ ।

ਸਚ ਨਿਸ਼ਾਨਾ ਕਹੇ ਕਰ ਕਿਰਪਾ, ਦੀਨ ਦਿਆਲ ਕਿਰਪਾਲ ਤੇਰੀ ਵਡਿਆਈਆ । ਜਨ ਭਗਤਾਂ ਕੁੜੀ ਰਹੇ ਨਾ ਬਿਪਤਾ, ਰੋਗ ਸੰਤਾਪ ਨਾ ਕੋਇ ਸਤਾਈਆ । ਪੂਰਬ ਪੂਰੀਆਂ ਕਰ ਦੇ ਲਿਖਤ ਭਵਿਖਤਾ, ਭੇਵ ਅਭੇਦਾ ਆਪ ਖੁਲ੍ਹਾਈਆ । ਆਪਣੇ ਘਰ ਦਾ ਦੱਸ ਦੇ ਇਕ ਹਿੰਦਸਾ, ਜਿਸ ਦਾ ਅੰਕੜਾ ਸਮਝ ਕੋਇ ਨਾ ਪਾਈਆ । ਤੂੰ ਮਾਲਕ ਜੀਵ ਜਨ ਕਾ, ਹਰਿਜਨ ਤੇਰੀ ਆਸ ਰਖਾਈਆ । ਤੂੰ ਪਾਰਖੂ ਸਾਚੇ ਮਨ ਕਾ, ਮਨ ਕਾ ਮਣਕਾ ਦੇ ਬਦਲਾਈਆ । ਤੂੰ ਦਾਤਾ ਸਾਚੇ ਦਾਨ ਕਾ, ਨਾਮ ਨਿਧਾਨਾ ਦੇ ਵਰਤਾਈਆ । ਤੂੰ ਰੂਪ ਅਗੰਮੀ ਕਾਹਨ ਕਾ, ਕੋਟਨ ਕੋਟ ਕਾਹਨ ਕ੍ਰਿਸ਼ਨ ਤੇਰੇ ਚਰਨਾਂ ਹੇਠਾਂ ਸੀਸ ਟਿਕਾਈਆ । ਤੂੰ ਰਾਮ ਦਸਰਥ ਬੇਟੇ ਰਾਮ ਕਾ, ਕੋਟਨ ਕੋਟ ਤੱਤਾਂ ਵਾਲੇ ਰਾਮ ਤੇਰੀ ਸੇਵ ਕਮਾਈਆ । ਤੂੰ ਸਤਿ ਸਰੂਪ ਸਾਹਿਬ ਸੁਲਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ ।

ਸਚ ਨਿਸ਼ਾਨਾ ਕਹੇ ਮੇਰੇ ਮਹਿਬੂਬ, ਮੁਹੱਬਤ ਤੇਰੀ ਮੰਗ ਮੰਗਾਈਆ । ਸੂਫੀਆਂ ਦੱਸ ਦੇ ਆਪਣਾ ਊਚ ਅਰੂਜ, ਜਿਥੇ ਮਹਿਫਲ ਬੇਪਰਵਾਹੀਆ । ਚੌਦਾਂ ਤਬਕਾਂ ਨਾਲੋਂ ਰੱਖ ਮਹਿਫੂਜ਼, ਹਿਫਾਜ਼ਤ ਆਪਣੀ ਵਿਚ ਟਿਕਾਈਆ । ਕਿਲਾ ਕੋਟ ਬਣਾ ਦੇ ਸਚ ਮਜ਼ਬੂਤ, ਜਗਤ ਛੱਤਰੂ ਢਾਹ ਸਕੇ ਕੋਈ ਨਾ ਰਾਈਆ । ਸਦਾ ਸਦਾ ਸਦ ਰਹਿਣਾ ਮੌਜੂਦ, ਹਾਜਰ ਹਜੂਰ ਨਜ਼ਰੀ ਆਈਆ । ਤੇਰਾ ਨਾਮ ਨਾ ਹੋਵੇ ਨੇਸਤੋ ਨਬੂਦ, ਵਜੂਦ ਨਜ਼ਰ ਕਿਸੇ ਨਾ ਆਈਆ । ਆਪਣਾ ਦੇ ਦੇ ਸਚ ਸਬੂਤ, ਸਬਰ ਸਬੂਰੀ ਇਕ ਦ੍ਰਿੜਾਈਆ । ਤੂੰ ਸਾਹਿਬ ਭਗਤਾਂ ਸਦਾ ਮਕਰੂਜ਼, ਕਰਜਾ ਆਪਣਾ ਦੇ ਚੁਕਾਈਆ । ਗੋਬਿੰਦ ਏਸੇ ਕਰਕੇ ਲਿਖ ਕੇ ਗਿਆ ਤੈਨੂੰ ਸੱਤ ਖਤੂਤ, ਖਤੋ ਕਿਤਾਬਤ ਬਿਨ ਅੱਖਰਾਂ ਤੇਰੇ ਨਾਲ ਰਖਾਈਆ । ਤੇਰਾ ਖੇਲ ਕੋਈ ਨਾ ਜਾਣ ਸਕੇ ਮਹਿਦੂਦ, ਆਰ ਪਾਰ ਹੱਦ ਨਾ ਕੋਈ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ ।

ਸੱਤ ਨਿਸ਼ਾਨ ਕਹੇ ਪ੍ਰਭ ਕਰ ਮਨਜ਼ੂਰ, ਬੇਨੰਤੀ ਸਾਚੇ ਦਰ ਸੁਣਾਈਆ । ਦਰਸ਼ ਵਖੌਣਾ ਹਾਜਰ ਹਜੂਰ, ਜੋਤੀ ਸਰੂਪੀ ਜੋਤ ਰੁਸ਼ਨਾਈਆ । ਜਨ ਭਗਤਾਂ ਬਖ਼ਸ਼ ਦੇਣੇ ਕਸੂਰ, ਕਸਰ ਅਸ਼ਾਰੀਏ ਨਾਲ ਉਡਾਈਆ । ਤੇਰੇ ਬਰਦੇ ਹੋਏ ਮਜ਼ਦੂਰ, ਦਰ ਠਾਂਡੇ ਸੇਵ ਕਮਾਈਆ । ਇਹਨਾਂ ਨੂੰ ਸੂਲੀ ਚੜਨਾ ਨਾ ਪਏ ਵਾਂਗ ਮਨਸੂਰ, ਪੁੱਠੀ ਖੱਲ ਨਾ ਕੋਇ ਲੁਹਾਈਆ । ਤਖ਼ਤ ਨਿਵਾਸੀ ਸਾਚੇ ਆਦਲ ਤੇਰਾ ਸਚ ਸੱਚਾ ਦਸਤੂਰ, ਗਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦਈਂ ਵਡਿਆਈਆ । ਪਰਮ ਪੁਰਖ ਪਰਮਾਤਮ ਤੇਰਾ ਭੰਡਾਰ ਸਦਾ ਭਰਪੂਰ, ਪੁਰਖ ਅਕਾਲ ਦੇ ਵਰਤਾਈਆ । ਆਪਣੇ ਚਰਨ ਦਾ ਬਖ਼ਸ਼ ਦੇ ਸਰਬ ਸਰੂਰ, ਰਸ ਇਕੋ ਇਕ ਵਖਾਈਆ । ਮਾਨਸ ਜਨਮ ਲੱਖ ਚੁਰਾਸੀ ਵਿਚੋਂ ਨਾ ਜਾਏ ਫਜ਼ੂਲ, ਫਾਜ਼ਲ ਫਜ਼ਲ ਰਹਿਮਤ ਦੇ ਕਰਾਈਆ । ਤੇਰੇ ਮਿਲਣ ਦਾ ਪੀਰ ਪੈਗ਼ੰਬਰ ਦੱਸ ਕੇ ਗਏ ਅਸੂਲ, ਅਸਲੀਅਤ ਦੇ ਜਣਾਈਆ । ਤੇਰਾ ਹੁਕਮ ਸਦ ਮਹਿਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੇ ਸੰਤਾਂ ਬਖ਼ਸ਼ ਦੇ ਚਰਨ ਧੂੜ, ਧੂੜੀ ਟਿੱਕਾ ਖ਼ਾਕ ਰਮਾਈਆ । ਚਤਰ ਸੁਘੜ ਬਣਾ ਦੇ ਮੂਰਖ ਮੂੜ੍ਹ, ਮੂਰਖ ਮੂੜ੍ਹੇ ਆਪਣੇ ਰੰਗ ਰੰਗਾਈਆ । ਨਾਤਾ ਤੋੜ ਦੇ ਕੂੜੋ ਕੂੜ, ਸਚ ਸੁੱਚ ਦੇ ਵਰਤਾਈਆ । ਭਗਤਾਂ ਕੋਲੋਂ ਚੰਗਾ ਰਹਿਣਾ ਨਹੀਂ ਦੂਰ, ਨੇਰਨ ਨੇਰਾ ਹੋ ਕੇ ਫੇਰਾ ਪਾਈਆ । ਕਲਜੁਗ ਚਾਰ ਕੁੰਟ ਦਹਿ ਦਿਸ਼ਾ ਪਾਇਆ ਫਤੂਰ, ਫਤਵੇ ਵਿਚ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਅਮਾਮ ਤੇਰਾ ਨਾਮ ਕਰਕੇ ਗਏ ਮਸ਼ਹੂਰ, ਕਲ ਕਲਕੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਇਕ ਵਰ, ਜੋ ਨਾਨਕ ਅੰਗਦ ਬਖ਼ਸ਼ਿਸ਼ ਕੀਤੀ ਖਡੂਰ, ਕਾਇਆ ਖੁੱਡਾ ਵੇਖ ਵਖਾਈਆ ।

ਤ੍ਰੈਗੁਣ ਅਗਨੀ ਤੱਤ ਬੁਝੇ ਤੰਦੂਰ, ਤਪਸ਼ ਹਵਸ ਦੇ ਮਿਟਾਈਆ । ਮਨ ਵਾਸਨਾ ਭੱਜੇ ਨਾ ਬੰਦਰ

ਵਾਂਗ ਲੰਗੂਰ, ਦਹਿ ਦਿਸ਼ਾਂ ਨਾ ਉਠ ਉਠ ਧਾਈਆ । ਤੇਰੀ ਸਿਫ਼ਤ ਦਾ ਇਕੋ ਮਿਲੇ ਸਊਰ, ਸ਼ਹਿਨਸ਼ਾਹ ਤੇਰਾ ਢੋਲਾ ਗਾਈਆ । ਜੋਤੀ ਜਾਤੇ ਸਾਚਾ ਬਖ਼ਸ਼ ਦੇ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਮਾਣ ਤੁਟ ਜਾਏ ਕੋਹਤੂਰ, ਜੋ ਮੂਸਾ ਮੂੰਹ ਦੇ ਭਾਰ ਸੁਟਾਈਆ । ਈਸਾ ਵੇਖ ਕੇ ਕਹੇ ਹੋਇਆ ਹਜ਼ੂਰ, ਮੁਰੀਦਾਂ ਮੁਰਸ਼ਦ ਪਾਰ ਲੰਘਾਈਆ । ਮੁਹੰਮਦ ਕਹੇ ਮੇਰਾ ਰਿਹਾ ਨਾ ਕੋਈ ਗਰੂਰ, ਗੁਰਬਤ ਦਏ ਚੁਕਾਈਆ । ਕਲਜੁਗ ਅੰਤਮ ਸਦੀ ਚੌਧਵੀਂ ਪਰਵਰਦਿਗਾਰ ਸਾਂਝਾ ਯਾਰ ਗਰੀਬ ਨਿਮਾਣਿਆਂ ਅਰਜ ਕਰੇ ਮਨਜ਼ੂਰ, ਸਚ ਤੌਫੀਕ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਸਚ ਨਿਸ਼ਾਨਾ ਹਰਿ ਆਪ ਜਣਾਈਆ ।

ਧਰਮ ਨਿਸ਼ਾਨ ਕਹੇ ਪ੍ਰਭ ਆਪਣੀ ਕਿਰਪਾ ਨਾਲ ਕਰ ਦਸਖ਼ਤ, ਮਨਜ਼ੂਰੀ ਦੇ ਕੇ ਹੁਕਮ ਸੁਣਾਈਆ । ਲੋਕਮਾਤ ਮੁੜਕੇ ਆਇਆ ਵਤ, ਵਤਨ ਬੇਵਤਨ ਹੋ ਕੇ ਫੇਰਾ ਪਾਈਆ । ਕਦੇ ਚੋਲਾ ਹੰਢਾਇਆ ਕਾਇਆ ਤੱਤ, ਹੁਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਆਪਣੇ ਮਿਲਣ ਦੀ ਦੇ ਦੇ ਅੱਖ, ਜਗਤ ਅੱਖੀਆਂ ਨਜ਼ਰ ਕਿਸੇ ਨਾ ਆਈਆ । ਹਿਰਦੇ ਅੰਦਰ ਸ਼ਮਾਂ ਦੇ ਸੱਚ, ਜੂਠ ਝੂਠ ਬਾਹਰ ਕਢਾਈਆ । ਕਾਇਆ ਮਾਟੀ ਕੰਚਨ ਬਣਾ ਦੇ ਕੱਚ, ਕਾਚੀ ਗਗਰੀਆ ਲੇਖੇ ਲਾਈਆ । ਨੌਂ ਦਵਾਰੇ ਮੁੱਕ ਜਾਏ ਹੱਦ, ਸੁਖਮਨ ਟੇਡੀ ਬੰਕ ਰਾਹ ਵਿਚ ਨਾ ਕੋਈ ਅਟਕਾਈਆ । ਤੇਰੇ ਭਗਤ ਸੁਣਨ ਤੇਰਾ ਛੰਦ, ਅੰਦਰ ਅਨਹਦ ਨਾਦੀ ਨਾਦ ਵਜਾਈਆ । ਆਤਮ ਸੇਜਾ ਸੌਣਾ ਸਦਾ ਪਲੰਘ, ਭਗਤ ਸਿੰਘਾਸਣ ਡੇਰਾ ਲਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਘਰ ਸ਼ਬਦੀ ਮੇਲ ਮਿਲਾਈਆ । ਲੇਖਾ ਚੁਕ ਜਾਏ ਸੂਰਜ ਚੰਦ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੜਦਾ ਲਹਿ ਜਾਏ ਬ੍ਰਹਿਮੰਡ ਖੰਡ, ਚੌਦਾਂ ਲੋਕ ਇਕੋ ਨੂਰ ਨਜ਼ਰੀਂ ਆਈਆ । ਭੇਵ ਮੁਕਾ ਦੇ ਹੰ ਬ੍ਰਹਮ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਤੇਰੇ ਭਗਤ ਸੁਹੇਲੇ ਤੇਰੇ ਘਰ ਪੈਣ ਜੰਮ, ਜਨਮ ਜਨਮ ਵਿਚੋਂ ਬਦਲਾਈਆ । ਤ੍ਰਿਸ਼ਨਾ ਮਿਟਾ ਦੇ ਕੂੜੀ ਤਮ, ਤਮੰਨਾ ਆਪਣੇ ਨਾਲ ਰਲਾਈਆ । ਰੁੜ੍ਹਦਾ ਬੇੜਾ ਦੇ ਬੰਨ੍ਹ, ਖੇਵਟ ਖੇਟਾ ਹੋ ਕੇ ਦਇਆ ਕਮਾਈਆ । ਵੇਖੀਂ ਆਪਣੇ ਭਗਤਾਂ ਕਦੀ ਨਾ ਦੇਵੀ ਡੰਨ, ਡੰਨਣ ਵਾਲੀ ਹੋਰ ਬਹੁਤ ਲੋਕਾਈਆ । ਸਚ ਨਿਸ਼ਾਨਾ ਕਹੇ ਜਿਨ੍ਹਾਂ ਮਿਲ ਗਈ ਪ੍ਰਭੂ ਤੇਰੀ ਸਰਨ, ਸਰਨਾਈ ਇਕ ਰਖਾਈਆ । ਉਹ ਦੱਸ ਹੋਰ ਕਿਹੜੀ ਤਰਨੀ ਤਰਨ, ਬਿਨ ਤੇਰੇ ਸਰੋਵਰ ਦੂਜਾ ਨਜ਼ਰ ਕੋਇ ਨਾ ਆਈਆ । ਉਹ ਕਿਹੜੀ ਮਰਨੀ ਮਰਨ, ਜੋ ਮਰਕੇ ਤੇਰੀ ਜੋਤ ਵਿਚ ਸਮਾਈਆ । ਉਹ ਕਿਹੜੀ ਪੌੜੀ ਚੜ੍ਹਨ, ਜਿਸ ਦੇ ਡੰਡੇ ਚੜ੍ਹਿਆਂ ਤੇਰਾ ਨੂਰ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਉਹ ਮੇਰੀ ਸਰਨੀ ਪੜ੍ਹਨ, ਨਿਉਂ ਨਿਉਂ ਲਾਗਣ ਪਾਈਆ । ਸਿੱਧੇ ਸਚਖੰਡ ਦਵਾਰੇ ਵੜਨ, ਰਾਹ ਵਿਚ ਨਾ ਕੋਇ ਅਟਕਾਈਆ । ਇਹੋ ਜਿਹਾਂ ਭਗਤਾਂ ਨੂੰ ਗੁਰ ਅਵਤਾਰ ਪੀਰ ਪੈਗੰਬਰ ਸਾਰੇ ਸਿਰ ਤੇ ਚੌਰ ਕਰਨ, ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕੇ ਵਾਸਤਾ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਣ ਸਾਚੀ ਦਇਆ ਆਪ ਕਮਾਈਆ । ।

ੴ ੴ ੴ ੴ ੴ

ੴ ੧੪ ਪੋਹ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਨਵਿਤ ੴ

ਸਤਿ ਨਿਸ਼ਾਨਾ ਕਹੇ ਸੁਣ ਸਾਹਿਬ ਸ੍ਰੀ ਮਹਾਰਾਜ, ਮਾਂਗਤ ਹੋ ਕੇ ਝੋਲੀ ਢਾਹੀਆ । ਜਨ ਭਗਤਾਂ ਹਿੱਸਾ ਦੇ ਦੇ ਭਾਗ, ਭਗਵਨ ਆਪਣੀ ਦਇਆ ਕਮਾਈਆ । ਦਿਵਸ ਰੈਣ ਅੱਠੇ ਪਹਿਰ ਰੱਖਣ ਤੇਰੀ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਨਾਮ ਭੰਡਾਰਾ ਬਖ਼ਸ਼ਿਸ਼ ਕਰ ਕੇ ਸਾਚੀ ਦਾਦ, ਦਾਤ ਆਪਣੀ ਝੋਲੀ ਪਾਈਆ । ਕਾਇਆ ਮੰਦਰ ਅੰਦਰ ਦੀਵਾ ਬਾਤੀ ਜਗਾ ਦੇ ਚਿਰਾਗ, ਜੋਤੀ ਨੂਰ ਕਰ ਰੁਸ਼ਨਾਈਆ । ਜਨਮ ਕਰਮ ਦਾ ਪੂਰਬ ਧੋ ਦੇ ਦਾਗ਼, ਦੁਰਮਤ ਮੈਲ ਕਟਾਈਆ । ਕੂੜੀ ਕਿਰਿਆ ਤ੍ਰਿਸ਼ਨਾ ਬੁਝਾ ਦੇ

ਆਗ, ਅੰਮ੍ਰਿਤ ਮੇਘ ਬਰਸਾਈਆ । ਧੁੰਨ ਆਤਮਕ ਸੁਣਾ ਦੇ ਇਕ ਆਵਾਜ਼, ਰਾਗਾਂ ਨਾਦਾਂ ਡੇਰਾ ਦੇ ਢਾਈਆ । ਆਤਮ ਪਰਮਾਤਮ ਆਪਣਾ ਬਣਾ ਲੈ ਸਮਾਜ, ਦੂਸਰ ਨਜ਼ਰ ਕੋਇ ਨਾ ਆਈਆ । ਇਕੋ ਤੇਰਾ ਨੂਰ ਨਜ਼ਰੀ ਆਏ ਵਾਹਦ, ਵਾਹਵਾ ਕਹਿ ਕੇ ਢੋਲਾ ਗਾਈਆ । ਇਹਨਾਂ ਤੋਂ ਪੜ੍ਹੀ ਨਹੀਂ ਜਾਣੀ ਅੱਗੇ ਨਿਮਾਜ਼, ਸਜਦਾ ਇਕੋ ਇਕ ਕਰਾਈਆ । ਬਿਨ ਤੈਥੋਂ ਕਿਸੇ ਦਾ ਕਰਨ ਨਾ ਹੋਰ ਅਦਾਬ, ਅਦਬ ਤੇਰਾ ਇਕੋ ਭਾਈਆ । ਦੀਨ ਮਜ਼੍ਹਬ ਦੇ ਵਿਚੋਂ ਕਰਦੇ ਆਜ਼ਾਦ, ਦੀਨ ਸ਼ਰਅ ਸ਼ਰੀਅਤ ਬੰਧਨ ਦੇ ਕਟਾਈਆ । ਮੁਖ ਪੜਦਾ ਲਾਹ ਦੇ ਨਕਾਬ, ਸਨਮੁਖ ਹੋ ਕੇ ਨਜ਼ਰੀ ਆਈਆ । ਜੇ ਤੈਥੋਂ ਕੁਛ ਨਹੀਂ ਹੁੰਦਾ ਦੇ ਦੇ ਸਾਨੂੰ ਜਵਾਬ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਿਹਾ ਵਾਹ ਸ਼ਾਬਾਸ਼, ਸਚ ਨਿਸ਼ਾਨੇ ਤੇਰੀ ਬੇਪਰਵਾਹੀਆ । ਮੈਂ ਕੁਲ ਮਾਲਕ ਹੋ ਕੇ ਸਭ ਦਾ ਬਾਪ, ਕਿਉਂ ਬੱਚਿਆਂ ਦੇਵਾਂ ਤਰਸਾਈਆ । ਜਿਨ੍ਹਾਂ ਦੇ ਨਾਲ ਮਿਲ ਕੇ ਆਪਣਾ ਬਣਾਵਾਂ ਜਾਪ, ਬਿਨ ਭਗਤਾਂ ਭਗਵਨ ਰਾਗ ਨਾ ਕੋਈ ਅਲਾਈਆ । ਮੈਂ ਉਹਨਾਂ ਦਾ ਹੋ ਕੇ ਰਹਵਾਂ ਦਾਸ, ਬਣ ਦਾਸੀ ਦਾਸ ਸੇਵ ਕਮਾਈਆ । ਆਸਾ ਮਨਸਾ ਪੂਰੀ ਕਰਾਂ ਖ਼ਾਹਸ਼, ਖਾਲਸ ਆਪਣਾ ਰੰਗ ਰੰਗਾਈਆ । ਬਿਨ ਮੇਰੀ ਕਿਰਪਾ ਮੇਰੇ ਉਤੇ ਕਿਸੇ ਦਾ ਕਦੇ ਨਾ ਆਇਆ ਵਿਸ਼ਵਾਸ਼, ਵਿਸ਼ਵ ਰੂਪ ਨਾ ਕੋਇ ਸਮਾਈਆ । ਬੇਸ਼ਕ ਹਨੇਰੇ ਅੰਦਰ ਮੈਨੂੰ ਭਗਤਾਂ ਕਿਹਾ ਬਦਮਾਸ਼, ਜੋ ਵਲ ਛਲ ਕਰਕੇ ਆਪਣਾ ਵਕਤ ਲੰਘਾਈਆ । ਅੱਗੇ ਹੁਣ ਸਭ ਦਾ ਪੜਦਾ ਕਰ ਦਿਆਂ ਫਾਸ਼, ਉਹਲਾ ਨਜ਼ਰ ਕੋਇ ਨਾ ਆਈਆ । ਗੁਰਮੁਖਾਂ ਕਰਕੇ ਜਨਮ ਕਰਮ ਮੁਆਫ, ਮੁਆਫੀ ਇਕੋ ਝੋਲੀ ਪਾਈਆ । ਜੇ ਕੋਈ ਜਬਾਨ ਦਾ ਹੋਇਆ ਗੁਸਤਾਖ, ਗੁਸਾ ਗਿਲਾ ਦਿਆਂ ਗਵਾਈਆ । ਚਰਨ ਧੂੜੀ ਟਿੱਕਾ ਲਾ ਕੇ ਉਹਨਾਂ ਮਸਤਕ ਮਾਥ, ਮਥਰਾ ਵਾਲੇ ਕਾਹਨ ਨਾਲੋਂ ਅੱਗੇ ਦਿਆਂ ਪਹੁੰਚਾਈਆ । ਜਿਥੇ ਸਚਖੰਡ ਨਿਵਾਸੀ ਵਸੇ ਆਪ ਅਬਿਨਾਸ਼, ਸਤਿ ਸਤਿਵਾਦੀ ਡੇਰਾ ਲਾਈਆ । ਜਿਥੇ ਤੱਤਾਂ ਵਾਲਾ ਕੋਈ ਨਾ ਕਰੇ ਰਾਜ, ਰਯੀਅਤ ਰੂਪ ਨਾ ਕੋਇ ਵਟਾਈਆ । ਜਿਥੇ ਸਾਹਿਬ ਸੁਲਤਾਨ ਇਕੋ ਆਪਣੇ ਸੀਸ ਸੁਹਾਏ ਤਾਜ, ਜਿਸ ਦੀ ਆਦਿ ਜੁਗਾਦਿ ਬਦਲੀ ਨਾ ਕੋਇ ਕਰਾਈਆ । ਸਚ ਨਿਸ਼ਾਨੇ ਤੇਰੀ ਪਿਛਲੀ ਕਹਾਣੀ ਰੱਖੀ ਯਾਦ, ਜਿਸ ਵੇਲੇ ਸ਼ਬਦੀ ਸੁੱਤ ਲਿਆ ਪਰਗਟਾਈਆ । ਮੇਰਾ ਇਸ਼ਾਰਾ ਲਕੜੀ ਬਣਿਆ ਰਾਡ, ਡੰਡਾ ਇਕ ਅਖਵਾਈਆ । ਜਿਸ ਦੇ ਨਾਲ ਤੈਨੂੰ ਲਿਆ ਗਾਡ, ਗੱਡ ਕੇ ਫੇਰ ਆਪਣਾ ਨਾਉਂ ਗਾਡ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਣਹਾਰ ਸਚ ਸਰਨਾਈਆ ।

ਸਚ ਨਿਸ਼ਾਨਾ ਕਹੇ ਪ੍ਰਭੂ ਮੈਂ ਵੇਖਆ ਤੇਰਾ ਸ਼ਬਦ ਦੂਤੀ, ਦੋ ਜਹਾਨਾਂ ਫੇਰਾ ਪਾਇੰਦਾ । ਜਿਸ ਦੇ ਕੋਲੋਂ ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਮੰਗੀ ਭਬੂਤੀ, ਚਰਨ ਧੂੜੀ ਥੋੜੀ ਹੱਥ ਫੜਾਇੰਦਾ । ਜਸ ਦਾ ਨਾਮ ਅਗੰਮੀ ਬੂਟੀ, ਨਸ਼ਾ ਅੱਠੇ ਪਹਿਰ ਰਖਾਇੰਦਾ । ਜੋ ਨਿਤ ਨਵਿਤ ਜਨ ਭਗਤਾਂ ਕਰੇ ਬੁੱਤੀ, ਦਰ ਦਰ ਘਰ ਘਰ ਫੇਰਾ ਪਾਇੰਦਾ । ਆਤਮ ਉਠਾਵੇ ਕਾਇਆ ਅੰਦਰ ਸੁੱਤੀ, ਨਾਮ ਹਲੂਣਾ ਇਕ ਲਗਾਇੰਦਾ । ਫੜ ਕੇ ਚੋਟੀਉਂ ਕਰ ਦਏ ਉਚੀ, ਨੇਤਰ ਨੈਣ ਅੱਖ ਖੁਲ੍ਹਾਇੰਦਾ । ਤੂੰ ਸਭ ਦੇ ਨਾਲੋਂ ਸੁੱਚੀ, ਸੂਖ਼ਮ ਰੂਪ ਦਰਸਾਇੰਦਾ । ਕਿਉਂ ਬੈਠੀ ਅੰਦਰ ਲੁਕੀ, ਤੇਰਾ ਸਾਹਿਬ ਤੈਨੂੰ ਮਿਲਣ ਆਇੰਦਾ । ਕਿਉਂ ਬੈਠੀ ਆਪ ਰੁਠੀ, ਬਿਨ ਹਰਿ ਰੁਠਿਆਂ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਇੰਦਾ ।

ਸਚ ਨਿਸ਼ਾਨਾ ਕਹੇ ਮੈਂ ਵੇਖਿਆ ਤੇਰਾ ਉਹ ਨੁਕਤਾ, ਜਿਹੜਾ ਏਕੇ ਦੇ ਪਿਛੇ ਦਿਤਾ ਲਾਈਆ । ਜਿਸ ਦਾ ਹਿਸਾਬ ਕਿਤਾਬ ਆਪਣੇ ਹੱਥ ਰੱਖਿਆ ਪੁਖ਼ਤਾ, ਜੁਗ ਚੌਕੜੀ ਸਕਿਆ ਨਾ ਕੋਇ ਬਦਲਾਈਆ । ਜਦ ਵੰਡੇਂ ਜਨ ਭਗਤਾਂ ਬਿਨ ਕੀਮਤੋਂ ਮੁਫ਼ਤਾ, ਮਿਹਰ ਨਜ਼ਰ ਨਾਲ ਸਾਚੀ ਝੋਲੀ ਪਾਈਆ । ਜਿਸ ਦਾ ਖੇਲ ਹੁਕਮਾ ਸਦਾ ਦਰੁਸਤਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਵੇਲੇ ਹਰਿ ਭਗਤ ਲੰਘ ਕੇ ਜਾਂਦੇ ਅੱਗੇ

ਸਵਰਗ ਬਹਿਸ਼ਤਾ, ਆਪਣਾ ਪੰਧ ਮੁਕਾਈਆ । ਓਥੇ ਉਸ ਨੁਕਤੇ ਦੇ ਇਸ਼ਾਰੇ ਨਾਲ ਮਹਾਂਕਾਲ ਵੇਖਣਹਾਰਾ ਸਭ ਦੀਆਂ ਲਿਸਟਾਂ, ਫਹਰਿਸਤਾਂ ਆਪਣੇ ਹੱਥ ਉਠਾਈਆ । ਜਿਨ੍ਹਾਂ ਦਾ ਪਰਮ ਪੁਰਖ ਉਤੇ ਨਿਸਚਾ, ਫੜ ਬਾਹੋਂ ਬਾਹਰ ਕਢਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਦੀ ਚਰਨੀ ਰਿਹਾ ਡਿਗਦਾ, ਉਹਨੂੰ ਇਸ਼ਾਰੇ ਨਾਲ ਸਮਝਾਈਆ । ਓਨ੍ਹਾਂ ਚਿਰ ਸ੍ਰੀ ਭਗਵਾਨ ਕਦੇ ਨਾ ਰੀਝਦਾ, ਜਬ ਤੱਕ ਜਨ ਭਗਤ ਸਾਚਾ ਸੰਤ ਨਾ ਰੂਪ ਵਟਾਈਆ । ਉਹ ਕਿਸੇ ਦੇ ਉਤੇ ਨਹੀਂ ਪਤੀਜਦਾ, ਹੁਕਮ ਸਣੌਣ ਵਾਲੇ ਸਾਰੇ ਉਸੇ ਦਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਵੱਡੀ ਵਡਿਆਈਆ ।

ਸੱਤ ਰੰਗ ਨਿਸ਼ਾਨਾ ਕਹੇ ਸੁਣ ਅਸੁੱਤੇ ਪਰਕਾਸ਼ੀ, ਦਰ ਤੇਰੇ ਅਲਖ ਜਗਾਈਆ । ਜੇ ਤੂੰ ਹੈਂ ਪੁਰਖ ਅਬਿਨਾਸ਼ੀ, ਅਬਿਨਾਸ਼ ਆਪਣਾ ਨਾਉਂ ਧਰਾਈਆ । ਆਪਣੇ ਨਾਲ ਰਲਾ ਲੈ ਆਪਣੇ ਸਾਥੀ, ਜਨ ਭਗਤਾਂ ਜੋੜ ਜੁੜਾਈਆ । ਸਾਚੇ ਅਸਵ ਘੋੜੇ ਪਾਖਰ ਪਾ ਕਾਠੀ, ਜ਼ੀਨ ਆਪਣਾ ਤੰਗ ਕਸਾਈਆ । ਖਹਿੜਾ ਛਡ ਦੇ ਐਰਾਪਤ ਹਾਥੀ, ਇਸ ਦੀ ਲੋੜ ਰਹੀ ਨਾ ਰਾਈਆ । ਜਾ ਕੇ ਵੇਖ ਭਗਤਾਂ ਦੀ ਮੰਜ਼ਲ ਉਹ ਘਾਟੀ, ਜਿਸ ਦੀ ਅਧਵਾਟੀ ਨਜ਼ਰ ਕੋਇ ਨਾ ਆਈਆ । ਉਹ ਤੇਰਾ ਰਾਹ ਰਹੇ ਝਾਕੀ, ਝਾਕੀਆਂ ਜਗਤ ਰਹੇ ਤਜਾਈਆ । ਉਹਨਾਂ ਦਾ ਲਹਿਣਾ ਦੇ ਬਾਕੀ, ਪਿਛਲਾ ਹਿਸਾਬ ਮੁਕਾਈਆ । ਸਤਿ ਦਵਾਰੇ ਬੰਧਾ ਨਾਤੀ, ਨਾਤਾ ਧੁਰ ਦਾ ਜੋੜ ਜੁੜਾਈਆ । ਜੇ ਸਾਹਿਬ ਤੂੰ ਸਚਖੰਡ ਨਿਵਾਸੀ, ਭਗਤ ਸੁਹੇਲੇ ਕਿਉਂ ਦਰ ਦਰ ਰੁਲਾਈਆ । ਮਿਹਰਵਾਨ ਹੋ ਕੇ ਮੰਨ ਆਖੀ, ਆਖਰ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਹੁਸੀਨ ਹੁਸੀਨਾਂ ਵਿਚੋਂ ਮਸਕੀਨ ਮਸਕੀਨਾਂ ਵਿਚੋਂ ਤਾਲੀਮਾਂ ਕਰੇ ਤਲਕੀਨ, ਤਲਕੀਨਾਂ ਦਾ ਮਾਲਕ ਹੋਏ ਆਪ ਅਧੀਨ, ਅਦਨਾ ਹੋ ਕੇ ਝੱਟ ਲੰਘਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਿਕਾਰ ਖੇਡਣ ਵਾਲਾ ਬੜਾ ਸ਼ੌਕੀਨ, ਲੱਖ ਚੁਰਾਸੀ ਖੁਡਾਂ ਬਿਲਾਂ ਜੰਗਲਾਂ ਜੂਹਾਂ ਉਜਾੜ ਪਹਾੜਾਂ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਤੱਟਾਂ ਅੱਠ ਸੱਠਾਂ ਹੱਟਾਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰਾਂ ਵਿਚੋਂ ਸਾਰੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਨਾਲ ਭਗਤ ਸੁਹੇਲੇ ਪਾਰ ਲੰਘਾਈਆ ।

ੴ ੴ ੴ ੴ ੴ

ੴ ੧੪ ਪੋਹ ੨੦੨੧ ਬਿਕ੍ਰਮੀ ਲੈਫਟੀਨੈਂਟ ਮੁਹਿੰਦਰ ਸਿੰਘ ਦੇ ਨਵਿਤ ੴ

ਸਤਿ ਨਿਸ਼ਾਨ ਕਹੇ ਮੈਂ ਹੱਥ ਸਿੰਘ ਜਗਦੀਸ਼, ਪੁਰਖ ਅਕਾਲ ਦੀਨ ਦਿਆਲ ਦਿਤੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਮੰਨਣ ਹਦੀਸ, ਦਰ ਠਾਂਡੇ ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਅਵੱਲੜੀ ਰੀਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋ ਸਾਚੇ ਧਾਮ ਅਵੱਲੜਾ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸੋ ਸਾਹਿਬ ਸੁਲਤਾਨਾਂ ਹਰਿ ਮਿਹਰਵਾਨਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਠੀਕ, ਠਾਕਰ ਸਵਾਮੀ ਵਡ ਵਡਿਆਈਆ । ਨਿਤ ਨਵਿਤ ਸਦਾ ਸੁਹੇਲਾ ਸਤਿ ਸਤਿਵਾਦੀ ਝੋਲੀ ਪਾਏ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਨੌ ਸੌ ਚੁਰਾਨਵੇ ਚੌਕੜੀ ਯੁਗ ਪਿਛੋਂ ਕਲਜੁਗ ਰਿਹਾ ਬੀਤ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੀ ਦਰੋਹੀ ਮੰਦਰ ਮਸੀਤ, ਸ਼ਿਵਦਵਾਲੇ ਮਠ ਗੁਰੂਦਵਾਰ ਰਹੇ ਕੁਰਲਾਈਆ । ਝਗੜਾ ਪਿਆ ਉਚ ਨੀਚ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਾਂਤਕ ਸਤਿ ਨਾ ਕੋਇ ਵਰਤਾਈਆ । ਪੁਰਖ

ਅਬਿਨਾਸ਼ੀ ਘਟ ਘਟ ਵਾਸੀ ਆਤਮ ਪਰਮਾਤਮ ਕਰੇ ਨਾ ਕੋਈ ਪ੍ਰੀਤ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਸਤਿ ਨਿਸ਼ਾਨਾ ਕਹੇ ਮੈਂ ਹੱਥ ਭਗਤ, ਭਗਵਨ ਦੇਵੇ ਵਡਿਆਈਆ । ਸੋਹਣਾ ਵੇਲਾ ਸੁਹੰਜਣਾ ਵਕਤ, ਦੋ ਜਹਾਨਾਂ ਵੱਜੇ ਵਧਾਈਆ । ਵੇਖਾਂ ਜੀਵ ਜਹਾਨ ਜਗਤ, ਲੱਖ ਚੁਰਾਸੀ ਫੋਲ ਫੁਲਾਈਆ । ਕੋਟਨ ਕੋਟਾਂ ਵਿਚੋਂ ਨਜ਼ਰੀ ਆਇਆ ਗੁਰਮੁਖ ਵਿਰਲਾ ਨਾਮ ਖੁਮਾਰੀ ਵਿਚ ਮਸਤ, ਮਸਤਕ ਨੂਰੀ ਜੋਤ ਕਰੇ ਰੁਸ਼ਨਾਈਆ । ਨਿਝ ਨੇਤਰ ਨਿਝ ਆਤਮ ਨਿਝ ਗ੍ਰਹਿ ਸਾਹਿਬ ਸਵਾਮੀ ਕਰੇ ਦਰਸ, ਹਰਸ ਹਵਸ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

ਸਚ ਨਿਸ਼ਾਨਾ ਕਹੇ ਮੈਂ ਪਕੜਾਂ ਪ੍ਰਭ ਦੀ ਓਟ, ਦੂਜੀ ਨਾ ਕੋਇ ਰਖਾਈਆ । ਜਿਸ ਦਾ ਨੂਰ ਜਹੂਰ ਅਗੰਮਾ ਨਿਰਮਲ ਜੋਤ, ਰੇਖ ਸਮਝ ਕੋਇ ਨਾ ਪਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਸੋਚ ਨਾ ਸਕੇ ਸੋਚ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਬੈਠੇ ਸੀਸ ਨਿਵਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰ ਨਾ ਸਕੀ ਖੋਜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਹੋ ਦਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਠਾਕਰ ਪੂਰਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਹਿ ਸਾਚੀ ਜਾਣੇ ਆਪਣੀ ਮੌਜ, ਮੁਕਾਮੇ ਹੱਕ ਲਾਸ਼ਰੀਕ, ਨੂਰ ਨੁਰਾਨਾ ਬੈਠਾ ਆਪਣਾ ਡੇਰਾ ਲਾਈਆ । ਓਸ ਦੇ ਹੱਥ ਇਕ ਤੌਫੀਕ, ਭਗਤ ਸੁਹੇਲਾ ਬਣ ਰਫੀਕ, ਤਾਰੀਫ ਕਰੇ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਲੋਕਮਾਤ, ਕਲਜੁਗ ਅੰਤਮ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਉਤਰ ਪੂਰਬ ਪੱਛਮ ਦੱਖਣ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਨੂਰ ਨਾ ਕੋਇ ਚਮਕਾਈਆ । ਆਤਮ ਪਰਮਾਤਮ ਸਾਚਾ ਕਰੇ ਨਾ ਕੋਈ ਪਾਠ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸ੍ਰਿਸ਼ਟ ਸਬਾਈ ਰਹੀ ਗਾਈਆ । ਸਚ ਪ੍ਰੀਤੀ ਸਾਚਾ ਜੁੜਿਆ ਕਿਸੇ ਨਾ ਨਾਤ, ਜਗਤ ਨਾਤਿਆਂ ਵਿਚ ਵੇਖੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ ।

ਧਰਮ ਨਿਸ਼ਾਨਾ ਕਹੇ ਮੈਂ ਵੇਖ ਕੇ ਸ੍ਰਿਸ਼ਟ ਸਬਾਈ ਕਰਮ, ਨਿਹਕਰਮੀ ਤੈਨੂੰ ਦਿਆਂ ਜਣਾਈਆ । ਤੇਰੀ ਕੋਈ ਨਾ ਮੰਗੇ ਸਾਚੀ ਸਰਨ, ਧੁਰ ਦੀ ਓਟ ਨਾ ਕੋਇ ਰਖਾਈਆ । ਝਗੜਾ ਵੇਖਿਆ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ, ਆਤਮ ਬ੍ਰਹਮ ਸਮਝ ਕੋਇ ਨਾ ਪਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਰਕੇ ਲੜਨ, ਝਗੜੇ ਵਿਚ ਦਿਸੀ ਲੋਕਾਈਆ । ਸਾਚਾ ਪੌੜਾ ਮੂਲ ਨਾ ਚੜ੍ਹਨ, ਸਾਚੇ ਮੰਦਰ ਬਹਿ ਖ਼ੁਸ਼ੀ ਨਾ ਕੋਇ ਮਨਾਈਆ । ਮੈਂ ਇਕੋ ਅਰਜ ਆਇਆ ਕਰਨ, ਆਰਜ਼ੂ ਖਾਹਿਸ਼ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਧਰਮ ਨਿਸ਼ਾਨਾ ਕਹੇ ਸੁਣ ਮੇਰੇ ਪ੍ਰਭ, ਪਰਮ ਪੁਰਖ ਦਿਆਂ ਜਣਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਆਪ ਲੱਭ, ਨਿਰਗੁਣ ਹੋ ਕੇ ਸਰਗੁਣ ਖੋਜ ਖੁਜਾਈਆ । ਕੂੜੀ ਕਿਰਿਆ ਮੇਟ ਦੇ ਹੱਦ, ਹਦੂਦ ਸਾਚੀ ਦੇ ਸਮਝਾਈਆ । ਅੰਮ੍ਰਿਤ ਜਾਮ ਪਿਆ ਦੇ ਮੱਧ, ਮਸਤ ਖੁਮਾਰੀ ਇਕ ਚੜ੍ਹਾਈਆ । ਮਾਇਆ ਮਮਤਾ ਵਿਚੋਂ ਕਰਦੇ ਅੱਡ, ਕੂੜਾ ਨਾਤਾ ਦੇ ਤੁੜਾਈਆ । ਇਕੋ ਢੋਲਾ ਸੁਣਾ ਦੇ ਛੰਦ, ਜਿਸ ਦੇ ਗਾਇਆਂ ਤੇਰਾ ਮੇਲਾ ਸਹਿਜ ਸੁਭਾਈਆ । ਅੰਤਰ ਆਤਮ ਦੇ ਅਨੰਦ, ਰਸ ਇਕੋ ਇਕ ਵਖਾਈਆ । ਜੋਤ ਨਿਰੰਜਣ

ਚਾੜ੍ਹ ਚੰਦ, ਦੀਵਾ ਬਾਤੀ ਲੋੜ ਰਹੇ ਨਾ ਰਾਈਆ । ਸਚ ਸਵਾਮੀ ਵਸੀਏ ਸਦਾ ਤੇਰੇ ਸੰਗ, ਸੁਰਤੀ ਸ਼ਬਦ ਵਿਚ ਸਮਾਈਆ । ਧੁਨ ਅਨਾਦ ਸੁਣਾ ਮਰਦੰਗ, ਅਨਰਾਗੀ ਰਾਗ ਜਣਾਈਆ । ਆਤਮ ਸੇਜ ਸੁਹੰਜਣੀ ਵੇਖ ਪਲੰਘ, ਬਿਨ ਪਾਵਾ ਚੂਲ ਬਣਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਅੰਦਰ ਲੰਘ, ਕਿਉਂ ਬੈਠਾ ਮੁਖ ਛੁਪਾਈਆ । ਝਗੜਾ ਰਹੇ ਨਾ ਕੋਈ ਰੰਗ, ਬ੍ਰਹਮ ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਚੁਕਾਈਆ ।

ਸੱਤ ਰੰਗ ਨਿਸ਼ਾਨਾ ਕਹੇ ਪ੍ਰਭ ਕਿਰਪਾ ਕਰ, ਸਦੀ ਵੀਹਵੀਂ ਦਏ ਗਵਾਹੀਆ । ਨਵ ਨੌਂ ਚਾਰ ਅੰਧੇਰਾ ਆਵੇ ਡਰ, ਭੈ ਭਓ ਭਰਮ ਨਾ ਕੋਇ ਮਿਟਾਈਆ । ਸੰਤ ਸੁਹੇਲੇ ਸੱਜਣ ਆਪੇ ਫੜ, ਬਣ ਕੇ ਪਾਂਧੀ ਰਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਸਤਿਗੁਰ ਹੋ ਕੇ ਅੰਦਰ ਵੜ, ਸ਼ਬਦੀ ਗੁਰ ਤੇਰੀ ਸ਼ਰਨਾਈਆ । ਮੰਜ਼ਲ ਅਗੰਮੀ ਆਪਣੀ ਚੜ੍ਹ, ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਇਕੋ ਨੂਰ ਜ਼ਹੂਰ ਬਖ਼ਸ਼ ਨਰਾਇਣ ਨਰ, ਨਾਰੀ ਨਰ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਵਰ, ਸ੍ਰਿਸ਼ਟ ਸਬਾਈ ਮਾਤ ਸਮਝਾਈਆ । ਕਲਜੁਗ ਅੰਤਮ ਜੋਤੀ ਜਾਤਾ ਪੁਰਖ ਬਿਧਾਤਾ ਪਰਗਟ ਹੋਵੇ ਨਰਾਇਣ ਨਰ, ਨੂਰ ਨੁਰਾਨਾ ਵੱਡੀ ਵਡਿਆਈਆ । ਕੂੜੀ ਕਿਰਿਆ ਕਿਲਾ ਤੋੜੇ ਹੰਕਾਰੀ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇ ਵਡਿਆਈਆ ।

ਸਤਿ ਨਿਸ਼ਾਨਾ ਕਹੇ ਆ ਵੇਖ ਪ੍ਰਭ ਠਾਕਰ ਸਵਾਮੀ, ਤੇਰੀ ਸਭ ਨੇ ਆਸ ਰਖਾਈਆ । ਕਲਜੁਗ ਵੇਖ ਡੂੰਘਾ ਸਾਗਰ, ਭਵਰੀ ਵਿਚ ਸਰਬ ਲੋਕਾਈਆ । ਕਿਸੇ ਨਜ਼ਰ ਨਾ ਆਏ ਕਰੀਮ ਕਰਤਾ ਕਾਦਰ, ਨੇਤਰ ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਜੋਧਾ ਸੂਰਬੀਰ ਬਣੇ ਨਾ ਕੋਇ ਬਹਾਦਰ, ਜੋ ਆਪਣਾ ਭਾਰ ਲਏ ਉਠਾਈਆ । ਨਿਰਮਲ ਕਰਮ ਨਾ ਹੋਵੇ ਕਿਸੇ ਉਜਾਗਰ, ਦੁਰਮਤ ਮੈਲ ਨਾ ਕੋਇ ਧੁਵਾਈਆ । ਜਗਤ ਵਪਾਰੀ ਦਿਸਦੇ ਤਾਜਰ, ਤੇਰਾ ਨਾਮ ਹੱਟ ਨਾ ਕੋਇ ਖੁਲ੍ਹਾਈਆ ਮਨ ਵਾਸਨਾ ਸਾਰੇ ਹੋਏ ਪਾਗਲ, ਵੈਰਾਗੀ ਨਜ਼ਰ ਕੋਇ ਨਾ ਆਈਆ । ਭਾਗ ਲੱਗਾ ਨਾ ਕਿਸੇ ਸਾਢੇ ਤਿੰਨ ਹੱਥ ਕਾਇਆ ਗਾਗਰ, ਗਹਿਰ ਗੰਭੀਰ ਤੇਰਾ ਦਰਸ ਕੋਇ ਨਾ ਪਾਈਆ । ਸਦੀ ਚੌਧਵੀਂ ਕਰਦੇ ਸੱਚਾ ਆਦਲ, ਪੀਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ ।

ਸਤਿ ਨਿਸ਼ਾਨਾ ਕਹੇ ਪ੍ਰਭ ਖੋਲ੍ਹ ਆਪਣੀ ਅੱਖ, ਜਿਸ ਦਾ ਰੂਪ ਨਜ਼ਰ ਕਿਸੇ ਨਾ ਆਈਆ । ਸਰਬ ਸਵਾਮੀ ਹੋ ਪਰਤੱਖ, ਪਤ ਪਰਮੇਸ਼ਵਰ ਵੇਸ ਵਟਾਈਆ । ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਦੱਸ, ਭਵਿਖਤਾਂ ਵਿਚ ਜਣਾਈਆ । ਕਲ ਕਲਕੀ ਹੋਏ ਪਰਗਟ, ਨੇਹਕਲੰਕ ਵੱਜੇ ਵਧਾਈਆ । ਸਭ ਦਾ ਲੇਖਾ ਕਰੇ ਬਸ, ਬਸਤੇ ਪਿਛਲੇ ਗਏ ਬੰਧਾਈਆ । ਅਗਲਾ ਮਾਰਗ ਦੇਵੇ ਦੱਸ, ਦੋ ਜਹਾਨਾਂ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨੀ ਜਾਵਣ ਢੱਠ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਨਿਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਰੋ ਵਾਰੀ ਪੰਧ ਮੁਕਾਵਣ ਨੱਠ ਨੱਠ, ਬਲ ਆਪਣਾ ਆਪ ਧਰਾਈਆ । ਕਰੇ ਖੇਲ ਪੁਰਖ ਸਮਰੱਥ, ਮਹਿਮਾ ਅਕਥ ਇਕ ਦ੍ਰਿੜਾਈਆ । ਜਿਸ ਨਿਰਗੁਣ ਸਰਗੁਣ ਚਲਾਇਆ ਰਥ, ਬਣ ਰਥਵਾਹੀ ਵੇਖ ਵਖਾਈਆ । ਉਹ ਵੇਖਣਹਾਰਾ ਹਕੀਕਤ ਹੱਕ, ਲੱਖ ਚੁਰਾਸੀ ਖੋਜ ਖੁਜਾਈਆ । ਲਹਿਣਾ ਦੇਣਾ ਸਭ ਦਾ ਦੇਵੇ ਮਸਤਕ ਮੱਥ, ਪੂਰਬ ਖੋਜ ਖੁਜਾਈਆ । ਜੋ ਸਭ ਤੋਂ ਵਖਰਾ ਸਚਖੰਡ ਦਵਾਰੇ ਰਿਹਾ ਵਸ, ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇ ਵਡਿਆਈਆ ।

ਸਚ ਨਿਸ਼ਾਨ ਹੋ ਦਿਆਲ, ਵੇਲਾ ਵਕਤ ਦਏ ਗਵਾਹੀਆ । ਚਾਰੋਂ ਕੁੰਟ ਕੂਕੇ ਕਾਲ, ਮਹਾਂਕਾਲ ਦਏ ਦੁਹਾਈਆ । ਤ੍ਰੈਗੁਣ ਮਾਇਆ ਵਜਾਵੇ ਆਪਣਾ ਤਾਲ, ਦਹਿ ਦਿਸ਼ਾ ਵੇਖ ਵਖਾਈਆ । ਸਾਚੀ ਕਰੇ ਨਾ ਕੋਈ ਭਾਲ, ਕਲਜੁਗ ਸਾਧ ਸੰਤ ਬੈਠੇ ਮੁਖ ਭੁਵਾਈਆ । ਆ ਕੇ ਵੇਖ ਆਪਣੇ ਮੁਰੀਦਾਂ ਦਾ ਮੁਰਸ਼ਦ ਬਣ ਕੇ ਹਾਲ, ਬੇਹਾਲ ਰਹੇ ਬਿਲਲਾਈਆ । ਜਿਹੜਾ ਗੋਬਿੰਦ ਤੇਰੇ ਅੱਗੇ ਕਰਕੇ ਗਿਆ ਸਵਾਲ, ਉਸਦਾ ਮਸਲਾ ਹੱਲ ਕਰਾਈਆ । ਉਹ ਲਿਖਿਆ ਨਾ ਕਿਸੇ ਵਿਚ ਕਿਤਾਬ, ਹਰਫ ਸ਼ਾਹੀ ਕਲਮ ਵੰਡ ਨਾ ਕੋਇ ਵੰਡਾਈਆ । ਉਸ ਦਾ ਹਿੱਸਾ ਨਾ ਕੋਈ ਬਾਬ, ਵਜੂਦ ਵਿਚ ਨਾ ਕੋਇ ਜਣਾਈਆ । ਉਹ ਤੇਰੇ ਦਵਾਰੇ ਸਦਾ ਅਜਾਦ, ਫਾਂਦੀ ਫੰਦ ਵਿਚ ਨਾ ਕੋਇ ਫਸਾਈਆ । ਉਹ ਕਦੇ ਨਾ ਹੋਵੇ ਬਰਬਾਦ, ਜਗਤ ਨਿਸ਼ਾਨ ਨਾ ਕੋਇ ਗੁਵਾਈਆ । ਓਹਦੀ ਕਦੇ ਨਾ ਭੁੱਲੇ ਯਾਦ, ਯਾਦਾਸ਼ਤ ਸਭ ਦੀ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਆਪਣਾ ਖੇਲ ਤੱਕ ਬ੍ਰਹਮ ਬ੍ਰਹਿਮਾਂਡ, ਬ੍ਰਹਿਮਾਦ ਤੇਰਾ ਰਾਹ ਤਕਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਦੱਸਾਂ ਸਤਿ, ਪਰਮ ਪੁਰਖ ਜਣਾਈਆ । ਜਿਸ ਨੇ ਤੇਰੇ ਪਿਛੇ ਲੇਖੇ ਲਾਈ ਆਪਣੀ ਰੱਤ, ਰੱਤੀ ਰੱਤ ਤੇਰੀ ਝੋਲੀ ਪਾਈਆ । ਉਹਦੀ ਝੋਲੀ ਪਾ ਦੇ ਪਿਛਲਾ ਹੱਕ, ਹਾਕਮ ਹੋ ਕੇ ਬੇਪਰਵਾਹੀਆ । ਜਿਸ ਦੀ ਚਰਨ ਸਰਨ ਦੋ ਜਹਾਨ ਰਹੇ ਢੱਠ, ਪੁਰੀ ਲੋਅ ਬ੍ਰਹਿਮੰਡ ਖੰਡ ਗਗਨ ਪਤਾਲ ਜ਼ਿਮੀਂ ਅਸਮਾਨ ਸਿਰ ਨਾ ਕੋਈ ਉਠਾਈਆ । ਜਿਸ ਦਾ ਨਾਮ ਅਗੰਮਾ ਢੋਲਾ ਨਗ਼ਮਾ ਨਾਮ ਅਗੰਮਾ ਛੰਦ, ਸ੍ਰਿਸ਼ਟ ਸਬਾਈ ਕਾਇਨਾਤ ਦੀਨ ਦੁਨੀ ਆਪ ਜਣਾਈਆ । ਜਿਸ ਦਾ ਨੂਰ ਨੁਰਾਨਾ ਦੋ ਜਹਾਨਾਂ ਸੱਚਾ ਚੰਦ, ਸਤਿ ਸਚ ਕਰੇ ਰੁਸ਼ਨਾਈਆ । ਉਸ ਦਾ ਕਹਿਣਾ ਅੰਤਮ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਜਨ ਭਗਤਾਂ ਲੇਖੇ ਲਾ ਕਾਇਆ ਮਾਟੀ ਤਨ, ਤੱਤਵ ਤੱਤ ਆਪਣਾ ਦੇ ਜਣਾਈਆ । ਧੁਰ ਦਾ ਰਾਗ ਸੁਣਾ ਬਿਨ ਕੰਨ, ਆਤਮਕ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਵੇਖ ਵਖਾਈਆ ।

ਸੱਤ ਰੰਗ ਨਿਸ਼ਾਨਾ ਕਹੇ ਜਨ ਭਗਤ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਬਦ ਅਗੰਮੀ ਦੀ ਸੁਣ ਅਵਾਜ਼, ਜਗਤ ਰਾਗ ਪਰੇ ਹਟਾਈਆ । ਬਿਸਮਲ ਹੋ ਕੇ ਹੋ ਬਿਸਮਾਦ, ਵਿਸ਼ਵ ਆਪਣਾ ਰੂਪ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਵਟਾਵੇ ਆਪਣਾ ਸਵਾਂਗ, ਸਵਾਂਗੀ ਹੋ ਕੇ ਖੇਲ ਖਿਲਾਈਆ । ਜਿਸ ਦੀ ਸਾਰੇ ਕਰਦੇ ਤਾਂਘ, ਨੇਤਰ ਲੋਚਣ ਨੈਣ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਝੋਲੀ ਪਾਈਆ ।

ਸੱਤ ਰੰਗ ਨਿਸ਼ਾਨਾ ਕਹੇ ਵੀਹਵੀਂ ਸਦੀ ਅੰਤਮ ਲੇਖਾ, ਪੁਰਖ ਅਕਾਲ ਦੇ ਮਿਟਾਈਆ । ਜੋ ਅੰਤਰ ਸਭ ਨੂੰ ਪਿਆ ਭੁਲੇਖਾ, ਗੜ੍ਹ ਭਰਮ ਦੇ ਤੁੜਾਈਆ । ਚਾਰ ਯੁਗ ਜੋ ਗੁਰ ਅਵਤਾਰ ਪੀਰ ਪੈਗ਼ੰਬਰਾਂ ਦੀਨ ਮਜ਼੍ਹਬ ਧਰਮ ਦਾ ਲਿਆ ਠੇਕਾ, ਅੰਤਮ ਠੇਕੇਦਾਰੀ ਦੇ ਚੁਕਾਈਆ । ਲੱਖ ਚੁਰਾਸੀ ਦਾ ਨਜ਼ਰੀ ਆ ਇਕੋ ਨੇਤਾ, ਨਰ ਨਰਾਇਣ ਰੂਪ ਵਟਾਈਆ । ਪਿਛੇ ਵੇਖੀਆਂ ਤੇਰੀਆਂ ਨਿਕੀਆਂ ਨਿਕੀਆਂ ਖੇਡਾਂ, ਅਗਲਾ ਭੇਵ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ ।

ਸੱਤ ਰੰਗ ਨਿਸ਼ਾਨਾ ਕਹੇ ਉਠ ਦੱਸ ਸੱਤ ਦੀਪ, ਧੁਰ ਦਾ ਹੁਕਮ ਇਕ ਜਣਾਈਆ । ਬਿਨਾਂ ਪੁਰਖ ਅਕਾਲ ਤੋੜ ਨਿਭੇ ਨਾ ਕੋਈ ਪ੍ਰੀਤ, ਜਗਤ ਨਾਤੇ ਜਗਤ ਵਿਚ ਤੁੜਾਈਆ । ਸਤਿਜੁਗ ਸਾਚੀ ਚਲਾ ਦੇ ਰੀਤ, ਸਤਿ ਧਰਮ ਇਕ ਸਮਝਾਈਆ । ਆਤਮ ਪਰਮਾਤਮ ਦੱਸਦੇ ਗੀਤ, ਸੋ ਪੁਰਖ ਨਿਰੰਜਣ ਹੰ

ਬ੍ਰਹਮ ਕਰ ਪੜ੍ਹਾਈਆ । ਝਗੜਾ ਮੁਕਾ ਦੇ ਊਚ ਨੀਚ, ਇਕੋ ਰੂਪ ਦੇ ਸਮਝਾਈਆ । ਲੇਖਾ ਮੁਕ ਜਾਏ ਹਸਤ ਕੀਟ, ਰਾਓ ਰੰਕ ਨਾ ਕੋਇ ਅਖਵਾਈਆ । ਇਕੋ ਕਲਮਾ ਦੱਸ ਹਦੀਸ, ਹਜ਼ਰਤ ਈਸਾ ਮੂਸਾ ਮੁਹੰਮਦ ਨਿਉਂ ਨਿਉਂ ਸੀਸ ਝੁਕਾਈਆ । ਸਾਡਾ ਲਹਿਣਾ ਰਿਹਾ ਬੀਤ, ਵੇਲਾ ਵਕਤ ਦਏ ਗਵਾਹੀਆ । ਸਚ ਅਮਾਮ ਆਵੇ ਠੀਕ, ਮਹਿੰਦੀ ਆਪਣਾ ਰੰਗ ਰੰਗਾਈਆ । ਦੂਰ ਦੁਰਾਡਾ ਨਜ਼ਰੀ ਆਏ ਨਜ਼ਦੀਕ, ਨੇਰਨ ਨੇਰਾ ਪੰਧ ਮੁਕਾਈਆ । ਕੂੜੀ ਕਿਰਿਆ ਮਿਟੇ ਅੰਧੇਰਾ ਤਾਰੀਕ, ਸਾਚਾ ਨੂਰ ਚੰਦ ਚਮਕਾਈਆ । ਦੂਜਾ ਰਹਿਣ ਨਾ ਦੇਵੇ ਕੋਈ ਸ਼ਰੀਕ, ਇਸ਼ਟ ਦ੍ਰਿਸ਼ਟ ਇਕੋ ਇਕ ਸਮਝਾਈਆ । ਕਿਸੇ ਦਵਾਰਿਓਂ ਮੰਗਣ ਜਾਏ ਨਾ ਭੀਖ, ਦੇਵਣਹਾਰ ਆਪ ਹੋ ਜਾਈਆ । ਨਾਤਾ ਤੋੜ ਕੇ ਮੰਦਰ ਮਸੀਤ, ਕਾਇਆ ਕਾਅਬੇ ਦੇ ਸਮਝਾਈਆ । ਜਿਸ ਵਿਚ ਬੈਠਾ ਰਹੇ ਸਦਾ ਅਤੀਤ, ਦਰ ਠਾਂਡੇ ਡੇਰਾ ਲਾਈਆ । ਰਹਿਮਤ ਮਿਹਰ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ ।

ਸੱਤ ਰੰਗ ਨਿਸ਼ਾਨਾ ਕਹੇ ਪ੍ਰਭ ਹੋਕਾ ਦੇਵਾਂ ਨੌਂ ਖੰਡ, ਪ੍ਰਿਥਮੀ ਦਿਆਂ ਜਣਾਈਆ । ਕਲਜੁਗ ਕੂੜ ਕੁੜਿਆਰਾ ਮਿਟਣਾ ਭੇਖ ਭਖੰਡ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਭ ਦੇ ਵਸਣਾ ਸੰਗ, ਸਦਾ ਸੁਹੇਲਾ ਇਕ ਅਕੇਲਾ ਏਕੰਕਾਰਾ ਇਕੋ ਨਜ਼ਰੀ ਆਈਆ । ਜਿਸ ਦਾ ਨਾਮ ਨਿਧਾਨ ਦੋ ਜਹਾਨ ਜ਼ਿਮੀਂ ਅਸਮਾਨ ਵਜਣਾ ਮਰਦੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਜਣਾਈਆ । ਜਿਸ ਦਾ ਮੇਲਾ ਗੁਰ ਚੇਲਾ ਬਣ ਕੇ ਖੇਲ ਕੀਤਾ ਪੁਰੀ ਅਨੰਦ, ਸੋ ਪੰਧ ਆਪਣਾ ਰਿਹਾ ਮੁਕਾਈਆ । ਨਾਲ ਲੈ ਕੇ ਸੂਰਾ ਸਰਬੰਗ, ਸਚ ਦਵਾਰਾ ਆਵੇ ਲੰਘ, ਸਿੰਘਾਸਣ ਪਲੰਘ ਇਕੋ ਸੋਭਾ ਪਾਈਆ । ਜਿਸ ਦੀ ਲੱਖ ਚੁਰਾਸੀ ਡੋਰੀ ਸ਼ਬਦ ਨਾਲ ਬੱਧੀ ਪਤੰਗ, ਗੁਡੀਆ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਮੀ ਅੰਤਰਜਾਮੀ ਅੰਤਰ ਸਭ ਦਾ ਵੇਖ ਵਖਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਸੁਣਾਵਾਂ ਦੁਨੀਆਂ, ਦੋਹਰਾ ਤਾਲ ਵਜਾਈਆ । ਅੱਗੇ ਲੇਖਾ ਮੁੱਕ ਜਾਣਾ ਰਿਖੀਆਂ ਮੁਨੀਆਂ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਮਾਣ ਟੁੱਟਣਾ ਵਡ ਵਡ ਗੁਣੀਆ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਸਭ ਦੀਆਂ ਚੋਟੀਆਂ ਜਾਣੀਆਂ ਮੁਨੀਆਂ, ਜੋ ਬੈਠੇ ਪ੍ਰਭੂ ਭੁਲਾਈਆ । ਲੇਖਾ ਰਹਿਣਾ ਨਾ ਸ਼ੀਆ ਸੁੰਨੀਆਂ, ਪਰਵਰਦਿਗਾਰ ਸਾਝਾਂ ਯਾਰ ਵੇਖਣਹਾਰਾ ਥਾਉਂ ਥਾਈਂਆ । ਵਸਦੇ ਰਹਿਣੇ ਨਾ ਮੰਦਰ ਮਹੱਲ ਅਟੱਲ ਜਗਤ ਜਹਾਨ ਕੁਲੀਆਂ, ਚਾਰ ਕੁੰਟ ਦਹਿ ਦਿਸ਼ਾ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ ।

ਸਚ ਨਿਸ਼ਾਨਾ ਕਹੇ ਮੈਂ ਦੱਸਾਂ ਅਖ਼ੀਰ, ਆਖ਼ਰ ਇਕ ਜਣਾਈਆ । ਕਰੇ ਖੇਲ ਪ੍ਰਭ ਪੀਰਾਂ ਦਾ ਪੀਰ, ਪਾਰਬ੍ਰਹਮ ਬੇਪਰਵਾਹੀਆ । ਜਿਸ ਦੀ ਤਸਵਰ ਕਰ ਸਕੇ ਨਾ ਕੋਇ ਤਸਵੀਰ, ਰੂਪ ਰੰਗ ਸਿਫ਼ਤ ਵਿਚ ਨਾ ਕੋਇ ਸਲਾਹੀਆ । ਜਿਸ ਦਾ ਖੇਲ ਬੇਨਜ਼ੀਰ, ਨਜ਼ਰੀਆ ਆਪਣਾ ਰਿਹਾ ਬਦਲਾਈਆ । ਕਲਜੁਗ ਅੰਤਮ ਸ਼ਰਅ ਸ਼ਰਾਇਤੀ ਕੱਟ ਕੇ ਆਪ ਜ਼ੰਜੀਰ, ਧੁਰ ਦਾ ਹੁਕਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ ।

ਸੱਤ ਰੰਗ ਨਿਸ਼ਾਨਾ ਕਹੇ ਜਿਸ ਵੇਲੇ ਮੈਂ ਲੋਕਮਾਤ ਚੜ੍ਹਦਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਪਣਾ ਪੰਧ ਮੁਕਾਈਆ । ਓਸ ਵੇਲੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਗੁਰਮੁਖ ਗੁਰਸਿਖ ਹਰਿ ਭਗਤ ਲੱਖ ਚੁਰਾਸੀ ਜੀਵ ਜੰਤ ਇਕੋ ਕਲਮਾ ਪੜ੍ਹਦਾ, ਦੂਜਾ ਨਾਮ ਨਾ ਕੋਇ ਧਿਆਈਆ । ਜੇ ਕੋਈ ਬਣੇ ਤੇ ਪਰਮ ਪੁਰਖ ਦਾ ਬਰਦਾ, ਦੂਜਾ ਰੂਪ ਨਾ ਕੋਇ ਵਟਾਈਆ । ਦੋ ਜਹਾਨ ਭੈ ਵਿਚ ਵੇਖਿਆ ਡਰਦਾ,

ਸਿਰ ਸਕੇ ਨਾ ਕੋਇ ਉਠਾਈਆ । ਅਬਿਨਾਸ਼ੀ ਕਰਤਾ ਮਿਹਰਵਾਨ ਹੋ ਕੇ ਕਿਰਪਾ ਕਰਦਾ, ਕਿਰਪਨ ਨਿਰਧਨ ਆਪਣੇ ਨਾਲ ਮਿਲਾਈਆ । ਅੰਦਰ ਵੜਕੇ ਮੰਦਰ ਚੜ੍ਹ ਕੇ ਆਤਮ ਪਰਮਾਤਮ ਆਪੇ ਫਿਰਦਾ, ਸੁਰਤੀ ਸ਼ਬਦ ਨਾਲ ਜੁੜਾਈਆ । ਸੰਤ ਸੁਹੇਲੇ ਇਕ ਅਕੇਲੇ ਲੋਕਮਾਤ ਨਿਰਗੁਣ ਹੋ ਕੇ ਸਰਗੁਣ ਵਰਦਾ, ਨਾਰੀ ਕੰਤ ਰੂਪ ਜਣਾਈਆ । ਗੁਰਮੁਖਾਂ ਗੁਰਸਿਖਾਂ ਦਿਵਸ ਰੈਣ ਅੱਗੇ ਪਿਛੇ ਫਿਰਦਾ, ਭੱਜਾ ਫਿਰੇ ਵਾਹੋ ਦਾਹੀਆ । ਅੱਜ ਤੱਕ ਚੌਂਹ ਜੁਗਾਂ ਵਿਚ ਇਕੀਆਂ ਨੇ ਸਮਝਿਆ ਹਿਰਦਾ, ਬਾਕੀ ਸਮਝ ਕਿਸੇ ਨਾ ਆਈਆ । ਸ਼ਬਦ ਸੁੱਤ ਦੁਲਾਰਾ ਮਾਲਕ ਬਣਾ ਕੇ ਥਿਰ ਘਰ ਦਾ, ਸਚ ਦਵਾਰੇ ਦਿਤਾ ਟਿਕਾਈਆ । ਅੰਤਮ ਓਸੇ ਦੀ ਰੱਖੀ ਪੈਜ ਉਸੇ ਦਾ ਬਿਰਦਾ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਇਹ ਖੇਲ ਅਗੰਮਾ ਪੀਰ ਪੈਗ਼ੰਬਰਾਂ ਮੰਗਿਆ ਚਿਰ ਦਾ, ਵੇਦ ਵਿਆਸਾ ਗਿਆ ਲਿਖਾਈਆ । ਈਸਾ ਮੂਸਾ ਮੁਹੰਮਦ ਕਿਹਾ ਬਿਨ ਪਰਵਰਦਿਗਾਰ ਅੰਤਮ ਖੇਲ ਨਾ ਕੋਇ ਨਿਬੜਦਾ, ਲਹਿਣਾ ਝੋਲੀ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਦੇ ਬੰਧਾਈਆ ।

ਸੱਤ ਰੰਗ ਕਹੇ ਮੈਂ ਦੇਣਾ ਹੋਕਾ, ਧੁਰ ਦਾ ਹੁਕਮ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਮਾਣਸ ਜਨਮ ਪ੍ਰਭ ਮਿਲਣ ਦਾ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਸ੍ਰੀ ਭਗਵਾਨ ਕਦੀ ਕਰੇ ਨਾ ਕਿਸੇ ਨਾਲ ਧੋਖਾ, ਸਚ ਸਚ ਸਿਖਿਆ ਦਏ ਦ੍ਰਿੜਾਈਆ । ਵੇਖੋ ਪਾਲ ਸਿੰਘ ਦੇ ਨਾਲ ਤੁਰਦਾ ਓਹਦਾ ਪੋਤਾ, ਸਿੰਘ ਜਗਦੀਸ਼ ਵੱਜੇ ਵਧਾਈਆ । ਜਿਸ ਦਾ ਲੇਖੇ ਲੱਗਾ ਸ਼ੰਕਰ ਵਾਲਾ ਕੋਠਾ, ਜਟਾ ਜੂਟਧਾਰੀ ਵੇਸ ਵਟਾਈਆ । ਗਲ ਨਾ ਅਲਫੀ ਤੇੜ ਇਕ ਲੰਗੋਟਾ, ਧੂੜੀ ਖ਼ਾਕ ਰਮਾਈਆ । ਸੋਚ ਵਿਚ ਆਵੇ ਨਾ ਕੋਈ ਸੋਚਾ, ਸਮਝ ਚੱਲੇ ਨਾ ਕੋਇ ਚਤੁਰਾਈਆ । ਸੱਤ ਰੰਗ ਨਿਸ਼ਾਨਾ ਕਹੇ ਮੇਰਾ ਹੁਕਮ ਮੰਨਣਾ ਸਭ ਨੂੰ ਔਖਾ, ਔਖਾ ਵੇਲਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਾਚੀ ਧਾਰ ਚਲਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਨੂੰ ਸਤਿਜੁਗ, ਸਤਿ ਧਰਮ ਇਕ ਪਰਗਟਾਈਆ । ਕੂੜੀ ਕਿਰਿਆ ਲੇਖਾ ਜਾਣਾ ਮੁੱਕ, ਕਲਜੁਗ ਬੈਠੇ ਮੁਖ ਭੁਵਾਈਆ । ਮੈਂ ਨਾਮ ਜਪੌਣਾ ਸੋਹੰ ਇਕੋ ਤੁਕ, ਤੁਰਤ ਆਤਮ ਪਰਮਾਤਮ ਨਾਲ ਮਿਲਾਈਆ । ਕਲਜੁਗ ਓਥੇ ਪਹੁੰਚ ਨਾ ਸਕੇ ਪੁਜ, ਅਧਵਾਟੇ ਬੈਠਾ ਰੋਵੇ ਮਾਰੇ ਧਾਈਆ । ਜਨ ਭਗਤਾਂ ਨਾਲ ਪ੍ਰਭ ਦਾ ਰਹੇ ਕੋਈ ਨਾ ਲੁਕ, ਸਨਮੁਖ ਹੋ ਕੇ ਦਰਸ ਦਿਖਾਈਆ । ਕਲਜੁਗ ਜੋ ਜੂਠਿਆ ਝੂਠਿਆ ਸਦੀ ਵੀਹਵੀਂ ਮੁੱਖ ਵਿਚ ਪੈਣਾ ਥੁੱਕ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਸਾਚੇ ਸੰਤਾਂ ਸ੍ਰੀ ਭਗਵਾਨ ਬਣਾਉਣਾ ਆਪਣੇ ਪੁਤ, ਸੁੱਤ ਦੁਲਾਰੇ ਗੋਦ ਉਠਾਈਆ । ਕਲਜੁਗ ਜੀਵਾਂ ਰੋਂਦਿਆਂ ਕੁਰਲਾਂਦਿਆਂ ਕਰਾਵੇ ਨਾ ਕੋਈ ਚੁੱਪ, ਗੁਰ ਅਵਤਾਰ ਪੈਗ਼ੰਬਰ ਦੇਵੇ ਨਾ ਕੋਈ ਗਵਾਹੀਆ । ਅਬਿਨਾਸ਼ੀ ਕਰਤਾ ਠਾਕਰ ਸਵਾਮੀ ਕੂੜ ਕੁੜਿਆਰਿਆਂ ਨਾਲੋਂ ਗਿਆ ਰੁਠ, ਰੁਠਿਆਂ ਫੇਰ ਨਾ ਕੋਇ ਮਨਾਈਆ । ਗੁਰਮੁਖਾਂ ਉਤੇ ਜਾਏ ਤੁਠ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪ ਉਠਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਦੇਣਾ ਇਸ਼ਾਰਾ, ਹਲਤ ਪਲਤ ਵੇਖ ਵਖਾਈਆ । ਮੇਰਾ ਮਾਲਕ ਇਕੋ ਏਕੰਕਾਰਾ, ਅਕਲ ਕਲਧਾਰੀ ਬੇਪਰਵਾਹੀਆ । ਦੂਜਾ ਨਿਸ਼ਾਨਾ ਰਹੇ ਨਾ ਕੋਈ ਵਿਚ ਸੰਸਾਰਾ, ਸ੍ਰਿਸ਼ਟ ਸਬਾਈ ਬੂਝ ਬੁਝਾਈਆ । ਹੁਕਮੇ ਅੰਦਰ ਹੋਵੇ ਵਰਤਾਰਾ, ਨਾ ਕੋਇ ਮੇਟੇ ਮੇਟ ਮਿਟਾਈਆ । ਅੱਗੇ ਅੜੇ ਨਾ ਕੋਈ ਸ਼ਾਹਦਾਰਾ, ਸਿਕਦਾਰਾ ਹਰਿ ਅਖਵਾਈਆ । ਲੱਖ ਚੁਰਾਸੀ ਵਿਚੋਂ ਥੋੜਿਆਂ ਗੁਰਮੁਖਾਂ ਵੇਖਣਾ ਇਹ ਨਜ਼ਾਰਾ, ਬਾਕੀ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦੇ ਅੰਤਰ ਆਤਮ ਦੇ ਇਸ਼ਾਰਾ, ਸ਼ਬਦੀ ਸੈਨਤ

ਨਾਲ ਸਮਝਾਈਆ । ਉਹ ਬੋਲ ਕੇ ਇਕ ਜੈਕਾਰਾ, ਤੂ ਹੀ ਤੂ ਹੀ ਰਾਗ ਅਲਾਈਆ । ਦੂਜਾ ਕਰਨ ਨਾ ਕੋਇ ਮੁਜਾਹਰਾ, ਮੁਜਾਹਮਤ ਵਿਚ ਕਦੇ ਨਾ ਆਈਆ । ਇਕੋ ਮੰਗਣ ਦਰਸ ਘਰ ਠਾਂਡੇ ਦਰਬਾਰਾ, ਮੇਲ ਮਿਲਣਾ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਸਚ ਨਿਸ਼ਾਨਾ ਕਹੇ ਆਇਆ ਪੋਹ ਚੌਦਾਂ, ਬੀਸ ਇਕੀਸਾ ਹਰਿ ਜਗਦੀਸਾ ਵੇਖ ਵਖਾਈਆ । ਦੋ ਜਹਾਨਾਂ ਅੰਦਰ ਸਾਬਤ ਰਹੇ ਨਾ ਕਿਸੇ ਅਕੀਦਾ, ਮਾਲਕ ਨਜ਼ਰ ਕੋਇ ਨਾ ਆਈਆ । ਦੀਨ ਮਜ਼ਬ ਜੋ ਨਿੱਕਾ ਨਿੱਕਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਾਇਆ ਪੌਦਾ, ਸੋ ਵੇਖਣਹਾਰਾ ਥਾਉਂ ਥਾਈਂਆ । ਨੌਂ ਖੰਡ ਸੱਤ ਦੀਪ ਕਰਮ ਧਰਮ ਦਾ ਹੁੰਦਾ ਵੇਖੇ ਸੌਦਾ, ਸਿਟੇ ਬਾਜੀ ਜਗਤ ਲੋਕਾਈਆ । ਜੋ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਪ੍ਰਭ ਚੜ੍ਹਨ ਦਾ ਬਣੀ ਰਹੇ ਪੌੜਾ, ਮਾਰਗ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਛੱਲ ਅਛੇਦਾ ਭੇਵ ਅਭੇਦਾ ਆਪਣਾ ਇਕ ਦ੍ਰਿੜਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਮਾਰਾਂ ਅਗੰਮੀ ਮਾਰ, ਹੁਕਮ ਦੇਵੇ ਧੁਰਦਰਗਾਹੀਆ । ਈਸਾ ਮੂਸਾ ਮੁਹੰਮਦ ਕਰਕੇ ਖ਼ਬਰਦਾਰ, ਆਲਸ ਨਿੰਦਰਾ ਦਿਆਂ ਗੁਵਾਈਆ । ਭਗਤ ਅਠਾਰਾਂ ਕਰ ਬੇਦਾਰ, ਗਫਲਤ ਦਿਆਂ ਚੁਕਾਈਆ । ਨਾਨਕ ਗੋਬਿੰਦ ਕਰਕੇ ਚਰਨ ਪਿਆਰ, ਸਚ ਸੁਨੇਹੜਾ ਦਿਆਂ ਸੁਣਾਈਆ । ਉਠੋ ਵੇਖੋ ਹਰਿ ਕਰਤਾ ਕਲ ਕਲਕੀ ਅਵਤਾਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਖੇਲ ਖਿਲਾਈਆ । ਜਿਸ ਦਾ ਨਾਮ ਖੰਡਾ ਵੇਖੇ ਬ੍ਰਹਿਮੰਡਾ ਤਿਖੀ ਰੱਖੇ ਧਾਰ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਜਿਸ ਦੀ ਪੂਜਾ ਸਾਰੇ ਕਰਦੇ ਰਹੇ ਜੁਗ ਚਾਰ, ਦਰ ਦਰ ਸੇਵ ਕਮਾਈਆ । ਉਹ ਵੇਖਣ ਆਇਆ ਆਪਣਾ ਸੰਸਾਰ, ਸੰਸਾਰੀ ਭੰਡਾਰੀ ਆਪਣੇ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਨੋਖਾ ਬਿਨ ਅੱਖਰਾਂ ਸਾਰਿਆਂ ਰਿਹਾ ਸਮਝਾਈਆ ।

ਸਤਿ ਨਿਸ਼ਾਨਾ ਕਹੇ ਮੈਂ ਸਤਿ ਦਾ ਮਿੱਤਰ, ਸਤਿ ਪਿਆਰਾ ਗਿਆ ਸਮਝਾਈਆ । ਜਿਸ ਦੀ ਧਾਰੋਂ ਆਇਆ ਨਿੱਕਲ, ਸੋ ਨਿੱਕਿਆਂ ਵੱਡਿਆਂ ਲੇਖੇ ਲਾਈਆ । ਸਰਬ ਸਵਾਮੀ ਬਣ ਕੇ ਸਭ ਦਾ ਪਿੱਤਰ, ਪਿਤਾ ਪੂਤ ਗੋਦ ਉਠਾਈਆ । ਨਾਲ ਲਾਵੇ ਭਰੀਆਂ ਚਿਕੜ, ਜੋ ਮੰਨਣ ਹੱਕ ਰਜਾਈਆ । ਸਾਹਿਬ ਸੱਚੇ ਤੈਨੂੰ ਸੱਚਿਆਂ ਦਾ ਸਦਾ ਫਿਕਰ, ਫਿਕਰਿਆਂ ਚੋਂ ਫਿਕਰੇ ਉਹਨਾਂ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਜਿਸ ਵੇਲੇ ਝੁੱਲਦਾ, ਲੋਕਮਾਤ ਲਏ ਅੰਗੜਾਈਆ । ਰਾਖਾ ਬਣਾਂ ਭਗਤਾਂ ਕੁਲ ਦਾ, ਤੱਤੀ ਵਾ ਨਾ ਲਾਗੇ ਰਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਫਲ ਫੁੱਲ ਆਪ ਮਾਤ ਮਹਿਕਾਈਆ । ਸੰਤ ਸੁਹੇਲਾ ਸੱਚੇ ਤੋਲ ਤੁਲਦਾ, ਤਰਾਜ਼ੂ ਇਕੋ ਨਾਮ ਵਖਾਈਆ । ਮੈਂ ਲਹਿਣਾ ਦੇਣਾ ਲੇਖਾ ਦੇਵਾਂ ਪ੍ਰਭ ਦੀ ਭਗਤੀ ਮੁਲ ਦਾ, ਅਣਗਿਣਤ ਨਾਮ ਦਾਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਰ ਮੇਰਾ ਸੰਗ ਰਿਹਾ ਨਿਭਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਦਾ ਸੰਗੀ, ਪ੍ਰਭ ਮੇਰਾ ਸੰਗ ਨਿਭਾਈਆ । ਸ੍ਰਿਸ਼ਟ ਸਬਾਈ ਦੀ ਕੱਟਣ ਆਇਆ ਤੰਗੀ, ਤੰਗ ਦਸਤ ਨਾ ਕੋਇ ਰਖਾਈਆ । ਜਿਨ੍ਹਾਂ ਦੀ ਪਿਠ ਹੋਈ ਨੰਗੀ, ਤਿਨ੍ਹਾਂ

ਓਢਣ ਦਿਆਂ ਟਿਕਾਈਆ । ਜੋ ਓਝੜ ਪੈ ਗਏ ਡੰਡੀ, ਤਿਨ੍ਹਾਂ ਮਾਰਗ ਦਿਆਂ ਸਮਝਾਈਆ । ਜਿਨ੍ਹਾਂ ਦੀ ਵਾਸਨਾ ਹੋ ਗਈ ਗੰਦੀ, ਤਿਨ੍ਹਾਂ ਸੁਗੰਧੀ ਦਿਆਂ ਭਰਾਈਆ । ਜੋ ਪੈ ਗਏ ਖਾਨੇ ਬੰਦੀ, ਤਿਨ੍ਹਾਂ ਦੇ ਬੰਧਨ ਦਿਆਂ ਕਟਾਈਆ । ਇਹ ਧਾਰ ਸਭ ਤੋਂ ਵੱਖਰੀ ਚੰਗੀ, ਮੰਦੇ ਚੰਗਿਆਂ ਨਾਲ ਰਲਾਈਆ । ਕੋਈ ਲੱਭਣਾ ਪਏ ਨਾ ਪਾਂਧਾ ਪੰਡੀ, ਪੰਡਤ ਵਿਦਿਆ ਨਾ ਕੋਇ ਪੜ੍ਹਾਈਆ । ਇਕੋ ਸੰਨਦ ਨਾਮ ਧੁਰ ਦੀ ਦੇ ਸੰਧੀ, ਸਾਚੇ ਮਾਲਕ ਦਏ ਜਣਾਈਆ । ਉਹਨਾਂ ਦੀ ਆਤਮਾਂ ਕਦੇ ਨਾ ਹੋਵੇ ਰੰਡੀ, ਜਗਤ ਦੋਹਾਗਣ ਰੂਪ ਵਟਾਈਆ । ਜਿਨ੍ਹਾਂ ਨੂੰ ਮਿਲਿਆ ਸੂਰਾ ਸਰਬੰਗੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਉਹ ਕਿਸੇ ਦੀ ਕਾਹਨੂੰ ਕਰਨ ਮਸੰਦੀ, ਮਸੰਦਗੀ ਵਿਚ ਕਦੇ ਨਾ ਆਈਆ । ਦੀਨ ਮਜ਼੍ਹਬ ਦੀ ਉਹਨ੍ਹਾਂ ਉਤੋਂ ਲੱਥ ਗਈ ਪਾਬੰਦੀ, ਪਾਬੰਦ ਇਕੋ ਚਰਨ ਕਵਲ ਹਰਿ ਹਰਿ ਸੱਚੀ ਸਰਨਾਈਆ । ਧਰਮ ਨਿਸ਼ਾਨਾ ਕਹੇ ਮੈਂ ਭਗਤਾਂ ਦਾ ਸੰਗੀ, ਜਿਨ੍ਹਾਂ ਨਾਲ ਮਿਲਕੇ ਆਪਣਾ ਵਕਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਤਾਰੇ ਭੁਜੰਗੀ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

ਸਤਿ ਨਿਸ਼ਾਨਾ ਕਹੇ ਸੁਣੋ ਜਗ ਸੱਜਣ, ਸਜਰਾ ਹਾਲ ਸੁਣਾਈਆ । ਸਤਿਗੁਰ ਪੂਰਾ ਹਰਿ ਸਵਾਮੀ ਇਕ ਕਰਾਏ ਮਜ਼ਨ, ਅਠਸਠ ਤੀਰਥ ਲੋੜ ਰਹੇ ਨਾ ਰਾਈਆ । ਸੰਤ ਸੁਹੇਲਾ ਕਰਕੇ ਮੇਲਾ, ਗੁਰਮੁਖ ਗੁਰ ਗੁਰ ਘਰ ਘਰ ਆਵੇ ਸੱਦਣ, ਸੱਦਾ ਹੋਕਾ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ ।

ਦੇਵੇ ਵਡਿਆਈ ਭਗਤ ਸੁਹੇਲਾ, ਭਗਵਨ ਦਇਆ ਕਮਾਇੰਦਾ । ਮੇਲ ਮਿਲਾਏ ਗੁਰੂ ਗੁਰ ਚੇਲਾ, ਚੇਲਾ ਗੁਰੂ ਆਪ ਅਖਵਾਇੰਦਾ । ਵਸਣਹਾਰਾ ਧਾਮ ਨਵੇਲਾ, ਸਚਖੰਡ ਨਿਵਾਸੀ ਆਪਣਾ ਫੇਰਾ ਪਾਇੰਦਾ । ਕਲਜੁਗ ਅੰਤਮ ਵੇਖ ਕੇ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਬੇਲਾ, ਬੇਲਿਆਂ ਵਿਚੋਂ ਬੇਲੀ ਬਣ ਕੇ ਆਇੰਦਾ । ਜਨ ਭਗਤਾਂ ਵਕਤ ਹੋਣ ਨਾ ਦੇਵੇ ਦੁਹੇਲਾ, ਰੁਹੇਲਾ ਰੂਹ ਬੁੱਤ ਦੋਵੇਂ ਪਾਕ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਜੱਟ ਨਾਲ ਮਝੈਲਾ, ਮਜ਼ਲਸ ਆਪਣੇ ਨਾਲ ਲਗਾਈਆ ।।

ੴ ੴ ੴ ੴ ੴ

ੴ ੧੫ ਪੋਹ ੨੦੨੧ ਬਿਕ੍ਰਮੀ ਗਿਆਨ ਸਿੰਘ ਦੇ ਘਰ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ੴ

....... ਜਨ ਭਗਤੋ ਤੁਹਾਡਾ ਕੀ ਕਰਾਂ ਸਵਾਗਤ, ਸਵਾ ਸਵਾ ਪਹਿਰ ਤੁਹਾਡੀ ਸੇਵ ਕਮਾਈਆ । ਮੇਰੇ ਕੋਲ ਇਹੋ ਤੁਹਾਡੀ ਆਓ ਭਗਤ, ਤੁਹਾਡਾ ਦਰਸ਼ਨ ਕਰਕੇ ਖ਼ੁਸ਼ੀ ਮਨਾਈਆ । ਤੁਹਾਡੇ ਪ੍ਰੇਮ ਦੀ ਕਰਕੇ ਅਬਾਦਤ, ਅੱਵਲ ਇਕੋ ਰੰਗ ਰੰਗਾਈਆ । ਮਾਤਲੋਕ ਤੁਸੀਂ ਮੇਰੀ ਕਰੋ ਸਫਾਰਸ਼, ਸ੍ਰਿਸ਼ਟੀ ਦਿਓ ਜਣਾਈਆ । ਮੈਂ ਤੁਹਾਡਾ ਤੁਹਾਡੇ ਅੰਦਰ ਟਿਕੀ ਅਮਾਨਤ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਦ ਵੇਖੋ ਤੇ ਸਹੀ ਸਲਾਮਤ, ਸਾਹਿਬ ਸੁਲਤਾਨ ਹੋ ਕੇ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਰਿਹਾ ਚੁਕਾਈਆ ।

ਲੇਖਾ ਚੁਕਦਾ ਵੇਖ ਆਈ ਗੋਬਿੰਦ ਦੀ ਗਵਾਂਢਣ, ਕੁਲਾਲਣ ਜਿਹੜੀ ਪਟਨੇ ਘਰ ਤੋਂ ਪੰਜਵੇਂ ਘਰ ਡੇਰਾ ਲਾਈਆ । ਉਹ ਸ਼ਰਅ ਵਿਚ ਸ਼ੈਤਾਨਣ, ਮੁਸਲਮ ਸੁੰਨੀ ਜਾਤ ਅਖਵਾਈਆ । ਜਾਂ ਵੇਖਿਆ ਉਸਨੂੰ ਨਜ਼ਰੀਂ ਆਇਆ ਇਕ ਚਾਨਣ, ਚੰਦ ਗੁਜਰੀ ਨੂਰ ਚਮਕਾਈਆ । ਉਹ ਝੱਟ ਬਦਲ ਕੇ ਬਣ ਗਈ ਮਾਲਣ, ਪਿਛੇ ਭੱਜੀ ਵਾਹੋ ਦਾਹੀਆ । ਮੈਂ ਤੋੜਾਂ ਫੁਲ ਗੁਲਾਲਨ, ਸੋਹਣਾ ਹਾਰ ਗੁੰਦਾਈਆ । ਮੈਂ ਪਾਵਾਂ ਉਸ

ਬਾਲਣ, ਜਿਸ ਨੂੰ ਬੱਲੇ ਬੱਲੇ ਕਹੇ ਲੋਕਾਈਆ । ਨਾਲੇ ਦਰ ਤੇ ਹੋਵਾਂ ਸਵਾਲਣ, ਅੱਗੇ ਆਪਣੀ ਝੋਲੀ ਡਾਹੀਆ । ਫਿਰ ਉਠ ਕੇ ਆਈ ਭਾਲਣ, ਆਪਣਾ ਪੰਧ ਮੁਕਾਈਆ । ਅਗੋਂ ਹੁਕਮ ਦਿਤਾ ਜੋਤ ਅਕਾਲਣ, ਸ਼ਬਦ ਨਾਲ ਸੁਣਾਈਆ । ਜਿਸ ਵੇਲੇ ਅਬਿਨਾਸ਼ੀ ਕਰਤਾ ਲੋਕਮਾਤ ਜਨ ਭਗਤਾਂ ਆਵੇ ਸੰਭਾਲਣ, ਤੇਰਾ ਲਹਿਣਾ ਲੇਖੇ ਦਏ ਚੁਕਾਈਆ । ਮੁਰਦੇ ਆਵੇ ਜਵਾਲਣ, ਜੀਵਦਿਆਂ ਗੋਦ ਉਠਾਈਆ । ਸਭ ਦਾ ਬਣੇ ਰਖਵਾਲਣ, ਰੱਖਿਆ ਕਰੇ ਥਾਉਂ ਥਾਈਆ । ਆਪਣੀ ਗੋਦ ਆਏ ਸੁਵਾਲਣ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਨਾਤਾ ਜੋੜੇ ਜਹਾਨਣ, ਬੱਧਕ ਨਾਲ ਵਡਿਆਈਆ । ਬੱਚੀ ਜਣ ਕੇ ਕਰੇ ਤੇਰੀ ਪ੍ਰਿਤਪਾਲਣ, ਪਿਤਾ ਹੋ ਕੇ ਤੇਰੀ ਸੇਵ ਕਮਾਈਆ । ਫੇਰ ਤੇਰੀ ਪ੍ਰਭੂ ਕਰੇ ਭਾਲਣ, ਖੋਜਣਹਾਰਾ ਖੋਜ ਖੁਜਾਈਆ । ਤੂੰ ਬਣ ਕੇ ਫੇਰ ਆਵੀਂ ਮਾਲਣ, ਨਵਾਂ ਰੰਗਾਂ ਦਾ ਫੁੱਲਾਂ ਦਾ ਹਾਰ ਇਕ ਨਾਲ ਇਕ ਲੈਣਾ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਚੁਕਾਵੇ ਆਣ, ਵਾਲੀ ਦੋ ਜਹਾਨ, ਸਚ ਤਸਵੀਰ ਜਸਬੀਰ ਆਪਣੀ ਦਏ ਵਖਾਈਆ ।

ਪੰਦਰਾਂ ਪੋਹ ਖ਼ੁਸ਼ੀਆਂ ਨਾਲ ਆਖਦਾ, ਸਚ ਕਹਾਣੀ ਰਿਹਾ ਦ੍ਰਿੜਾਈਆ । ਮੈਂ ਖੇਲ ਵੇਖਿਆ ਭਗਤ ਭਗਵਾਨ ਵੈਰਾਗ ਦਾ, ਆਪਣਾ ਧਿਆਨ ਲਗਾਈਆ । ਸੰਤ ਸੁਹੇਲਾ ਵੇਖਿਆ ਜਾਗਦਾ, ਜੋ ਬੈਠਾ ਅੱਖ ਖੁਲ੍ਹਾਈਆ । ਪੜਦਾ ਵੇਖਿਆ ਅਗਲੇ ਰਿਵਾਜ ਦਾ, ਰਸਮ ਸਚ ਰਿਹਾ ਕਰਾਈਆ । ਹੁਕਮ ਵੇਖਿਆ ਸਤਿਗੁਰ ਮਹਾਰਾਜ ਦਾ, ਜੋ ਸ਼ਬਦ ਨਾਦ ਵਿਚ ਸੁਣਾਈਆ । ਪਿਆਰ ਵੇਖਿਆ ਗੁਰਮੁਖ ਵਿਸਮਾਦ ਦਾ, ਜੋ ਬਿਸਮਲ ਆਪਣਾ ਆਪ ਕਰਾਈਆ । ਸੁਣਿਆ ਸੰਦੇਸ਼ਾ ਧੁਰ ਆਵਾਜ਼ ਦਾ, ਸਚਖੰਡ ਸਾਚੇ ਵੱਜੇ ਵਧਾਈਆ । ਸਿੰਘ ਮਨਜੀਤ ਉਠ ਕੇ ਵੇਖਦਾ, ਆਪਣਾ ਧਿਆਨ ਲਗਾਈਆ । ਵਕਤ ਸੁਹੇਲਾ ਆਇਆ ਪ੍ਰਭ ਸਵਾਂਗੀ ਦੇ ਸਵਾਂਗ ਦਾ, ਅਵੱਲੜੀ ਕਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵਰਤਾਈਆ ।

ਪੰਦਰਾਂ ਪੋਹ ਕਹੇ ਮੈਂ ਦੇਵਾਂ ਸੰਦੇਸ਼ਾ, ਦੋ ਜਹਾਨ ਸੁਣਾਈਆ । ਕਰੇ ਖੇਲ ਨਰ ਨਰੇਸ਼ਾ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਭਗਤਾਂ ਨਾਲ ਲੇਖਾ, ਭਗਵਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਬੰਧਾਈਆ ।

ਪੰਦਰਾਂ ਪੋਹ ਕਹੇ ਸੁਣ ਮਨਜੀਤ, ਮਨਸਾ ਪ੍ਰਭ ਦੀ ਦਿਆਂ ਜਣਾਈਆ । ਜੋ ਸਤਿਜੁਗ ਚਲਾਏ ਰੀਤ, ਕਲਜੁਗ ਕੂੜ ਮਿਟਾਈਆ । ਉਹ ਖੇਲੇ ਖੇਲ ਆਪ ਅਨਡੀਠ, ਧੁਰ ਦਾ ਹੁਕਮ ਰਿਹਾ ਜਣਾਈਆ । ਗੁਰਮੁਖ ਸੱਜਣ ਬਣ ਕੇ ਮੀਤ, ਪੜਦਾ ਉਹਲਾ ਰਿਹਾ ਚੁਕਾਈਆ । ਮੈਂ ਇਕ ਅਗੰਮੀ ਸੁਣੀ ਚੀਕ, ਜੋ ਥਲਾਂ ਵਿਚੋਂ ਨਜ਼ਰੀਂ ਆਈਆ । ਓਥੇ ਇਕ ਇਕੱਲਾ ਰਿਹਾ ਉਡੀਕ, ਆਪਣੀ ਅੱਖ ਖੁਲ੍ਹਾਈਆ । ਜਿਸ ਨੇ ਅਰਜਨ ਵਾਲੀ ਲਕੜੀ ਲਿਆਂਦੀ ਘਸੀਟ, ਜਿਹੜੀ ਭੱਠੀ ਹੇਠ ਤਪਾਈਆ । ਉਹ ਦੁਹੱਥੜ ਮਾਰ ਕੇ ਰਿਹਾ ਪੀਟ, ਬੌਹੜੀ ਹਾਏ ਹਾਏ ਸੁਣਾਈਆ । ਮੈਂ ਨੀਚਾਂ ਦਾ ਨੀਚ, ਪਾਪੀਆਂ ਵਿਚੋਂ ਪਾਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਪੰਦਰਾਂ ਪੋਹ ਕਹੇ ਕਰੇ ਧਿਆਨ, ਮਨਜੀਤ ਧਿਆਨ ਜਣਾਈਆ । ਤੀਜੇ ਦਿਨ ਵਾਰੀ ਤੇਰੀ ਆਈ ਵਿਚ ਜਹਾਨ, ਤ੍ਰੈਲੋਕਾਂ ਆਪਣਾ ਪੰਧ ਮੁਕਾਈਆ । ਜਨ ਭਗਤ ਦਵਾਰੇ ਫੜਨਾ ਇਕ ਨਿਸ਼ਾਨ, ਸਤਿ ਸਤਿਵਾਦੀ ਦਏ ਵਖਾਈਆ । ਜਿਸ ਦੀ ਸਭ ਨੇ ਮੰਨਣੀ ਆਣ, ਚਲਣਾ ਹੁਕਮ ਰਜਾਈਆ । ਜਿਸ ਦਾ ਮਾਲਕ ਇਕ ਭਗਵਾਨ, ਸ਼ਹਿਨਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਮਨਜੀਤ ਕਹੇ ਮੈਨੂੰ ਹੋਈ ਖ਼ੁਸ਼ੀ, ਆਪਣੀ ਖ਼ੁਸ਼ੀ ਜਣਾਈਆ । ਮੈਂ ਹਰਿ ਸੰਗਤ ਵੇਖਾਂ ਸੁੱਚੀ, ਸੁਘੜ ਸੁਚੱਜੀ ਨਜ਼ਰੀ ਆਈਆ । ਜਿਨ੍ਹਾਂ ਦਾ ਮਾਣ ਤਾਣ ਉਹ ਫਿਰਦੇ ਅੱਡੀ ਉਚੀ, ਪੈਰ ਜਮੀਨ ਉਤੋਂ ਉਠਾਈਆ । ਉਹਨਾਂ ਦੀ ਓਸ ਨਾਲ ਰੁਚੀ, ਜੋ ਰਚਨਾ ਆਪਣੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਮਨਜੀਤ ਕਹੇ ਮੈਂ ਨਿਸ਼ਾਨ ਚੁੱਕਾਂ, ਮੋਢੇ ਕੰਧ ਉਠਾਈਆ । ਨੌਂ ਖੰਡ ਪ੍ਰਿਥਮੀ ਪੁੱਛਾਂ, ਦੀਪਾਂ ਸੱਤਾਂ ਲਵਾਂ ਉਠਾਈਆ । ਤੁਹਾਡਾ ਕਿਹੜੀ ਗੱਲੋਂ ਪ੍ਰਭ ਨਾਲ ਗੁਸਾ, ਦੀਨ ਦਿਆਲ ਗਏ ਭੁਲਾਈਆ । ਵੇਖੋ ਕਲਜੁਗ ਪੈਂਡਾ ਮੁੱਕਾ, ਲੋਕਮਾਤ ਨਜ਼ਰ ਨਾ ਆਈਆ । ਓਸਦਾ ਸੜਨ ਵਾਲਾ ਵਿਚੋਂ ਜੁਸਾ, ਜਿਸਮ ਆਪਣਾ ਰਿਹਾ ਗੁਵਾਈਆ । ਪੀਰਾਂ ਕੋਲੋਂ ਛੁੱਟਣ ਵਾਲਾ ਮੋੜ੍ਹੇ ਵਰਗਾ ਹੁੱਕਾ, ਹਕੂਮਤ ਸਭ ਦੀ ਰਿਹਾ ਬਦਲਾਈਆ । ਆਪਣੀ ਧਾਰ ਵਿਚੋਂ ਲੰਘਾ ਕੇ ਜਿਉਂ ਮਿਸਲ ਮਸ਼ਹੂਰ ਸੂਈ ਨੱਕਾ, ਨਿਕਿਉਂ ਵੱਡੇ ਬਣਾਈਆ । ਸ਼ਬਦੀ ਖੰਡਾ ਨੇਜਾ ਫੜ ਕੇ ਤਿਖਾ, ਦੋ ਜਹਾਨਾਂ ਰਿਹਾ ਜਣਾਈਆ । ਮੈਂ ਵੇਖਾਂ ਜਿਸ ਵੇਲੇ ਗੋਬਿੰਦ ਚਾਲੀਆਂ ਵਿਚੋਂ ਮਹਾਂ ਸਿੰਘ ਨੂੰ ਕਿਹਾ ਉਠ ਸਿੱਖਾ, ਸਾਚੀ ਸਿਖਿਆ ਦਿਆਂ ਸਮਝਾਈਆ । ਓਨ ਕਿਹਾ ਵਾਹ ਮੇਰਿਆ ਪਿਤਾ, ਤੁਧ ਬਿਨ ਦੂਜੀ ਓਟ ਨਾ ਕੋਇ ਰਖਾਈਆ । ਗੋਬਿੰਦ ਫੜ ਕੇ ਕਿਹਾ ਕੋਲੋਂ ਗਿਟਾ, ਚਿੱਟਾ ਰੁਮਾਲ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਮਨਜੀਤ ਕਹੇ ਮੈਂ ਫੜ ਕੇ ਨਿਸ਼ਾਨਾ, ਨਿਸ਼ਾ ਸਭ ਦੀ ਦਿਆਂ ਕਰਾਈਆ । ਭੁੱਲਾ ਰਹੇ ਨਾ ਜੀਵ ਜਹਾਨਾ, ਭੁਲੇਖਾ ਭਰਮ ਦਿਆਂ ਕਢਾਈਆ । ਸਾਚਾ ਦੇਵਾਂ ਇਕ ਫ਼ਰਮਾਨਾ, ਧੁਰ ਸੰਦੇਸ਼ ਸੁਣਾਈਆ । ਉਠੋ ਵੇਖੋ ਭੂਪਤ ਭੂਪ ਸੁਲਤਾਨਾਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਇਕ ਮਹਾਨਾ, ਧੁਰ ਸੰਦੇਸ਼ਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ ।

ਧੁਰ ਦੀ ਕਰਨੀ ਕਰਦਾ ਤੱਕਿਆ, ਤਕਦੀਰ ਤਦਬੀਰ ਨਾਲ ਬਦਲਾਈਆ । ਭਗਤਾਂ ਅੰਦਰ ਵੇਖਿਆ ਵਸਿਆ, ਨਿਰਗੁਣ ਹੋ ਕੇ ਡੇਰਾ ਲਾਈਆ । ਪਾਂਧੀ ਹੋ ਕੇ ਫਿਰੇ ਨੱਠਿਆਂ, ਭੱਜੇ ਵਾਹੋ ਦਾਹੀਆ । ਸੇਵਾ ਕਰਨ ਤੋਂ ਕਦੇ ਨਾ ਹਟਿਆ, ਨਾ ਕੋਈ ਰੋਕੇ ਰੋਕ ਰੁਕਾਈਆ । ਜਲ ਪਾਨਨ ਸਾਰੇ ਕਰਕੇ ਕੱਠਿਆ, ਪੂਰਬ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਨਿਸ਼ਾਨਾ ਕਹੇ ਮੈਨੂੰ ਜਨ ਭਗਤ ਫੜਿਆ, ਵੇਲਾ ਵਕਤ ਸੁਹਾਈਆ । ਮੈਂ ਇਕੋ ਸੋਹੰ ਢੋਲਾ ਪੜ੍ਹਿਆ, ਪ੍ਰਭੂ ਤੇਰੇ ਨਾਲ ਵੱਜੇ ਵਧਾਈਆ । ਜਿਸ ਮੰਜ਼ਲ ਤੂੰ ਆਪ ਚੜ੍ਹਿਆ, ਉਸ ਦਵਾਰੇ ਗੁਰਮੁਖ ਦੇਣੇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ ।

ਨਿਸ਼ਾਨਾ ਕਹੇ ਮੈਂ ਸਚ ਸੁਣਾਇਆ, ਜੋ ਹਰਿ ਹਰਿ ਦਿਤਾ ਸਮਝਾਈਆ । ਵੇਖੋ ਕਲਜੁਗ ਅੰਤਮ ਵੇਲਾ ਆਇਆ, ਚਾਰ ਕੁੰਟ ਅੰਧੇਰਾ ਛਾਈਆ । ਸਾਚਾ ਰੰਗ ਨਾ ਕੋਇ ਰੰਗਾਇਆ, ਕਸੁੰਭੇ ਰੰਗ ਰੰਗੀ ਲੋਕਾਈਆ । ਨਾਮ ਮਰਦੰਗ ਨਾ ਕੋਇ ਸੁਣਾਇਆ, ਧੁਰ ਦਾ ਨਾਦ ਨਾ ਕੋਇ ਜਣਾਈਆ । ਪਾਰ ਕਿਨਾਰਾ ਲੰਘ ਕਿਸੇ ਨਾ ਡੇਰਾ ਲਾਇਆ, ਪੱਤਣ ਮੇਲ ਨਾ ਸਾਚੇ ਮਾਹੀਆ । ਆਤਮ ਅਨੰਦ ਕਿਸੇ ਹੱਥ ਨਾ ਆਇਆ, ਪਾਂਧੀਆਂ ਪੰਧ ਨਾ ਕੋਇ ਮੁਕਾਈਆ । ਦੀਨਾਂ ਨਾਥ ਬਖ਼ਸ਼ੰਦ ਜਨ ਭਗਤਾਂ ਵੇਖਿਆ ਦਇਆ ਕਮਾਇਆ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ ।

ਸੱਤ ਨਿਸ਼ਾਨਾ ਕਹੇ ਮੈਂ ਓਸ ਘਰ ਚੜ੍ਹਦਾ, ਜਿਸ ਘਰ ਇਕੋ ਠਾਕਰ ਨਜ਼ਰੀਂ ਆਈਆ । ਜਿਨ੍ਹਾਂ ਦੇ ਹਰਿ ਜੂ ਪੱਲੂ ਫੜਦਾ, ਉਹਨਾਂ ਨਾਲ ਮੇਰੀ ਵਡਿਆਈਆ । ਮੈਂ ਸੇਵਕ ਓਸ ਦਰ ਦਾ, ਜੋ ਮੇਰਾ ਪੁਰਖ ਅਕਾਲ ਮਨਾਈਆ । ਮੈਂ ਓਸ ਦੇ ਸਾਮ੍ਹਣੇ ਖੜਦਾ, ਜੋ ਕੰਢੀਆਂ ਵਾਲੇ ਰਿਹਾ ਪਰਗਟਾਈਆ । ਮੈਂ ਮੇਲਾ ਕਰਾਵਾਂ ਸਾਚੇ ਯਾਰ ਦਾ, ਜੋ ਸਭ ਦਾ ਮਾਲਕ ਬੇਪਰਵਾਹੀਆ । ਆਪਣਾ ਹੁਕਮ ਜਣਾਵਾਂ ਸੱਚਾ ਗੁਫ਼ਤਾਰ ਦਾ, ਜੋ ਗੁਫ਼ਤ ਸੁਨੀਦ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਰਿਹਾ ਮੁਕਾਈਆ ।

ਸਚ ਨਿਸ਼ਾਨਾ ਕਹੇ ਮੇਰੀ ਆਈ ਵਾਰੀ, ਵਰਿਆਮ ਹੋ ਕੇ ਸੇਵ ਕਮਾਈਆ । ਸਚ ਦਵਾਰੇ ਬਣ ਕੇ ਸੱਚਾ ਦਰਬਾਰੀ, ਧੁਰ ਦਾ ਹੁਕਮ ਇਕ ਮਨਾਈਆ । ਨਾਲ ਮਿਲਾ ਕੇ ਏਕਾ ਏਕੰਕਾਰੀ, ਅਕਲ ਕਲ ਦਿਆਂ ਵਖਾਈਆ । ਜਿਹੜਾ ਖੇਲ ਵੇਖਿਆ ਸਰਬ ਦਿਹਾੜੀ, ਘੜੀ ਪਲ ਦਏ ਗਵਾਹੀਆ । ਭਗਤਾਂ ਨਾਲ ਸੋਂਹਦੀ ਵੇਖੀ ਯਾਰੀ, ਸਾਹਿਬ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ ।

ਸਰਨਾਈ ਕਹੇ ਮੈਂ ਦੇਵਾਂ ਉਹਨਾਂ ਸਰਨ, ਆਸਰਾ ਇਕ ਰਖਾਈਆ । ਜੋ ਪੁਰਖ ਅਕਾਲ ਨੂੰ ਯਾਦ ਕਰਨ, ਦਿਵਸ ਰੈਣ ਵਿਸਰ ਕਦੇ ਨਾ ਜਾਈਆ । ਓਸੇ ਦਾ ਜੀਵਨ ਓਸੇ ਦਾ ਮਰਨ, ਜੋ ਮਰਿਆਂ ਰੂਪ ਦਏ ਬਣਾਈਆ । ਓਸੇ ਦਾ ਢੋਲਾ ਓਸੇ ਦੇ ਪੜ੍ਹਨ, ਓਸੇ ਦਾ ਰਾਗ ਨਾਦ ਹੋ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ ।

ਸਤਿ ਨਿਸ਼ਾਨਾ ਕਹੇ ਮੈਂ ਚੜ੍ਹਦਾ ਰਾਤੀਂ, ਦਿਨੇ ਆਪਣਾ ਆਪ ਛੁਪਾਈਆ । ਇਹ ਮੇਰੀ ਅਗਲੀ ਰਵਾਜ਼ੀ, ਜਿਸ ਦਾ ਰਵਾਦਾਰ ਨਾ ਕੋਇ ਅਖਵਾਈਆ । ਰਮਜ ਸਮਝੇ ਨਾ ਕੋਇ ਸਮਾਜੀ, ਸਮਾਜਾਂ ਵਿਚ ਨਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਸੁਣਾਈਆ ।

ਸਚ ਨਿਸ਼ਾਨਾ ਕਹੇ ਮੈਂ ਸਦਾ ਝੁਲਦਾ, ਆਪਣਾ ਆਪ ਹਿਲਾਈਆ । ਮੈਂ ਲਹਿਣਾ ਦੇਣਾ ਚੁਕਾਵਾਂ ਭਗਤਾਂ ਦੀ ਕੁਲ ਦਾ, ਕੁਲ ਮਾਲਕ ਹੋ ਕੇ ਵਸਤ ਅਮੋਲਕ ਇਕ ਵਰਤਾਈਆ । ਉਹਨਾਂ ਦਾ ਅੰਮ੍ਰਿਤ ਕਦੇ ਨਾ ਡੁਲਦਾ, ਜਿਹੜੇ ਅੰਤਰ ਮੇਲਾ ਗਏ ਮਿਲਾਈਆ । ਉਹਨਾਂ ਰਸ ਭੁੱਲ ਗਿਆ ਹੋਠ ਬੁਲ ਦਾ, ਆਤਮ ਰਸ ਵਿਚ ਸਮਾਈਆ । ਓਹ ਸੰਤ ਸੁਹੇਲਾ ਫਲਦਾ ਫੁਲਦਾ, ਪਤ ਟਹਿਣੀ ਨਾਲ ਮਹਿਕਾਈਆ । ਕਲਜੁਗ ਕੂੜਾ ਅੰਧੇਰਾ ਨਾ ਮੇਟੇ ਝੁਲਦਾ, ਮਾਇਆ ਮਮਤਾ ਪਰ੍ਹੇ ਕਰਾਈਆ । ਹੁਣ ਜਨ ਭਗਤਾਂ ਵੇਲਾ ਲਹਿਣਾ ਵਸੂਲਣ ਦਾ, ਵਸੂਲੀ ਭਗਤਾਂ ਹੱਥ ਫੜਾਈਆ । ਪ੍ਰਭ ਦਾ ਵੇਲਾ ਗਰੀਬ ਨਿਮਾਣਿਆਂ ਕਲਬੂਣ ਦਾ, ਕੋਝਿਆਂ ਕਮਲਿਆਂ ਗਲੇ ਲਗਾਈਆ । ਜਨ ਭਗਤਾਂ ਵੇਲਾ ਨਹੀਂ ਭੂਲਣ ਦਾ, ਭੁਲਿਆਂ ਰਿਹਾ ਸਮਝਾਈਆ । ਪ੍ਰਭ ਦਾ ਵੇਲਾ ਜਨ ਭਗਤਾਂ ਝੂਲਣ ਦਾ, ਅੰਦਰ ਵੜ ਕੇ ਡੇਰਾ ਲਾਈਆ । ਗੁਰਮੁਖਾਂ ਵੇਲਾ ਨਹੀਂ ਕੁਛ ਸੋਚਣ ਦਾ, ਸੋਚ ਸਮਝ ਨਾ ਕੋਇ ਚਤੁਰਾਈਆ । ਪ੍ਰਭ ਦਾ ਵੇਲਾ ਮੇਲ ਕਰੌਣਾ ਆਪਣੇ ਲੋਚਣ ਦਾ, ਜੋ ਲੋਚਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ ।

ਸੱਤ ਰੰਗ ਕਹੇ ਮੈਂ ਵੇਖਿਆ ਲੇਖਾ ਲਿਖਦਾ, ਲਿਖਾਰੀ ਆਪਣਾ ਨਾਲ ਮਿਲਾਈਆ । ਬਾਹਰੋਂ ਭੇਖ ਕਰੇ ਸਿਖ ਦਾ, ਇਨਸਾਨਾਂ ਵਰਗਾ ਇਨਸਾਨ ਬੰਦਿਆਂ ਵਰਗਾ ਬੰਦਾ ਨਜ਼ਰੀ ਆਈਆ । ਅੰਤਰ

ਨੂਰ ਪਰਕਾਸ਼ ਸਾਚੀ ਜੋਤ ਦਾ, ਸਤਿ ਸਤਿ ਰੂਪ ਪਰਗਟਾਈਆ । ਹੁਣ ਵੇਲਾ ਭਗਤਾਂ ਦੀ ਮੌਜ ਦਾ, ਮੌਜੂਦਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਲਏ ਮਿਲਾਈਆ ।

ਸਤਿ ਨਿਸ਼ਾਨਾ ਕਹੇ ਪੰਦਰ੍ਹਵਾਂ ਦਿਨ ਰਿਹਾ ਬੀਤ, ਰੈਣ ਘੜੀਆਂ ਪਲਾਂ ਉਤੇ ਆਈਆ । ਸੋਲਾਂ ਪੋਹ ਰਿਹਾ ਉਡੀਕ, ਆਪਣੀ ਅੱਖ ਖੁਲ੍ਹਾਈਆ । ਜਿਸ ਵੇਲੇ ਗ੍ਰਹਿ ਔਣਾ ਸਿੰਘ ਦਲੀਪ, ਦੀਪਕ ਘਰ ਘਰ ਹੋਏ ਰੁਸ਼ਨਾਈਆ । ਹਰਿ ਸੰਗਤ ਸੋਹਣੀ ਦਿਸੇ ਪ੍ਰੀਤ, ਪ੍ਰੀਤਮ ਮੇਲ ਮਿਲਾਈਆ । ਏਕਾ ਵਸਤ ਨਾਲ ਲੈ ਕੇ ਜਾਏ ਅਗੰਮੀ ਚੀਜ, ਨੇਤਰ ਅੱਖ ਨਜ਼ਰ ਕਿਸੇ ਨਾ ਆਈਆ । ਛੁਪਾ ਕੇ ਰੱਖੇ ਵਿਚ ਕਮੀਜ਼, ਪੜਦਾ ਇਕ ਰਖਾਈਆ । ਜਿਸ ਵੇਲੇ ਚਰਨ ਧਰੇ ਆਪ ਦਲੀਜ਼, ਦਹਿ ਦਿਸ਼ਾਂ ਦੇਣ ਗਵਾਹੀਆ । ਓਸ ਵੇਲੇ ਕਰੇ ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ ।

ਪੰਦਰਾਂ ਪੋਹ ਕਹੇ ਮੈਂ ਵੇਖਿਆ ਦਿਵਸ ਵਿਹਾਰਾ, ਵਿਵਹਾਰੀ ਆਪ ਕਰਾਈਆ । ਨਾਲੇ ਮਿੱਤਰ ਨਾਲ ਯਾਰਾ, ਦੋਸਤਾਂ ਵਰਗਾ ਦੋਸਤ ਸਤਿਗੁਰ ਵਰਗਾ ਸਤਿਗੁਰ ਨਜ਼ਰੀ ਆਈਆ । ਮੈਦਾਨਾਂ ਵਿਚ ਅਖਾੜਾ, ਰਸਤਿਆਂ ਵਿਚ ਸੁਣੇ ਰਾਹੀਆਂ ਹਾੜਾ, ਜੋ ਬੈਠੇ ਧਿਆਨ ਲਗਾਈਆ । ਨਾਲ ਸੁਆਨ ਦਾ ਲੱਥਾ ਉਧਾਰਾ, ਰਵਿਦਾਸ ਦੀ ਪਾਹਨੀ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਸਾਚੀ ਰਿਹਾ ਕਰਾਈਆ ।

ਪੰਦਰਾਂ ਪੋਹ ਕਹੇ ਔਂਦਾ ਜਾਂਦਾ ਸੋਲਾਂ ਦਿਨ, ਆਪਣਾ ਰੂਪ ਵਟਾਈਆ । ਸੋਹਣੇ ਲੱਗਦੇ ਉਹਦੇ ਚਿੰਨ, ਜੋ ਚਿੰਤਾ ਰਿਹਾ ਗਵਾਈਆ । ਕਰੇ ਖੇਲ ਭਿੰਨ ਭਿੰਨ, ਭਿੰਨੜੀ ਰੈਣ ਨਾਲ ਮਿਲਾਈਆ । ਜਿਸ ਦਾ ਲੇਖਾ ਲਿਖਿਆ ਗਿਣ ਗਿਣ, ਜੁਗ ਚੌਕੜੀ ਬੈਠੇ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਨਾਲ ਮਿਲਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਨੂੰ ਆਇਆ ਖਿਆਲ, ਪਿਛਲਾ ਹਿਸਾਬ ਜਣਾਈਆ । ਹਮੇਸ਼ਾ ਇਹ ਗੋਬਿੰਦ ਸੱਤਾਂ ਰੰਗਾਂ ਦੇ ਰੱਖਦਾ ਸੀ ਰੁਮਾਲ, ਆਪਣੀਆਂ ਜੇਬਾਂ ਵਿਚ ਟਿਕਾਈਆ । ਇਕ ਨਾਲੋਂ ਦੂਜੇ ਦੀ ਚੰਗੀ ਕਰਦਾ ਸੰਭਾਲ, ਦੂਜੇ ਨਾਲੋਂ ਤੀਜਾ ਤੀਜੇ ਨਾਲੋਂ ਚੌਥਾ ਚੰਗਾ ਬਣਾਈਆ । ਪੰਜਵੇਂ ਦਾ ਪੁਛ ਕੇ ਆਪੇ ਹਾਲ, ਛੇਵੇਂ ਦਾ ਲਹਿਣਾ ਮੂਲ ਚੁਕਾਈਆ । ਸੱਤਵੇਂ ਨੂੰ ਸਮਝਾ ਕੇ ਆਪਣਾ ਇਕ ਸਵਾਲ, ਧੁਰ ਦਾ ਹੁਕਮ ਸੁਣਾਈਆ । ਤੁਹਾਡੀ ਸੇਵਾ ਕਰਨ ਗੋਬਿੰਦ ਬਾਲ, ਪਹਿਲੋਂ ਆਪਣਾ ਆਪ ਭੇਟ ਚੜ੍ਹਾਈਆ । ਜਿਨ੍ਹਾਂ ਨੂੰ ਨੀਹਾਂ ਹੇਠਾਂ ਦੇਣਾ ਸਵਾਲ, ਫੇਰ ਮਾਣ ਤਾਣ ਵਡਿਆਈਆ ਮੇਲ ਮਿਲਾ ਕੇ ਨਾਲ ਪੁਰਖ ਅਕਾਲ, ਸਚਖੰਡ ਦਵਾਰੇ ਦੇਵਾਂ ਵਡਿਆਈਆ । ਉਹ ਕਲਜੁਗ ਅੰਤਮ ਸੇਵਾ ਕਰਨ ਵਿਚ ਜਹਾਨ, ਲੋਕਮਾਤ ਫੇਰਾ ਪਾਈਆ । ਸਚ ਨਿਸ਼ਾਨ ਬਣਾ ਕੇ ਵਿਧਾਨ, ਧਰਮ ਧਾਰਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ ।

ਸੱਤ ਰੰਗ ਨਿਸ਼ਾਨਾ ਕਹੇ ਭੀਲਣੀ ਦੇ ਏਨ੍ਹਾਂ ਵਿਚੋਂ ਪੰਜ ਰੰਗ, ਜਿਸ ਦੀ ਅੰਗੀ ਲਈ ਬਣਾਈਆ । ਓਨ੍ਹਾਂ ਵਿਚੋਂ ਦੋ ਰਾਮ ਦੀ ਆਏ ਵੰਡ, ਜੋ ਆਪਣੇ ਹੱਥ ਰਖਾਈਆ । ਲਾਲ ਧਨੁਸ਼ ਨਾਲ ਰੱਖਿਆ ਸੀ ਬੰਨ੍ਹ, ਚਿੱਟਾ ਆਪੇ ਸੱਜੇ ਗੁੱਟ ਨਾਲ ਰਖਾਈਆ । ਓਸ ਵੇਲੇ ਔਂਦਾ ਇਕ ਅਨੰਦ, ਜਿਸ ਵੇਲੇ ਭਗਤ ਭਗਵਾਨ ਦੋਵੇਂ ਮਿਲ ਕੇ ਆਪਣੇ ਨਾਲ ਛੁਹਾਈਆ । ਇਕ ਦਿਨ ਅਸਾਂ ਸੱਤਾਂ ਮੰਗ ਲਈ ਮੰਗ, ਝੋਲੀ ਅੱਗੇ ਢਾਹੀਆ ।

ਸਾਡੀ ਕੱਠੀ ਕਰ ਦਿਓ ਗੰਢ, ਕੁਤਰਾਂ ਦੀ ਰਹੇ ਨਾ ਕੋਇ ਜੁਦਾਈਆ । ਰਾਮ ਨੇ ਕਿਹਾ ਤੁਹਾਡੀ ਆਸਾ ਪੂਰੀ ਹੋਵੇ ਨਸੰਗ, ਨਿਸਚੇ ਨਾਲ ਲੈਣਾ ਧਿਆਨ ਲਗਾਈਆ । ਜਿਸ ਵੇਲੇ ਆਵੇ ਸੂਰਾ ਸਰਬੰਗ, ਲੋਕਮਾਤ ਵੇਸ ਵਟਾਈਆ । ਉਸ ਦੇ ਕੋਲ ਤੁਹਾਡੇ ਕੱਠਿਆਂ ਕਰਨ ਦਾ ਹੋਵੇ ਢੰਗ, ਸਾਢੇ ਤਿੰਨ ਹੱਥ ਤੁਹਾਡਾ ਰੂਪ ਲਏ ਬਣਾਈਆ । ਜਿਹੜਾ ਗਿਆ ਛੱਡ ਪੁਰੀ ਅਨੰਦ, ਓਸੇ ਚੰਦ ਲਏ ਚਮਕਾਈਆ । ਤੁਹਾਨੂੰ ਆਪਣੇ ਹੱਥਾਂ ਨਾਲ ਲਏ ਟੰਗ, ਚਵੀ ਹੱਥ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ ।

ਸੱਤਾਂ ਵਿਚੋਂ ਇਕ ਰੁਮਾਲ, ਜੋ ਗੋਬਿੰਦ ਹੱਥ ਉਠਾਈਆ । ਜਿਸ ਨਾਲ ਮੁਖ ਪੂੰਝਿਆਂ ਸੀ ਮਹਾਂ ਸਿੰਘ ਲਾਲ, ਪ੍ਰੇਮ ਪ੍ਰੀਤ ਜਣਾਈਆ । ਓਸ ਕੀਤਾ ਅੱਗੋਂ ਇਕ ਸਵਾਲ, ਗੋਬਿੰਦ ਸੀਸ ਨਿਵਾਈਆ । ਅਸੀਂ ਤੇਰੇ ਤਨ ਨਾਲ ਛੋਹਣ ਵਾਲੇ ਵਿਚ ਜਹਾਨ, ਲੋਕਮਾਤ ਕੀ ਸਾਨੂੰ ਮਿਲੇ ਵਡਿਆਈਆ । ਸਾਡੀ ਫੇਰ ਕਿਸ ਤਰ੍ਹਾਂ ਹੋਵੇ ਪਛਾਣ, ਜਿਨ੍ਹਾਂ ਨੂੰ ਗੋਬਿੰਦ ਆਪਣੇ ਕੋਲ ਰਖਾਈਆ । ਗੋਬਿੰਦ ਕਿਹਾ ਮੇਰਾ ਸ੍ਰੀ ਭਗਵਾਨ, ਤੁਹਾਡਾ ਲੇਖਾ ਲੇਖੇ ਲਏ ਲਗਾਈਆ । ਜਿਸ ਵੇਲੇ ਕਲ ਕਲਕੀ ਆਏ ਨੌਜਵਾਨ, ਨਿਰਗੁਣ ਆਪਣਾ ਵੇਸ ਵਟਾਈਆ । ਤੁਹਾਨੂੰ ਸਭ ਨੂੰ ਕੱਠਾ ਕਰੇ ਆਣ, ਧੁਰ ਦਾ ਜੋੜ ਜੁੜਾਈਆ । ਫਿਰ ਗੋਬਿੰਦ ਦੇ ਸਿਰ ਤੇ ਤਾਜ ਤੁਸਾਂ ਝੁਲਣਾ ਨਾਲ ਜਹਾਨ, ਦੋਹਾਂ ਨਿਸ਼ਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਸੱਤ ਰੰਗ ਕਹਿਣ ਜਿਸ ਵੇਲੇ ਬਲ ਕੀਤਾ ਸੀ ਜੱਗ, ਅਸਮੇਧ ਮਾਤ ਰਚਾਈਆ । ਓਸ ਵਿਚ ਸਾਡੇ ਸਮਗਰੀ ਬੱਧੀ ਸੀ ਅੱਡ ਅੱਡ, ਵੰਡਾਂ ਸੱਤ ਸੱਤ ਕਰਾਈਆ । ਜਿਸ ਵੇਲੇ ਬ੍ਰਹਿਮਣ ਬਾਵਨ ਹੋ ਕੇ ਬੈਠਾ ਆਪਣਾ ਨਿਸ਼ਾਨਾ ਗੱਡ, ਦਰ ਦਵਾਰਿਉਂ ਬਾਹਰ ਡੇਰਾ ਲਾਈਆ । ਓਸ ਨੇ ਮੰਗੀ ਇਕ ਮੰਗ, ਧਰਤ ਢਾਈ ਕਰਮ ਮਿਣਾਈਆ । ਬਲ ਨੇ ਉਸ ਵੇਲੇ ਸਭ ਕੁਛ ਦਿਤਾ ਛੱਡ, ਸਾਡੀ ਵਸਤ ਵਿਚੋਂ ਕਿਸੇ ਨਾ ਭੇਟ ਚੜ੍ਹਾਈਆ । ਅਸਾਂ ਸਭ ਨੂੰ ਮਿਲ ਕੇ ਦਿਤਾ ਆਖ, ਇਕ ਆਵਾਜ਼ ਲਗਾਈਆ । ਸਾਡਾ ਕੀਹਦੇ ਨਾਲ ਸਾਥ, ਸਚ ਦਿਓ ਸਮਝਾਈਆ । ਓਸ ਨੇ ਕਿਹਾ ਤੁਹਾਡਾ ਮਾਲਕ ਪੁਰਖ ਸਮਰਾਥ, ਜੋ ਕਲਜੁਗ ਅੰਤਮ ਫੇਰਾ ਪਾਈਆ । ਉਹ ਤੁਹਾਡਾ ਪੜਦਾ ਲਵੇ ਢਾਕ, ਸਿਰ ਆਪਣਾ ਹੱਥ ਰਖਾਈਆ । ਇਕ ਦੂਜੇ ਨਾਲ ਜੋੜ ਕੇ ਤੁਹਾਡਾ ਨਾਤ, ਕੱਠਿਆਂ ਦਏ ਕਰਾਈਆ । ਫੇਰ ਵਖਾਵੇ ਭਗਤਾਂ ਇਕ ਜਮਾਤ, ਜੋ ਇਕੋ ਨਾਮ ਧਿਆਈਆ । ਫਿਰ ਨਜ਼ਰੀਂ ਆਏ ਸਾਖਿਆਤ, ਜੋਤੀ ਜਾਤਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਲੇਖਾ ਦਏ ਚੁਕਾਈਆ ।

ਸੱਤ ਰੰਗ ਕਹਿਣ ਸਾਨੂੰ ਪਹਿਲੋਂ ਰੰਗਿਆ ਆਦਿ ਸ਼ਕਤ, ਆਪਣੀ ਸੇਵਾ ਲਾਈਆ । ਸਾਡੇ ਵਿਚ ਪਾ ਕੇ ਆਪਣੀ ਬਰਕਤ, ਦਿਤੀ ਮਾਣ ਵਡਿਆਈਆ । ਫੇਰ ਅਸੀਂ ਕਰ ਕੇ ਆਪਣੀ ਹਰਕਤ, ਹੌਲੀ ਹੌਲੀ ਭੱਜੇ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੇ ਰਹੇ ਕਸਰਤ, ਬਲਧਾਰੀ ਹੋ ਕੇ ਆਪਣਾ ਨਾਉਂ ਪਰਗਟਾਈਆ । ਲੋਕਮਾਤ ਕਰਦੇ ਰਹੇ ਐਸ਼ੋ ਇਸ਼ਰਤ, ਅਯਾਸ਼ਗਾਹ ਵਿਚ ਸਮਾਈਆ । ਜਿਸ ਦੀ ਕਰਨੀ ਓਸੇ ਤੋਂ ਗਏ ਬਿਛਰਤ, ਆਪਣਾ ਆਪ ਭੁਲਾਈਆ । ਜਿਸ ਵੇਲੇ ਰਾਮ ਬੇਟਾ ਦਸ਼ਰਥ, ਜਨਕ ਸਪੁਤਰੀ ਗਿਆ ਪਰਨਾਈਆ । ਓਸ ਵੇਲੇ ਸਾਨੂੰ ਆਈ ਇਕ ਹਸਰਤ, ਆਪਣਾ ਖਿਆਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਸੱਤ ਰੰਗ ਕਹਿਣ ਸਾਨੂੰ ਜਨਕ ਸਪੁੱਤਰੀ ਬੱਧਾ ਨਾਲ ਧਨੁਸ਼, ਅੱਡੋ ਅੱਡ ਦਿਤਾ ਰੰਗਾਈਆ ।

ਲਾਗੇ ਰੱਖ ਕੇ ਛੋਟਾ ਜਿਹਾ ਸੰਖ, ਆਪਣੀ ਖੇਲ ਵਖਾਈਆ । ਜਿਸ ਵੇਲੇ ਰਾਮ ਨੂੰ ਆਈ ਅਣਖ, ਉਠਿਆ ਬਲ ਪਰਗਟਾਈਆ । ਹੌਲੀ ਜਿਹੀ ਲਾਈ ਤਨਕ, ਅਸੀਂ ਸੁੱਤੇ ਹਿਲੇ ਵਾਹੋ ਦਾਹੀਆ । ਓਸ ਦੀ ਅੱਖ ਦਾ ਨਿਸ਼ਾਨਾ ਸਾਡੇ ਉਤੇ ਪਿਆ ਇਕ ਪਲਕ, ਜੋ ਮਿਹਰ ਨਜ਼ਰ ਤਕਾਈਆ । ਅਸਾਂ ਹੋ ਕੇ ਕਿਹਾ ਤਲਖ਼, ਕਿਉਂ ਸਾਨੂੰ ਦਿਤੀ ਜੁਦਾਈਆ । ਓਸ ਤੱਕ ਕੇ ਕਿਹਾ ਉਤੇ ਫਲਕ, ਇਸ਼ਾਰੇ ਨਾਲ ਸਮਝਾਈਆ । ਜਿਸ ਵੇਲੇ ਮੇਰਾ ਕੁਲ ਮਾਲਕ ਆਇਆ ਖ਼ਲਕ, ਹਰਿ ਖ਼ਾਲਕ ਵੇਸ ਵਟਾਈਆ । ਓਸ ਦੀ ਨੂਰੀ ਰੂਪ ਵਾਲੀ ਆ ਜਾਏ ਡਲਕ, ਜੋਤੀ ਜਾਤਾ ਇਕ ਅਖਵਾਈਆ । ਤੁਹਾਨੂੰ ਕੱਠਿਆਂ ਨੂੰ ਕੱਠਾ ਕਰ ਕੇ ਆਪ ਬਣੇ ਬੰਧਪ, ਸੱਜਣ ਇਕ ਅਖਵਾਈਆ । ਨਾਲ ਮਿਲਾ ਕੇ ਆਪਣੀ ਸੰਗਤ, ਹਰਿ ਸੰਗੀ ਦਏ ਜਣਾਈਆ । ਦੇ ਕੇ ਮਾਣ ਵਿਚ ਜੇਰਜ ਅੰਡਜ, ਉਤਭੁਜ ਸੇਤਜ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਰੰਗ ਦੇਵੇ ਮਾਣ ਵਡਿਆਈਆ ।

ਸੱਤ ਰੰਗ ਕਹਿਣ ਜਿਸ ਵੇਲੇ ਨਾਨਕ ਗਿਆ ਬਗਦਾਦ, ਬਗਦਾਦੀ ਰੂਪ ਵਟਾਈਆ । ਓਥੇ ਪੀਰਾਂ ਨੇ ਸੱਤੇ ਰੰਗ ਏਨੂੰ ਦਿਤੀ ਦਾਤ, ਵਾਰੋ ਵਾਰੀ ਟੱਲੀਆਂ ਟਾਕੀਆਂ ਹੱਥ ਗਏ ਫੜਾਈਆ । ਓਸ ਨੇ ਕਿਹਾ ਇਨ੍ਹਾਂ ਦਾ ਮਾਲਕ ਰਸੂਲ ਪਾਕ, ਜੋ ਇਤਫਾਕ ਨਾਲ ਲਏ ਮਿਲਾਈਆ । ਆਪ ਬਣੇ ਸ਼ਾਹ ਨਵਾਬ, ਸ਼ਹਿਨਸ਼ਾਹ ਅਖਵਾਈਆ । ਸਿਰ ਰੱਖੇ ਅਗੰਮਾ ਤਾਜ, ਪੰਚਮ ਮੁਖ ਮਿਲੇ ਵਡਿਆਈਆ । ਸੱਤਾਂ ਦਾ ਮਾਲਕ ਬਣ ਕੇ ਆਪ, ਕੱਠਿਆਂ ਦਏ ਕਰਾਈਆ । ਜਿਸ ਦਾ ਹੁਕਮ ਓਸੇ ਦਾ ਰਾਜ, ਨਿਸ਼ਾਨਾ ਆਪਣਾ ਲਏ ਬਣਾਈਆ । ਨਾਨਕ ਕਿਹਾ ਜੋ ਮੇਰੇ ਅੰਗਨ ਗਏ ਲਾਗ, ਦੂਜੇ ਦਰ ਨਾ ਮੰਗਣ ਜਾਈਆ । ਏਹ ਸਤਿਜੁਗ ਦਾ ਸੱਚਾ ਰਵਾਜ, ਜੋ ਹਿੰਦੂ ਮੁਸਲਿਮ ਇਕੋ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਸੱਤ ਰੰਗ ਕਹਿਣ ਜਿਸ ਵੇਲੇ ਗੁਰੂ ਅਰਜਨ ਰੱਖੀ ਟੇਕ, ਗੁਰੂ ਗ੍ਰੰਥ ਰਿਹਾ ਲਿਖਾਈਆ । ਓਸ ਵੇਲੇ ਅਸੀਂ ਸੱਤੇ ਹੋਏ ਉਸ ਦੇ ਪੇਸ਼, ਦਰ ਆਪਣਾ ਆਪ ਭੇਟ ਚੜ੍ਹਾਈਆ । ਸਾਡੇ ਸੱਤਾਂ ਅੰਦਰ ਓਸ ਨੇ ਸਤਿਨਾਮ ਲਿਖ ਕੇ ਰੱਖਿਆ ਲਪੇਟ, ਸੱਤ ਦਿਨ ਬਾਹਰ ਨਾ ਫੇਰ ਕਢਾਈਆ । ਫੇਰ ਇਕ ਵਣਜਾਰੇ ਕੋਲ ਦਿਤਾ ਵੇਚ, ਸਾਢੇ ਤਿੰਨ ਤਿੰਨ ਟੱਕੇ ਕੀਮਤ ਸਾਡੀ ਪਾਈਆ । ਉਹ ਵਣਜਾਰਾ ਸੀ ਇਕ ਸ਼ੇਖ਼, ਜਿਸ ਦਾ ਜਨਮ ਜਾਗੀਰ ਸਿੰਘ ਰੂਪ ਵਟਾਈਆ । ਇਸ ਦੇ ਵਿਚ ਕੋਈ ਭੇਤ, ਜਿਸ ਨੇ ਤੱਤੀ ਰੇਤ ਸੀਸ ਟਿਕਾਈਆ । ਓਸੇ ਦੀ ਅੱਜ ਖੇਡ, ਖਿਲਾੜੀ ਹੋ ਕੇ ਵੇਖ ਵਖਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਸਭ ਦੇ ਕੋਲ ਹੁੰਦਾ ਰਿਹਾ ਪੇਸ਼, ਵੱਡਾ ਛੋਟਾ ਆਪਣਾ ਰੂਪ ਬਣਾਈਆ । ਬਿਨ ਪੁਰਖ ਅਕਾਲ ਮੇਰਾ ਕਿਸੇ ਨਾ ਲਿਖਿਆ ਲੇਖ, ਮੇਰਾ ਸੱਚਾ ਜੋੜ ਨਾ ਕੋਇ ਜੁੜਾਈਆ । ਮੈਂ ਓਸੇ ਕਰ ਕੇ ਉਹਦੇ ਭਗਤਾਂ ਨਾਲ ਕਰਾਂ ਹੇਤ, ਜਿਸ ਮੇਰੀ ਬਣਤ ਬਣਾਈਆ । ਚਾਰ ਯੁਗ ਮੇਰੀ ਗਈ ਨਾ ਕੋਈ ਪੇਸ਼, ਦੂਰ ਦੁਰਾਡਾ ਬਹਿ ਕੇ ਮੁਖ ਛੁਪਾਈਆ । ਕਿਸੇ ਨੇ ਮੰਨਿਆ ਸ਼ੰਕਰ ਕਿਸੇ ਨੇ ਗਣੇਸ਼, ਕਿਸੇ ਨੇ ਬ੍ਰਹਮਾ ਕਿਸੇ ਨੇ ਵਿਸ਼ਨੂੰ ਕਿਸੇ ਨੇ ਦੇਵਤਿਆਂ ਦਿਤਾ ਸੀਸ ਨਿਵਾਈਆ । ਮੈਂ ਸਭ ਨੂੰ ਜੁਗ ਜੁਗ ਰਿਹਾ ਵੇਖ, ਪ੍ਰਭ ਏਹ ਕੀ ਰਚਨ ਰਚਾਈਆ । ਜਿਨ੍ਹਾਂ ਨੂੰ ਤੂੰ ਆਪ ਦੇਵੇਂ ਭੇਜ, ਲੋਕਮਾਤ ਤੇਰੀ ਕਰਨ ਵਡਿਆਈਆ । ਜੇ ਤੂੰ ਮਾਲਕ ਕੁਲ ਦਾ ਭਗਤਾਂ ਦੀ ਮਾਣ ਸੇਜ, ਆਤਮ ਅੰਤਰ ਆਸਣ ਲਾਈਆ । ਪੜਦਾ ਲਾਹ ਕੇ ਆਪਣੇ ਦੇਸ, ਪਰਦੇਸੀਆਂ ਆਪਣੇ ਘਰ ਵਸਾਈਆ । ਮਾਲਕ ਹੋ ਕੇ ਧੁਰ ਦਾ ਨਰੇਸ਼, ਨਰ ਨਰਾਇਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੱਤ ਰੰਗ ਕਹਿਣ ਅਸੀਂ ਸਭ ਦੇ ਸਾਂਝੇ, ਕਹਾਣੀ ਸਚ ਦਈਏ ਸੁਣਾਈਆ । ਸਾਡੇ ਵਿਚੋਂ ਚਾਰ

ਰੰਗ ਹੰਢਾਏ ਹੀਰ ਤੇ ਰਾਂਝੇ, ਆਸ਼ਕ ਮਾਸ਼ੂਕ ਖ਼ੁਸ਼ੀਆਂ ਵਿਚ ਸਮਾਈਆ । ਦੋਹਾਂ ਰੰਗਾਂ ਵਿਚ ਚੇਲੇ ਗੁਰ ਸਮਾਂਦੇ, ਚੈਲੰਜ ਕਰਨ ਲੋਕਾਈਆ । ਸੱਤਵੇਂ ਰੰਗ ਵਿਚ ਜੁਗ ਜਨਮ ਦੇ ਥੱਕੇ ਮਾਂਦੇ, ਬਹਿ ਬਹਿ ਡੇਰਾ ਲਾਈਆ । ਜਿਸ ਵੇਲੇ ਸੱਤ ਰੰਗ ਅੱਲਾ ਰਾਣੀ ਬੰਨ੍ਹੇ ਆਪਣੇ ਨਾਲ ਪਰਾਂਦੇ, ਮੈਂਹਦੀ ਹੱਥਾਂ ਨਾਲ ਰੰਗਾਈਆ । ਓਸ ਦੇ ਨੈਣ ਦੋਵੇਂ ਸ਼ਰਮਾਂਦੇ, ਅੱਖ ਪਲਕ ਨਾ ਕੋਇ ਉਠਾਈਆ । ਚੌਦਾਂ ਤਬਕ ਇਹ ਰਾਗ ਗਾਂਦੇ, ਵਾਹ ਵਾ ਪਰਵਰਦਿਗਾਰ ਤੇਰੀ ਵਡਿਆਈਆ । ਤਾਰੇ ਚੰਦ ਨੈਣ ਸ਼ਰਮਾਂਦੇ ਸੂਰਯਾ ਬੈਠਾ ਮੁਖ ਭੁਵਾਈਆ । ਵੇਖੇ ਖੇਲ ਦੋ ਜਹਾਨ ਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਲਾਲ ਰੰਗ ਕਹੇ ਜਿਸ ਵੇਲੇ ਅੱਲਾ ਰਾਣੀ ਮੈਨੂੰ ਬੱਧਾ ਨਾਲ ਗੁੱਤ, ਵਾਲਾਂ ਵਿਚ ਦਿਤਾ ਟਿਕਾਈਆ । ਮੈਂ ਉਸੇ ਵੇਲੇ ਲਿਆ ਪੁਛ, ਕੀ ਤੇਰੀ ਚਤੁਰਾਈਆ । ਓਸ ਨੇ ਕਿਹਾ ਏਹ ਖੇਲ ਅਬਿਨਾਸ਼ੀ ਅਚੁਤ, ਜੋ ਮੈਨੂੰ ਰਿਹਾ ਸਮਝਾਈਆ । ਸਦੀ ਚੌਧਵੀਂ ਤੈਨੂੰ ਆਪਣੇ ਨਾਲ ਲਏ ਚੁੱਕ, ਜ਼ਿਮੀਂ ਤੋਂ ਆਸਮਾਨਾਂ ਉਪਰ ਚੜ੍ਹਾਈਆ । ਜਗਤ ਜਹਾਨ ਦਾ ਬਦਲ ਦੇਵੇ ਰੁਖ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੁਖਸ਼ਤ ਦੇ ਆਪਣੇ ਘਰ ਛੁੱਟੀ ਦੇਵੇ ਮਨਾਈਆ । ਭਗਤਾਂ ਨਾਮ ਭੰਡਾਰਾ ਦੇ ਕੇ ਮੁਫ਼ਤ, ਸੂਫਿਆਂ ਆਪਣਾ ਰੰਗ ਚੜ੍ਹਾਈਆ । ਵੇਖੀਂ ਓਸ ਵੇਲੇ ਨਾ ਹੋਵੀਂ ਸੁਸਤ, ਝੁੱਲੀਂ ਵਾਹੋ ਦਾਹੀਆ । ਤੈਨੂੰ ਫੜਨਾ ਛੋਟੇ ਬਾਲੇ ਚੁਸਤ, ਜੋ ਸੱਤ ਮਹੀਨੇ ਤਿੰਨ ਦਿਨ ਲੋਕਮਾਤ ਗਿਆ ਹੰਢਾਈਆ । ਇਹ ਪ੍ਰਭੂ ਦਾ ਹੁਕਮ ਦਰੁਸਤ, ਨਾ ਕੋਇ ਮੇਟੇ ਮੇਟ ਮਿਟਾਈਆ । ਸਭ ਨੇ ਆਪਣੀ ਕਰਨੀ ਲੈਣੀ ਭੁਗਤ, ਬਿਨ ਭਗਤਾਂ ਭਗਵਨ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ ।

ਸੱਤ ਰੰਗ ਕਹਿਣ ਜਿਸ ਵੇਲੇ ਤੇਗ ਬਹਾਦਰ ਗਿਆ ਦਿੱਲੀ, ਦਲੀਲ ਆਪਣੀ ਇਕ ਬਣਾਈਆ । ਓਸ ਵੇਲੇ ਔਰੰਗੇ ਦਾ ਮਜ਼ੌਰ ਆਇਆ ਇਕ ਸ਼ੇਖ਼ ਚਿੱਲੀ, ਸੱਤਾਂ ਰੰਗਾਂ ਵਾਲੀ ਚੋਲੀ ਗਲ ਵਿਚ ਪਾਈਆ । ਥੱਲਿਉਂ ਤੰਬੀ ਰੱਖੀ ਢਿਲੀ, ਪੈਰਾਂ ਵਿਚ ਖਿਚਾਈਆ । ਹੱਥ ਫੜ ਕੇ ਚਿਟੇ ਰੰਗ ਦੀ ਬਿਲੀ, ਆਇਆ ਨਾਚ ਕਰਾਈਆ । ਨੱਚੇ ਟੱਪੇ ਕੁੱਦੇ ਪਾਵੇ ਜਲੀ, ਢਾਈ ਹੱਥ ਦੀ ਮਤੈਹਰ ਰਿਹਾ ਭੁਵਾਈਆ । ਨਾਲੇ ਬੋਲੇ ਅਲੀ ਅਲੀ, ਅੱਲਾ ਤੇਰੀ ਬੇਪਰਵਾਹੀਆ । ਤੇਰਾ ਬਹਾਦਰ ਗੋਬਿੰਦ ਤੇਰੇ ਬਾਗ ਦੀ ਨਿਕੀ ਜਿਹੀ ਕਲੀ, ਕਿਉਂ ਕਰਨ ਲੱਗਾ ਜੁਦਾਈਆ । ਪਰਵਰਦਿਗਾਰ ਤੇਰਾ ਵਲੀ ਛਲੀ, ਜੋ ਤੇਰੇ ਨਾਲ ਧੋਖਾ ਰਿਹਾ ਵਖਾਈਆ । ਤੂੰ ਸ਼ਹਿਨਸ਼ਾਹ ਦਵਾਰੇ ਮਾਣੀਂ ਆਪਣੀ ਰੰਗ ਰਲੀ, ਈਮਾਨ ਆਪਣਾ ਲੈਣਾ ਬਣਾਈਆ । ਫੇਰ ਤੈਨੂੰ ਸਾਰੇ ਕਹਿਣਗੇ ਬੜਾ ਵਲੀ, ਵਲੀਅਹਿਦ ਤੇਰੀ ਸੇਵ ਕਮਾਈਆ । ਓਧਰੋਂ ਬਿੱਲੀ ਹੋ ਕੇ ਝੱਲੀ, ਅਗਲੇ ਪੰਜੇ ਮੱਥੇ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ ।

ਤੇਗ ਬਹਾਦਰ ਕਿਹਾ ਓ ਮਲੰਗ ਸੱਤ ਰੰਗੇ, ਤੈਨੂੰ ਦਿਆਂ ਜਣਾਈਆ । ਔਹ ਵੇਖ ਭੱਜੇ ਔਂਦੇ ਫਰੰਗੇ, ਆਪਣਾ ਪੰਧ ਮੁਕਾਈਆ । ਤੁਹਾਡੇ ਮਤੈਹਰ ਰਹਿ ਜਾਣ ਟੰਗੇ, ਭੱਜੋਂ ਆਪਣੀ ਪਿਠ ਵਖਾਈਆ । ਤੇਰੇ ਫਰੇਬਾਂ ਵਾਲੇ ਰੰਗ ਜੋ ਕਮਰ ਉਤੇ ਬੰਨ੍ਹੇ, ਏਹ ਰੋ ਰੋ ਦੇਣ ਦੁਹਾਈਆ । ਏਹ ਰੋਂਦੇ ਮੈਨੂੰ ਲੱਗੇ ਚੰਗੇ, ਜੇਹੜੇ ਬਿਰਹੋਂ ਵਿਚ ਕੁਰਲਾਈਆ । ਮੈਨੂੰ ਐਂ ਦਿਸਦਾ ਜਿਸ ਤਰ੍ਹਾਂ ਸਤਿਜੁਗ ਵਿਚ ਸ੍ਰੀ ਭਗਵਾਨ ਨੇ ਏਹ ਬਣੌਣੇ ਸਤਿ ਧਰਮ ਦੇ ਝੰਡੇ, ਝੰਡਾ ਆਪਣੇ ਸੰਗ ਰਖਾਈਆ । ਤੁਸਾਂ ਰਹਿਣਾ ਰੰਡਿਆਂ ਦੇ ਰੰਡੇ, ਸੁੱਕੀ ਰੋਟੀ ਤੇ ਖਾਣ ਨੂੰ ਗੰਢੇ, ਏਹੋ ਵਸਤ ਤੁਹਾਡੇ ਹਿੱਸੇ ਆਈਆ । ਜਿਸ ਵੇਲੇ ਆਵੇ ਰਾਵੀ ਕੰਢੇ, ਰਾਵੀਉਂ ਪਰੇ ਤੁਹਾਡਾ ਮੁਖ ਭਗਤਾਂ ਦਾ ਦੁੱਖ ਆਪਣੀ ਝੋਲੀ ਪਾਈਆ । ਪ੍ਰੇਮ ਭਗਤਾਂ ਕੋਲੋਂ ਲਵੇ ਧੁਰ ਦੀ ਦਾਤ ਮੰਗੇ, ਭਗਤਾਂ ਦੇਵੇ ਆਪਣਾ ਖੇਲ ਵਖਾਈਆ । ਫੇਰ ਬਹਿ ਕੇ ਇਕ ਖਟੀਆ ਉਤੇ ਮੰਜੇ, ਮਜਲਸ ਆਪ

ਲਏ ਲਗਾਈਆ । ਜੇਹੜੀ ਅੱਖ ਥੋੜੇ ਸਮੇਂ ਵਾਸਤੇ ਮਿਲੀ ਸੀ ਸੰਜੇ, ਮਹਾਂਭਾਰਤ ਵੇਖੇ ਆਪਣਾ ਨੈਣ ਉਠਾਈਆ । ਓਸ ਦੇ ਨਾਲੋਂ ਗੁਰਮੁਖ ਕਰ ਲਏ ਚੰਗੇ, ਨੇਤਰ ਦੋਹਾਂ ਦੇ ਵਿਚੋਂ ਨੈਣ ਨਾਲ ਮਿਲਾਈਆ । ਰਾਹ ਵਿਚ ਔਂਦਿਆਂ ਨਾਲੇ ਤੋੜੇ ਨਾਲੇ ਗੰਢੇ, ਪਾ ਕੇ ਗੰਢ ਠੰਡ ਫੇਰ ਵਰਤਾਈਆ । ਨਾਲ ਗੁਰਮੁਖ ਨੂੰ ਕਹੇ ਸਾਨੂੰ ਰਾਹ ਲਾ ਚੰਗੇ, ਰਸਤਾ ਇਕ ਜਣਾਈਆ । ਆ ਕੇ ਰਾਵੀ ਦੇ ਉਰਾਰ ਕੰਢੇ, ਕੰਢੀ ਵਾਲਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ ।

ਸੱਤ ਰੰਗ ਕਹਿਣ ਅਸੀਂ ਰਹੇ ਰੁੜਦੇ, ਫੜ ਕੇ ਕੱਠਾ ਨਾ ਕੋਇ ਕਰਾਈਆ । ਸਾਡੇ ਅੰਦਰ ਫੁਰਨੇ ਰਹੇ ਫੁਰਦੇ, ਜੁਗ ਚੌਕੜੀ ਧਿਆਨ ਲਗਾਈਆ । ਕਈਆਂ ਨੇ ਸਾਡੇ ਵਿਚ ਦੱਬੇ ਮੁਰਦੇ, ਕਫਨ ਬਣਾ ਕੇ ਉਤੇ ਦਿਤਾ ਟਿਕਾਈਆ । ਬਿਨ ਪ੍ਰਭ ਦੀ ਕਿਰਪਾ ਅਸੀਂ ਕੱਠੇ ਹੋ ਨਾ ਜੁੜਦੇ, ਇਕ ਗੰਢ ਨਾ ਕੋਇ ਪੁਵਾਈਆ । ਕਿਰਪਾ ਕਰੀ ਜਿਸ ਵੇਲੇ ਮਾਲਕ ਧੁਰ ਦੇ, ਸਾਡਾ ਮੇਲ ਲਿਆ ਮਿਲਾਈਆ । ਹੁਣ ਅਸੀਂ ਦੋ ਜਹਾਨਾਂ ਫਿਰੀਏ ਉਡਦੇ, ਸ਼ਾਹ ਸੁਲਤਾਨਾਂ ਦੇਈਏ ਜਗਾਈਆ । ਜਨ ਭਗਤੋ ਤੁਸੀਂ ਕਿਉਂ ਨਹੀਂ ਕੱਠੇ ਹੋ ਕੇ ਤੁਰਦੇ, ਵੇਖੋ ਤੁਹਾਡੇ ਸਾਮ੍ਹਣੇ ਅਸੀਂ ਖਲੋ ਕੇ ਦਈਏ ਗਵਾਹੀਆ । ਅਸੀਂ ਪੂਰਬ ਵਿਛੜੇ ਚਿਰ ਦੇ, ਪ੍ਰਭ ਮੇਲਾ ਲਿਆ ਮਿਲਾਈਆ । ਜਿਸ ਤਰ੍ਹਾਂ ਅਸੀਂ ਮਾਲਕ ਬਣ ਗਏ ਧੁਰ ਦੇ, ਜਗਤ ਚੀਥੜ ਮਿਲੀ ਮਾਣ ਵਡਿਆਈਆ । ਤੁਸੀਂ ਤੇ ਮਾਣਸ ਤੁਰਦੇ ਫਿਰਦੇ, ਕਿਉਂ ਨਾ ਚਲ ਕੇ ਦਰਸ਼ਨ ਪਾਈਆ । ਏਹੋ ਜੇਹੇ ਸਮੇਂ ਮੌਕੇ ਫੇਰ ਨਹੀਂ ਜੁੜਦੇ, ਨਾਲੇ ਗੋਬਿੰਦ ਨਾਲੇ ਹਰਿ ਜੂ ਘਰ ਹਰਿ ਮੰਦਰ ਦਏ ਬਣਾਈਆ । ਜਿਹੜੇ ਦਰ ਤੇ ਆਏ ਉਹ ਖਾਲੀ ਕਦੇ ਨਹੀਂ ਮੁੜਦੇ, ਖਾਲੀ ਭਾਂਡੇ ਦਏ ਭਰਾਈਆ । ਜਿਸ ਵੇਲੇ ਗੁਰਮੁਖ ਆਪਣੇ ਕਦਮਾਂ ਨਾਲ ਹੋਣ ਤੁਰਦੇ, ਓਸ ਵੇਲੇ ਸਤਿਗੁਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰੇ ਆਪਣੀ ਲੋੜ ਦੇ, ਆਪਣੀ ਗਰਜ ਖਾਤਰ ਤੁਹਾਡੀ ਸੇਵ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਮੁਕਾਏ ਅੰਧ ਘੋਰ ਦੇ, ਇਕੋ ਨੂਰ ਕਰ ਰੁਸ਼ਨਾਈਆ ।

ਸੋਲਾਂ ਪੋਹ ੨੦੨੧ ਬਿਕ੍ਰਮੀ ਮੁਨਸ਼ਾ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ

ਸੱਤ ਰੰਗ ਕਹਿਣ ਜਿਸ ਵੇਲੇ ਹਰਿ ਗੋਬਿੰਦ ਧਾਰ ਪਹਿਨੀ ਸੀ ਮੀਰੀ ਪੀਰੀ, ਤਨ ਖ਼ਾਕੀ ਦਿਤੀ ਵਡਿਆਈਆ । ਓਸ ਸਮੇਂ ਉਸ ਦੇ ਮਸਤਕ ਉਤੇ ਸੱਤ ਰੰਗ ਦੀ ਨਜ਼ਰ ਆਈ ਲਕੀਰੀ, ਆਪਣਾ ਨੂਰ ਨੂਰ ਪਰਗਟਾਈਆ । ਉਸ ਦੇ ਗਲ ਵਿਚ ਸੋਹੇ ਮਣਕਿਆਂ ਵਾਲੀ ਸੱਤ ਰੰਗ ਦੀ ਜ਼ੰਜੀਰੀ, ਜਿਹੜੀ ਹੀਰੇ ਲਾਲ ਮੋਤੀ ਪੰਨੇ ਨਾਉਂ ਧਰਾਈਆ । ਓਧਰੋਂ ਇਕ ਸਾਧ ਆਇਆ ਤਕਦੀਰੀ, ਪੰਜ ਫੁਟ ਲਕੜੀ ਹੱਥ ਉਠਾਈਆ । ਉਸ ਦੇ ਕੋਲ ਸੀ ਇਕ ਨਿਕੀ ਜੇਹੀ ਗਡੀਰੀ, ਜੋ ਖਿਚੀ ਆਇਆ ਵਾਹੋ ਦਾਹੀਆ । ਉਤੇ ਰੱਖੀ ਸਵਾ ਫੁੱਟ ਦੀ ਪੀੜੀ, ਖ਼ੁਸ਼ੀਆਂ ਨਾਲ ਬਣਾਈਆ । ਅੱਗੇ ਸੰਗਤ ਬੜੀ ਸੀ ਭੀੜੀ, ਰਾਹ ਖੈੜਾ ਨਾ ਕੋਈ ਸਮਝਾਈਆ । ਉਸ ਨੇ ਮੂੰਹ ਵਿਚ ਉਂਗਲਾਂ ਲੈ ਕੇ ਮਾਰੀ ਸੀਟੀ, ਉਚੀ ਅਵਾਜ਼ ਲਗਾਈਆ । ਸਾਰੇ ਹੱਸਣ ਲਗ ਪਏ ਏ ਕਿਧਰ ਦਾ ਆਇਆ ਟੀਟੀ, ਆਪਣਾ ਹੁਕਮ ਜਣਾਈਆ । ਓਸ ਨੇ ਕਿਹਾ ਮੈਂ ਦੱਸਣ ਆਇਆ ਕਹਾਣੀ ਬੀਤੀ, ਪਿਛਲਾ ਲੇਖਾ ਦਿਆਂ ਜਣਾਈਆ । ਜਿਸ ਵੇਲੇ ਸੁਦਾਮੇ ਦਾ ਕ੍ਰਿਸ਼ਨ ਬਣਿਆ ਸੀ ਨਜ਼ਦੀਕੀ, ਗਰੀਬ ਨਿਮਾਣੇ ਮੇਲ ਮਿਲਾਈਆ । ਜੇਹੜੀ ਉਹਦੀ ਬ੍ਰਹਿਮਣੀ ਨੇ ਤੰਦਲਾਂ ਵਾਲੀ ਕੁਲਰ ਪੀਠੀ, ਖ਼ੁਸ਼ੀਆਂ ਨਾਲ ਗੰਢ ਬੰਧਾਈਆ । ਉਸ ਵੇਲੇ ਓਸ ਦੇ ਸੱਟ ਲੱਗੀ ਸੀ ਉਪਰ ਚੀਚੀ, ਸਵਾ ਰਤੀ ਖ਼ੂਨ ਨਿਕਲਿਆ ਚਾਈਂ ਚਾਈਆ । ਓਨ ਪੀੜ ਵਿਚ ਵੱਟੀ ਕਸੀਸੀ, ਮੱਥੇ ਵਟ ਚੜ੍ਹਾਈਆ । ਓਧਰੋਂ

ਸੁਦਾਮੇ ਦੀ ਆ ਗਈ ਭਤੀਜੀ, ਯਾਰਾਂ ਸਾਲ ਦੀ ਉਮਰ ਲਿਖਾਈਆ । ਓਹਦੇ ਕੋਲ ਸੀ ਇਕ ਨਿਕੀ ਜੇਹੀ ਸ਼ੀਸ਼ੀ, ਜਿਸ ਦੇ ਵਿਚ ਤੇਲ ਨਜ਼ਰੀ ਆਈਆ । ਓਨ ਉਤੇ ਲਾਇਆ ਨਾਲ ਪ੍ਰੀਤੀ, ਪਿਆਰ ਨਾਲ ਸਮਝਾਈਆ । ਓਧਰੋਂ ਮਾਲਣ ਇਕ ਆ ਗਈ ਵਿਚੋਂ ਬਾਗੀਚੀ, ਫੁੱਲਾਂ ਹਾਰ ਗੁੰਦਾਈਆ । ਏਧਰੋਂ ਸੁਦਾਮੇ ਦੀ ਹੋਈ ਨੀਤੀ, ਚਲਣਾ ਪੰਧ ਮੁਕਾਈਆ । ਓਧਰੋਂ ਓਹਦੀ ਸੁਵਾਣੀ ਦੱਸੇ ਠੀਕੀ, ਆਪਣਾ ਠਾਕਰ ਲੈਣਾ ਮੰਨਾਈਆ । ਮੈਂ ਵਸਤ ਅਮੋਲਕ ਇਕ ਲਪੇਟੀ, ਏਹ ਓਸ ਦੀ ਭੇਟ ਚੜ੍ਹਾਈਆ । ਓਹ ਪਟੋਲਾ ਜਿਸ ਦੇ ਸੱਤ ਰੰਗ ਟੋਟੇ ਨਿਕੇ ਨਿਕੇ ਕੀਤੀ, ਇਕੱਠਾ ਕਰਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ ।

ਸੱਤ ਰੰਗ ਕਹੇ ਜਿਸ ਵੇਲੇ ਤੰਦਲਾਂ ਦਾ ਤੁਲਿਆ ਤੋਲ, ਸੁਦਾਮਾ ਯਾਰ ਅੱਗੇ ਰਖਾਈਆ । ਓਸ ਹੌਲੀ ਕਿਹਾ ਬੋਲ, ਕੀ ਭਾਬੀ ਘੱਲੀ ਮਠਿਆਈਆ । ਓਸ ਅੱਗੇ ਰੱਖੀ ਅਡੋਲ, ਚਰਨਾਂ ਉਤੇ ਟਿਕਾਈਆ । ਕ੍ਰਿਸ਼ਨ ਨੇ ਸੱਤਾਂ ਉਂਗਲਾਂ ਨਾਲ ਲਈ ਖੋਲ੍ਹ, ਸੱਤਾਂ ਰੰਗਾਂ ਉਤੇ ਇਕ ਇਕ ਉਂਗਲੀ ਲਾਈਆ । ਫੇਰ ਨਾਲ ਕਿਹਾ ਮਖੌਲ, ਏਹ ਗਰੀਬਾਂ ਦਾ ਨਿਸ਼ਾਨਾ ਚੁਕ ਕੇ ਕਿਥੋਂ ਲਿਆਈਆ । ਮੈਂ ਵੇਖਿਆ ਏਸ ਦਾ ਦੋ ਜਹਾਨਾਂ ਵੱਜਣਾ ਢੋਲ, ਏਹਦੇ ਥੱਲੇ ਸਭ ਨੇ ਢੋਲਾ ਗੌਣਾ ਬੇਪਰਵਾਹੀਆ । ਓਸ ਨੇ ਕਿਹਾ ਮੈਂ ਅਨਭੋਲ, ਸਮਝ ਕੋਇ ਨਾ ਆਈਆ । ਕ੍ਰਿਸ਼ਨ ਨੇ ਤਿੰਨ ਵਾਰ ਲਿਆ ਹੱਥਾਂ ਨਾਲ ਟਟੋਲ, ਵੇਖ ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਸ ਵੇਲੇ ਹਰਿ ਗੋਬਿੰਦ ਆਵੇ ਜੋਬਨਵੰਤਾ ਸਰੀਰ ਸਡੌਲ, ਮਸਤਕ ਆਪਣੇ ਸੱਤੇ ਰੰਗ ਵਖਾਈਆ । ਓਸ ਵੇਲੇ ਸੁਦਾਮੇ ਤੇਰੀ ਇਛਿਆ ਹੋਵੇ ਕੋਲ, ਤੈਨੂੰ ਦਿਆਂ ਜਣਾਈਆ । ਓਸ ਨੇ ਸਭ ਦੇ ਨਾਲ ਮਾਰ ਕੇ ਰੋਲ, ਭੁਲੇਖੇ ਵਿਚ ਪਰਦਾ ਦੇਣਾ ਪਾਈਆ । ਅੰਦਰੋਂ ਕਰਕੇ ਧਿਆਨ ਅਡੋਲ, ਪੁਰਖ ਅਕਾਲ ਇਕ ਮਨਾਈਆ । ਕਲਜੁਗ ਅੰਤਮ ਏਹ ਤੇਰੀ ਵਸਤ ਆਵੇ ਤੇਰੇ ਕੋਲ, ਸਤਿ ਸਤਿਵਾਦੀ ਸੱਤਾਂ ਦੀਪਾਂ ਦੇਣਾ ਆਪ ਝੁਲਾਈਆ । ਸੱਤ ਰੰਗ ਕਹਿਣ ਜਿਸ ਵੇਲੇ ਗੋਬਿੰਦ ਪੈਂਧੇ ਖਾਂ ਦੇ ਨਾਲ ਕਰਦਾ ਸੀ ਘੋਲ, ਸੱਤਾਂ ਰੰਗਾਂ ਵਾਲਾ ਕੈਂਚ ਆਪਣੇ ਤਨ ਛੁਹਾਈਆ । ਨਾਲ ਵੱਜਦੇ ਸੀ ਡਮੱਕੇ ਢੋਲ, ਸੋਹਣਾ ਅਖਾੜਾ ਵੇਖੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ ।

☬ ☬ ☬ ☬ ☬

☬ ਸੋਲਾਂ ਪੋਹ ੨੦੨੧ ਬਿਕ੍ਰਮੀ ਤ੍ਰਲੋਕ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ☬

ਸੱਤ ਰੰਗ ਕਹਿਣ ਜਿਸ ਵੇਲੇ ਪ੍ਰਹਿਲਾਦ ਨੂੰ ਸਾੜਨ ਲੱਗੀ ਸੀ ਹੋਲੀ, ਹਰਨਾਕਸ਼ ਦਿਤੀ ਵਡਿਆਈਆ । ਓਸ ਵੇਲੇ ਸੱਤਾਂ ਰੰਗਾਂ ਦੀ ਗਲ ਵਿਚ ਪਾਈ ਸੀ ਚੋਲੀ, ਬਹੁ-ਰੂਪੀਆ ਵੇਸ ਵਟਾਈਆ । ਪ੍ਰਹਿਲਾਦ ਨੂੰ ਚੁਕ ਆਪਣੀ ਡੋਲੀ, ਆਪਣੀ ਗੋਦੀ ਵਿਚ ਟਿਕਾਈਆ । ਭਗਤ ਨੇ ਭਗਵਾਨ ਨੂੰ ਮਾਰੀ ਬੋਲੀ, ਅੰਦਰੇ ਅੰਦਰ ਆਵਾਜ਼ ਸੁਣਾਈਆ । ਹੁਣ ਆਪਣੇ ਕੰਡੇ ਤੋਲੀਂ, ਸਚ ਤਰਾਜ਼ੂ ਹੱਥ ਉਠਾਈਆ । ਵੇਖੀਂ ਖ਼ਾਕ ਵਿਚ ਨਾ ਵਿਰੋਲੀ, ਤਨ ਮਾਟੀ ਭਸਮ ਕਰਾਈਆ । ਤੇਰੇ ਉਤੋਂ ਆਪਾ ਵਾਰ ਘੋਲ ਘੋਲੀ, ਘਾਲਨਾ ਤੇਰੀ ਝੋਲੀ ਪਾਈਆ । ਸ੍ਰੀ ਭਗਵਾਨ ਕਿਹਾ ਬੱਚਾ ਨਾ ਪਾ ਰੌਲੀ, ਮਿਹਰ ਨਜ਼ਰ ਦਿਆਂ ਰਖਾਈਆ । ਇਹ ਸੱਤ ਰੰਗ ਪੌਣ ਵਾਲੀ ਸੜ ਜਾਏ ਹੋਲੀ, ਸੱਤਾਂ ਦਾ ਮਾਲਕ ਸਿਰ ਤੇਰੇ ਹੱਥ ਰਖਾਈਆ । ਜਿਨ੍ਹਾਂ ਰੰਗਾਂ ਪਿਛੇ ਰੱਖਿਆ ਕਰਾਂ ਤੇਰੀ ਉਪਰ ਧੌਲੀ, ਧਰਤੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ ।

ਸੱਤਾਂ ਰੰਗਾਂ ਅੰਦਰ ਭਗਤ ਕੀਤੀ ਰਛਿਆ, ਮਿਹਰਵਾਨ ਦਇਆ ਕਮਾਈਆ । ਨਾਲੇ ਅਗਲੀ ਪਾ

ਕੇ ਭਿਛਿਆ, ਸਚ ਦਿਤਾ ਸਮਝਾਈਆ । ਨਾਲੇ ਵਖਰਾ ਲੇਖ ਲਿਖਿਆ, ਧੁਰ ਦੀ ਧਾਰ ਸਮਝਾਈਆ । ਜਿਸ ਵੇਲੇ ਕਲਜੁਗ ਅੰਧ ਅੰਧੇਰਾ ਹੋਵੇ ਰੈਣ ਮਸਿਆ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਓਸ ਵੇਲੇ ਸ੍ਰੀ ਭਗਵਾਨ ਨਿਰਗੁਣ ਸਰੂਪ ਆਵੇ ਨੱਸਿਆ, ਨਰ ਨਿਰੰਕਾਰ ਫੇਰਾ ਪਾਈਆ । ਸੱਤਾਂ ਰੰਗਾਂ ਦਾ ਨਿਸ਼ਾਨ ਬਣਾ ਕੇ ਸਾਢੇ ਤਿੰਨ ਹੱਥਿਆ, ਦੇਵੇ ਲੋਕਮਾਤ ਵਡਿਆਈਆ । ਜਿਸ ਦੇ ਪਿਛੇ ਪ੍ਰਹਿਲਾਦ ਤੈਨੂੰ ਰੱਖਿਆ, ਏਸੇ ਦੇ ਪਿਛੇ ਚਾਰ ਯੁਗ ਦੇ ਵਿਛੜੇ ਭਗਤ ਤਰਾਈਆ । ਮਾਣ ਵਡਿਆਈ ਦੇ ਕੇ ਹੱਕਿਆ, ਹਾਕਮ ਧੁਰ ਦੇ ਦਿਆਂ ਬਣਾਈਆ । ਸੱਤਾਂ ਰੱਖ ਕੇ ਲੱਜਿਆ, ਘਰ ਘਰ ਦਿਆਂ ਝੁਲਾਈਆ । ਕੋਝਿਆਂ ਕਮਲਿਆਂ ਬਣਾ ਕੇ ਚੰਗਿਆ, ਚੰਗੀ ਤਰ੍ਹਾਂ ਆਪਣਾ ਵਜੂਦ ਦਿਆਂ ਵਖਾਈਆ । ਜਿਸ ਤਰ੍ਹਾਂ ਤੇਰਾ ਰੰਗ ਰੰਗਿਆ, ਏਸੇ ਤਰ੍ਹਾਂ ਸੱਤਾਂ ਰੰਗਾ ਦੀ ਧਾਰ ਤੇਰੇ ਅੰਦਰੋਂ ਵਖਾਈਆ । ਨਾਲੇ ਮੌਜ ਦੇਵਾਂ ਨਾਲ ਪਲੰਘਿਆ, ਨਾਲੇ ਬਿਨ ਦੀਵੇ ਬਾਤੀ ਜੋਤ ਕਰਾਂ ਰੁਸ਼ਨਾਈਆ । ਨਾਲੇ ਪਾਰ ਕਰਾਂ ਡੂੰਘੇ ਵਹਿਣ ਵਹਿੰਦਿਆਂ, ਅਣਤਾਰੂ ਪਾਰ ਲੰਘਾਈਆ । ਨਾਲੇ ਪੂਰਬ ਕਰਮ ਦਾ ਲੇਖ ਅਗਾੜੀ ਜੋ ਦੱਬਿਆ, ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਨਿਸ਼ਾਨਾ ਲਹਿਣਾ ਜਗਤ ਜਹਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਬ ਦੇਵਣਹਾਰਾ ਦਾਨਾ, ਦਾਤਾ ਹੋ ਕੇ ਸਾਚੀ ਭਿਛਿਆ ਝੋਲੀ ਰਿਹਾ ਪਾਈਆ । ।

ਸਪਤ ਰਿਖੀਆਂ ਆਈ ਦਲੀਲ, ਇਕ ਦੂਜੇ ਨੂੰ ਸਾਰੇ ਰਹੇ ਜਣਾਈਆ । ਦਰਗਾਹੋਂ ਹੁਕਮ ਆਇਆ ਸਾਰੇ ਬਣੋ ਸ਼ੌਕੀਨ, ਆਪੋ ਆਪਣਾ ਵੇਸ ਵਟਾਈਆ । ਨਾਲ ਇਕ ਤੇ ਕਰੋ ਯਕੀਨ, ਯਕਤਰਫਾ ਧਿਆਨ ਲਗਾਈਆ । ਓਧਰੋਂ ਫਿਰਦਾ ਤੁਰਦਾ ਨਾਰਦ ਆਇਆ ਵਕੀਲ, ਜੋ ਝਗੜਿਆਂ ਦਾ ਝਗੜਾ ਬਿਨ ਝਗੜਿਉਂ ਦਏ ਬਣਾਈਆ । ਉਸ ਦੇ ਕੋਲ ਸਾਰਿਆਂ ਕੀਤੀ ਅਪੀਲ, ਕੁਝ ਸਾਨੂੰ ਦੇ ਸਮਝਾਈਆ । ਕਿਹੜਾ ਬਸਤਰ ਲਈਏ ਪਹਿਨ, ਸੋਹਣਾ ਚੰਗਾ ਨਜ਼ਰੀ ਆਈਆ । ਉਸ ਨੇ ਕਿਹਾ ਮੈਂ ਗੱਲ ਨਹੀਂ ਕਰਨੀ ਕੋਈ ਲੋਕ ਤੀਨ, ਤਿੰਨਾਂ ਲੋਕਾਂ ਵਿਚ ਨਾ ਕੋਇ ਵਡਿਆਈਆ । ਜਿਸ ਸਾਹਿਬ ਸਤਿ ਦੇ ਸਾਰੇ ਅਧੀਨ, ਬੈਠੇ ਸੀਸ ਨਿਵਾਈਆ । ਓਸ ਦੇ ਹੋ ਕੇ ਦੀਨ, ਦੁਨੀਆਂ ਵਾਲੀ ਮੰਗ ਓਸੇ ਦੇ ਅੱਗੇ ਝੋਲੀ ਡਾਹੀਆ । ਹਿਰਦੇ ਅੰਦਰ ਲਓ ਚੀਨ, ਨਿਝ ਆਤਮ ਰਾਹ ਤਕਾਈਆ । ਉਹ ਤੁਹਾਨੂੰ ਆਪਣਾ ਆਪੇ ਦੱਸ ਦਏ ਆਪਣਾ ਸੀਨ, ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਬਣਾਈਆ ।

ਸਪਤ ਰਿਖੀ ਆਈ ਉਮੰਗ, ਅੰਦਰ ਅੰਦਰ ਧਿਆਨ ਲਗਾਈਆ । ਸੱਤਾਂ ਸੱਤੇ ਨਜ਼ਰੀ ਆਏ ਰੰਗ, ਪੁਰਖ ਅਕਾਲ ਦਏ ਸਮਝਾਈਆ । ਇਹ ਸਾਰੇ ਪਹਿਨੋਂ ਨਸੰਗ, ਨਿਸ਼ਾਨਾ ਆਪਣਾ ਦਿਤਾ ਵਖਾਈਆ । ਲਾਲ ਕੰਚਨ ਸੂਹਾ ਚਿੱਟਾ ਪੀਲਾ ਨੀਲਾ ਕਾਲਾ ਸੋਹਣਾ ਲੱਗੇ ਚੰਦ, ਚਮਕ ਚਮਕ ਨਾਲ ਚਮਕਾਈਆ । ਵੱਖਰੋ ਵੱਖਰੀ ਦਾਤ ਤੁਹਾਨੂੰ ਦਿਤਾ ਧਨ, ਲੋਕਮਾਤ ਦੇਵੇ ਵਡਿਆਈਆ । ਕਲਜੁਗ ਅੰਤਮ ਸੱਤਾਂ ਨੂੰ ਇਕੱਠਾ ਕਰ ਕੇ ਦਏ ਬੰਨ੍ਹ, ਮਾਨਸਾਂ ਵਾਲੀ ਦਏ ਵਡਿਆਈਆ । ਸੱਤਾਂ ਸਚ ਕਰ ਕੇ ਲੈਣਾ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਓਸ ਨੂੰ ਚਾੜ੍ਹੇ ਇਕੋ ਪੁਰਖ ਅਕਾਲ ਦਾ ਸੱਚਾ ਚੰਨ, ਸ਼ਬਦ ਦੁਲਾਰਾ ਰੂਪ ਵਟਾਈਆ । ਜਿਸ ਜਗਤ ਵਿਕਾਰ ਨੂੰ ਦੇਣਾ ਡੰਨ, ਹੰਕਾਰ ਦੇਣਾ ਗਵਾਈਆ । ਗਰੀਬ ਨਿਮਾਣਿਆਂ ਦਾ ਬੇੜਾ ਬੰਨ੍ਹ, ਜਨ ਭਗਤਾਂ ਹੋਏ ਸਹਾਈਆ । ਓਸ ਵੇਲੇ ਸਾਰਿਆਂ ਮਿਲ ਕੇ ਕਹਿਣਾ ਧੰਨ ਧੰਨ, ਧੰਨ ਪ੍ਰਭੂ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਤੇਰਾ ਲਹਿਣਾ ਵੇਲੇ ਵਕਤ ਨਾਲ ਮੁਕਾਈਆ ।

ਬ੍ਰਾਹਮਣ ਦੀਆਂ ਇਕੀਆਂ ਪੱਗਾਂ ਵਿਚੋਂ ਰੰਗ ਸੱਤ, ਆਪਣਾ ਰੂਪ ਵਖਾਈਆ । ਜਿਸ ਵੇਲੇ ਓਸ ਗਠੜੀ ਨੂੰ ਰਵਿਦਾਸ ਦਾ ਲੱਗਾ ਹੱਥ, ਉਹ ਅੰਦਰੇ ਅੰਦਰ ਨੱਚਣ ਟੱਪਣ ਕੁੱਦਣ ਚਾਈਂ ਚਾਈਆ । ਕਰਨ ਪੁਕਾਰ ਰਵੀ ਸਾਨੂੰ ਕੁਝ ਦੱਸ, ਅਗਲਾ ਹਾਲ ਸਮਝਾਈਆ । ਜੋ ਤੇਰੇ ਅੰਦਰ ਰਿਹਾ ਵਸ, ਉਹ ਸਾਨੂੰ ਦੇਣਾ ਮਿਲਾਈਆ । ਜਿਸ ਦੀ ਯਾਦ ਅੰਦਰ ਟੁਟਿਆਂ ਜੋੜਿਆਂ ਡੋਰੀ ਲਾਵੇਂ ਕਸ ਕਸ, ਕੱਚਾ ਤੰਦ ਨਾਲ ਖਿਚਾਈਆ । ਤੇਰਾ ਸਬਰ ਸੰਤੋਖ ਵਾਲਾ ਵੇਖ ਕੇ ਹਠ, ਸਾਡੀ ਧੀਰਜ ਰਹੀ ਨਾ ਰਾਈਆ । ਕਿਹੜਾ ਰਾਮ ਕਿਹੜਾ ਨਾਮ ਰਿਹਾ ਰਟ, ਜਿਸਨੇ ਝੂਠੇ ਰੱਟੇ ਦਿਤੇ ਮੁਕਾਈਆ । ਰਵਿਦਾਸ ਨੇ ਓਸੇ ਵੇਲੇ ਤਿੱਖੀ ਆਰ ਉਤੇ ਦਿਤੀ ਰੱਖ, ਥੋੜੀ ਜਿਹੀ ਦਬਾਈਆ । ਏਸੇ ਤਰ੍ਹਾਂ ਪ੍ਰਭ ਮੇਰਾ ਅੰਦਰੋਂ ਖੋਲ੍ਹ ਦੇਵੇ ਅੱਖ, ਪਰਤੱਖ ਨਜ਼ਰੀ ਆਈਆ । ਉਹ ਸੱਤੇ ਪਏ ਹੱਸ, ਖ਼ੁਸ਼ੀਆਂ ਵਿਚ ਸੁਣਾਈਆ । ਅਸੀਂ ਕਿਵੇਂ ਕਰੀਏ ਉਹਦਾ ਜਸ, ਸਾਨੂੰ ਦੇ ਸਮਝਾਈਆ । ਰਵਿਦਾਸ ਕਿਹਾ ਉਹ ਮੇਰਾ ਪੁਰਖ ਸਮਰੱਥ, ਸਭ ਦੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ ।

ਸੱਤ ਰੰਗ ਕਿਹਾ ਸਾਨੂੰ ਬੱਧਾ ਬ੍ਰਹਿਮਣ ਨੇ ਗਠੜੀ, ਆਪਣੀ ਵੰਡ ਵੰਡਾਈਆ । ਉਤੇ ਗੰਢ ਦੇ ਦਿਤੀ ਤਕੜੀ, ਜਿਹੜੀ ਛੇਤੀ ਖੁਲ੍ਹ ਕਦੇ ਨਾ ਜਾਈਆ । ਸਾਡੇ ਉਤੇ ਚਾਰ ਵੇਰਾਂ ਲਪੇਟੀ ਅਖ਼ੀਰੀ ਪਗੜੀ, ਇਕ ਦੂਜੇ ਉਤੇ ਦਿਤਾ ਬੰਧਾਈਆ । ਸਾਡੇ ਉਤੇ ਆਪਣੇ ਹੱਥ ਵਿਚ ਫੜਨ ਵਾਲੀ ਅੜਾ ਦਿਤੀ ਲਕੜੀ, ਗੰਢ ਵਿਚੋਂ ਆਰ ਪਾਰ ਲੰਘਾਈਆ । ਤਿੰਨ ਰੰਗ ਕਹਿਣ ਸਾਨੂੰ ਲਈ ਜਾਂਦਾ ਸੀ ਖੱਤਰੀ, ਆਪਣਿਆਂ ਬੱਚਿਆਂ ਵਾਸਤੇ ਜਿਨ੍ਹਾਂ ਦੀ ਸਗਨਾਂ ਵਾਲੀ ਜੰਞ ਚੜ੍ਹਾਈਆ । ਏਸ ਬ੍ਰਾਹਮਣ ਨੇ ਰਾਹ ਵਿਚ ਖੋਲ੍ਹ ਕੇ ਪੱਤਰੀ, ਐਵੇਂ ਝੂਠਾ ਪਤਾ ਦਿਤਾ ਬਣਾਈਆ । ਬੁਢਿਆ ਤੇਰੀ ਉਮਰ ਸੱਤਰ ਬਹੱਤਰੀ, ਜੇ ਦਾਨ ਨਾ ਦੇਵੇਂ ਤੇਰੀ ਖਾਲੀ ਰਹੇ ਕੁੜਮਾਈਆ । ਆਹ ਵੇਖ ਇਹ ਕੁੰਡਲਾਂ ਵਾਲੀ ਮੇਰੀ ਅੱਖਰੀ, ਜਿਹੜੀ ਬਾਰਾਂ ਰਾਸ਼ੀ ਵਿਚੋਂ ਨਜ਼ਰੀ ਆਈਆ । ਉਨੇਂ ਚਿਰ ਨੂੰ ਇਕ ਜੱਟ ਹੱਥ ਫੜੀ ਔਂਦਾ ਸੀ ਬੱਕਰੀ, ਰੱਸੀ ਹੱਥ ਵਿਚ ਲਟਕਾਈਆ । ਬ੍ਰਾਹਮਣ ਕਿਹਾ ਇਹ ਨਹੀਂ ਅੰਦਰੋਂ ਤਗੜੀ, ਕੋਈ ਰੋਗ ਅੰਦਰੋਂ ਰਿਹਾ ਸਤਾਈਆ । ਜੇ ਤੇਰੇ ਘਰ ਜਾ ਕੇ ਮਰ ਗਈ, ਤੇਰਾ ਟੱਬਰ ਦਏ ਖਪਾਈਆ । ਜੇ ਤੂੰ ਦੱਛਣਾ ਕਰਕੇ ਮੇਰੇ ਕੋਲ ਛੱਡ ਜਾਏਂ, ਬੇੜਾ ਤੇਰਾ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ ।

ਦੋ ਰੰਗ ਕਹਿਣ ਸਾਨੂੰ ਲਿਆਈ ਸੀ ਇਕ ਮਾਈ, ਇਕਵੰਜਾ ਸਾਲ ਦੀ ਉਮਰ ਜਣਾਈਆ । ਉਹਦੇ ਘਰ ਔਣੇ ਸੀ ਪਹਿਲੀ ਵਾਰ ਦੋ ਜੁਆਈ, ਜਿਨ੍ਹਾਂ ਦੇ ਸਿਰ ਤੇ ਚੀਰੇ ਦਏ ਬੰਨਾਈਆ । ਅੱਧ ਵਿਚ ਪੰਡਤ ਮਿਲਿਆ ਓਹਨੇ ਕਿਹਾ ਉਹ ਤੇ ਪਿਛਲੇ ਸੁਦਾਈ, ਜੇ ਤੇਰੇ ਘਰ ਆ ਗਏ ਤੇਰਾ ਕੋੜਮਾ ਦੇਣ ਖਪਾਈਆ । ਤੇਰੀਆਂ ਧੀਆਂ ਨੂੰ ਮਿਲੇ ਨਾ ਕੋਇ ਥਾਈਂ, ਜਗਤ ਜੁਗ ਨਾ ਕੋਇ ਜਣਾਈਆ । ਜੇ ਤੂੰ ਇਹ ਦੋਵੇਂ ਚੀਰੇ ਮੈਨੂੰ ਭੇਟ ਦਏਂ ਚੜ੍ਹਾਈ, ਫੇਰ ਤੈਨੂੰ ਤੱਤੀ ਵਾਹ ਨਾ ਲੱਗੇ ਰਾਈਆ । ਓਸ ਨੇ ਕਿਹਾ ਮਿਸ਼ਰ ਜੀ ਮੈਨੂੰ ਉਹਨਾਂ ਕੋਲੋਂ ਬਚਾਈਂ, ਜੋ ਕੁਛ ਮੇਰਾ ਮੈਂ ਤੇਰੇ ਅੱਗੇ ਰਖਾਈਆ । ਦਾਨ ਲੈ ਕੇ ਪੰਡਤ ਨੇ ਕਿਹਾ ਹੁਣ ਜਾ ਮਾਈ ਚਾਈਂ ਚਾਈਂ, ਆਪਣੇ ਘਰ ਦਾ ਪੰਧ ਮੁਕਾਈਆ । ਪਿਛੋਂ ਖ਼ੁਸ਼ੀ ਨਾਲ ਕਿਹਾ ਵਾਹ ਕਿਰਪਾ ਕਰੀ ਗੁਸਾਂਈ, ਮਿਹਰ ਨਜ਼ਰ ਇਕ ਉਠਾਈਆ । ਏਨੇਂ ਚਿਰ ਨੂੰ ਉਧਰੋਂ ਇਕ ਝੀਵਰ ਤੇ ਇਕ ਆ ਗਿਆ ਨਾਈ, ਜਜ਼ਮਾਨਾਂ ਘਰੋਂ ਫੇਰਾ ਪਾਈਆ । ਇਕ ਪਗੜੀ ਸੀ ਉਹਨਾਂ ਭੇਟ ਚੜ੍ਹਾਈ, ਸੋਹਣੇ ਰੰਗ ਰੰਗਾਈਆ । ਅੱਗੋਂ ਬ੍ਰਾਹਮਣ ਮਿਲ ਪਿਆ ਆਸਣ ਲਾਈ, ਇਸ਼ਾਰੇ ਨਾਲ ਜਣਾਈਆ । ਨੇੜੇ ਆਉ ਮੇਰੇ ਭਾਈ, ਮੇਰੀ ਪਤਰੀ ਤੁਹਾਨੂੰ ਰਹੀ ਬੁਲਾਈਆ । ਤੁਹਾਡੀ ਜ਼ਿੰਦਗੀ ਦੇ ਦਿਨ ਰਹਿ ਗਏ ਢਾਈ, ਕਿਉਂ ਸਿਰ ਤੇ ਬੈਠੇ ਭਾਰ ਉਠਾਈਆ । ਇਹ ਬ੍ਰਾਹਮਣ ਪਰਹੋਤ ਕਲਿਆਣ ਦਏ ਕਰਾਈ, ਜੇ ਆਪੋ ਆਪਣੇ ਦਸਤਾਰ ਮੇਰੀ ਭੇਟ ਦੇ ਕਰਾਈ । ਉਸੇ ਵੇਲੇ ਰੋ ਕੇ ਕਰਨ ਲੱਗੇ ਦੁਹਾਈ, ਬਹੁੜੀ ਸਾਡਾ ਕਾਲ ਕਿਧਰੋਂ ਆਈਆ ।

ਬ੍ਰਾਹਮਣ ਕਿਹਾ ਛੇਤੀ ਛੇਤੀ ਕਰ ਮੇਰੇ ਹੱਥ ਦਿਉ ਫੜਾਈ, ਵੇਲਾ ਗਿਆ ਹੱਥ ਕਿਸੇ ਨਾ ਆਈਆ । ਉਹਨਾਂ ਰੋ ਕੇ ਕਿਹਾ ਅਸੀਂ ਤੇਰੀ ਭੇਟ ਚੜ੍ਹਾਈ, ਸਾਨੂੰ ਜਮਾਂ ਤੋਂ ਦੇਣਾ ਛੁਡਾਈਆ । ਪੰਡਤ ਕਿਹਾ ਹੁਣ ਭੱਜੋ ਵਾਹੋ ਦਾਹੀ, ਭੌਂ ਨਾ ਵੇਖਿਉਂ ਏਸੇ ਨਾਲ ਹੋਵੇ ਵਡਿਆਈਆ । ਸੱਤਾਂ ਦੀ ਬੰਨ ਕੇ ਗਠੜੀ ਆਪ ਚਲਿਆ ਬਣ ਕੇ ਰਾਹੀ, ਸੋਹਣੀ ਪੰਡ ਬੰਨਾਈਆ । ਚੌਦਾਂ ਦੇ ਵਿਚ ਲਿਆ ਟਿਕਾਈ, ਇਕੀਆਂ ਜੋੜ ਜੁੜਾਈਆ । ਉਹਨਾਂ ਸੱਤਾਂ ਰੰਗਾਂ ਰਵਿਦਾਸ ਦਿਤੀ ਵਡਿਆਈ, ਧੁਰ ਦਾ ਹੁਕਮ ਇਕ ਸੁਣਾਈਆ । ਕਲਜੁਗ ਅੰਤ ਮੇਰਾ ਨਿਰੰਕਾਰ ਤੁਹਾਡਾ ਲੇਖਾ ਦਏ ਚੁਕਾਈ, ਸਤਿ ਸਤਿਵਾਦੀ ਸੱਤਾਂ ਨੂੰ ਸੱਤਾਂ ਦੀਪਾਂ ਵਿਚ ਦਏ ਚਲਾਈ, ਉਪਰ ਆਪਣਾ ਨਾਮ ਲਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਰੰਗਾਂ ਬਖ਼ਸ਼ਣਹਾਰ ਸਰਨਾਈਆ । ।

ੴ ੴ ੴ ੴ ੴ

ੴ ਸੋਲਾਂ ਪੋਹ ੨੦੨੧ ਬਿਕ੍ਰਮੀ ਅਤਰ ਸਿੰਘ ਦੇ ਗ੍ਰਹਿ ਓਗਰਾ ੴ

ਸੱਤ ਰੰਗ ਕਹਿਣ ਸਾਨੂੰ ਪਿਛਲੀ ਯਾਦ ਹਦੀਸ, ਆਪਣੇ ਅੰਦਰ ਟਿਕਾਈਆ । ਜਿਸ ਵੇਲੇ ਈਸਾ ਨੂੰ ਦੇਣ ਲੱਗੇ ਸੀ ਸਲੀਬ, ਖਲੀਫੇ ਹੁਕਮ ਸੁਣਾਈਆ । ਓਸ ਵੇਲੇ ਖੁਦਾਵੰਦ ਆਇਆ ਕਰੀਬ, ਨੂਰੀ ਜਲਵਾ ਨੂਰ ਰੁਸ਼ਨਾਈਆ । ਤੱਕ ਕੇ ਜਲਵਾ ਇਹ ਅਜ਼ੀਬ, ਅਜ਼ਲ ਖ਼ੁਸ਼ੀ ਮਨਾਈਆ । ਪਰਵਰਦਿਗਾਰ ਤੇਰੀ ਨਸੀਹਤ, ਮੈਂ ਸਭ ਨੂੰ ਆਇਆ ਸੁਣਾਈਆ । ਮੈਂ ਲਿਖਣ ਲੱਗਾ ਇਕ ਵਸੀਹਤ, ਲੋਕਮਾਤ ਜਣਾਈਆ । ਜਿਸ ਦੇ ਵਿਚ ਇਕ ਅਸਲੀਅਤ, ਅਸਲ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਵਖਾਈਆ ।

ਈਸਾ ਕਿਹਾ ਮੈਨੂੰ ਵੱਜਾ ਇਕ ਚਮਕਾਰ, ਕੋਹਤੂਰ ਨਾਲੋਂ ਚੰਗਾ ਨਜ਼ਰੀ ਆਈਆ । ਜਿਸ ਵਿਚੋਂ ਨਜ਼ਰੀ ਆਈਆ ਮੇਰਾ ਯਾਰ, ਮਹਿਬੂਬ ਬੇਪਰਵਾਹੀਆ । ਉਹਦਿਆਂ ਰੰਗਾਂ ਦਾ ਨਹੀਂ ਸ਼ੁਮਾਰ, ਪਰ ਰੰਗਾਂ ਵਿਚੋਂ ਰੰਗ ਸੱਤ ਸੋਹਣੇ ਲਏ ਲਹਿਰਾਈਆ । ਮੈਂ ਕਿਹਾ ਇਹ ਕੀ ਪਰਵਰਦਿਗਾਰ, ਮੈਨੂੰ ਅੰਤ ਦੇ ਜਣਾਈਆ । ਓਸ ਨੇ ਕਿਹਾ ਜਿਸ ਵੇਲੇ ਈਸਾ ਮੂਸਾ ਔਣ ਵਾਲੇ ਪੈਗੰਬਰ ਜਾਣ ਹਾਰ, ਆਪਣਾ ਬਲ ਮੁਕਾਈਆ । ਓਸ ਵੇਲੇ ਆਪਣੀ ਧਾਰ ਵਿਚੋਂ ਇਹ ਰੰਗ ਕਰਾਂ ਤਿਆਰ, ਲੋਕਮਾਤ ਦਿਆਂ ਪਰਗਟਾਈਆ । ਸਚ ਨਿਸ਼ਾਨਾ ਇਕ ਚਾੜ੍ਹ, ਦੋ ਜਹਾਨਾਂ ਵੇਖ ਵਖਾਈਆ । ਈਸਾ ਓਸੇ ਵੇਲੇ ਹੋ ਕੇ ਖ਼ਬਰਦਾਰ, ਹੈਰਾਨੀ ਵਿਚ ਅੱਖ ਉਠਾਈਆ । ਵੇਲਾ ਵਕਤ ਦੱਸ ਸਾਂਝੇ ਯਾਰ, ਭੇਵ ਅਭੇਦਾ ਦੇ ਖੁਲ੍ਹਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਤੁਹਾਡਾ ਬਾਪ ਬਣ ਕੇ ਆਵਾਂ ਵਿਚ ਸੰਸਾਰ, ਨਿਰਗੁਣ ਨਿਰਵੈਰ ਨੇਹਕਲੰਕ ਰੂਪ ਵਟਾਈਆ । ਓਸ ਵੇਲੇ ਇਹਨੂੰ ਲਿਆਵਾਂ ਨਾਲ, ਸਾਚਾ ਸੰਗ ਬਣਾਈਆ । ਜਨ ਭਗਤ ਦਵਾਰੇ ਦੇਵਾਂ ਚਾੜ੍ਹ, ਚਾਰੋਂ ਕੁੰਟ ਵਧਾਈਆ । ਵੀਹ ਸੌ ਇਕੀ ਬਿਕ੍ਰਮੀ ਆਪ ਖਾਸ ਲੈਣੀ ਵਿਚਾਰ, ਸਰਗੁਣ ਤੋਂ ਨਿਰਗੁਣ ਹੋ ਕੇ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਾਂ ਰੰਗਾਂ ਲੇਖਾ ਰਿਹਾ ਵਖਾਈਆ ।

ਈਸਾ ਕਿਹਾ ਮੈਂ ਵੇਖੀ ਸੱਤ ਰੰਗ ਦੀ ਚਮਕ, ਕੂਕ ਕੂਕ ਸੁਣਾਈਆ । ਉਹਨੂੰ ਸਮਝ ਨਾ ਸਕੇ ਕੋਈ ਐਹਮਕ, ਮਨ ਮਤ ਬੁਧ ਕੋਈ ਸਮਝ ਨਾ ਸਕੇ ਪਾਈਆ । ਐਉਂ ਜਾਪੇ ਜਿਵੇਂ ਸੱਤਾਂ ਮਿਲ ਕੇ ਇਕ ਸੋਹਣੀ ਬਣਾਈ ਤਹਿਮਤ, ਜੋ ਸਾਢੇ ਤਿੰਨ ਤਿੰਨ ਹੱਥ ਨਜ਼ਰੀ ਆਈਆ । ਹੋਰ ਤੱਕਿਆ ਭਗਵਨ ਉਹਨਾਂ ਨਾਲ ਸਹਿਮਤ, ਸਹਿਮ ਚਿੰਤਾ ਰਿਹਾ ਗਵਾਈਆ । ਹੋਰ ਤਕਿਆ ਮਿਹਰਵਾਨ ਕਰੇ ਰਹਿਮਤ, ਮਿਹਰ ਨਜ਼ਰ ਉਠਾਈਆ । ਹੋਰ ਵੇਖਿਆ ਸ਼ਬਦ ਇਸ਼ਾਰਾ ਮਾਰੇ ਸੈਨਤ, ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪਣੇ ਹੱਥ ਰਖਾਈਆ ।

ਸੱਤ ਰੰਗ ਕਹਿਣ ਸਾਡੀ ਚਮਕ ਨਿਰਾਲੀ, ਨਿਰਾਲਮ ਆਲਮ ਆਪ ਬਣਾਈਆ । ਸਾਨੂੰ ਪਰਗਟਾਵੇ ਆਪ ਜੋਤ ਅਕਾਲੀ, ਅਕਲ ਕਲ ਆਪਣੀ ਖੇਲ ਵਖਾਈਆ । ਆਦਿ ਸ਼ਕਤ ਸਾਨੂੰ ਬੈਠੀ ਰਹੀ ਸੰਭਾਲੀ, ਲਾਲ ਗੁਲਾਲਾ ਰੰਗ ਚੜ੍ਹਾਈਆ । ਏਸੇ ਦਰ ਦੇ ਸਾਰੇ ਬਣੇ ਰਹੇ ਸਵਾਲੀ, ਗੁਰ ਅਵਤਾਰ ਪੀਰ ਪੈਗੰਬਰ ਝੋਲੀਆਂ ਡਾਹੀਆ । ਪੁਰਖ ਅਕਾਲ ਦੀਨ ਦਿਆਲ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਈਸੇ ਵਖਾ ਕੇ ਇਕ ਨਿਸ਼ਾਨੀ, ਸ੍ਰਿਸ਼ਟ ਸਬਾਈ ਦੱਸ ਕੇ ਫਾਨੀ, ਤੁਗਿਆਨੀ ਵਿਚ ਜਗਤ ਰੁੜ੍ਹਾਇੰਦਾ । ਜਿਸ ਵੇਲੇ ਕਲਜੁਗ ਅੰਤ ਭਗਤਾਂ ਉਤੇ ਕਰਾਂ ਮਿਹਰਵਾਨੀ, ਮਹਿਰਮ ਹੋ ਕੇ ਆਪਣੇ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸੱਤ ਰੰਗ ਸਤਿ ਪੁਰਖ ਆਪਣੀ ਧਾਰ ਵਿਚੋਂ ਪਰਗਟਾਇੰਦਾ । ।

ੴ ੴ ੴ ੴ ੴ

ੴ ੧੬ ਪੋਹ ੨੦੨੧ ਬਿਕ੍ਰਮੀ ਹਰਦੀਪ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ੴ

ਸੱਤ ਰੰਗ ਕਹੇ ਮੇਰੀ ਜੁਗ ਜੁਗ ਮੰਗ, ਬੈਠੇ ਸਾਰੇ ਧਿਆਨ ਲਗਾਈਆ । ਕੌਣ ਵੇਲਾ ਪ੍ਰਭ ਚਾੜ੍ਹੇ ਰੰਗ, ਰੰਗਤ ਆਪਣੀ ਦਏ ਵਖਾਈਆ । ਵੱਜੇ ਵਧਾਈ ਵਿਚ ਵਰਭੰਡ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਸੀਸ ਨਿਵਾਵਣ ਸੂਰਜ ਚੰਦ, ਮੰਡਲ ਮੰਡਪ ਆਪਣੀ ਸੇਵ ਕਮਾਈਆ । ਕਰੇ ਖੇਲ ਆਪ ਬਖ਼ਸ਼ੰਦ, ਬਖ਼ਸ਼ਿਸ਼ ਮਿਹਰ ਇਕ ਵਰਤਾਈਆ । ਕਲਜੁਗ ਕੂੜੀ ਕਿਰਿਆ ਮੁੱਕ ਜਾਏ ਪੰਧ, ਸਤਿਜੁਗ ਸਾਚੀ ਧਾਰ ਬੰਧਾਈਆ । ਜਨ ਭਗਤਾਂ ਭੇਵ ਖਲਾਵੇ ਹੰ ਬ੍ਰਹਮ, ਪਾਰਬ੍ਰਹਮ ਦਏ ਜਣਾਈਆ । ਚਾਰ ਵਰਨ ਬਣਾਏ ਇਕ ਧਰਮ, ਸਾਚਾ ਵਰਨ ਸਤਿ ਸਰਨਾਈਆ । ਸੰਤ ਸੁਹੇਲੇ ਆਵੇ ਫੜਨ, ਨਿਰਗੁਣ ਹੋ ਕੇ ਵੇਸ ਵਟਾਈਆ । ਗੁਰਮੁਖਾਂ ਅੰਦਰ ਆਵੇ ਵੜਨ, ਪਰਦਾ ਓਹਲਾ ਚੁਕਾਈਆ । ਸਾਚੀ ਸੇਜਾ ਆਵੇ ਚੜ੍ਹਨ, ਸਚ ਸਿੰਘਾਸਣ ਖ਼ੁਸ਼ੀ ਮਨਾਈਆ । ਸਾਚਾ ਢੋਲਾ ਆਵੇ ਪੜ੍ਹਨ, ਧੁਰ ਦਾ ਰਾਗ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੱਤ ਰੰਗ ਕਹੇ ਮੇਰੀ ਜੁਗ ਜੁਗ ਦੀ ਉਡੀਕ, ਘੜੀਆਂ ਪਲ ਧਿਆਨ ਲਗਾਈਆ । ਕਈਆਂ ਸਦੀਆਂ ਦੀ ਸਦੀਆਂ ਵਿਚੋਂ ਬਦਲ ਕੇ ਰੀਤ, ਤਾਰੀਖ ਤਵਾਰੀਖ ਲਿਖ ਲਿਖ ਲੇਖਾ ਕਲਮ ਸ਼ਾਹੀਆ । ਧੰਨ ਸੋ ਵੇਲਾ ਮੇਰਾ ਜਾਗੇ ਭਾਗ ਨਸੀਬ, ਹਰਿ ਸਤਿਗੁਰ ਵੇਖ ਵਖਾਈਆ । ਸਾਨੂੰ ਜੜ ਕੇ ਨਾਲ ਤਰਤੀਬ , ਸਚ ਦਾ ਮੇਲਾ ਦਿਤਾ ਮਿਲਾਈਆ । ਇਕ ਪਾਤਸ਼ਾਹ ਇਕ ਵਜ਼ੀਰ, ਚਾਰ ਜੁਗ ਦੇਣ ਗੁਵਾਹੀਆ । ਸੱਤਵਾਂ ਸਭ ਦਾ ਮਾਲਕ ਅਖ਼ੀਰ, ਜੋ ਹੁਕਮ ਵਿਚ ਰਖਾਈਆ । ਸੱਤਾਂ ਦੀ ਸਾਢੇ ਤਿੰਨ ਹੱਥ ਦੀ ਸੋਹਣੀ ਬਣੀ ਤਸਵੀਰ, ਜੋ ਅਗੰਮੜਾ ਰੰਗ ਰਹੀ ਚਮਕਾਈਆ । ਨਾ ਕੋਈ ਸ਼ਰਅ ਰਹੀ ਜੰਜ਼ੀਰ, ਬੰਧਨ ਬੰਧਪ ਨਾ ਕੋਇ ਰਖਾਈਆ । ਸਜਦੇ ਕਰਨ ਪੀਰ ਫਕੀਰ, ਫਿਕਰਿਆਂ ਵਿਚ ਸੁਣਾਈਆ । ਸਾਹਿਬ ਦੇ ਹੱਥ ਨੰਗੀ ਸ਼ਮਸੀਰ, ਕੂੜ ਫਰੰਗੀ ਰਿਹਾ ਧਮਕਾਈਆ । ਲਹਿਣਾ ਮੁੱਕਣਾ ਸ਼ਾਹ ਹਕੀਰ, ਸ਼ਹਿਨਸ਼ਾਹ ਦੇਵੇ ਵਡਿਆਈਆ । ਸੰਤ ਸੁਹੇਲਾ ਹੋਏ ਨਾ ਕੋਇ ਦਿਲਗੀਰ, ਦਿਲ ਦਾ ਦਲਿੱਦਰ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਬੇਨਜ਼ੀਰ, ਨਿਰਗੁਣ ਆਪਣਾ ਖੇਲ ਖਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਘਤ ਵਹੀਰ, ਸੋਹਣਾ ਮਾਰਗ ਰਿਹਾ ਵਖਾਈਆ । ।

੧੬ ਪੋਹ ੨੦੨੧ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਨਵਿਤ
ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਸੱਤ ਰੰਗ ਕਹਿਣ ਸਾਨੂੰ ਕਰੇ ਇਕੱਠਾ, ਲੜੀ ਲੜੀ ਨਾਲ ਬੰਧਾਈਆ । ਜਨ ਭਗਤਾਂ ਲੇਖ ਚੁਕਾ ਕੇ ਤੱਤ ਅੱਠਾ, ਚਰਨ ਸਰਨ ਦਏ ਵਡਿਆਈਆ । ਨੌਂ ਦਵਾਰੇ ਪਾਰ ਕਰਾ ਕੇ ਚੁੱਕੇ ਆਪਣੇ ਹੱਥਾਂ, ਸੇਵਕ ਹੋ ਕੇ ਸੇਵ ਕਮਾਈਆ । ਜਨ ਭਗਤਾਂ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵੇਖੇ ਆਪਣੀਆਂ ਅੱਖਾਂ, ਆਖਰ ਅਖ਼ੀਰੀ ਆਪਣਾ ਮੇਲ ਮਿਲਾਈਆ । ਮੈਨੂੰ ਮਾਣ ਦਵਾਏ ਘਰ ਘਰ ਕੁਲੀ ਕੱਖਾਂ, ਧੁਰ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਲਗਾਈਆ । ਸੱਤ ਰੰਗ ਕਹਿਣ ਸਾਡਾ ਜੋੜ ਜੁੜਾਇਆ, ਜੋੜੀ ਆਪਣੇ ਨਾਲ ਬਣਾਈਆ । ਭਗਤਾਂ ਆਸਾ ਮਨਸਾ ਪੂਰੀ ਲੋੜ ਕਰਾਇਆ, ਸਾਚੀ ਰਚਨਾ ਨਾਲ ਰਖਾਈਆ । ਸੱਸੇ ਉਪਰ ਹੋੜਾ ਇਕ ਲਗਾਇਆ, ਹਾਹੇ ਟਿੱਪੀ ਦਏ ਵਡਿਆਈਆ । ਸਾਜਣ ਬਣਕੇ ਫੇਰਾ ਪਾਇਆ, ਨਿਰਗੁਣ ਰੂਪ ਧਰਾਈਆ । ਰਾਜਨ ਬਣਕੇ ਮੈਨੂੰ ਰਿਹਾ ਝੁਲਾਇਆ, ਦੋ ਜਹਾਨਾਂ ਹੁਲਾਰਾ ਇਕ ਰਖਾਈਆ । ਸੰਤ ਸੁਹੇਲੇ ਰਿਹਾ ਤਰਾਇਆ, ਗੁਰਮੁਖ ਵੱਜੇ ਵਧਾਈਆ । ਗੁਰਸਿਖ ਮਿਲ ਮਿਲ ਮੰਗਲ ਗਾਇਆ, ਗੀਤ ਗੋਬਿੰਦ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ ।

ਸੱਤ ਰੰਗ ਕਹਿਣ ਸਾਨੂੰ ਨਾਪਿਆ ਨਾਲ ਫੀਤਾ, ਨੌਂ ਨੌਂ ਇੰਚ ਸਾਡੀ ਵੰਡ ਵੰਡਾਈਆ । ਵਡਿਆਈ ਦੇ ਕੇ ਘਰ ਅਤੀਤਾ, ਤ੍ਰਲੋਕੀ ਦਾ ਮਾਲਕ ਦਿਤਾ ਬਣਾਈਆ । ਸਾਥ ਕਲਮਾ ਦੱਸ ਹਦੀਸਾ, ਸੋਹੰ ਢੋਲਾ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੀ ਇਕ ਸਰਨਾਈਆ । ਸੱਤ ਰੰਗ ਕਹੇ ਮੇਰੇ ਉਤੇ ਇਕ ਜੈਕਾਰਾ, ਹਰਿ ਕਰਤਾ ਆਪ ਲਗਾਈਆ । ਜੋ ਭਗਤਾਂ ਲੱਗੇ ਪਿਆਰਾ, ਗੁਰਮੁਖਾਂ ਮੁੱਖ ਸਲਾਹੀਆ । ਸਿਖਾਂ ਦਏ ਅਧਾਰਾ, ਸੰਤਾਂ ਮਾਣ ਵਡਿਆਈਆ । ਕੂੜੀ ਕਿਰਿਆ ਕਰੇ ਖੁਆਰਾ, ਸਚ ਸੁੱਚ ਰਾਹ ਸਮਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਬਣਕੇ ਸੇਵਾਦਾਰਾ, ਧੁਰ ਦੀ ਸੇਵ ਕਮਾਈਆ ।

੧੬ ਪੋਹ ੨੦੨੧ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਹਿ
ਪਿੰਡ ਅਲੱੜਪਿੰਡੀ ਜ਼ਿਲਾ ਗੁਰਦਾਸਪੁਰ

ਸੱਤ ਰੰਗ ਕਹਿਣ ਸਾਨੂੰ ਆਈ ਪਵਣ ਠੰਡੀ, ਠੰਡਕ ਇਕ ਵਰਤਾਈਆ । ਓਸ ਦੇ ਵਿਚੋਂ ਮਿਲੀ ਸੱਚੀ ਸੁਗੰਧੀ, ਸੁਗੰਧ ਖਾ ਕੇ ਕਹਾਂ ਇਹੋ ਜਿਹੀ ਵਸਤ ਨਜ਼ਰ ਕੋਇ ਨਾ ਆਈਆ । ਜਿਹੜਾ ਬਾਲਮੀਕ ਦਾ ਲਹਿਣਾ ਦਿਤਾ ਰਵੀ ਪਾਰ ਕੰਡੀ, ਉਰਾਰ ਓਸੇ ਦੀ ਧਾਰ ਨਜ਼ਰੀ ਆਈਆ । ਜਿਸ ਨੇ ਅਠਾਸੀ ਦਿਨ ਚੁਰਾਸੀਆਂ ਸਾਧਾਂ ਦੀ ਇਕੱਠੀ ਕਰ ਕੇ ਮੰਡੀ, ਮੰਡਲੀ ਇਕ ਬਣਾਈਆ । ਓਥੇ ਵਸਤ ਇਕ ਵੰਡੀ, ਰਾਮ ਨਾਮ ਸਰਬ ਸਮਝਾਈਆ । ਵੇਖੋ ਮੈਂ ਪਿਛਲਾ ਕਿਡਾ ਪਖੰਡੀ, ਚੋਰ ਡਾਕੂ ਰੂਪ ਵਟਾਈਆ । ਜਿਸ ਵੇਲੇ ਮਾਰਗ ਮਿਲਿਆ ਸਿੱਧੀ ਡੰਡੀ, ਪ੍ਰਭ ਦੇ ਡੰਡੇ ਸਿੱਧਾ ਲਿਆ ਕਰਾਈਆ । ਓਸ ਦੀ ਮਿਹਰਵਾਨੀ ਮੈਨੂੰ ਲੱਗੀ ਚੰਗੀ, ਸਭਨਾਂ ਦਿਆਂ ਜਣਾਈਆ । ਉਹਨਾਂ ਚੁਰਾਸੀਆਂ ਵਿਚ ਇਕ ਵੈਰਾਗਣ ਸੀ ਜੋ ਵਿਅਉਂਦਿਆਂ ਸਾਰ ਹੋਈ ਰੰਡੀ, ਕੰਤ ਸੇਜ ਨਾ ਕੋਇ ਹੰਢਾਈਆ । ਓਸ ਨੇ ਮੰਗ ਇਕ ਮੰਗੀ, ਜੋਗੀਸ਼ਰ ਦਿਤਾ ਜਣਾਈਆ । ਮੇਰੀ ਕਿਸਮਤ ਕਿਸ ਤਰਾਂ ਹੋਵੇ ਚੰਗੀ, ਲੇਖਾ ਦੇਵੇ ਬਦਲਾਈਆ । ਓਸ ਨੇ ਕਿਹਾ ਤੂੰ ਬਣੇ ਭੀਲਣੀ ਫੇਰ ਤੇਰਾਂ ਦੰਦਿਆਂ ਵਾਲੀ ਵਾਹੀਂ ਕੰਘੀ, ਆਪਣੇ ਸੀਸ ਫਿਰਾਈਆ । ਏਸੇ ਕਰਕੇ ਇਹ ਧਰਤੀ ਚੰਗੀ, ਜਿਸ

ਉਤੇ ਡੇਰਾ ਲਾਈਆ । ਇਹ ਲੜੀ ਅੱਜੇ ਪਿਛੋਂ ਨਹੀਂ ਗੰਢੀ, ਸਤਿਜੁਗ ਦਾ ਲੇਖਾ ਬਾਕੀ ਤ੍ਰੇਤਾ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚੁਰਾਸੀਆਂ ਵਿਚੋਂ ਇਕ ਹਵਦੂਤ, ਭੋਲਾ ਭਾਉ ਨਜ਼ਰੀ ਆਈਆ । ਓਸ ਬਾਲਮੀਕ ਨੂੰ ਕਿਹਾ ਮੈਂ ਕਰਕੇ ਆਇਆ ਕੂਚ, ਕੂਚਾ ਗਲੀ ਤੇਰਾ ਵੇਖਾਂ ਥਾਉਂ ਥਾਈਆ । ਮੇਰਾ ਵੀ ਤੇਰੇ ਤੱਤਾਂ ਵਰਗਾ ਕਲਬੂਤ, ਕਿਉਂ ਨਾ ਮੈਨੂੰ ਮਿਲਿਆ ਬੇਪਰਵਾਹੀਆ । ਬਟਵਾਰੇ ਕਿਹਾ ਮੈਂ ਓਸੇ ਦਾ ਇਕ ਦੂਤ, ਜੋ ਸੇਵਕ ਹੋ ਕੇ ਸਾਚਾ ਹੁਕਮ ਸੁਣਾਈਆ । ਓਹ ਸਾਹਿਬ ਸਵਾਮੀ ਬੜਾ ਮਜਬੂਤ, ਡਾਢਿਆਂ ਦਾ ਡਾਢਾ ਨਜ਼ਰੀ ਆਈਆ । ਜਿਸ ਵੇਲੇ ਆਪ ਹੋਵੇ ਮਜਬੂਤ, ਕੋਝੇ ਕਮਲੇ ਸਾਰੇ ਪਾਰ ਲੰਘਾਈਆ । ਓਸ ਕਿਹਾ ਉਹ ਕਿਹੜਾ ਵਕਤ ਜਿਸ ਵੇਲੇ ਮੇਰਾ ਕਾਰਜ ਹੋਵੇ ਸੂਤ, ਸੁਤਿਆਂ ਲਏ ਉਠਾਈਆ । ਬਾਲਮੀਕ ਕਿਹਾ ਇਹ ਭੇਵ ਦੁਰਾਡਾ ਗੂਝ, ਸਤਿ ਸਚ ਦਿਆਂ ਸਮਝਾਈਆ । ਜਿਸ ਵੇਲੇ ਪੁਰਖ ਅਕਾਲ ਆਪ ਆਵੇ ਜਿਸ ਵਿਚ ਨਜ਼ਰ ਨਾ ਆਵੇ ਕੋਈ ਦੂਜ, ਦੁਤੀਆ ਭਾਉ ਨਾ ਕੋਇ ਰਖਾਈਆ । ਉਹ ਵੇਖਣਹਾਰਾ ਤੱਤਾਂ ਵਾਲਾ ਕਲਬੂਤ, ਸੱਤਾਂ ਦਾ ਮਾਲਕ ਆਪ ਹੋ ਜਾਈਆ । ਸੱਤਾਂ ਦਾ ਸਾਲਸ ਬਣ ਕੇ ਦੇਵੇ ਆਪ ਸਬੂਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਤੇਰਾ ਲੇਖੇ ਵਿਚ ਪਾਈਆ ।

ਹਵਦੂਤ ਕਿਹਾ ਆ ਵੇਖ ਮੇਰੀ ਕਮਲੀ ਅਲਫੀ, ਤੈਨੂੰ ਦਿਆਂ ਵਖਾਈਆ । ਮੇਰੀ ਨਿਕੀ ਜਿਹੀ ਬਾਤ ਦੋਹਰਫੀ, ਬਹੁਤਾ ਝਗੜਾ ਨਾ ਕੋਇ ਜਣਾਈਆ । ਜੇ ਮਾਲਕ ਉਹ ਧੁਰ ਦਾ ਦਰਦੀ, ਕਿਉਂ ਨਾ ਮੇਰਾ ਦਰਦ ਵੰਡਾਈਆ । ਓਸ ਵੇਲੇ ਸੋਲਾਂ ਪੋਹ ਠੰਡੀ ਪੈਂਦੀ ਸੀ ਸਰਦੀ, ਸਰਦ ਆਹ ਲੈ ਕੇ ਰਿਹਾ ਸੁਣਾਈਆ । ਬਾਲਮੀਕ ਕਿਹਾ ਇਹ ਖੇਲ ਓਸੇ ਦੇ ਘਰ ਦੀ, ਉਹ ਮਾਲਕ ਇਕ ਅਖਵਾਈਆ । ਜਿਸ ਵੇਲੇ ਲੋਕਮਾਤ ਖੇਲ ਕਰੇ ਨਰਾਇਣ ਨਰ ਦੀ, ਨਿਰਗੁਣ ਨਿਰਵੈਰ ਵੇਸ ਵਟਾਈਆ । ਓਸ ਵੇਲੇ ਤੇਰਾ ਲੇਖ ਚੁਕਾਵੇ ਭੇਵ ਮਿਟਾਵੇ ਗਰਮੀ ਸਰਦੀ, ਸਰਦੀ ਗਰਮੀ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਰਿਹਾ ਸਮਝਾਈਆ ।

ਹਵਦੂਤ ਕਿਹਾ ਮੈਂ ਜਾਣਾ ਕੀ ਨਿਸ਼ਾਨੀ, ਆਪਣੀ ਬੁਧ ਨਾ ਕੋਇ ਰਖਾਈਆ । ਬਾਲਮੀਕ ਕਿਹਾ ਉਹ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਬੇਪਰਵਾਹੀਆ । ਜੁਗ ਚੌਕੜੀ ਕਰੇ ਪਹਿਚਾਨੀ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਜਿਸ ਵੇਲੇ ਆਵੇ ਰੁੱਤ ਮਹਾਨੀ, ਬੀਸ ਇਕੀਸਾ ਖ਼ੁਸ਼ੀ ਮਨਾਈਆ । ਤੇਰੀ ਪਹਿਲੀ ਸੁਣਾ ਕੇ ਕਹਾਣੀ, ਅੱਗੇ ਨਾਤਾ ਧੁਰ ਦਾ ਦਏ ਬਣਾਈਆ । ਜਨ ਭਗਤਾਂ ਨਾਲ ਕਦੇ ਨਾ ਕਰੇ ਬੇਈਮਾਨੀ, ਸ਼ੈਤਾਨੀ ਵਿਚ ਕਦੇ ਨਾ ਆਈਆ । ਪਹਿਲੋਂ ਵਸਤ ਬਖ਼ਸ਼ ਕੇ ਨੁਰਾਨੀ, ਰੂਹਾਨੀ ਇਮਾਨੀ ਇਮਾਨ ਆਪਣੇ ਉਤੇ ਰਖਾਈਆ । ਮਿਹਰ ਕਰਨ ਲੱਗਾ ਕੀਮਤ ਲਵੇ ਨਾ ਕੋਇ ਦਵਾਨੀ ਚਵਾਨੀ, ਟਕਿਆਂ ਵਾਲਾ ਹਿੱਸਾ ਨਾ ਕੋਇ ਵੰਡਾਈਆ । ਚਰਨ ਕਵਲ ਬਖ਼ਸ਼ ਕੇ ਧਿਆਨੀ, ਹਰਿ ਸੰਗਤ ਜੋੜ ਜੁੜਾਈਆ । ਪਹਿਲੋਂ ਚੌਦਾਂ ਪੋਹ ਓਸੇ ਕੋਲੋਂ ਖਾ ਮਹਿਮਾਨੀ, ਫਿਰ ਵੇਲਾ ਵਕਤ ਸੁਹਾਈਆ । ਓਨੇਂ ਚਿਰ ਨੂੰ ਹਵਦੂਤ ਦੀ ਆ ਗਈ ਨਾਨੀ, ਸਹਿਜ ਸੁਭਾਉ ਆਪਣਾ ਡੇਰਾ ਲਾਈਆ । ਉਠ ਕੇ ਕਿਹਾ ਛੱਡ ਪਾਗਲਾਂ ਵਾਲੀ ਕਹਾਣੀ, ਕਿਉਂ ਐਵੇਂ ਵਕਤ ਲੰਘਾਈਆ । ਬਾਲਮੀਕ ਕਿਹਾ, ਨਹੀਂ, ਇਹ ਵੱਡਾ ਵਿਦਵਾਨੀ, ਇਹਦੇ ਅੰਦਰ ਵਿਦਿਆ ਹੋਰ ਟਿਕਾਈਆ । ਇਸ ਦਾ ਮਾਲਕ ਨਰ ਹਰਿ ਭਗਵਾਨੀ, ਭਗਵਨ ਹੋਏ ਸਹਾਈਆ । ਕਲਜੁਗ ਅੰਤ ਰੁੱਤ ਸੁਹਾਏ ਦੋ ਜਹਾਨੀ, ਲੋਕਮਾਤ ਵੱਜੇ ਵਧਾਈਆ । ਸੋਲਾਂ ਪੋਹ ਯਾਦ ਕਰਾ ਕੇ ਬਖ਼ਸ਼ਿਸ਼ ਕਰੇ ਚਰਨ ਧਿਆਨੀ, ਧਿਆਨ ਆਪਣੇ ਨਾਲ ਰਖਾਈਆ । ਮਹਿੰਦਰ ਸਿੰਘ ਪਹਿਲਾ ਜਨਮ ਜਿਸ ਦੀ ਕੀਤੀ ਆਪ ਪਹਿਚਾਨੀ, ਚੁਰਾਸੀਆਂ ਵਾਲਾ ਝੁੰਡ ਅਠਾਸੀਵੇਂ ਦਿਨ ਲੇਖ ਚੁਕਾਈਆ । ਹਵਦੂਤ ਕਿਹਾ ਉਹ ਕਵਣ ਧਰਤੀ, ਜਿਸ ਭੂਮਿਕਾ ਮਿਲੇ ਵਡਿਆਈਆ । ਜਿਥੇ ਚਰਨ ਛੁਹਾਏ ਅਰਸ਼ੀ, ਫਰਸ਼ੀ ਸੋਭਾ ਪਾਈਆ । ਉਹ ਮਿਟੀ ਖ਼ਾਕ

ਕਰ ਲਏ ਆਪਣੇ ਵਰਗੀ, ਆਪਣੇ ਵਰਗਾ ਰੰਗ ਰੰਗਾਈਆ । ਬਾਲਮੀਕ ਕਿਹਾ ਜਿਥੇ ਗਰੀਬਾਂ ਦਾ ਹੋਣਾਂ ਦਰਦੀ, ਦੁਖੀਆਂ ਦਾ ਹੋਣਾ ਸਹਾਈਆ । ਰਵਿਦਾਸ ਦਾ ਕਰਜੀ, ਲਾਲੋ ਦੀ ਮਰਜੀ, ਨਾਨਕ ਭੇਵ ਖੁਲ੍ਹਾਈਆ । ਕਲਜੁਗ ਦੀ ਸਰਦੀ, ਪਵਣ ਅਗੰਮੀ ਠੰਡੀ ਵਗਦੀ, ਤਪਦੇ ਹਿਰਦੇ ਸਾਂਤ ਕਰਾਈਆ । ਓਸ ਵੇਲੇ ਓਹ ਆਵੇ ਕਲਗੀ, ਆਪਣੇ ਨਾਲ ਲੈ ਕੇ ਆਵੇ ਆਪਣੇ ਨਾਮ ਦੀ ਵੰਨਗੀ, ਦੂਜੇ ਦੀ ਆਸ ਨਾ ਕੋਇ ਰਖਾਈਆ । ਘੁਮਿਆਰਾਂ ਦੀ ਆਸਾ ਜਿਸ ਦੀ ਆਸ ਰੱਖਦੀ, ਕੁਹਾਰਾਂ ਦਾ ਰਾਖਾ ਜਿਨ੍ਹਾਂ ਦੀ ਆਤਮ ਇਕੋ ਢੋਲਾ ਪੜ੍ਹਦੀ, ਚੁਮਿਆਰਾਂ ਦਾ ਦਾਸਾ ਜਿਨ੍ਹਾਂ ਦੇ ਅੰਦਰ ਜੋਤ ਅਕਾਲਣ ਵੜਦੀ, ਤੇਲੀ ਦਾ ਭਰਵਾਸਾ ਜਿਸ ਦੀ ਆਤਮ ਕਦੇ ਨਾ ਮਰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਦਏ ਚੁਕਾਈਆ ।

ਹਵਦੂਤ ਕਿਹਾ ਇਹ ਕਿਡਾ ਸੋਹਣਾ ਚੰਗਾ, ਮੈਨੂੰ ਹਾਲ ਦਿਤਾ ਸੁਣਾਈਆ । ਕੀ ਉਹ ਹੋਊ ਸਾਡੇ ਵਰਗਾ ਬੰਦਾ, ਕਿ ਜਲਵਾ ਨੂਰ ਖੁਦਾਈਆ । ਬਾਲਮੀਕ ਕਿਹਾ ਉਹ ਨੂਰਾਂ ਦਾ ਨੂਰ, ਚੰਦਾਂ ਦਾ ਚੰਦ ਰੁਸ਼ਨਾਈਆ । ਉਹ ਓਸਨਾਂ ਦਾ ਓਸਨ ਬਹਰਾਂ ਦਾ ਬਹਰ, ਬਹਰਹਾਲ ਆਪਣਾ ਇਕ ਪਰਗਟਾਈਆ । ਉਹ ਅਨੰਦਾਂ ਦਾ ਅਨੰਦ, ਚੰਦਾਂ ਦਾ ਚੰਦ, ਗੀਤਾਂ ਦਾਂ ਗੀਤ ਅਤੀਤ ਬੇਪਰਵਾਹੀਆ । ਉਹਦੇ ਕੋਲ ਵੱਖਰਾ ਢੰਗ, ਜਿਹਦੇ ਚਰਨ ਦਵਾਰੇ ਆਵੇ ਜਮਨਾ ਸੁਰਸਤੀ ਗੰਗ, ਅੰਮ੍ਰਿਤ ਬ੍ਰਾਹਮਣ ਕੋਲੋਂ ਬਣਵਾਈਆ । ਦੂਜਾ ਕੋਈ ਨਾ ਪਾਵੇ ਡੰਡ, ਡਾਂਗਾਂ ਸੋਟੇ ਹੱਥਾਂ ਵਿਚ ਰਖਾਈਆ । ਗਰੀਬਾਂ ਨੂੰ ਪ੍ਰੇਮੀ ਦੀ ਦਾਤ ਜਾਏ ਵੰਡ, ਚੁਰਾਸੀਆਂ ਦੇ ਪਿਛੇ ਚੁਰਾਸੀ ਸਭ ਦੀ ਦਏ ਕਟਾਈਆ । ਜਿਨ੍ਹਾਂ ਅਠਾਸੀ ਅਠਾਸੀ ਹਜਾਰ ਤਪ ਕੀਤੇ ਬਰਸ ਉਹਨਾਂ ਨੂੰ ਆਇਆ ਨਹੀਂ ਉਹ ਅਨੰਦ, ਜਿਹੜਾ ਘਰ ਬੈਠਿਆਂ ਝੋਲੀ ਪਾਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਵਰਤਾਈਆ । ਉਨੇਂ ਚਿਰ ਨੂੰ ਧਰਤੀ ਨੇ ਮੰਗ ਲਈ ਮੰਗ, ਅੱਗੇ ਝੋਲੀ ਡਾਹੀਆ । ਮੇਰੀ ਨੰਗੀ ਨਾ ਹੋਵੇ ਕੰਡ, ਮੇਰੀ ਪਿਠ ਨਾ ਕੋਇ ਵਡਿਆਈਆ । ਬਾਲਮੀਕ ਕਿਹਾ ਉਹ ਵੇਖ ਖੇਲ ਸੂਰਾ ਸਰਬੰਗ, ਭਗਤਾਂ ਦਾ ਦਏ ਸੰਗ, ਜਿਨਾਂ ਦਾ ਭਾਗ ਚਰਨਾਂ ਲਾ ਲਾ ਤੇਰੇ ਉਤੇ ਰਖਾਈਆ । ਧੌਲ ਅੱਗੋਂ ਹੱਸ ਕੇ ਕੱਢ ਲਏ ਦੰਦ, ਛਿਆਨਵੇਂ ਯੋਜਨ ਅੱਖ ਖੁਲ੍ਹਾਈਆ । ਜੇ ਪ੍ਰਭੂ ਉਹ ਭਗਤ ਮੇਰੇ ਅੰਦਰ ਜਾਣ ਲੰਘ, ਮੈਂ ਸੁਖ ਨਾਲ ਦੇਵਾਂ ਸਵਾਈਆ । ਬਾਲਮੀਕ ਕਿਹਾ ਉਹ ਕੋਝੀਏ ਕਮਲੀਏ ਉਹਨਾਂ ਭਗਵਾਨ ਦਾ ਮਿਲਿਆ ਅਨੰਦ, ਤੇਰੀ ਲੋੜ ਰਹੀ ਨਾ ਰਾਈਆ । ਤੂੰ ਉਹਨਾਂ ਦੇ ਪੈਰਾਂ ਹੇਠਾਂ ਡਾਹ ਕੇ ਆਪਣੀ ਕੰਡ, ਚਰਨ ਛੂਹ ਨਾਲ ਆਪਣਾ ਭਾਗ ਲੈਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ ।

ਧਰਤੀ ਵਿਚੋਂ ਬੋਲਿਆ ਜਲ, ਆਪਣਾ ਹਾਲ ਸੁਣਾਈਆ । ਜਿਸ ਤਰ੍ਹਾਂ ਮੈਂ ਇਹਦੇ ਵਿਚ ਗਿਆ ਰਲ, ਏਸੇ ਤਰ੍ਹਾਂ ਦਾ ਭਗਤਾਂ ਵਿਚ ਇਹ ਵੇਖਿਆ ਚਾਈਂ ਚਾਈਆ । ਜਿਸ ਵੇਲੇ ਗੁਰਮੁਖਾਂ ਨੂੰ ਮਿਲਣ ਲਗੇਗਾ ਫਲ, ਮੈਂ ਵੀ ਭੱਜਾ ਆਵਾਂ ਵਾਹੋ ਦਾਹੀਆ । ਏਸੇ ਕਰ ਕੇ ਕਲ ਰਾਵੀ ਤੇ ਲੰਘ ਲੰਘ ਕੇ ਚਰਨ ਦਵਾਰਾ ਲਿਆ ਮਲ, ਆਪਣੀ ਖ਼ੁਸ਼ੀ ਮਨਾਈਆ । ਦਸਾਂ ਪੋਟਿਆਂ ਨਾਲ ਹੌਲੀ ਜਿਹੀ ਜਿਸ ਵੇਲੇ ਤਕਿਆ ਉਹਦੇ ਵਲ, ਉਹ ਉਸੇ ਵੇਲੇ ਆਪਣਾ ਪਿਛਲਾ ਲੇਖਾ ਲੈ ਕੇ ਅੱਗੇ ਆਈਆ । ਰਾਤ ਦਾ ਸੁੱਤਿਆਂ ਸੁੱਤਿਆਂ ਤੁਹਾਡੇ ਨਾਲ ਗਿਆ ਰਲ, ਅੱਜ ਆਇਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ ।

ਜਲ ਕਹੇ ਮੈਂ ਸਭ ਤੋਂ ਪਵਿੱਤਰ, ਦੇਵਾਂ ਵਿਚੋਂ ਦੇਵ ਨਜ਼ਰੀ ਆਈਆ । ਮਿਟੀ ਖ਼ਾਕ ਵਿਚੋਂ ਨਿਤਰ, ਸੋਹਣਾ ਸਾਫ ਰੂਪ ਵਟਾਈਆ । ਏਸੇ ਤਰਾਂ ਭਗਤ ਭਗਵਾਨ ਵਿਚੋਂ ਆਵਣ ਨਿਕਲ, ਤੱਤਾਂ ਵਾਲਾ ਸਰੀਰ ਹੰਢਾਈਆ । ਮੇਰੇ ਬਣ ਕੇ ਮਿੱਤਰ, ਚਰਨ ਮੇਰੇ ਵਿਚ ਰਖਾਈਆ । ਏਸੇ ਕਰ ਕੇ ਮੇਰਾ ਤੀਰਥਾਂ ਉਤੇ

ਹੁੰਦਾ ਜਿਕਰ, ਤਟ ਦੇਣ ਗਵਾਹੀਆ । ਜਲ ਕਹੇ ਜੇ ਰਵਿਦਾਸ ਦੇ ਟੁੱਟੇ ਮੇਰੇ ਵਿਚ ਨਾ ਪੈਂਦੇ ਛਿਤਰ, ਮੇਰਾ ਅੰਮ੍ਰਿਤ ਰੂਪ ਨਜ਼ਰ ਕੋਇ ਨਾ ਆਈਆ । ਮੈਨੂੰ ਭਗਤਾਂ ਦੇ ਮਿਲਣ ਦਾ ਇਸ਼ਕ, ਏਸੇ ਕਰ ਕੇ ਸੰਗ ਰਿਹਾ ਬਣਾਈਆ । ਤੁਹਾਡੇ ਵੇਂਹਦਿਆਂ ਵੇਂਹਦਿਆਂ ਰਾਵੀ ਵਿਚੋਂ ਥੋੜਾ ਆਇਆ ਖਿਸਕ, ਆਪਣਾ ਰੂਪ ਬਦਲਾਈਆ । ਜਿਸ ਵੇਲੇ ਰਾਤ ਨੂੰ ਤੁਹਾਨੂੰ ਲੱਗਣਾ ਤਿਲਕ, ਮੈਂ ਵਿਚ ਹਿੱਸਾ ਦੇਣਾ ਪਾਈਆ । ਦੱਸਾਂ, ਵੇਂਹਦਾ ਰਿਹਾ ਕਿਉਂ ਕਿਸ਼ਨ ਸਿੰਘ ਦੀ ਨਿਕਲਦੀ ਰਹੀ ਕਿਲਕ, ਨੇਤਰ ਰੋਵੇ ਮਾਰੇ ਧਾਈਆ । ਅਜੇ ਤੱਕ ਪ੍ਰਭੂ ਨਹੀਂ ਦਿਤਾ ਝਿੜਕ, ਧੱਕਾ ਦੇ ਨਾ ਪਰ੍ਹੇ ਹਟਾਈਆ । ਮੈਂ ਜਾਚ ਸਿਖ ਕੇ ਰਖਿਆ ਸਿਦਕ, ਭਰੋਸੇ ਵਿਚ ਮੰਗੀ ਸਰਨਾਈਆ । ਬੇਸ਼ਕ ਮੈਨੂੰ ਤਾਹਨੇ ਦੇਵਣ ਨਿੰਦਕ, ਮੈਨੂੰ ਚੋਟ ਲੱਗੇ ਨਾ ਰਾਈਆ । ਮੈਂ ਭਗਤਾਂ ਦੇ ਅੱਗੇ ਕਰਾਂ ਮਿੰਨਤ, ਸਜਣੋ ਮੇਰਾ ਸੰਗ ਲੈਣਾ ਬਣਾਈਆ । ਤੁਸੀਂ ਕੋਈ ਨਾ ਜਾਇਓ ਤੀਰਥ ਕਰ ਕੇ ਆਪਣੀ ਹਿੰਮਤ, ਤੁਹਾਨੂੰ ਪਿਛਲਾ ਲੇਖਾ ਯਾਦ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਡੇ ਏਥੇ ਚਰਨ ਧੋਵਣ ਆਈਆ । ਤੁਹਾਡੀ ਖੁਆਰੀ ਨਾ ਹੋਵੇ ਜ਼ਿੱਲਤ, ਦੁਸ਼ਵਾਰੀ ਦਿਆਂ ਗਵਾਈਆ । ਤੁਹਾਨੂੰ ਖਿਤਾਬ ਮਿਲਿਆ ਧੁਰ ਦਾ ਖਿਲਤ, ਪੁਰਖ ਅਬਿਨਾਸ਼ੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਰਿਹਾ ਵਖਾਈਆ ।

ਸੁਣ ਕੇ ਬਚਨ ਬੋਲਿਆ ਅਸਥਾਨ ਚੁਰਾਸੀ, ਕੁਛ ਮੈਨੂੰ ਦਿਉ ਜਣਾਈਆ । ਬਾਲਮੀਕ ਜਿਥੇ ਬੈਠਾ ਰਿਹੋ ਦਿਨ ਅਠਾਸੀ, ਆਪਣਾ ਧਿਆਨ ਲਗਾਈਆ । ਬਤਾਲੀਵੇਂ ਦਿਨ ਵੇਲੇ ਤੈਨੂੰ ਆਈ ਸੀ ਖਾਂਸੀ, ਹੌਕਾ ਲੈ ਕੇ ਦਿਤਾ ਜਣਾਈਆ । ਓਧਰੋਂ ਤੇਰੀ ਘਰ ਵਾਲੀ ਦੀ ਆਈ ਸੀ ਮਾਸੀ, ਤੈਨੂੰ ਥੋੜਾ ਜਿਹਾ ਦੁਸਾਂਦਾ ਦਿਤਾ ਪਿਆਈਆ । ਫੇਰ ਉਠ ਕੇ ਆਈ ਤੇਰੀ ਚਾਚੀ, ਜੋ ਗਰਮ ਪਾਣੀ ਨਾਲ ਗਈ ਨੁਹਾਈਆ । ਤੂੰ ਹੌਲੀ ਜਿਹੀ ਉਹਨਾਂ ਇਕ ਗਲ ਆਖੀ, ਬੇਨੰਤੀ ਨਾਲ ਸੁਣਾਈਆ । ਤੁਸੀਂ ਸੱਜਣ ਮੇਰੇ ਝੂਠੇ ਸਾਥੀ, ਮੈਂ ਸੱਜਣ ਲੱਭਣਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਰਿਹਾ ਉਠਾਈਆ ।

ਸਭ ਕੁਛ ਸੁਣ ਬੋਲੀ ਭੂਮੀ, ਭੂਮਿਕਾ ਰਹੀ ਜਣਾਈਆ । ਬੇਸ਼ਕ ਮੈਂ ਰਸਨਾ ਨਾਲ ਨਹੀਂ ਕੂੰਦੀ, ਇਸ਼ਾਰਿਆਂ ਨਾਲ ਦਰਸਾਈਆ । ਤੈਨੂੰ ਨਜ਼ਰ ਨਹੀਂ ਔਂਦਾ ਜਿਸ ਵੇਲੇ ਉਹ ਮਾਲਕਾਂ ਦਾ ਮਾਲਕ ਆਵੇ ਉਸ ਦੇ ਹੱਥ ਵਿਚ ਹੋਣੀ ਇਕ ਖੂੰਡੀ, ਜਿਸ ਖੂੰਡੀ ਦਾ ਰੂਪ ਆਦਿ ਸ਼ਕਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭੂਮਿਕਾ ਦਰ ਸਾਚੇ ਆਪ ਸੁਹਾਈਆ ।

ਭੂਮਿਕਾ ਕਹੇ ਏਥੇ ਚੁਰਾਸੀਆਂ ਕੀਤਾ ਇਕ ਹਵਨ, ਟੋਆ ਢਾਈ ਹੱਥ ਪੁਟਾਈਆ । ਘਿਰਤ ਦੀਪ ਸੁਗੰਧੀ ਲਈ ਪਵਣ, ਅਗਨੀ ਤੱਤ ਤਪਾਈਆ । ਵੇਦ ਮੰਤਰਾਂ ਗਾਇਆ ਗਵਣ, ਸ਼ਾਸਤਰ ਕਰ ਪੜ੍ਹਾਈਆ । ਫੂਲ ਵਿਚ ਕੀਤਾ ਦਮਨ, ਤੁਲਸੀ ਪੱਤੇ ਭੇਟ ਚੜ੍ਹਾਈਆ । ਲਾਲ ਅੰਗਿਆਰਾਂ ਵਾਲਾ ਚਮਨ, ਸੋਹਣਾ ਲਿਆ ਬਣਾਈਆ । ਪ੍ਰਭ ਕਾ ਭੇਵ ਜਾਣੇ ਕਵਣ, ਸਾਚੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਜੁਗਾ ਜੁਗੰਤਰ ਜਿਸ ਆਪਣੀ ਧਾਰ ਆਪਣੇ ਵਿਚ ਰਖਾਈਆ । ।

ੴ ੴ ੴ ੴ ੴ

ੴ ੧੬ ਪੋਹ ੨੦੨੧ ਬਿਕ੍ਰਮੀ ਬੀਬੀ ਬੰਤੀ ਅਤੇ ਦਲੀਪ ਸਿੰਘ ਪਿੰਡ ਬਾਬੂਪੁਰਾ ਜ਼ਿਲਾ ਗੁਰਦਾਸਪੁਰ ੴ

ਸਾਚਾ ਨਿਸ਼ਾਨਾ ਕਹੇ ਵਾਰੀ ਆਈ ਸਵਰਨ, ਸਚਖੰਡ ਦਵਾਰੇ ਸਾਚੇ ਲਏ ਅੰਗੜਾਈਆ । ਜਿਸ ਨੂੰ ਜੀਵਣ ਤੋਂ ਪਹਿਲੋਂ ਮਰਨ ਤੋਂ ਪਿਛੋਂ ਮਿਲੀ ਸਰਨ, ਚਰਨ ਕਵਲ ਪ੍ਰਭ ਵਡਿਆਈਆ । ਉਹ ਸਾਚੀ ਸੇਵਾ ਆਇਆ ਕਰਨ, ਨਿਰਗੁਣ ਧਾਰ ਹੁਕਮੇ ਅੰਦਰ ਫੇਰਾ ਪਾਈਆ । ਸੱਤ ਰੰਗ ਨਿਸ਼ਾਨਾ ਆਇਆ ਫੜਨ, ਆਕਾਸ਼ ਪਤਾਲਾਂ ਪੰਧ ਮੁਕਾਈਆ । ਸਾਚਾ ਢੋਲਾ ਗੀਤ ਗੋਬਿੰਦ ਆਇਆ ਪੜ੍ਹਨ, ਧੁਰ ਦਾ ਰਾਗ ਜਣਾਈਆ । ਸਾਚੇ ਮੰਦਰ ਆਇਆ ਚੜ੍ਹਨ, ਮਹੱਲ ਅਟੱਲ ਵੇਖ ਵਖਾਈਆ । ਮੇਟਣ ਆਇਆ ਵਰਨ ਬਰਨ, ਜ਼ਾਤ ਪਾਤ ਉਚ ਨੀਚ ਝਗੜੇ ਦਏ ਚੁਕਾਈਆ । ਏਕਾ ਰੰਗ ਆਇਆ ਰੰਗਣ, ਨਾਮ ਲਲਾਰੀ ਰੂਪ ਵਟਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਲੈ ਕੇ ਆਇਆ ਸੰਗਣ, ਧੁਰ ਦਾ ਸੰਗ ਬਣਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਤੋੜ ਕੇ ਆਇਆ ਫੰਦਨ, ਕਿਰਿਆ ਕੂੜੀ ਸੰਗ ਨਾ ਕੋਇ ਰਲਾਈਆ । ਜਨਮ ਕਰਮ ਦਿਆਂ ਵਿਛੜਿਆਂ ਆਤਮ ਪਰਮਾਤਮ ਆਇਆ ਗੰਢਣ, ਧੁਰ ਦਾ ਮੇਲਾ ਮੇਲ ਮਿਲਾਈਆ । ਬੇੜਾ ਪਾਰ ਕਰਨ ਆਇਆ ਬਿਨਾਂ ਮੁਹਾਣੇ ਵੰਜਣ, ਖੇਵਟ ਖੇਟਾ ਹੋ ਕੇ ਸੇਵ ਕਮਾਈਆ । ਨਾਉਂ ਨਿਰੰਕਾਰ ਵਜਾਵਣ ਆਇਆ ਮਰਦੰਗਣ, ਬ੍ਰਹਿਮੰਡ ਖੰਡ ਪੁਰੀ ਲੋਅ ਦਏ ਸੁਣਾਈਆ । ਸ਼ਾਹ ਸਵਾਰਾ ਸਾਚੇ ਅਸਵ ਕਸਣ ਆਇਆ ਤੰਗਣ, ਪਾਖਰ ਜ਼ੀਨ ਇਕੋ ਨਜ਼ਰੀ ਆਈਆ । ਜਨ ਭਗਤਾਂ ਮਸਤਕ ਟਿੱਕਾ ਧੂੜੀ ਲਾਵਣ ਆਇਆ ਚੰਦਨ, ਜਨਮ ਜਨਮ ਦੀ ਦੁਰਮਤ ਮੈਲ ਧੁਆਈਆ । ਸਚ ਭੰਡਾਰਾ ਏਕਾ ਨਾਮ ਖਜ਼ਾਨਾ ਆਇਆ ਵੰਡਣ, ਹੁਕਮ ਮੰਨ ਕੇ ਬੇਪਰਵਾਹੀਆ । ਕੂੜ ਕੁੜਿਆਰਾਂ ਠੱਗਾਂ ਚੋਰਾਂ ਯਾਰਾਂ ਆਇਆ ਡੰਡਣ, ਖੜਗ ਖੰਡਾ ਇਕੋ ਹੱਥ ਉਠਾਈਆ । ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਪਾਰ ਆਇਆ ਲੰਘਣ, ਬਲਧਾਰੀ ਵੇਸ ਵਟਾਈਆ । ਚੌਦਾਂ ਤਬਕ ਮੁਕਾ ਆਇਆ ਪੰਧਨ, ਪਾਂਧੀ ਹੋ ਕੇ ਫੇਰਾ ਪਾਈਆ । ਈਸਾ ਮੂਸਾ ਬਣ ਦਰਵੇਸ਼ ਸੰਗ ਮੁਹੰਮਦ ਜਿਸ ਦਵਾਰੇ ਕਰਦੇ ਬੰਦਨ, ਸਜਦਿਆਂ ਵਿਚ ਸੀਸ ਝੁਕਾਈਆ । ਜੋ ਪਰਵਰਦਿਗਾਰ ਸਾਂਝਾ ਯਾਰ ਖੇਲੇ ਖੇਲ ਵਿਚ ਬ੍ਰਹਿਮੰਡਣ, ਵਰਭੰਡਣ ਵੇਖ ਵਖਾਈਆ । ਜੋ ਸੂਫੀਆਂ ਸੰਤਾਂ ਚਰਨ ਧੂੜੀ ਦੇਵੇ ਮਜਨ, ਸਰ ਸਰੋਵਰ ਇਕੋ ਇਕ ਨੁਹਾਈਆ । ਜੋ ਆਦਿ ਜੁਗਾਦਿ ਨਿਤ ਨਵਿਤ ਦੋ ਜਹਾਨਾਂ ਕਰੇ ਅਦਲ, ਅਦਾਲਤ ਆਪਣੀ ਇਕ ਸਮਝਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਾਰ ਦੇਵੇ ਬਦਲ, ਲੋਕਮਾਤ ਸਕੇ ਨਾ ਕੋਇ ਅਟਕਾਈਆ । ਜੋ ਸਹਿਜ ਸੁਭਾਏ ਭਗਤਾਂ ਮੁੱਖ ਲਗਾਏ ਸ਼ਗਨ, ਨਾਮ ਰਸ ਇਕ ਚਖਾਈਆ । ਜਿਸ ਦੇ ਲੱਖ ਚੁਰਾਸੀ ਜੀਵ ਜੰਤ ਦੀਪਕ ਜਗਣ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੱਤ ਰੰਗ ਕਹੇ ਮੈਂ ਵੇਖਿਆ ਸ਼ਹਿਨਸ਼ਾਹ, ਸਚਖੰਡ ਬੇਪਰਵਾਹੀਆ । ਜਿਸ ਦੀ ਮਦਦ ਮੰਗ ਕੇ ਅਲੀ ਕਿਹਾ ਖ਼ੁਦਾ, ਪੈਗ਼ੰਬਰ ਨਿਉਂ ਨਿਉਂ ਲਾਗੇ ਪਾਈਆ । ਜਿਸ ਦਾ ਵਾਹਦ ਰੂਪ ਜੁਦਾ, ਜੁਜ਼ ਵਿਚ ਜਗਤ ਲੁਕਾਈਆ । ਜੋ ਨਾਮ ਅਹਿਬਾਬ ਰਬਾਬ ਰਿਹਾ ਵਜਾ, ਨਗ਼ਮਾ ਹੱਕ ਹੱਕ ਸੁਣਾਈਆ । ਮੁਕਾਮੇ ਹੱਕ ਮਹਿਫਲ ਰਿਹਾ ਲਗਾ, ਤੁਆਰਫ ਆਪਣੇ ਨਾਲ ਜਣਾਈਆ । ਸਚ ਸੰਦੇਸ਼ਾ ਰਿਹਾ ਘਲਾ, ਹੁਕਮ ਇਕੋ ਬੇਪਰਵਾਹੀਆ । ਚੌਦਾਂ ਤਬਕ ਰਿਹਾ ਉਠਾ, ਜ਼ਿਮੀਂ ਆਸਮਾਨਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਪਰਵਰਦਿਗਾਰ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਆਦਿ ਜੁਗਾਦੀ ਸਾਂਝਾ ਯਾਰ, ਆਤਮ ਪਰਮਾਤਮ ਸਗਲਾ ਸੰਗ ਨਿਭਾਈਆ । ਵਸਣਹਾਰਾ ਮਹੱਲ ਅਟੱਲ ਉਚ ਮਿਨਾਰ, ਦਰਗਾਹ ਸਾਚੀ ਸੋਭਾ ਪਾਈਆ । ਤਖ਼ਤ ਨਿਵਾਸੀ ਏਕੰਕਾਰ, ਸੋ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਭਗਤ ਵਛਲ

ਗਿਰਵਰ ਗਿਰਧਾਰ, ਮੁਰੀਦ ਰਿਹਾ ਤਰਾਈਆ । ਨਗਮਿਆਂ ਦਾ ਸਰਦਾਰ, ਸਦਮਿਆਂ ਦਾ ਖੁਮਾਰ, ਨਾਮ ਖੁਮਾਰੀ ਇਕ ਰਖਾਈਆ । ਕਦਮਾਂ ਦਾ ਉਦਾਰ, ਪਦਮਾਂ ਦਾ ਸ਼ਿੰਗਾਰ, ਸੋਹਣਾ ਰੂਪ ਵਟਾਈਆ । ਗਰੀਬਾਂ ਦਾ ਮਦਦਗਾਰ, ਹੰਕਾਰੀਆਂ ਕਰਨਹਾਰਾ ਖ਼ਾਕ ਛਾਰ, ਖ਼ਾਕੀ ਖ਼ਾਕ ਰੂਪ ਸਮਾਈਆ । ਸਿਫਤਾਂ ਦਾ ਇਜ਼ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਇਕ ਹਮੇਸ਼, ਆਦਿ ਪੁਰਖ ਵੱਡੀ ਵਡਿਆਈਆ । ਜਿਸ ਨੂੰ ਸਜਦੇ ਕਰਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕੋਟਨ ਕੋਟ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਡਿਗੇ ਚਰਨਾਂ ਹੇਠ, ਸੀਸ ਸਕੇ ਨਾ ਕੋਇ ਉਠਾਈਆ । ਜੋ ਵਸੇ ਸਚ ਭੂਮਿਕਾ ਸਚਖੰਡ ਅਗੰਮੇ ਦੇਸ, ਸਚ ਦਵਾਰਾ ਇਕ ਸੁਹਾਈਆ । ਭੂਪਤ ਭੂਪ ਬਣਕੇ ਵਡ ਨਰੇਸ਼, ਨਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜ਼ੀਲ ਕੁਰਾਨ ਖਾਣੀ ਬਾਣੀ ਜਿਸ ਦਾ ਦਿੰਦੀ ਗਈ ਸੰਦੇਸ਼, ਲੱਖ ਚੁਰਾਸੀ ਹੁਕਮ ਜਣਾਈਆ । ਸੋ ਸਾਹਿਬ ਸਵਾਮੀ ਧਰ ਕੇ ਭੇਖ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਆ ਕੇ ਵਸਿਆ ਸੰਬਲ ਦੇਸ, ਜਿਸ ਦਾ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਜਨ ਭਗਤਾਂ ਲਿਖੇ ਧੁਰ ਦੇ ਲੇਖ, ਪੂਰਬ ਲਹਿਣੇ ਰਿਹਾ ਚੁਕਾਈਆ । ਸ਼ਹਿਨਸ਼ਾਹ ਬਣ ਕੇ ਆਪ ਦਰਵੇਸ਼, ਗੁਰਮੁਖ ਦਵਾਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਧੁਰ ਦਾ ਫੱਕਰ, ਜੋ ਪੀਰਾਂ ਫਕੀਰਾਂ ਰਿਹਾ ਤਰਾਈਆ । ਨਿਰਗੁਣ ਧਾਰੋਂ ਆਇਆ ਉਤਰ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਸਮਝ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਬਣਾਏ ਪੁੱਤਰ, ਪਿਤਾ ਆਪਣੀ ਗੋਦ ਉਠਾਈਆ । ਚੌਦਾਂ ਲੋਕ ਕਰਨ ਸ਼ੁਕਰ, ਚੌਦਾਂ ਤਬਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖਿਆ ਸਚਖੰਡ ਨਿਵਾਸੀ, ਨਿਰਗੁਣ ਦਾਤਾ ਬੇਪਰਵਾਹੀਆ । ਜਿਸ ਦਾ ਖੇਲ ਤਮਾਸ਼ੀ, ਮੰਡਲ ਰਾਸੀ ਸਾਰ ਨਾ ਪਾਈਆ । ਸੋ ਸਾਹਿਬ ਭਗਤਾਂ ਬਣਿਆਂ ਸਾਥੀ, ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲਿਖ ਲਿਖ ਦੇ ਕੇ ਗਏ ਪਾਤੀ, ਪੱਤਣ ਇਕੋ ਇਕ ਜਣਾਈਆ । ਸੋ ਸਭ ਦਾ ਲੇਖਾ ਦੇਵੇ ਬਾਕੀ, ਪੂਰਬ ਪੂਰਬ ਝੋਲੀ ਪਾਈਆ । ਕਲਜੁਗ ਵੇਖ ਅੰਧੇਰੀ ਰਾਤੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮੰਜ਼ਲ ਚੜ੍ਹ ਕੇ ਆਪਣੀ ਘਾਟੀ, ਪੰਧ ਅਗਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਸੱਤ ਰੰਗ ਨਿਸ਼ਾਨਾ ਕਹੇ ਵੇਖੀਏ ਮੁਰਸ਼ਦ, ਜੋ ਮੁਰੀਦਾਂ ਦਏ ਵਡਿਆਈਆ । ਧੁਰਦਰਗਾਹੀ ਆਪਣੀ ਕਰਕੇ ਆਇਆ ਫੁਰਸਤ, ਸਮਾਂ ਸਮੇਂ ਵਿਚੋਂ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਗੁਰਬਤ, ਗ਼ਰੂਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਧੋਵੇ ਮੈਲ ਦੁਰਮਤ, ਪਾਕੀ ਪਾਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਕਹੇ ਮੈਂ ਵੇਖਿਆ ਅਜੀਬ, ਅਜਬ ਨਿਰਾਲਾ ਖੇਲ ਕਰਾਈਆ । ਸ਼ਹਿਨਸ਼ਾਹ ਹੋ ਕੇ ਬਣਿਆ ਆਪ ਗਰੀਬ, ਨਿਮਾਣਿਆਂ ਨਿਮਾਣ ਰੂਪ ਵਟਾਈਆ । ਜਨ ਭਗਤਾਂ ਬਦਲਣ ਆਇਆ ਨਸੀਬ, ਨਸੀਹਤ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਈਆ ।

ਸੱਤ ਰੰਗ ਕਹੇ ਵੇਖੋ ਭਿਖਾਰੀ, ਦਰ ਮਾਂਗਤ ਬੇਪਰਵਾਹੀਆ । ਭਗਤ ਸੁਹੇਲਾ ਆਇਆ ਆਪਣੀ ਵਾਰੀ, ਸਦੀ ਵੀਹਵੀਂ ਵੇਸ ਵਟਾਈਆ । ਜੇਹੜਾ ਆਦਿ ਜੁਗਾਦਿ ਜੁਗ ਚੌਕੜੀ ਮਫਰੂਰ ਹੋ ਕੇ ਬਣਿਆ ਰਿਹਾ ਇਸ਼ਤਿਹਾਰੀ, ਖੋਜਿਆਂ ਹੱਥ ਕਿਸੇ ਨਾ ਆਈਆ । ਲੁਕਿਆ ਰਿਹਾ ਸਚਖੰਡ ਸੱਚੇ ਦਰਬਾਰੀ, ਮੁਕਾਮੇ ਹੱਕ ਮੁਖ ਨਕਾਬ ਟਿਕਾਈਆ । ਹੁਕਮ ਸੰਦੇਸ਼ਾ ਦੇਂਦਾ ਰਿਹਾ ਵਾਰੋ ਵਾਰੀ, ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸੇਵ ਲਗਾਈਆ । ਲੇਖ ਲਿਖੌਂਦਾ ਰਿਹਾ ਬਣ ਲਿਖਾਰੀ, ਕਾਤਬ ਹੋ ਕੇ ਕਲਮ ਚਲਾਈਆ । ਹੁਕਮ ਮਨੌਂਦਾ ਰਿਹਾ ਬਣ ਕੇ ਵਡ ਸੰਸਾਰੀ, ਧੁਰ ਦੀ ਧਾਰ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਵੇਸ ਵਟਾਈਆ ।

ਹੁਕਮੇ ਅੰਦਰ ਵਟਿਆ ਵੇਸ, ਵੱਟਾ ਸਭ ਨੂੰ ਲਏ ਲਗਾਈਆ । ਆਪੇ ਸ਼ਾਹ ਆਪੇ ਨਰੇਸ਼, ਦਰਵੇਸ਼ ਆਪਣੀ ਖੇਲ ਕਰਾਈਆ । ਆਪੇ ਰਹਿਣਹਾਰ ਹਮੇਸ਼, ਆਪੇ ਖਿੰਨ ਖਿੰਨ ਆਪਣਾ ਫੇਰਾ ਪਾਈਆ । ਆਪੇ ਕਰਨਹਾਰ ਆਦੇਸ਼, ਆਪੇ ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਆਪੇ ਖਿਦਮਤਗਾਰ ਆਪਣਾ ਆਪ ਕਰਨਹਾਰਾ ਪੇਸ਼, ਆਪੇ ਸੁਲਤਾਨ ਬਣ ਕੇ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ ।

ਦਰਵੇਸ਼ ਹੋਇਆ ਪਰਵਰਦਿਗਾਰ, ਤਨ ਮਾਟੀ ਖ਼ਾਕੀ ਚੋਲਾ ਤੱਤ ਹੰਢਾਈਆ । ਦੋ ਜਹਾਨਾਂ ਪੰਧ ਮੁਕੌਂਦਾ ਆਇਆ ਓਸੇ ਦੇਸ, ਜਿਸ ਦੀ ਦਿਸ਼ਾ ਸਮਝ ਕਿਸੇ ਨਾ ਆਈਆ । ਜਿਸ ਦੀ ਸਿਫ਼ਤ ਗੌਂਦਾ ਦੋਏ ਸਹੰਸਰ ਜੇਹਵਾ ਫੰਨ ਸ਼ੇਸ਼, ਸ਼ਾਸਤਰ ਸਿਮਰਤ ਦੇਣ ਗਵਾਹੀਆ । ਸੋ ਸਾਹਿਬ ਸੁਲਤਾਨਾ ਮਿਹਰਵਾਨਾ ਬਖ਼ਸ਼ਣਹਾਰਾ ਟੇਕ, ਟਿੱਕੇ ਮਸਤਕ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਵੇਖ ਮੌਕਾ, ਇਕੋ ਵਾਰ ਕੁਰਲਾਈਆ । ਸਚਖੰਡ ਦਵਾਰੇ ਦੇਵਾਂ ਹੋਕਾ, ਬ੍ਰਹਿਮੰਡਾਂ ਖੰਡਾਂ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਧਿਆਨ ਕਰ ਕੇ ਚੌਦਾਂ ਲੋਕਾ, ਚੌਦਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਫੇਰਾ ਪਾਈਆ ।

ਸੱਤ ਰੰਗ ਨਿਸ਼ਾਨਾ ਕਹੇ ਮੈਂ ਗੁਰ ਅਵਤਾਰ ਪੀਰ ਪੈਗ਼ੰਬਰ ਸੱਦਾਂ, ਸੰਦੇਸ਼ਾ ਨਾਮ ਸੁਣਾਈਆ । ਸਭ ਦੇ ਪਿਛੇ ਉਠ ਉਠ ਭੱਜਾਂ, ਵਾਹੋ ਦਾਹੀ ਪੰਧ ਮੁਕਾਈਆ । ਆਓ ਵੇਖੋ ਸਾਰੇ ਆਪਣਾ ਅੱਗਾ, ਪਿਛਲਾ ਲੇਖ ਮੁਕਾਈਆ । ਜੇਹੜਾ ਸ਼ਬਦੀ ਗੋਬਿੰਦ ਪਾਇਆ ਝੱਗਾ, ਉਹ ਦਰਵੇਸ਼ ਆਪਣੇ ਤਨ ਛੁਹਾਈਆ । ਸਭ ਨਾਲੋਂ ਲੱਗਾ ਚੰਗਾ, ਚਾਰ ਕੁੰਟ ਕਰੇ ਰੁਸ਼ਨਾਈਆ । ਜਨ ਭਗਤ ਦਵਾਰੇ ਆ ਕੇ ਗੁਰਮੁਖਾਂ ਕੋਲੋਂ ਮੰਗੇ ਮੰਗਾਂ, ਆਪਣੀ ਝੋਲੀ ਅੱਗੇ ਡਾਹੀਆ । ਮੈਂ ਪੈਰਾਂ ਤੋਂ ਨੰਗਾ, ਭੁਜਾਂ ਤਾਣ ਨਾ ਕੋਇ ਰਖਾਈਆ । ਵੇਖਣ ਵਾਲਾ ਬੰਦਿਆਂ ਵਰਗਾ ਬੰਦਾ, ਤੱਤਾਂ ਦਾ ਆਧਾਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੱਤ ਰੰਗ ਨਿਸ਼ਾਨਾ ਕਹੇ ਗੁਰ ਅਵਤਾਰ ਪੀਰ ਪੈਗ਼ੰਬਰ ਤੱਕੋ ਜਲਵਾ, ਨੂਰ ਜ਼ਹੂਰ ਖ਼ੁਦਾਈਆ । ਜਿਸ ਦੇ ਨਾਂ ਦਾ ਨਿਆਜ਼ਾਂ ਅੰਦਰ ਖਾਂਦੇ ਆਏ ਹਲਵਾ, ਸੋ ਅਹਿਵਾਲਾ ਦੇ ਕੇ ਰਿਹਾ ਜਣਾਈਆ । ਜਿਸ ਦਾ ਲਹਿਣਾ ਦੇਣਾ ਸਗਵਾਂ, ਸਨਮੁਖ ਹੋ ਕੇ ਰਿਹਾ ਮੁਕਾਈਆ । ਜਿਸ ਦਾ ਦੀਪਕ ਇਕੋ ਜਗਣਾ, ਲੋਕ

ਪਰਲੋਕ ਕਰੇ ਰੁਸ਼ਨਾਈਆ । ਜਿਸ ਦਾ ਨਗਾਰਾ ਇਕੋ ਵੱਜਣਾ, ਬ੍ਰਹਿਮੰਡਾਂ ਖੰਡਾਂ ਕਰੇ ਸ਼ਨਵਾਈਆ । ਜਿਸ ਦਾ ਮੰਦਰ ਇਕੋ ਸਜਣਾ, ਸਤਿ ਸਵਾਮੀ ਨਜ਼ਰੀ ਆਈਆ । ਜਿਸ ਦਾ ਚੌਦਾਂ ਤਬਕਾਂ ਇਕੋ ਅਦਲਾ, ਇਨਸਾਫ ਵਿਚ ਰੱਖੇ ਲੋਕਾਈਆ । ਜਿਸ ਦਾ ਸੀਸ ਧੜ ਕਿਸੇ ਤੋਂ ਹੋਵੇ ਕਦੇ ਨਾ ਕਤਲਾ, ਕਾਤਲ ਮਕਤੂਲ ਨਜ਼ਰ ਕੋਇ ਨਾ ਆਈਆ । ਜਿਸ ਦਾ ਸਭ ਤੋਂ ਵੱਖਰਾ ਵਸਲਾ, ਵਸਲੇ ਯਾਰ ਇਕ ਰਖਾਈਆ । ਓਹ ਤਾਰੇ ਆਲਾ ਅਦਨਾ, ਗਰੀਬ ਨਿਮਾਨਿਆਂ ਗੋਦ ਉਠਾਈਆ । ਕਲਜਗ ਕੋਲੋਂ ਸਤਿਜੁਗ ਲਏ ਬਦਲਾ, ਉਲਟੀ ਧਾਰਾ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਤੱਕੋ ਉਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਵੇਖੋ ਆਪਣਾ ਦੇਵਣ ਆਇਆ ਸਬੂਤ, ਲੋਕਮਾਤ ਫੇਰਾ ਪਾਈਆ । ਦਰਵੇਸ਼ਾਂ ਵਾਲਾ ਕਲਬੂਤ, ਸ਼ਹਿਨਸ਼ਾਹ ਆਪਣੀ ਸੇਵ ਕਮਾਈਆ । ਆਪਣੀ ਉਤਾਰਨ ਆਇਆ ਭੁਖ, ਜਨ ਭਗਤਾਂ ਅੱਗੇ ਝੋਲੀ ਡਾਹੀਆ । ਮੈਂ ਹਾਜ਼ਰ ਹੋਇਆ ਮੌਜੂਦ, ਮੁਫਲਸ ਹੋ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਗੇ ਇਕ ਦਰ, ਜਨ ਭਗਤ ਦਿਓ ਵਡਿਆਈਆ ।

ਜਨ ਭਗਤੋ ਕਰੋ ਸਚ ਪਿਆਰ, ਪ੍ਰੇਮ ਪ੍ਰੀਤੀ ਮੰਗ ਮੰਗਾਇੰਦਾ । ਤੁਸੀਂ ਸ਼ਹਿਨਸ਼ਾਹ ਮੇਰੇ ਸਰਦਾਰ, ਮੈਂ ਖ਼ਾਦਮ ਨਜ਼ਰੀ ਆਇੰਦਾ । ਮੈਂ ਤੁਆਰਫ ਕਰਾਂ ਵਿਚ ਸੰਸਾਰ, ਸਿਫ਼ਤਾਂ ਨਾਲ ਸਲਾਹਿੰਦਾ । ਤੁਹਾਡੇ ਨਾਲ ਮਿਲ ਕੇ ਹੋਵਾਂ ਨਾ ਕਦੇ ਖ਼ਵਾਰ, ਖ਼ਵਾਰੀ ਸਭ ਦੀ ਆਪਣੀ ਝੋਲੀ ਪਾਇੰਦਾ । ਫੜਿਆਂ ਕਿਸੇ ਤੋਂ ਨਾ ਹੋਵਾਂ ਗਿਰਫਤਾਰ, ਬੰਦੀਖਾਨੇ ਸਰਬ ਰਖਾਇੰਦਾ । ਜੋਤਾਂ ਵਿਚੋਂ ਮੇਰਾ ਨੂਰ ਉਜਿਆਰ, ਜਹੂਰਾਂ ਵਿਚੋਂ ਜਾਹਰਾ ਕਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਅਲਖ ਜਗਾਇੰਦਾ ।

ਸ਼ਾਹ ਸੁਲਤਾਨ ਮਿਹਰਵਾਨ ਜਗਾਏ ਅਲੱਖ, ਨਾਅਰਾ ਹੱਕ ਸੁਣਾਈਆ । ਧੁਰ ਦਰਗਾਹ ਹੋ ਪਰਤੱਖ, ਆਪਣਾ ਵੇਸ ਵਟਾਈਆ । ਸਾਚਾ ਮਾਰਗ ਇਕ ਦੱਸ, ਦੋ ਜਹਾਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ ।

ਜਨ ਭਗਤ ਦਰ ਤੇਰੇ ਆਇਆ, ਧੁਰ ਦੀ ਆਸ ਰਖਾਈਆ । ਮੇਰਾ ਦਲਿੱਦਰ ਦਿਓ ਗਵਾਇਆ, ਭੁੱਖ ਰਹੇ ਨਾ ਰਾਈਆ । ਕਲਜੁਗ ਅੰਤਮ ਝੂਠੀ ਮੰਗੇ ਮਾਇਆ, ਮਮਤਾ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਕਹੇ ਪ੍ਰਭ ਤੇਰੀ ਸਿਖਿਆ ਚੰਗੀ ਸਿਖੀ, ਸਿਖੀ ਵਿਚੋਂ ਸਿਖ ਨਜ਼ਰੀ ਆਈਆ । ਸਾਨੂੰ ਯਾਦ ਆਈ ਗੋਬਿੰਦ ਵਾਲੀ ਚਿੱਠੀ, ਜੇਹੜੀ ਦਸਤ ਗਿਆ ਫੜਾਈਆ । ਜਿਸ ਵੇਲੇ ਸੰਮਤ ਆਵੇ ਵੀਹ ਸੌ ਇਕੀ, ਇਕੀਆਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਲੇਖੇ ਬਣਾਈਆ ।

ਚਿਠੀ ਵਿਚ ਗੁਰਮੁਖਾਂ ਦਿਤਾ ਇਖ਼ਤਿਆਰ, ਹੁਕਮ ਇਕ ਜਣਾਈਆ । ਪੁਰਖ ਅਕਾਲ ਤੁਹਾਡਾ ਸਾਂਝਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਦਰ ਤੇ ਆਵੇ ਬਣ ਭਿਖਾਰ, ਅਲਫੀ ਤਨ ਛੁਹਾਈਆ । ਮੰਗੇ ਮੰਗ ਭਰੇ ਵਿਚ ਦਰਬਾਰ, ਆਪਣੀ ਆਸ ਵਧਾਈਆ । ਓਸ ਵੇਲੇ ਭਿਛਿਆ ਦੇਣੀ ਡਾਰ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਵੀਹ ਸੌ ਇਕੀ ਦਾ ਇਕੀਆਂ ਸੈਂਕੜਿਆਂ ਵਾਲਾ ਹਾਰ, ਹਰਿ ਹਰਿ

ਹਰਿ ਹਰ ਰੰਗ ਸਮਾਈਆ । ਅੱਗੇ ਤੋਂ ਭਗਤਾਂ ਦਾ ਕਰੇ ਇਤਬਾਰ, ਬੇਇਤਬਾਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

ਇਕੀ ਸੌ ਦਾ ਹਾਰ ਨਹੀਂ ਇਹ ਗੁਰਮੁਖਾਂ ਦੇ ਸਿਖ, ਸਿਖਾਂ ਦੇ ਗੁਰਮੁਖ ਨਜ਼ਰੀ ਆਈਆ । ਜਿਨ੍ਹਾਂ ਦਾ ਲੇਖਾ ਗੋਬਿੰਦ ਗਿਆ ਲਿਖ, ਲਿਖਤ ਕੀਤੀ ਕਲਮ ਸ਼ਾਹੀਆ । ਜਿਨ੍ਹਾਂ ਨਾਲ ਬਣਿਆ ਭਵਿਖ, ਵਾਕ ਭਵਿਖਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਇਕੀਆਂ ਦਾ ਹਾਰ ਇਕੀ ਸਿਰ, ਗੁਰਮੁਖ ਆਪਾ ਭੇਟ ਚੜ੍ਹਾਈਆ । ਜਿਨ੍ਹਾਂ ਦੀ ਸਾਹਿਬ ਸੁਲਤਾਨ ਬਣਿਆ ਧਿਰ, ਪੁਰਖ ਅਕਾਲ ਹੋਇਆ ਸਹਾਈਆ । ਉਹਨਾਂ ਦੀ ਕਹਾਣੀ ਅੱਗੇ ਜਾਣੀ ਛਿੜ, ਭੇਵ ਅਭੇਦਾ ਦਏ ਖੁਲ੍ਹਾਈਆ । ਕਲਜੁਗ ਉਲਟਾ ਗੇੜਾ ਜਾਣਾ ਗਿੜ, ਲੱਖ ਚੁਰਾਸੀ ਲੱਠ ਆਪ ਭੁਵਾਈਆ । ਸ਼ਾਹ ਸੁਲਤਾਨਾਂ ਮਰਨਾ ਭਿੜ ਭਿੜ, ਧੀਰਜ ਧੀਰ ਨਾ ਕੋਇ ਧਰਾਈਆ । ਇਕ ਦਰਵੇਸ਼ ਨੇ ਖਾਲੀ ਕਰਨਾ ਪਿੜ, ਨੌਂ ਖੰਡ ਪ੍ਰਿਥਮੀ ਇਕੋ ਹੁਕਮ ਵਰਤਾਈਆ । ਗੁਰਮੁਖ ਵਿਰਲਾ ਰਹਿਣਾ ਥਿਰ, ਜਿਸ ਸਿਰ ਆਪਣਾ ਹੱਥ ਰਖਾਈਆ । ਕੱਚੇ ਬੇਰ ਜਾਣੇ ਝਿਰ, ਪੱਤ ਟਹਿਣੀ ਰਹੇ ਕੁਰਲਾਈਆ । ਇਕੋ ਭਬਕ ਮਾਰੇ ਸ਼ੇਰ, ਦੋ ਜਹਾਨ ਦਏ ਹਲਾਈਆ । ਲੱਖ ਚੁਰਾਸੀ ਹੁਕਮੇ ਅੰਦਰ ਘੇਰ, ਰਾਏ ਧਰਮ ਹੱਥ ਫੜਾਈਆ । ਗੁਰਮੁਖਾਂ ਦੀ ਗਰੀਬੀ ਇਕੀਆਂ ਪਿਛੇ ਦਏ ਨਬੇੜ, ਨਾਮ ਦੇ ਧਨੀ ਸਾਰੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਗੁਰਮੁਖ ਦਾ ਹਾਰ ਰਿਹਾ ਦੱਸ, ਸੋਹਣਾ ਹਾਲ ਜਣਾਈਆ । ਇਕ ਵੇਰਾਂ ਸਤਿਜੁਗ ਮੈਂ ਆਇਆ ਕਪਲ ਮੁਨੀ ਦੇ ਹੱਥ, ਓਸ ਅਮਾਨਤ ਦਿਤਾ ਟਿਕਾਈਆ । ਫਿਰ ਰਾਮ ਗਲ ਛੁਹਾਇਆ ਦਸਰਥ, ਪਿਤਾ ਪੁਤ ਪਿਆਰ ਵਖਾਈਆ । ਰਾਮ ਨੇ ਅੰਦਰ ਦਿਤਾ ਟੰਗ, ਫਿਰ ਹੱਥ ਨਾ ਕੋਇ ਛੁਹਾਈਆ । ਤੀਜੀ ਵੇਰ ਸੁਦਾਮੇ ਨੇ ਕ੍ਰਿਸ਼ਨ ਗਲ ਪਾਇਆ ਹੱਸ, ਜਿਸ ਵੇਲੇ ਤੰਦਲ ਲੈ ਕੇ ਦਵਾਰੇ ਜਾਈਆ । ਉਸ ਨੇ ਅੱਗੋਂ ਜੋੜ ਕੇ ਹੱਥ, ਕਰ ਬੇਨੰਤੀ ਦਿਤਾ ਸੁਣਾਈਆ । ਏਹ ਸਾਡਾ ਤੈਨੂੰ ਪੌਣਾ ਹੱਕ, ਕੀ ਹੋਇਆ ਜੇ ਗਰੀਬ ਤੇਰੀ ਮਾਇਆ ਵਾਲੀ ਸੇਵ ਨਾ ਕੋਇ ਕਮਾਈਆ । ਏਸੇ ਤਾਅਨੇ ਅੰਦਰ ਉਹਦੇ ਮੰਦਰ ਦਿਤੇ ਛੱਤ, ਅਸਥਲ ਰੂਪ ਵਟਾਈਆ । ਕਾਹਨ ਨੇ ਅੱਗੋਂ ਕਿਹਾ ਹੱਸ, ਇਸ ਦੀ ਵਾਰੀ ਅਜੇ ਨਾ ਆਈਆ । ਕਲਜੁਗ ਅੰਤਮ ਜਿਸ ਵੇਲੇ ਆਵੇ ਪੁਰਖ ਸਮਰੱਥ, ਨਾਲ ਗੋਬਿੰਦ ਸੁੱਤ ਮਿਲਾਈਆ । ਉਹ ਗੁਰਮੁਖਾਂ ਦੇ ਕੇ ਆਪਣੀ ਮਤ, ਸਾਚੇ ਮਾਰਗ ਲਏ ਲਗਾਈਆ । ਅੰਦਰੋਂ ਖੋਲ੍ਹ ਕੇ ਓਨ੍ਹਾਂ ਦੀ ਅੱਖ, ਪਰਤੱਖ ਰੂਪ ਦਸਾਈਆ । ਏਸੇ ਪਿਆਰ ਦੀ ਖਾਤਰ ਬਿਨ ਸੱਦਿਆਂ ਪੁੱਛਿਆਂ ਆਏ ਨੱਠ, ਬਣ ਕੇ ਪਾਂਧੀ ਰਾਹੀਆ । ਚਾਰ ਯੁਗ ਦੇ ਵਿਛੜਿਆਂ ਕਰ ਇਕੱਠ, ਰਾਵੀ ਕੰਢੇ ਖ਼ੁਸ਼ੀ ਮਨਾਈਆ । ਦਰਵੇਸ਼ ਬਣ ਕੇ ਓਨ੍ਹਾਂ ਕੋਲੋਂ ਮੰਗੇ ਝਟ, ਆਪ ਆਪਣਾ ਨਾਅਰਾ ਲਾਈਆ । ਚਾਰ ਯੁਗ ਦਾ ਉਧਾਰ ਜੋ ਸਾਂਭ ਕੇ ਛੱਡਿਆ ਰੱਖ, ਅੰਤਮ ਆਪਣੀ ਝੋਲੀ ਪਾਈਆ । ਅੱਗੇ ਦੇ ਕੇ ਭਗਤਾਂ ਹੱਕ, ਹਾਕਮ ਧੁਰ ਦੇ ਦਏ ਬਣਾਈਆ । ਗੁਰਮੁਖੋ ਪ੍ਰਭ ਮਿਲਣ ਦਾ ਰਹਿ ਨਾ ਜਾਏ ਕੋਈ ਛੱਕ, ਸੰਸਾ ਨਜ਼ਰ ਕੋਇ ਨਾ ਆਈਆ । ਦਰਸ ਦਿਖਾ ਕੇ ਨੂਰ ਨੁਰਾਨਾ ਜੋਤ ਲਟ ਲਟ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਇਕੀ ਸੌ ਕਹੇ ਮੈਂ ਵੇਖਿਆ ਇਕੀਸਾ, ਚਾਰ ਯੁਗ ਅੱਖ ਨਾ ਕੋਇ ਖੁਲ੍ਹਾਈਆ । ਦਰਬਾਨ ਬਣਿਆ

ਹਰਿ ਜਗਦੀਸ਼ਾ, ਸ਼ਹਿਨਸ਼ਾਹ ਫੇਰਾ ਪਾਈਆ । ਜਿਸ ਦੇ ਤਾਜ ਸੀਸ ਸੋਹੇ ਸੀਸਾ, ਪੰਚਮ ਮੁਖ ਮਿਲੀ ਵਡਿਆਈਆ । ਓਸ ਦੀ ਗ਼ਰੀਬਾਂ ਨਾਲ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਗੁਰਮੁਖਾਂ ਦਾ ਖਾਲੀ ਰਹੇ ਨਾ ਖੀਸਾ, ਖਿੱਲਤ ਬਖ਼ਸ਼ੇ ਹਰਿ ਰਘੁਰਾਈਆ । ਨਾਲੇ ਪੂਰਬ ਲਹਿਣੇ ਦਾ ਬਣਾ ਕੇ ਆਪ ਤਰੀਕਾ, ਪਿਛਲੀ ਮੰਗ ਮੰਗਾਈਆ । ਨਾਲੇ ਕੱਢ ਕੇ ਜਾਏ ਨਤੀਜਾ, ਵਸਤ ਧੁਰ ਦੀ ਹੱਥ ਫੜਾਈਆ । ਗੁਰੂਆਂ ਦਾ ਗੁਰਮੁਖ ਬਣੇ ਨਾ ਕੋਈ ਭਤੀਜਾ, ਪਿਤਾ ਪੁਰਖ ਅਕਾਲ ਇਕੋ ਇਕ ਮਨਾਈਆ । ਜਿਸ ਦੀਆਂ ਸਾਰੇ ਕਰਦੇ ਰਹੇ ਉਡੀਕਾਂ, ਨੇਤਰਾਂ ਨਾਲ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਵੈਰ ਹੋ ਕੇ ਫੇਰਾ ਪਾਈਆ ।

ਹਾਰ ਕਹੇ ਮੈਂ ਵੇਖਿਆ ਹਿਰਦਾ, ਗੁਰਮੁਖਾਂ ਅੰਦਰ ਧਿਆਨ ਲਗਾਈਆ । ਜਿਨ੍ਹਾਂ ਵਿਛੋੜਾ ਪਿਛਲਾ ਚਿਰ ਦਾ, ਅਗਲਾ ਪੰਧ ਮੁਕਾਈਆ । ਧਾਮ ਵਖਾਵਾਂ ਘਰ ਥਿਰ ਦਾ, ਜਿਸ ਗ੍ਰਿਹਿ ਵੱਜੇ ਇਕ ਵਧਾਈਆ । ਮੇਲ ਮਿਲਾਵਾਂ ਅਗੰਮੀ ਪਿਰ ਦਾ, ਪ੍ਰੀਤਮ ਜੋੜ ਜੁੜਾਈਆ । ਜੇਹੜਾ ਮਿਲ ਕੇ ਫੇਰ ਕਦੇ ਨਾ ਵਿਛੜਦਾ, ਵਿਛੋੜੇ ਵਿਚ ਰੱਖੇ ਲੋਕਾਈਆ । ਉਹਦਾ ਲਹਿਣਾ ਹੱਕੋ ਹੱਕ ਨਿਬੜਦਾ, ਝਗੜਾ ਅੱਗੇ ਨਾ ਕੋਇ ਜਣਾਈਆ । ਜਿਸ ਦਾ ਜੁਗ ਬਦਲਦਿਆਂ ਕੁਛ ਨਹੀਂ ਵਿਗੜਦਾ, ਹੁਕਮ ਨਾਲ ਹੁਕਮ ਸੁਣਾਈਆ । ਉਹ ਸਾਹਿਬ ਸਵਾਮੀ ਭਗਤਾਂ ਕਦੇ ਨਾ ਵਿਸਰਦਾ, ਸਦ ਬਿਛਰਤ ਲਏ ਮਿਲਾਈਆ । ਉਹ ਅੰਧ ਅੰਧਿਆਰੇ ਵਿਚੋਂ ਜੋਤ ਸਰੂਪ ਹੋ ਕੇ ਨਿਕਲਦਾ, ਚੰਦਾਂ ਦਾ ਚੰਦ ਕਰੇ ਰੁਸ਼ਨਾਈਆ । ਸਤਿਗੁਰ ਨਾਮ ਕੋਈ ਗਹਿਣਾ ਨਹੀਂ ਮੁਲੱਮੇ ਪਿਤਲ ਦਾ, ਸਵਰਨਾਂ ਦਾ ਸਵਰਨ ਨਜ਼ਰੀ ਆਈਆ । ਉਹ ਮਾਲਕ ਨਹੀਂ ਇਕ ਸ਼ਕਲ ਦਾ, ਕੋਟਨ ਕੋਟ ਰੂਪ ਧਰਾਈਆ । ਉਹ ਆਦੀ ਨਹੀਂ ਕਿਸੇ ਅਕਲ ਦਾ, ਅਨਭਵ ਆਪਣੀ ਧਾਰ ਚਲਾਈਆ । ਉਹ ਮੁਹਤਾਜ ਨਹੀਂ ਕਿਸੇ ਯਤਨ ਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਮਲਾਹ ਸਾਚੇ ਪਤਣ ਦਾ, ਜਿਥੇ ਗੁਰਮੁਖ ਡੇਰਾ ਲਾਈਆ । ਕਲਜੁਗ ਅੰਤਮ ਵੇਲਾ ਉਹਦੇ ਰੱਖਣ ਦਾ, ਗੁਰ ਅਵਤਾਰ ਪੀਰ ਪੈਗੰਬਰ ਪੱਲੂ ਗਏ ਛੁਡਾਈਆ । ਜਨ ਭਗਤੋ ਸੁਖ ਵੇਖੋ ਓਸੇ ਦੇ ਘਰ ਵਸਣ ਦਾ, ਜੋ ਕੰਤ ਕੰਤੂਹਲ ਸਭ ਦਾ ਇਕ ਅਖਵਾਈਆ । ਹੁਣ ਵੇਲਾ ਬਣਿਆ ਪੈਰਾਂ ਨਾਲ ਨੱਠਣ ਦਾ, ਫੜ ਬਾਹੋਂ ਦੋ ਜਹਾਨ ਪਾਰ ਕਰਾਈਆ । ਵਕਤ ਸੁਹੇਲਾ ਸੋਹੰ ਨਾਮ ਜਪਣ ਦਾ, ਤੂੰ ਮੇਰਾ ਮੈਂ ਤੇਰਾ ਦੋਹਾਂ ਨਾ ਹੋਏ ਜੁਦਾਈਆ । ਜੀਵਣ ਵਿਚ ਵਕਤ ਸੁਹੰਜਣਾ ਟੱਪਣ ਦਾ, ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਆਪਣੇ ਵਿਚ ਰਖਾਈਆ ।

ਇਕੀ ਕਹਿਣ ਅਸੀਂ ਕਾਗਜਾਂ ਵਾਲੇ ਨੋਟ, ਨੋਟਸ ਸਭ ਨੂੰ ਰਹੇ ਜਣਾਈਆ । ਮਾਇਆ ਧਾਰੀ ਛਤਰਧਾਰੀ ਸਭ ਨੂੰ ਲੱਗੀ ਮਾਇਆ ਦੀ ਚੋਟ, ਚਾਰੋਂ ਕੁੰਟ ਖ਼ਵਾਰੀ ਨਜ਼ਰੀ ਆਈਆ । ਵੀਹ ਸੌ ਇਕੀ ਬਿਕ੍ਰਮੀ ਅਖੀਰੀ ਲਓ ਸੋਚ, ਫਿਰ ਸੋਚ ਸਮਝ ਨਾ ਚਲਣੀ ਰਾਈਆ । ਮੰਦਰਾਂ ਵਾਲੀ ਲੱਭਣੀ ਨਹੀਂ ਕਿਸੇ ਮੌਜ, ਸੇਜਾਂ ਵਾਲੀ ਲੱਭਣੀ ਨਾ ਕਿਸੇ ਲੇਫ ਤਲਾਈਆ । ਸ਼ਾਹਾਂ ਦੇ ਕੋਲ ਨਾ ਰਹਿਣੀ ਫੌਜ, ਦਰਵੇਸ਼ ਬਣ ਕੇ ਸਾਰੇ ਦਰਵੇਸ਼ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ ।

ਇਕੀ ਨੋਟ ਕਹਿਣ ਅਸਾਂ ਸਾਂਗ ਬਣਾਇਆ ਨਟੂਆ, ਜਗਤ ਨਾਟਕ ਰਹੇ ਵਖਾਈਆ । ਮਾਨਸ ਬੁੱਧੀ ਹੋ ਗਈ ਵਾਂਗ ਪਸ਼ੂਆਂ, ਢੋਰਾਂ ਵਰਗੇ ਨਜ਼ਰੀ ਆਈਆ । ਸ਼ਰਅ ਸ਼ਰੀਅਤ ਬੱਧੇ ਨਾਲ ਰੱਸੀਆਂ, ਜਾਤ ਪਾਤ ਫੰਦ ਨਾ ਕੋਇ ਕਟਾਈਆ । ਮਨ ਵਾਸਨਾ ਸਾਰੀਆਂ ਫਿਰਨ ਨੱਸੀਆਂ, ਭੱਜਣ ਵਾਹੋ ਦਾਹੀਆ । ਹਰਿ ਕੰਤ ਮਿਲ ਕੇ ਸਚ ਘਰ ਕਦੇ ਨਾ ਵਸੀਆਂ, ਧੁਰ ਦੀ ਹੋਈ ਜੁਦਾਈਆ । ਕੋਟਨ ਕੋਟ ਰੁਲ ਦੇ

ਮਰ ਗਏ ਪੁਨੂੰ ਸੱਸੀਆਂ, ਸੌਹਰੇ ਪਈਏ ਨਾ ਕੋਇ ਵਡਿਆਈਆ । ਜਿਨ੍ਹਾਂ ਦੀਆਂ ਸਾਹਿਬ ਸਤਿਗੁਰ ਨਾਲ ਲੱਗੀਆਂ ਅੱਖੀਆਂ, ਉਹ ਆਖਰ ਖ਼ੁਸ਼ੀ ਮਨਾਈਆ । ਰਾਏ ਧਰਮ ਦੀ ਮੂਲ ਨਾ ਭਰਨ ਚੱਟੀਆਂ, ਚੇਟਕ ਹੋਰ ਨਾ ਕੋਇ ਲਗਾਈਆ । ਇਕੋ ਪ੍ਰੀਤਮ ਦੇ ਚਰਨੀਂ ਢੱਠੀਆਂ, ਜੋ ਫੜ ਕੇ ਗਲੇ ਲਗਾਈਆ । ਖ਼ੁਸ਼ੀਆਂ ਨਾਲ ਹਸਦਿਆਂ ਪੀੜ ਕਰਦੀਆਂ ਦਿਸਣ ਵੱਖੀਆਂ, ਜਿਸ ਵੱਖਰੀ ਧਾਰ ਚਲਾਈਆ । ਉਹ ਆਪਣੇ ਸ਼ੌਹ ਨਾਲ ਰਤੀਆਂ, ਜਿਨ੍ਹਾਂ ਦੇ ਗਲ ਵਿਚ ਰਤਨ ਅਮੋਲਕ ਹੀਰੇ ਆਪ ਲੋਕਾਈਆ । ਦੂਸਰ ਅੰਗ ਕਦੇ ਨਾ ਲੱਗੀਆਂ, ਦੁਹਾਗਣ ਰੂਪ ਨਾ ਕੋਇ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੁਰਖ ਅਕਾਲ ਚਲੌਂਦਾ ਰਿਹਾ ਦੀਨ ਮਜ਼੍ਹਬਾਂ ਦੀਆਂ ਡੰਡੀਆਂ, ਵੰਡੀਆਂ ਵਿਚ ਰੱਖੀ ਲੋਕਾਈਆ । ਅੰਤ ਭਗਵੰਤ ਹੁਕਮੇ ਅੰਦਰ ਸਭ ਬੱਧੀਆਂ, ਪੱਲੂ ਸਕੇ ਨਾ ਕੋਇ ਛੁਡਾਈਆ । ਪੰਧ ਮੁਕਾ ਕੇ ਆ ਗਈਆਂ ਲੋਕਮਾਤ ਸੱਦੀਆਂ, ਸੱਦੇ ਦੇ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ ।

ਨੋਟ ਕਹੇ ਗੁਰਮੁਖਾਂ ਕੀਤਾ ਭੇਟ, ਭੇਟਾ ਇਕੋ ਵਾਰ ਚੜ੍ਹਾਈਆ । ਸਾਨੂੰ ਬਣਾ ਕੇ ਨਾਮ ਭੰਡਾਰੀ ਸੇਠ, ਕੂੜੀ ਕਿਰਿਆ ਆਪਣੇ ਗਲ ਵਿਚ ਪਾਈਆ । ਲੋੜ ਜੋਗੀ ਸਾਨੂੰ ਜਰੂਰ ਦੇਵੇ ਭੇਜ, ਥੁੜ ਵਿਚ ਨਾ ਕਦੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ ।

ਤਖ਼ਤ ਤਾਜ ਛੱਡਿਆ ਕਲਗੀ ਤੋੜਾ, ਆਪ ਆਪਾ ਭੇਟ ਚੜ੍ਹਾਈਆ । ਸ਼ਸਤਰ ਬਸਤਰ ਤਜਿਆ ਘੋੜਾ, ਸ਼ਾਹ ਅਸਵਾਰ ਨਾ ਰੂਪ ਵਟਾਈਆ । ਪੁੱਤਰਾਂ ਦਾ ਵਿਛੜਿਆਂ ਜੋੜਾ ਜੋੜਾ, ਨਾਤਾ ਜਗਤ ਤੁੜਾਈਆ । ਸੂਲਾਂ ਦੀ ਸੇਜ ਬਣਾ ਕੇ ਸਰ੍ਹਾਣੇ ਰੱਖ ਰੋੜਾ, ਇਕੋ ਆਸ ਰਖਾਈਆ । ਵਕਤ ਲੰਘਾਇਆ ਹੌਲੀ ਹੌਲੀ ਥੋੜਾ ਥੋੜਾ, ਡੁੱਬਿਆਂ ਪਾਰ ਕਰਾਈਆ । ਸੱਸੇ ਉਪਰ ਲਾ ਕੇ ਇਕੋ ਹੋੜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਹੰ ਬ੍ਰਹਮ ਆਪੇ ਬਹੁੜਾ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਭਗਤ ਸੁਹੇਲਾ ਹੋ ਕੇ ਦੌੜਾ, ਆਪਣਾ ਪੰਧ ਮੁਕਾਈਆ । ਕਲਜੁਗ ਵੇਖ ਅੰਧੇਰ ਘੋਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਮਾਲਕ ਦੋ ਜਹਾਨਾਂ ਸ਼ਹਿਨਸ਼ਾਹ, ਦਰਵੇਸ਼ ਵੇਸ ਵਟਾਇੰਦਾ । ਰਹਿਮਤਾਂ ਦਾ ਰਹਿਮਾਨ ਖ਼ੁਦਾ, ਰਹੀਮ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਉਤੋਂ ਆਪਣਾ ਆਪ ਕਰ ਫਿਦਾ, ਫੈਸਲਾ ਹੱਕ ਸਚ ਸੁਣਾਇੰਦਾ । ਰੂਹ ਬੁਤ ਦੋਵੇਂ ਕਰ ਜੁਦਾ, ਸੁਲ੍ਹਾਕੁਲ ਆਪਣੇ ਵਿਚ ਸਮਾਇੰਦਾ । ਸ਼ੇਰ ਸਿੰਘ ਦਾ ਇਕੋ ਸ਼ਜਰਾ ਗਿਆ ਬਣਾ, ਤੱਤ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਵਿਚ ਗੋਬਿੰਦ ਹੋ ਕੇ ਗਿਆ ਸਮਾ, ਸੇਜ ਸੁਹੰਜਣੀ ਆਪਣਾ ਆਸਣ ਲਾਇੰਦਾ ।

ਜਨ ਭਗਤਾਂ ਦੇ ਢੋਲੇ ਰਿਹਾ ਗਾ, ਆਪਣਾ ਰਾਗ ਨਾ ਕੋਇ ਅਲਾਇੰਦਾ । ਸੇਵਕ ਹੋ ਕੇ ਬਣਿਆ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਜੁਗ ਜਨਮ ਦੇ ਵਿਛੜੇ ਰਿਹਾ ਮਿਲਾ, ਜਾਗਰਤ ਜੋਤ ਇਕੋ ਡਗਮਗਾਇੰਦਾ । ਨਾਲੇ ਸਾਚੀ ਸਿਖਿਆ ਰਿਹਾ ਸਿਖਾ, ਇਕੋ ਅੱਖਰ ਪੜ੍ਹਾਇੰਦਾ । ਜੇ ਮੰਗੋ ਤੇ ਇਕੋ ਪੁਰਖ ਅਕਾਲ ਦੁਆ, ਦੂਜਾ ਇਸ਼ਟ ਨਾ ਕੋਇ ਰਖਾਇੰਦਾ । ਗਰੀਬਾਂ ਦਾ ਗਰੀਬ ਆਪ ਅਖਵਾ, ਦੋ ਜਹਾਨਾਂ ਦਾ ਮੁਹਤਾਜ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਇੰਦਾ ।

ਭੁੱਖਿਆਂ ਨੰਗਿਆਂ ਦਾ ਇਕ ਭਿਖਾਰੀ, ਭਿਛਿਆ ਮੰਗਣ ਆਈਆ । ਵਸਤ ਦਿਉ ਉਹ ਅਪਾਰੀ, ਜਿਹੜੀ ਅਪਰੰਪਰ ਤੁਹਾਡੇ ਵਿਚ ਟਿਕਾਈਆ । ਨਾਲੇ ਪਿਆਰ ਨਾਲੇ ਸ਼ਬਦ ਨਾਲੇ ਜੋਤ ਜਗੇ ਨਿਰੰਕਾਰੀ, ਦੀਵਾ ਬਾਤੀ ਇਕੋ ਕਰੇ ਰੁਸ਼ਨਾਈਆ । ਸਾਚੇ ਦੀ ਸਚ ਨਾਲ ਯਾਰੀ, ਕੂੜਿਆਂ ਨਾਲੋਂ ਨਾਤਾ ਦਿਤਾ ਤੁੜਾਈਆ । ਵੇਖੋ ਨਾਲੇ ਪ੍ਰੀਤਮ ਨਾਲੇ ਵਪਾਰੀ, ਘਰ ਘਰ ਸੌਦੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਆਪ ਵਰਤਾਈਆ ।

ਭੁੱਖਿਆਂ ਵਿਚੋਂ ਆਇਆ ਭੁੱਖੜਾ, ਹਰਿ ਕਰਤਾ ਵਡ ਵਡਿਆਈਆ । ਜੋ ਭਗਤ ਸੁਹੇਲਾ ਹੋ ਕੇ ਵੰਡਾਵੇ ਦੁਖੜਾ, ਦਰਦੀਆਂ ਦਰਦ ਆਪਣੀ ਝੋਲੀ ਪਾਈਆ । ਉਜਲ ਦੋ ਜਹਾਨਾਂ ਕਰ ਕੇ ਜਾਏ ਮੁਖੜਾ, ਦੁਰਮਤ ਮੈਲ ਧੁਵਾਈਆ । ਸੰਤ ਸੁਹੇਲੇ ਚੁਕ ਕੇ ਕੁਛੜਾ, ਸਚਖੰਡ ਦਵਾਰੇ ਆਪ ਟਿਕਾਈਆ । ਜਿਸ ਧਾਰੋਂ ਨਿਰਗੁਣ ਹੋ ਕੇ ਆਪੇ ਉਤਰਾ, ਅੰਤਮ ਓਸੇ ਵਿਚ ਸਮਾਈਆ । ਪੁਰਖ ਅਕਾਲ ਕਿਸੇ ਨਾ ਕਿਹਾ ਨਾਪੁਤਰਾ, ਪੁਰਖ ਅਕਾਲ ਦਾ ਪੁਤਰ ਇਕੋ ਗੋਬਿੰਦ ਨਜ਼ਰੀ ਆਈਆ । ਜੋ ਨੌਂ ਖੰਡ ਪ੍ਰਿਥਮੀ ਸੱਤ ਦੀਪ ਦਹਿ ਦਿਸ਼ਾਂ ਵੇਖੇ ਚਾਰੇ ਨੁਕਰਾ, ਨਿਵ ਨਿਵ ਦੋ ਜਹਾਨਾਂ ਫੋਲ ਫੁਲਾਈਆ । ਓਸ ਤੋਂ ਬਿਨਾ ਦੂਜਾ ਹੋਰ ਨਹੀਂ ਕੋਈ ਦੂਸਰਾ, ਨਿਰਗੁਣ ਸਰਗੁਣ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਭੁਖਿਆਂ ਦਾ ਆਇਆ ਪਹਿਲਾ ਮਿੱਤਰ, ਮੀਤ ਇਕ ਅਖਵਾਈਆ । ਜਿਸ ਬਾਜਾਂ ਕੋਲੋਂ ਮਰਵਾਇਆ ਤਿੱਤਰ, ਓਹ ਤਿੱਤਰ ਅਜੇ ਦਏ ਦੁਹਾਈਆ । ਜੋ ਚੋਟੀ ਚੜ੍ਹ ਕੇ ਗੁਰਮੁਖਾਂ ਵੇਖੇ ਸਿਖਰ, ਸਚ ਦਵਾਰੇ ਡੇਰਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾਜਰ ਹੋ ਕੇ ਤੁਹਾਡਾ ਕਰੇ ਫਿਕਰ, ਇਕੇ ਫਿਕਰੇ ਵਿਚ ਸਾਰੇ ਫੈਸਲੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਕਵਲ ਕਵਲ ਚਰਨ ਧਰਨੀ ਧਵਲ ਇਕ ਸਰਨਾਈਆ । ।

### ੧੭ ਹਾੜ ਸ਼ਨਿਸਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ

੨੧-੨੧੩ ਧੁਰ ਸੰਦੇਸਾ ਕਹੇ ਸਤ ਰੰਗੇ, ਤੈਨੂੰ ਦਿਆਂ ਵਡਿਆਈਆ । ਆਹ ਵੇਖ ਮੇਰੇ ਭਗਤ ਚੰਗੇ, ਸੋਹਣੇ ਸੋਭਾ ਪਾਈਆ । ਜਿਨ੍ਹਾਂ ਨਾਲ ਤੈਨੂੰ ਮਿਲਿਆ ਸੰਗੇ, ਸਗਲਾ ਸੰਗ ਰਖਾਈਆ । ਵੇਖੀਂ ਭਗਤਾਂ ਦੇ ਹੱਥ ਹੋਣ ਨਾ ਦੇਵੀਂ ਗੰਦੇ, ਜਿਨ੍ਹਾਂ ਨਾਲ ਬੰਨ੍ਹ ਕੇ ਤੇਰਾ ਮੇਰਾ ਢੋਲਾ ਗਾਈਆ । ਕਿਸੇ ਕੋਲ ਨਾ ਜਾਵੀਂ ਪੰਡੇ, ਹਿੱਸੇ ਹੱਦ ਮੰਗਣ ਕਿਸੇ ਨਾ ਜਾਈਆ । ਇਹ ਟੁੱਟੀ ਪਿਛਲੀ ਗੰਢੇ, ਅੱਗੇ ਨਾ ਕੋਇ ਤੁੜਾਈਆ । ਸਭ ਦਾ ਯਾਰਾਨਾ ਸਾਂਝਾ ਹੰਢੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ ।

ਸੱਤ ਰੰਗ ਕਹਿਣ ਅਸੀਂ ਬੱਝ ਗਏ ਨਾਲ ਗੁੱਟ, ਗੰਢ ਉਤੇ ਲਈ ਪੁਵਾਈਆ । ਜਿਸ ਦਾ ਗੋਬਿੰਦ ਸਾਚਾ ਸੁੱਤ, ਤੁਹਾਨੂੰ ਬੱਚੇ ਲੈਣਾ ਬਣਾਈਆ । ਸਾਡੇ ਕੋਲ ਨਹੀਂ ਕੁੱਛ, ਖ਼ਾਲੀ ਹੱਥ ਦਈਏ ਦੁਹਾਈਆ । ਤੇਰੀ ਮੰਜ਼ਲ ਗਏ ਪੁੱਜ, ਆਪਣਾ ਪੰਧ ਮੁਕਾਈਆ । ਰਾਹ ਤੱਕੇ ਤਿੰਨ ਯੁਗ, ਧੰਨ ਭਾਗ ਜੇ ਵੇਲਾ ਗਿਆ ਆਈਆ । ਸੁਖਣਾ ਰਹੇ ਸੁੱਖ, ਤੇਰਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਸਤ ਰੰਗ ਕਹਿਣ ਸਾਡੀ ਲੱਗੀ ਰਹੇ ਪ੍ਰੀਤ, ਪ੍ਰੀਤਮ ਜਿਸ ਦਾ

ਵਿਚੋਲਾ ਬਨਿਆ ਸ਼ਬਦੀ ਗੁਰ ਅਖਵਾਈਆ । ਅੱਜ ਤੋਂ ਤੇਰੀ ਸੰਗਤ ਵਿਚ ਕੋਇ ਨਾ ਰਿਹਾ ਨੀਚ, ਗੁਰਮੁਖ ਸਾਚੇ ਸੋਭਾ ਪਾਈਆ । ਪਿਛਲਾ ਲੇਖ ਪਿਛੇ ਗਿਆ ਬੀਤ, ਅੱਗੇ ਦਏ ਮਾਣ ਵਡਿਆਈਆ । ਜਿਹੜੇ ਗੌਂਦੇ ਤੇਰਾ ਗੀਤ, ਸੋਹੰ ਢੋਲਾ ਰਾਗ ਅਲਾਈਆ । ਜਿਸ ਦਾ ਰੰਗ ਜਾਣੇ ਹਸਤ ਕੀਟ, ਇਕੋ ਘਰ ਲੈਣਾ ਵਸਾਈਆ । ਇਕੋ ਝੁੱਕੇ ਤੇਰੇ ਦਰ ਤੇ ਸੀਸ, ਦੂਸਰ ਡੰਡੌਤ ਨਾ ਕੋਇ ਵਖਾਈਆ । ਜਿਹੜਾ ਲੇਖਾ ਆਪਣੇ ਨਾਲ ਬਣਾਂਦਾ, ਰੰਗ ਕਹਿਣ, ਅਸੀਂ ਭਗਤਾਂ ਦੇ ਸਾਥੀ, ਸੋਹਣੇ ਨਜ਼ਰੀ ਆਈਆ । ਗੋਬਿੰਦ ਵੇਖ ਜੇ ਅਸਾਂ ਤੇਰੀ ਮੰਨ ਲਈ ਆਖੀ, ਸੇਵਕ ਬਣ ਕੇ ਸੇਵ ਕਮਾਈਆ । ਹੁਣ ਆਪੇ ਕਰੀਂ ਰਾਖੀ, ਵੇਖੀਂ ਥਾਉਂ ਥਾਈਆ । ਅਸੀਂ ਚਾਹੁੰਦੇ ਤੇਰੇ ਸਿੱਖ ਅੱਗੇ ਕਰ ਨਾ ਜਾਣ ਗੁਸਤਾਖੀ, ਗੁੱਸੇ ਵਿਚ ਜਦੋਂ ਆਵੇਂ ਆਣ ਕੇ ਤਾਰੇਂ ਪਾਪੀ, ਪਤਤਾਂ ਪੁਨੀਤ ਕਰਾਈਆ । ਹੁਣ ਸਾਨੂੰ ਦੇ ਦੇ ਥਾਪੀ, ਪੁਸ਼ਤ ਪਨਾਹ ਹੱਥ ਰਖਾਈਆ । ਪਿਛਲੇ ਹਿਸਾਬ ਦੀ ਆਪਣੀ ਨਾ ਦੇਵੀਂ ਕਾਪੀ, ਨੰਬਰ ਦੇਣਾ ਗੁਵਾਈਆ । ਝਗੜਾ ਰਹੇ ਨਾ ਕਿਸੇ ਜ਼ਾਤੀ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਕਥਾ ਕਹਾਣੀ ਦੱਸ ਸਾਚੀ, ਸਚ ਸਚ ਸਮਝਾਈਆ ।

ਸੱਤ ਰੰਗ ਕਹਿਣ ਅਸੀਂ ਰੁਮਾਲ ਹੋ ਗਏ ਟੋਟੇ, ਟੁੱਕੜੇ ਟੁੱਕੜੇ ਨਜ਼ਰੀ ਆਈਆ । ਥੋੜਿਆਂ ਤੋਂ ਹੋ ਕੇ ਬਹੁਤੇ, ਆਪਣਾ ਅੰਕ ਵਧਾਈਆ । ਗੁਰਮੁੱਖੋ ਤੁਸੀਂ ਨਾ ਰਿਹੋ ਸੋਤੇ, ਸੁਤਿਆਂ ਦਈਏ ਜਗਾਈਆ । ਚੁਰਾਸੀ ਵਿਚੋਂ ਵੇਖੋ ਬੜੇ ਥੋੜੇ ਕੋਈ ਨਹੀਂ ਚੋਖੇ, ਗਿਣਤੀ ਦੇ ਨਜ਼ਰੀ ਆਈਆ । ਬਾਕੀ ਰਾਏ ਧਰਮ ਦਰ ਝੋਕੇ, ਜਿਹੜੇ ਮਸਤਕ ਨਾ ਸੀਸ ਨਿਵਾਈਆ । ਕਾਇਆ ਦੇ ਖ਼ਾਲੀ ਦਿਸਣ ਖੋਖੇ, ਵਸਤ ਵਿਚ ਨਾ ਕੋਇ ਰਖਾਈਆ । ਭਾਵੇਂ ਕਿੰਨੇ ਪੜ੍ਹਨ ਬਹੁਤੇ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਸਚ ਦੁਵਾਰੇ ਕੋਇ ਨਾ ਪਹੁੰਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਦਏ ਵਡਿਆਈਆ ।

ਸੱਤ ਰੰਗ ਕਹਿਣ ਅਸੀਂ ਗੁੱਟਾਂ ਨਾਲ ਨਿਸ਼ਾਨਾ, ਨਿਸ਼ਾਨ ਗੋਬਿੰਦ ਰਿਹਾ ਜਣਾਈਆ । ਗੁਰਸਿੱਖ ਰਹੇ ਨਾ ਕੋਈ ਬੇਗਾਨਾ, ਘਰ ਮਿਲਣਾ ਬੇਪ੍ਰਵਾਹੀਆ । ਜਿਸ ਨੇ ਕੂੜਾ ਤੁੜੌਣਾ ਯਾਰਾਨਾ, ਹੱਥੋਂ ਲਾਹ ਕੇ ਸਾਨੂੰ ਦਿਤਾ ਸੁਟਾਈਆ । ਜਿਨ੍ਹਾਂ ਨੇ ਮੰਨਣਾ ਇਕ ਸ੍ਰੀ ਭਗਵਾਨਾ, ਹੱਥ ਉਪਰ ਦੇਣਾ ਉਠਾਈਆ । ਹੁਣ ਛੱਡਿਆ ਰਿਵਾਜ਼ ਪੁਰਾਣਾ, ਪੁਰਾਨਾਂ ਵਾਲੀ ਨਾ ਕੋਇ ਪੜ੍ਹਾਈਆ । ਨਾਪਣ ਵਾਲਾ ਗਿਆ ਪੈਮਾਨਾ, ਪੈਮਾਇਸ਼ ਆਪਣੇ ਹੱਥ ਰਖਾਈਆ । ਹੁਣ ਮਾਲਾ ਮਣਕਿਆਂ ਵਾਲਾ ਨਹੀਂ ਜ਼ਮਾਨਾ, ਜ਼ਾਮਨ ਇਕੋ ਨਜ਼ਰੀ ਆਈਆ । ਜਿਹੜਾ ਸ਼ਹਿਨਸ਼ਾਹ ਸ਼ਾਹਾਨਾ, ਪਾਤਸ਼ਾਹ ਧੁਰਦਰਗਾਹੀਆ । ਮਸਤੀ ਵਿਚ ਕਰੇ ਮਸਤਾਨਾ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਗੁਰਮੁਖ ਬਣਿਆ ਰਹੇ ਦੀਵਾਨਾ, ਨਾਤਾ ਤੁੱਟੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ ।

ਸੱਤ ਰੰਗ ਕਹਿਣ ਗਰਮੁੱਖੋ ਜੇ ਨਹੀਂ ਕਰਨੀ ਸਚ ਪ੍ਰੀਤ, ਮੈਨੂੰ ਦਿਓ ਜਣਾਈਆ । ਓਹ ਰਹੇ ਨਾ ਸੰਗਤ ਬੀਚ, ਪੱਲੂ ਜਾਏ ਛੁਡਾਈਆ । ਸੋਹੰ ਰਸਨਾ ਨਾ ਗਾਏ ਸੁਹਾਗੀ ਗੀਤ, ਢੋਲਾ ਧੁਰਦਰਗਾਹੀਅ । ਜਿਸ ਨੂੰ ਚਾਹੀਦੀ ਨਹੀਂ ਇਹ ਬਖ਼ਸ਼ੀਸ਼, ਓਹ ਮੁੱਖੜਾ ਲਓ ਭੁਵਾਈਆ । ਫਿਰ ਵੀ ਜਾਂਦਿਆਂ ਦੀ ਦੇਵੇ ਠੋਕ ਪੀਠ, ਸ਼ਾਬਾਸ਼ ਕਹਿ ਕੇ ਦਏ ਸੁਣਾਈਆ । ਤੁਹਾਡਾ ਨਿਸ਼ਾਨਾ ਉਕਿਆ ਠੀਕ, ਠਾਕਰ ਨਾਲੋਂ ਹੋਈ ਜੁਦਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿੱਛੋਂ ਗੋਬਿੰਦ ਪੁਰਖ ਅਕਾਲ ਨਾਲ ਤੁਹਾਡੀ ਭੁਗਤਣ ਆਇਆ ਤਾਰੀਖ, ਤਵਾਰੀਖ ਪਿਛਲੀ ਦਏ ਬਦਲਾਈਆ । ਅੰਦਰੋਂ ਕਰ ਕੇ ਠੰਡੇ ਸੀਤ, ਅਗਨੀ ਅੱਗ ਦਏ ਬੁਝਾਈਆ । ਕੋਈ ਨਾ ਮੰਗੇ ਫੀਸ, ਪੂਜਾ ਪਾਠ ਨਾ ਕੋਇ ਕਰਾਈਆ । ਜਿਸ ਦਾ ਇਕ ਵੇਰਾਂ ਝੁਕ ਜਾਏ ਸੀਸ, ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਸਾਈਆ ।

ਸੱਤ ਰੰਗ ਕਹਿਣ ਜਨ ਭਗਤੋ ਜਿਸ ਨੇ ਜਾਣਾ ਛੱਡ, ਹੱਥ ਦਿਓ ਉਠਾਈਆ । ਜਿਸ ਨੇ ਖਾਣੀ ਮੱਛੀ ਡੱਡ, ਓਹ ਮੂੰਹ ਲਓ ਖੁਲ੍ਹਾਈਆ । ਜਿਸ ਨੇ ਚੁਰਾਸੀ ਵਿਚ ਫਿਰਨਾ ਜਗ, ਓਹ ਅੰਦਰੋਂ ਸੀਸ ਨਾ ਕੋਇ ਨਿਵਾਈਆ । ਜਿਸ ਨੇ ਮਾਤ ਗਰਭ ਵਿਚ ਸੜਨਾ ਅੱਗ, ਓਹ ਅੱਖਾਂ ਲਓ ਬਦਲਾਈਆ । ਜਿਸ ਨੇ ਬਣਨਾ ਕੱਗ, ਓਹ ਨਿੰਦਿਆ ਲਓ ਕਰਾਈਆ । ਇਹ ਵੇਲਾ ਜੇ ਅੱਜ, ਕਲ ਨੂੰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ ।

ਸੱਤ ਰੰਗ ਕਹਿਣ ਅਸੀਂ ਬੰਧੇ ਨਹੀਂ ਗਾਨੇ, ਗੁੱਟਾਂ ਨਾਲ ਸੁਹਾਈਆ । ਅਸੀਂ ਤੁਹਾਡੇ ਨਾਲ ਪੌਣ ਆਏ ਯਾਰਾਨੇ, ਯਾਰੀ ਇਕ ਬਣਾਈਆ । ਹੁਣ ਛੱਡਣੇ ਘਰ ਬੇਗਾਨੇ, ਘਰ ਆਪਣੇ ਸੋਭਾ ਪਾਈਆ । ਜਿਥੇ ਮਿਲੇ ਸ੍ਰੀ ਭਗਵਾਨੇ, ਨਿਰਗੁਣ ਨੂਰ ਇਲਾਹੀਆ । ਕਿਸੇ ਨੇ ਉਹਨੂੰ ਕਿਹਾ ਵਸੇ ਦੇਸ ਅਨਾਮੇ, ਅਨਾਮੀ ਦੇਸ ਕਹਿਣ ਵਾਲੇ ਸਮਝ ਕਿਸੇ ਨਾ ਪਾਈਆ । ਓਹ ਨਾਪਦੇ ਰਹੇ ਸੁਰਤੀ ਵਾਲੇ ਪੈਮਾਨੇ, ਸ਼ਬਦ ਵਿਚ ਛੁਪਾਈਆ । ਅਕਾਲ ਪੁਰਖ ਕਰਦਾ ਰਿਹਾ ਬਹਾਨੇ, ਥੋੜੇ ਥੋੜੇ ਦੀਪਕ ਡਗਮਗਾਈਆ । ਅੱਖਰਾਂ ਵਾਲੇ ਮੰਨ ਕੇ ਫ਼ਰਮਾਨੇ, ਪਰਦਾ ਲਏ ਬਣਾਈਆ । ਹੁਕਮ ਦੇ ਲਾ ਕੇ ਕਾਮੇ, ਕਮਾਲ (ਕਾਮਲ) ਮਜ਼੍ਹਬ ਵਿਚ ਫਸਾਈਆ । ਵਜੌਂਦੇ ਰਹੇ ਵੱਖੋ ਵੱਖਰੇ ਦਮਾਮੇ, ਆਪਣਾ ਡੰਕਾ ਹੱਥ ਨਾ ਕਿਸੇ ਫੜਾਈਆ । ਬਹਿੰਦੇ ਰਹੇ ਲਾ ਕੇ ਸ਼ਾਮਿਆਨੇ, ਆਸਣ ਡੇਰੇ ਲਾਈਆ । ਕਰਦੇ ਰਹੇ ਧਿਆਨੇ, ਅੰਤਰ ਵੇਖ ਵਖਾਈਆ । ਸੁਣਦੇ ਰਹੇ ਤਰਾਨੇ, ਸ਼ਬਦ ਨਾਦ ਸੁਣਾਈਆ । ਜਾਂ ਤੱਕਿਆ ਗੋਬਿੰਦ ਨੇ ਜਿਸ ਵੇਲੇ ਸੂਲਾਂ ਦੀ ਸੇਜ ਤੇ ਬਾਂਹ ਦਿਤੀ ਸਰ੍ਹਾਣੇ, ਸਾਹਿਬ ਨਜ਼ਰੀ ਆਈਆ । ਪੁਰਖ ਅਕਾਲ ਨੇ ਫੜ ਕੇ ਕਾਨੇ, ਚਾਰੋਂ ਕੁੰਟ ਦਿਤਾ ਭੁਵਾਈਆ । ਗੋਬਿੰਦ ਵੇਖ ਲੈ ਕਿਤੇ ਫੇਰ ਨਾ ਕਰੀਂ ਬਹਾਨੇ, ਬਹਾਨੇ ਵਾਲਾ ਸਾਥ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਚੁਕਾਈਆ । ਸੱਤ ਰੰਗ ਕਹਿਣ ਸਾਡੇ ਰੰਗ ਵੇਖੋ ਵੱਖਰੇ, ਅੱਡੋ ਅੱਡੀ ਨਜ਼ਰੀ ਆਈਆ । ਸਾਡੋ ਤੱਕੋ ਨਖਰੇ, ਸੋਹਣਾ ਖੇਲ ਖਿਲਾਈਆ । ਗੋਬਿੰਦ ਦੇ ਯਾਦ ਕਰ ਲਓ ਸੱਥਰੇ, ਸੱਥਰ ਕੀ ਵਡਿਆਈਆ । ਧੰਨੇ ਦੇ ਵੇਖ ਲਓ ਪੱਥਰੇ, ਪੱਥਰਾਂ ਸੋਭ ਪਾਈਆ । ਸੱਤ ਰੰਗ ਕਹਿਣ ਗੁਰਮੁਖੋ ਹੁਣ ਨਾ ਬਣਿਓ ਮਕਰੇ, ਫਰੇਬ ਦੇਣਾ ਗਵਾਈਆ । ਜਿਨ੍ਹਾਂ ਨੇ ਖਾਧੇ ਬੱਕਰੇ ਛੱਤਰੇ, ਗੋਬਿੰਦ ਓਨ੍ਹਾਂ ਨੂੰ ਦਏ ਸਜ਼ਾਈਆ । ਕਿਉਂ ਓਸ ਛੱਡ ਦਿਤੇ ਪਟਨੇ, ਪੌਟੇ ਪਟਨੇ ਵਾਲੀ ਪਿਛਲੀ ਰੀਤੀ ਨਾ ਕੋਇ ਰਖਾਈਆ । ਹੁਣ ਸਭ ਦੇ ਲੇਖੇ ਕੱਟਣੇ, ਪਿਛਲਾ ਬਚਿਆ ਕੋਇ ਨਾ ਪਾਈਆ । ਬਿਨਾਂ ਭਗਤਾਂ ਤੋਂ ਘਰ ਕੋਈ ਨਹੀਂ ਵਸਣੇ, ਉਜੜੀ ਦਿਸੇ ਲੋਕਾਈਆ । ਸਭ ਦੇ ਆਸਣ ਸਖਣੇ, ਖ਼ਾਲੀ ਠੂਠੇ ਰਹੇ ਵਖਾਈਆ । ਗੁਰਮੁਖਾਂ ਦੇ ਦੀਪਕ ਜਗਣੇ, ਗੋਬਿੰਦ ਕਰੇ ਰੁਸ਼ਨਾਈਆ । ਤੁਸੀਂ ਮੇਰੇ ਮੁੱਖ ਮੁੱਖਣੇ, ਜੇਹੜੇ ਸਵਾ ਲੱਖ ਨਾਲ ਲੜਾਈਆ । ਹੁਣ ਤੂੰ ਓਸ ਦੇਸ ਢਕਣੇ, ਜਿਥੇ ਦਿਸੇ ਧੁਰਦਰਗਾਹੀਆ । ਹੁਣ ਪਾਲੇ ਨਾਲ ਮੱਖਣੇ, । ਚਲੋ ਚਲੀਏ ਓਸ ਵਤਨੇ, ਜਿਥੋਂ ਫੇਰ ਨਾ ਕੋਇ ਕਢਾਈਆ । ਚੌਦਾਂ ਲੋਕ ਤੁਸੀਂ ਖ਼ੁਸ਼ੀਆਂ ਨਾਲ ਟੱਪਣੇ, ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਬਣ ਕੇ ਰਸਤੇ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਤੁਹਾਨੂੰ ਵੇਖ ਕੇ ਹੱਸਣੇ, ਦੋਹਾਂ ਹੱਥਾਂ ਦੀ ਤਾਲੀ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ ।

ਸੱਤ ਰੰਗ ਕਹਿਣ ਅਸੀਂ ਇੰਚ ਨੌਂ ਨੌਂ, ਨੌਂ ਦੁਵਾਰੇ ਵੇਖ ਵਖਾਈਆ । ਸਾਰੀ ਦ੍ਰਿਸ਼ਟੀ ਰਹੇ ਭੌਂ, ਸ੍ਰਿਸ਼ਟੀ ਖੋਜ ਖੁਜਾਈਆ । ਵੇਖਿਓ ਕੋਈ ਅਜੇ ਨਾ ਜਾਇਓ ਸੌਂ, ਸੁਤਿਆਂ ਵਕਤ ਲੰਘਾਈਆ । ਤੁਹਾਡੇ ਪਿੱਛੇ ਗੋਬਿੰਦ ਨੇ ਖਾਧਾ ਸੀ ਇਕ ਇਕ ਜੌਂ, ਨੌਂ ਦਿਨ ਝੱਟ ਲੰਘਾਈਆ । ਰੱਜ ਦੀ ਰਾਤ ਵਿਚ ਕਰ ਲਓ ਆਪਣੇ ਬਾਰਾਂ ਪੌਂ, ਨੱਟੀ ਵਾਲੀ ਨਰਦ ਦਿਓ ਗੁਵਾਈਆ । ਸਚਖੰਡ ਵੱਲ ਸਿੱਧਾ ਕਰ ਲਓ ਰੌਂ, ਅੱਗੇ ਹੋ ਨਾ ਕੋਇ ਅਟਕਾਈਆ । ਹੁਣ ਪ੍ਰਭ ਤੁਹਾਡਾ ਗਉਂ, ਤੁਹਾਡੀ ਫੜਨ ਆਇਆ ਬਾਹੋਂ, ਆਪਣਾ ਫੇਰਾ

ਪਾਈਆ । ਜੇ ਪ੍ਰਭ ਤੁਹਾਡਾ ਬਣੇ ਪਿਤਾ ਮਾਉਂ, ਤੁਸੀਂ ਕਿਉਂ ਨਾ ਬੱਚੇ ਬਣ ਕੇ ਗੋਦ ਸੁਹਾਈਆ । ਅੱਜ ਤੋਂ ਤੁਹਾਡਾ ਬਦਲ ਗਿਆ ਨਾਉਂ, ਨਿਰੰਕਾਰਾ ਦਏ ਵਡਿਆਈਆ । ਤੁਸੀਂ ਹੰਸ ਬਣ ਗਏ ਕਾਉਂ, ਕਾਗ ਬੁੱਧੀ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ ।

ਸੱਤ ਰੰਗ ਕਹਿਣ ਅਸੀਂ ਲਾਲ ਲਾਲੇ, ਲਾਲਾਂ ਦਈਏ ਵਡਿਆਈਆ । ਅੱਜ ਤੋਂ ਬਦਲੋ ਆਪਣੀ ਚਾਲੇ, ਪਿਛਲੀ ਮੱਤ ਦੇਣੀ ਗੁਵਾਈਆ । ਓਸ ਦੇ ਬਣ ਜਾਓ ਬਾਲੇ, ਜੋ ਬਾਲਮ ਇਕ ਅਖਵਾਈਆ । ਜੇਹੜਾ ਸਦਾ ਕਰੇ ਪ੍ਰਿਤਪਾਲੇ, ਸਿਰ ਆਪਣਾ ਹੱਥ ਟਿਕਾਈਆ । ਕੁਛ ਯਾਦ ਕਰ ਲਓ ਕੀ ਨਾਨਕ ਕਿਹਾ ਬਾਲੇ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਮੇਲਾ ਲਏ ਮਿਲਾਈਆ ।

ਸੱਤ ਰੰਗ ਕਹਿਣ ਅਸੀ ਰੰਗ ਅਪਾਰ, ਅਪਰੰਪਰ ਸੁਵਾਮੀ ਦਿਤੀ ਵਡਿਆਈਆ । ਜਨ ਭਗਤੋ ਤੁਹਾਡੀ ਵੇਖਣ ਆਏ ਬਹਾਰ, ਬਸੰਤੀ ਸੋਹਣੀ ਸੋਭਾ ਪਾਈਆ । ਜਿਸ ਵਿਚ ਤੁਸੀਂ ਗੁਲ ਤੇ ਗੁਲਸ਼ਨ ਸੋਹਣੀ ਖਿਲੀ ਗੁਲਜ਼ਾਰ, ਮਹਿਕ ਮਹਿਕ ਵਿਚ ਮਹਿਕਾਈਆ । ਜਿਹੜਾ ਝੁਕ ਗਿਆ ਪੁਰਖ ਤੇ ਨਾਰ, ਗੁਰਮੁਖ ਇਕੋ ਰੰਗ ਸਮਾਈਆ । ਆਤਮ ਦਾ ਕਰ ਵਿਚਾਰ, ਪਰਮਾਤਮ ਵੱਜੇ ਵਧਾਈਆ । ਜੇ ਬਾਹਰੋਂ ਕਰੋ ਸ਼ਿੰਗਰ, ਕੱਜਲ ਨੈਣ ਮਟਕਾਈਆ । ਅੰਦਰੋਂ ਰੱਖੋ ਧੂਆਂਧਾਰ, ਇਹ ਪ੍ਰੀਤ ਕਦੇ ਨਾ ਭਾਈਆ । ਬਾਹਰੋਂ ਭਾਵੇਂ ਪਾਟੇ ਚੀਥੜ ਦਿਆਂ ਵਖਾਲ, ਭੁੱਖੇ ਨੰਗੇ ਨਜ਼ਰੀ ਆਈਆ । ਅੰਦਰੋਂ ਬਣ ਜਾਓ ਓਸ ਦੇ ਲਾਲ, ਜੇਹੜਾ ਲਾਲ ਤੁਹਾਡੇ ਉਤੋਂ ਭੇਟ ਗਿਆ ਕਰਾਈਆ । ਇਹ ਦੁਨੀਆਂ ਜਗਤ ਦਿਹਾੜੇ ਚਾਰ, ਸਦਾ ਰਹਿਣ ਕੋਇ ਨਾ ਪਾਈਆ । ਕਿਥੇ ਗਏ ਤੁਹਾਡੇ ਯਾਰ, ਪਿਓ ਦਾਦਾ ਸੰਗ ਨਾ ਕੋਇ ਨਿਭਾਈਆ । ਕਿਉਂ ਇਹ ਘੜਨ ਭੰਨਣ ਵਾਲਾ ਵੱਡਾ ਘੁਮਿਆਰ, ਠੱਠਿਆਰ ਧੁਰਦਰਗਾਹੀਆ । ਜਿਨ੍ਹ ਠੋਕ ਵਜਾ ਕੇ ਵੇਖਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੀ ਚਲੇ ਨਾ ਕੋਇ ਚਤੁਰਾਈਆ । ਹੁਣ ਆਈ ਤੁਹਾਡੀ ਵਾਰ, ਵਾਰਤਾ ਪਿਛਲੀ ਦਿਆਂ ਸਮਝਾਈਆ । ਜਿਸ ਵੇਲੇ ਗੋਬਿੰਦ ਅੰਗੀਠੇ ਵਿਚ ਅਗਨੀ ਦਿਤੀ ਬਾਲ, ਆਪਣਾ ਆਪ ਭੇਟ ਕਰਾਈਆ । ਪੁਰਖ ਅਕਾਲ ਅੱਗੇ ਕੀਤਾ ਸਵਾਲ, ਸਵਾਲੀ ਹੋ ਕੇ ਅੱਗੇ ਝੋਲੀ ਡਾਹੀਆ । ਪ੍ਰਭੂ ਹੁਣ ਆਵਾਂ ਤੇਰੇ ਨਾਲ, ਨਿਰਗੁਣ ਹੋ ਕੇ ਫੇਰਾ ਪਾਈਆ । ਓਸ ਵੇਲੇ ਮੇਰੇ ਸਿੱਖ ਵਖਾਵੀਂ ਬਾਲ, ਬਾਲ ਨੱਢੇ ਨਾਲ ਰਲਾਈਆ । ਗੁਰਮੁਖੋ ਇਹ ਵੇਲਾ ਲਓ ਸੰਭਾਲ, ਸੰਬਲ ਵਿਚ ਬੈਠਾ ਆਪਣਾ ਖੇਲ ਕਰਾਈਆ । ਜਿਸ ਨੂੰ ਸਾਰੇ ਰਹੇ ਭਾਲ, ਕੂਚਾ ਗਲੀ ਹੱਥ ਕਿਸੇ ਨਾ ਆਈਆ । ਪੁਛਣ ਆਇਆ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦਏ ਸੁਹਾਈਆ ।

ਸੱਤ ਰੰਗ ਕਹਿਣ ਓਏ ਆਪਣੇ ਅੰਦਰ ਵੇਖੋ ਪਿਤਾ, ਤੱਤਾਂ ਪਰਦਿਆਂ ਵਿਚੋਂ ਪਰਦਾ ਲਓ ਉਠਾਈਆ । ਤੁਸਾਂ ਕੀ ਲੈਣਾ ਕੋਲੋਂ ਪੱਥਰ ਇੱਟਾਂ, ਕੰਧਾਂ ਸੀਸ ਝੁਕਾਈਆ । ਬਿਨਾ ਗੋਬਿੰਦ ਤੋਂ ਕਿਸੇ ਨਹੀਂ ਕਰਨਾ ਹਿੱਤਾ, ਸਾਫ ਹਿਸਾਬ ਨਾ ਕੋਇ ਕਰਾਈਆ । ਸਾਰਿਆਂ ਅੰਤ ਦੇ ਜਾਣੀਆਂ ਪਿੱਠਾਂ, ਅਗਲਾ ਸੰਗ ਨਾ ਕੋਇ ਨਿਭਾਈਆ । ਗੁਰਮੁੱਖੋ ਵੇਲਾ ਪ੍ਰਭ ਚਰਨ ਧੂੜੀ ਲਾ ਲਓ ਟਿੱਕਾ, ਟਕਿਆਂ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਦਾ ਸੀਰ ਕਦੇ ਨਾ ਫਿਟਾ, ਅੰਮ੍ਰਿਤ ਰਸ ਅਗੰਮਾ ਦਏ ਚਖਾਈਆ । ਫੇਰ ਜਗਤ ਦੀ ਕਹਾਣੀ ਸ਼ਾਸਤਰ ਵਾਲਾ ਚਿੱਠਾ, ਚਿੱਠੀਆਂ ਪੜ੍ਹ ਪੜ੍ਹ ਕੇ ਚਾਰ ਯੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਝੱਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ ।

ਸੱਤ ਰੰਗ ਕਹਿਣ ਓਏ ਗੁਰਮੁਖੋ ਮੇਰਿਓ ਵੀਰੋ, ਵੀਰਨਾ ਦਿਆਂ ਜਣਾਈਆ । ਜ਼ਰਾ ਆਪਣਾ ਸੀਨਾ ਚੀਰੋ, ਚਿਰ ਦੇ ਵਿਛੁੰਨਿਉਂ ਦਿਆਂ ਜਣਾਈਆ । ਸਾਰੀ ਦੁਨੀਆਂ ਦਾ ਲੇਖਾ ਹੋ ਗਿਆ ਜ਼ੀਰੋ, ਤੁਹਾਨੂੰ ਇਕ ਦਾ ਅੰਕ ਲਿਆ ਬਣਾਈਆ । ਇਹ ਖੇਲ ਆਖਰ ਅਖੀਰੋ, ਆਖਰ ਦਿਤਾ ਸਮਝਾਈਆ । ਕਿਸੇ ਕੰਮ ਨਹੀਂ ਔਣੀ ਧਰਤੀ ਧਨ ਮਾਲ ਜਗੀਰੋ, ਮਹੱਲ ਅਟੱਲ ਨਾ ਕੋਇ ਵਡਿਆਈਆ । ਗੁਰਮੁਖੋ ਬਣ ਜਾਓ ਸਾਚੇ ਹੀਰੋ, ਦਰ ਸਾਚੇ ਸੋਭਾ ਪਾਈਆ । ਵੈਰਾਗ ਅੰਦਰ ਵਹਾਓ ਸਦਾ ਨੀਰੋ, ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣਾ ਘਰ ਦਏ ਵਖਾਈਆ ।

ਸੱਤ ਰੰਗ ਕਹਿਣ ਓਏ ਆਪਣਾ ਆਪ ਕਰ ਲਓ ਸਫੈਦ, ਚਿੱਟਾ ਨਜ਼ਰੀ ਆਈਆ । ਪੁਰਖ ਅਕਾਲ ਤੇ ਗੋਬਿੰਦ ਦਾ ਵੇਖੋ ਐਹਦ, ਐਹਦਨਾਮਾ ਦਿਆਂ ਵਖਾਈਆ । ਭਗਤੋ ਧਰਮ ਰਾਏ ਦੀ ਵਿਚ ਨਾ ਵੜਨਾ ਕੈਦ, ਬੰਦੀਖ਼ਾਨੇ ਨਾ ਕੋਇ ਭੁਵਾਈਆ । ਬਿਨਾਂ ਸਤਿਗੁਰ ਸ਼ਬਦ ਕਿਸੇ ਕੰਮ ਨਹੀਂ ਔਣਾ (ਕਵਾਇਦ), ਪੜ੍ਹਿਆਂ ਹੱਥ ਕੁਛ ਨਾ ਆਈਆ । ਜੇ ਤੁਹਾਨੂੰ ਮਿਲ ਗਿਆ ਸਬੱਬ ਨਾਲ ਧੁਰ ਦਾ ਵੈਦ, ਅੰਦਰੋਂ ਰੋਗ ਲਓ ਗੁਵਾਈਆ । ਹੁਣ ਅੱਖਰਾਂ ਵਾਲੀ ਛੱਡ ਦਿਓ ਬਹਿਸ, ਝਗੜੇ ਵਿਚ ਨਾ ਕੋਇ ਲੜ੍ਹਾਈਆ । ਜਿਨ੍ਹਾਂ ਨੇ ਸਚਖੰਡ ਕਰਨੀ ਰਿਹਾਇਸ਼, ਬਾਹਵਾਂ ਉਪਰ ਦਿਓ ਉਠਾਈਆ । ਤੁਸੀਂ ਚੁਰਾਸੀ ਵਿਚੋਂ ਥੋੜੇ ਮਿਲੀ ਨੁਮਾਇਸ਼, ਨੁਮਾਇੰਦੇ ਆਪਣੇ ਲਏ ਬਣਾਈਆ । ਤੁਹਾਡੀ ਝੋਲੀ ਪਾ ਕੇ ਨਾਮ ਕੈਸ਼, ਕੈਸ਼ੀਅਰ ਧੁਰ ਦੇ ਦਿਤੇ ਬਣਾਈਆ । ਵੇਖਿਓ ਕਿਤੇ ਆ ਨਾ ਜਾਇਓ ਵਿਚ ਤੈਸ਼, ਗੁੱਸੇ ਵਿਚ ਝੱਟ ਲਓ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਸੱਤ ਰੰਗ ਕਹਿਣ ਸਾਰੇ ਕਰ ਲਓ ਸਲਾਹ, ਅੰਦਰੇ ਅੰਦਰ ਧਿਆਨ ਲਗਾਈਆ । ਅੱਗੇ ਕਰੀਏ ਨਾ ਕੋਈ ਗੁਨਾਹ, ਪ੍ਰਭ ਨੂੰ ਦਿਓ ਬਤਲਾਈਆ । ਭਾਵੇਂ ਕਿੰਨਾਂ ਗੁੱਸੇ ਹੋਵੇ ਪਿਤਾ ਮਾਂ, ਫਿਰ ਵੀ ਪ੍ਰਭੂ ਦੇ ਚਰਨ ਛੱਡਿਓ ਨਾ, ਨਾਨਕ ਦਾਦਕ (ਭਾਵੇਂ) ਸਾਰੇ ਜਾਣ ਤਜਾਈਆ । ਆਪਣਾ ਦਰਗਹਿ ਵਿਚ ਲਵਾਂ ਲਓ ਨਾਂ, ਨਾਨਕ ਗੋਬਿੰਦ ਦਏ ਵਡਿਆਈਆ । ਵੇਖਿਓ ਭੁੱਲ ਕੇ ਕਦੀ ਨਾ ਖਾਇਓ ਸੂਰ ਗਾਂ, ਸੁਤਿਆਂ ਰਿਹਾ ਜਗਾਈਆ । ਜਿਨ੍ਹਾਂ ਮਾਨਣੀ ਠੰਡੀ ਛਾਂ, ਸੀਸ ਦਿਓ ਝੁਕਾਈਆ । ਵਸਣਾ ਸਾਚੇ ਗਰਾਂ, ਸਚਖੰਡ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦਏ ਕਢਾਈਆ ।

ਸੱਤ ਰੰਗ ਕਹਿਣ ਜਨ ਭਗਤੋ ਸਾਡੀ ਮੰਨੋ ਅਰਦਾਸ, ਅਰਦਾਸਿਆਂ ਵਿਚ ਜਣਾਈਆ । ਇਹ ਧੁਰ ਦਾ ਵਿਹਾਰ ਖਾਸ, ਖਾਲਸ ਰਿਹਾ ਕਰਾਈਆ । ਜਿਸ ਤਰ੍ਹਾਂ ਗੋਬਿੰਦ ਪੁਰਖ ਅਕਾਲ ਦਿਸੇ ਉਪਰ ਆਕਾਸ਼, ਜੋਤ ਸ਼ਬਦ ਵਡ ਵਡਿਆਈਆ । ਓਸੇ ਤਰ੍ਹਾਂ ਧਰਤੀ ਉਤੇ ਆਇਆ ਤੁਹਾਡੇ ਪਾਸ, ਪਾਸਾ ਰਿਹਾ ਬਦਲਾਈਆ । ਅੱਗੇ ਤੱਤਾਂ ਦੀ ਪੈਂਦੀ ਰਾਸ, ਹੁਣ ਨਿਰਗੁਣ ਨਿਰਗੁਣ ਖ਼ੁਸ਼ੀ ਮਨਾਈਆ । ਜੇ ਸਮਝ ਲਓ ਨਿੱਕੀ ਜਿਹੀ ਬਾਤ, ਬਾਤਨ ਪਰਦਾ ਇਕ ਉਠਾਈਆ । ਪਤਾ ਲੱਗ ਜਾਏ ਪੁਰਖ ਅਕਾਲ ਇਕੋ ਸਭ ਦਾ ਬਾਪ, ਦੂਜਾ ਹੋਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ ।

ਸੱਤ ਰੰਗ ਕਹਿਣ ਗੁਰਮੁਖੋ ਕੀ ਅੰਤਰ ਆਈ ਦਲੀਲ, ਸਚ ਦੇਣੀ ਸੁਣਾਈਆ । ਜੇ ਕੋਈ ਕਰਨਾ ਚਾਹੁੰਦਾ ਅਪੀਲ, ਉਠ ਕੇ ਦਿਓ ਸੁਣਾਈਆ । ਜੇ ਕੋਈ ਕਰਨਾ ਚਾਹੁੰਦਾ ਵਕੀਲ, ਗੁਰ ਅਵਤਾਰ ਪੈਗ਼ੰਬਰ ਲਓ ਮੰਗਾਈਆ । ਜੇ ਕੋਈ ਜਾਣਾ ਚਾਹੁੰਦਾ ਵਿਚ ਤਹਿਸੀਲ, ਮਨ ਮਨੂਆ ਲਓ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਸੱਤ ਰੰਗ ਕਹਿਣ ਸਾਡੇ

ਵਿਚ ਨਹੀਂ ਕੋਈ ਧੱਬਾ, ਇਕੋ ਰੰਗ ਵਖਾਈਆ । ਜਨ ਭਗਤੋ ਸਭ ਦਾ (ਸਾਂਝਾ) ਹੋਇਆ (ਅੱਬਾ), ਪੁਰਖ ਅਕਾਲ ਲੈਣਾ ਮਨਾਈਆ । ਤੁਸੀਂ ਵੀ ਬਦਲ ਦਿਓ ਅੰਦਰੋਂ ਤਬਾ, ਤਬੀਅਤ ਲੈਣੀ ਬਦਲਾਈਆ । ਫੇਰ ਨਾ ਕਿਹੋ ਹਾਏ ਰੱਬਾ, ਜਗਤ ਰਿਹੋਂ ਸਤਾਈਆ । ਜੁਗ ਚੌਕੜੀ ਲੱਭਿਆਂ ਕਿਸੇ ਨਾ ਲੱਭਾ, ਮਿਹਰ ਨਜ਼ਰ ਮੇਲ ਮਿਲਾਈਆ । ਤੁਹਾਨੂੰ ਦੇ ਕੇ ਸੱਦਾ, ਸੰਮਤ ਚੌਥੇ ਲਿਆ ਜੁੜਾਈਆ । ਭਗਤ ਦੁਵਾਰ ਦੇ ਕੇ ਜਗਹ, ਸਚ ਦੁਵਾਰੇ ਸੋਭਾ ਪਾਈਆ । ਸੁਵਾਰ ਲਓ ਆਪਣਾ ਅੱਗਾ, ਮਿਲੇ ਮਾਣ ਵਡਿਆਈਆ । ਮਨ ਕਲਪਣਾ ਕਰਿਓ ਕੋਇ ਨਾ ਦਗਾ, ਫਰੇਬਾਂ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਸਾਈਆ ।

ਸੱਤ ਰੰਗ ਕਹਿਣ ਜਨ ਭਗਤੋ ਚੁਰਾਸੀ ਵਿਚੋਂ ਲੈ ਲਓ ਛੁੱਟੀ, ਛੁਟਕਾਰਾ ਲਓ ਕਰਾਈਆ । ਪੰਧ ਮੁਕਾ ਕੇ ਲਓ ਤ੍ਰੈਕੁਟੀ, ਈੜਾ ਪਿੰਗਲ ਸੁਖਮਨ ਦੀ ਲੋੜ ਰਹੇ ਨਾ ਰਾਈਆ । ਅਸੀਂ ਬੱਝ ਗਏ ਤੁਹਾਡੀ ਗੁੱਟੀਂ, ਸੱਤੇ ਮੰਜ਼ਲਾਂ ਪਾਰ ਕਰਾਈਆ । ਜਿਥੇ ਇਕੋ ਜੋਤ ਦੀ ਪੋਹ ਫੁੱਟੀ, ਸੂਰਜ ਚੰਨ ਨਜ਼ਰ ਕੋਇ ਨਾ ਆਈਆ । ਭਗਤਾਂ ਦੀ ਪ੍ਰੀਤ ਕਦੇ ਨਾ ਟੁੱਟੀ, ਟੁਟਿਆਂ ਰਿਹਾ ਜੁੜਾਈਆ । ਭਾਗ ਲੱਗਾ ਉਨ੍ਹਾਂ ਕੁੱਖੀਂ, ਜੋ ਜਨਮ ਜਨਮ ਦੀ ਟੁੱਟੀ ਰਹੀ ਜੁੜਾਈਆ । ਸਦਾ ਰਹੇ ਸੁੱਖੀ, ਸੁਖ ਸਾਗਰ ਵਿਚ ਸਮਾਈਆ । ਬਣੇ ਰਹੋ ਵਡ ਮੁਖੀ, ਗੁਰਮੁਖ ਨਜ਼ਰੀ ਆਈਆ । ਗਾਂਦੇ ਰਹੋ ਦੋ ਤੁੱਕੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਅੰਤ ਸਭ ਦੀ ਮੰਜ਼ਲ ਰਹੀ ਮੁੱਕੀ, ਮੁਕੰਮਲ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੁਵਾਰਾ ਇਕ ਸੁਹਾਈਆ ।

ਸੱਤ ਰੰਗ ਕਹਿਣ ਸਾਰੇ ਹੋ ਗਏ ਇਕੱਠੇ, ਮਿਲੀ ਮਾਣ ਵਡਿਆਈਆ । ਅੱਗੇ ਇਕ ਦੂਜੇ ਨੂੰ ਕਰਦੇ ਰਹੇ ਠੱਠੇ, ਵੱਡੇ ਛੋਟੇ ਕਹਿ ਕਹਿ ਰਹੇ ਸਤਾਈਆ । ਪਿਛਲੀ ਮੰਜ਼ਲ ਟੱਪੇ, ਸਦ ਇਕੋ ਵੇਖ ਵਖਾਈਆ । ਜਿਥੇ ਭਗਤ ਰਹੇ ਭਾਈ ਭੈਣ ਸਕੇ, ਗੁਰਮੁਖ ਸੋਹਣਾ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਪੱਕੇ, ਨਾਤਾ ਕੂੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਸਦਾ ਦਏ ਸੁਹਾਈਆ । ਸੱਤ ਰੰਗ ਕਹਿਣ ਸਚਖੰਡ ਬੈਠੇ ਲਾ ਕੇ ਡੇਰਾ, ਘਰ ਇਕੋ ਸੋਭਾ ਪਾਈਆ । ਜਿਥੇ ਢੋਲਾ ਤੇਰਾ ਮੇਰਾ, ਇਕੋ ਸਿਫਤ ਸਾਲਾਹੀਆ । ਪਿਛਲਾ ਹੋਵੇ ਨਬੇੜਾ ਸੋਹਣਾ ਵਸੇ ਖੇੜਾ, ਨਿਰਗੁਣ ਦੀਪਕ ਜੋਤ ਰੁਸ਼ਨਾਈਆ । ਪੁਰਖ ਅਕਾਲ ਕਰੇ ਮਿਹਰਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦਏ ਵਡਿਆਈਆ । ਸੱਤ ਰੰਗ ਕਹਿਣ ਜਿਸ ਕਾਰਨ ਗੋਬਿੰਦ ਪੁਰਖ ਅਕਾਲ ਮਾਰਿਆ ਫੇਰਾ, ਆਪਣਾ ਵੇਸ ਵਟਾਈਆ । ਸੋ ਤੁਹਾਡਾ ਕਰ ਕੇ ਹੱਕ ਨਬੇੜਾ, ਪਿਛਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣ ਲੱਗਿਆਂ ਨਾ ਲਾਵੇ ਦੇਰਾ, ਦੇਰ ਦੇ ਵਿਛੜੇ ਜੋੜ ਜੁੜਾਈਆ ।

ੴ ੴ ੴ ੴ ੴ

ੴ ੧੮ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ

ਜੇਠੂਵਾਲ ੴ

ਸੱਤ ਰੰਗ ਕਹਿਣ ਸਾਡੀ ਇਕ ਅਪੀਲੇ, ਬੇਨੰਤੀ ਦਈਏ ਜਣਾਈਆ । ਜਨ ਭਗਤੋ ਬਣਿਓ ਮਾਤ ਵਸੀਲੇ, ਵਸਲ ਮਿਲੇ ਯਾਰ ਖ਼ੁਦਾਈਆ । ਬਣੀਏ ਸਚ ਕਬੀਲੇ, ਕਿਬਲ ਦਾ ਮਾਲਕ ਦਏ ਵਡਿਆਈਆ । ਬਦਲੇ ਨਾ ਕਦੇ ਦਲੀਲੇ, ਦਿਲਬਰ ਦਿਲਦਾਰ ਨਜ਼ਰੀ ਆਈਆ । ਕੌਲ ਇਕਰਾਰ ਹਾੜ ਮਹੀਨੇ, ਮਾਹ ਥਿਤ ਵੱਜੇ ਵਧਾਈਆ । ਰੰਗ ਚੜ੍ਹੇ ਰਹਿਣ ਭੀਨੇ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਝਗੜੇ ਮੁੱਕ

ਜਾਣ ਲੋਕ ਤੀਨੇ, ਤ੍ਰੈਗੁਣ ਲੇਖਾ ਦੇਣਾ ਗੁਵਾਈਆ । ਸਾਹਿਬ ਯਾਦ ਰੱਖਿਓ ਸੀਨੇ, ਸੀਨਾ ਇਕੋ ਵੇਖ ਵਖਾਈਆ । ਜਗਤ ਵਿਕਾਰ ਨਾ ਬਣਿਉਂ ਕਮੀਨੇ, ਮਮਤਾ ਮੋਹ ਦੁਹਾਈਆ । ਝਗੜਾ ਛੱਡਿਓ ਨਰ ਮਦੀਨੇ, ਆਤਮ ਪਰਮਾਤਮ ਨਜ਼ਰੀ ਆਈਆ । ਤੁਹਾਡੇ ਲੇਖੇ ਲੱਗਣ ਪਸੀਨੇ, ਜੋ ਬਣੇ ਪਾਂਧੀ ਰਾਹੀਆ । ਸਚ ਦੁਵਾਰ ਰਹਿਣਾ ਅਧੀਨੇ, ਆਅਲਾ ਅਦਨਾ ਮਿਲੇ ਵਡਿਆਈਆ । ਹਿਰਦੇ ਹਰਿ ਲੈਣਾ ਚੀਨੇ, ਚਿੰਤਾ ਕੂੜੀ ਬਾਹਰ ਕਢਾਈਆ । ਤੁਹਾਡੇ ਸੁਫਲ ਹੋਵਣ ਜੀਣੇ, ਜੀਵਣ ਜੁਗਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਾਥੀ ਦਇਆ ਕਮਾਈਆ ।

ਸੱਤ ਰੰਗ ਕਹਿਣ ਜਨ ਭਗਤੋ ਦੇਣਾ ਧੁਰ ਦਾ ਸਾਥ, ਸਗਲਾ ਸੰਗ ਨਿਭਾਈਆ । ਮਸਤਕ ਝੁਕਣਾ ਮਾਥ, ਮਿਲੀ ਮਾਣ ਵਡਿਆਈਆ । ਨਾਤਾ ਜੁੜਿਆ ਸੱਜੇ ਖੱਬੇ ਹਾਥ, ਸੀਸ ਹਥੇਲੀ ਉਤੇ ਟਿਕਾਈਆ । ਜੋ ਗੋਬਿੰਦ ਗਿਆ ਆਖ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਜ਼ਰਾ ਸਾਰੇ ਲਓ ਝਾਕ, ਨੇਤਰ ਨੈਣ ਅੱਖ ਉਠਾਈਆ । ਨਿਰਗੁਣ ਧਾਰ ਲੱਭੇ ਸਾਕ, ਸੱਜਣ ਨੂਰ ਖ਼ੁਦਾਈਆ । ਸਾਂਝੀ ਕਰ ਲਓ ਜਾਤ, ਝਗੜਾ ਦੂਨੀ ਰਹੇ ਨਾ ਰਾਈਆ । ਤਨ ਵਜੂਦ ਕਰ ਲਓ ਪਾਕ, ਪਤਤ ਪੁਨੀਤ ਆਪ ਕਰਾਈਆ । ਸਚ ਦੁਵਾਰਿਉਂ ਮੰਗੋ ਦਾਤ, ਦਾਤਾ ਦਾਨੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ ।

ਸੱਤ ਰੰਗ ਕਹਿਣ ਵੇਖੋ ਖੇਲ ਪੁਰਖ ਅਗੰਮਾ, ਅਗੰਮੜੀ ਕਾਰ ਕਮਾਈਆ । ਸਭ ਦਾ ਲੇਖੇ ਲਾਵੇ ਦਮਾ, ਦਾਮਨਗੀਰ ਆਪ ਹੋ ਜਾਈਆ । ਜਗਤ ਰਾਜ ਚਲਾਇਆ ਨਵਾਂ, ਨੌਂ ਖੰਡ ਵੱਜੇ ਵਧਾਈਆ । ਧੁਰ ਸੰਦੇਸ਼ ਧੁਰ ਦਾ ਕਹਿਵਾਂ, ਧੁਰ ਦੀ ਧਾਰ ਧੁਰ ਪ੍ਰਗਟਾਈਆ । ਖ਼ੁਸ਼ੀਆਂ ਨਾਲ ਫਿਰਾਂ ਚਵਾਂ, ਭੱਜਾਂ ਵਾਹੋ ਦਾਹੀਆ । ਅੱਗੇ ਬਦਲਣ ਵਾਲਾ ਸਮਾਂ, ਸਾਹਿਬ ਸੁਵਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ ।

ਸੱਤ ਰੰਗ ਕਹਿਣ ਜਨ ਭਗਤੋ ਬਣ ਗਈ ਸਾਚੀ ਜੋੜੀ, ਹਰਿ ਸੱਜਣ ਲਿਆ ਜੁੜਾਈਆ । ਜੁਗ ਚੌਕੜੀ ਕਰਦੇ ਰਹੇ ਬਹੁੜੀ ਬਹੁੜੀ, ਨੇਤਰ ਨੈਣਾਂ ਨੀਰ ਵਹਾਈਆ । ਸਾਨੂੰ ਲੱਭੀ ਨਾ ਮੰਜ਼ਲ ਪੌੜੀ, ਪੈਂਡਾ ਪੰਧ ਮੁਕਾਈਆ । ਕਲਜੁਗ ਅੰਤਮ ਸਾਡੀ ਕਰਨੀ ਸੌਰੀ, ਸਾਹਿਬ ਸੁਲਤਾਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦਏ ਸੁਹਾਈਆ ।

ਸੱਤ ਰੰਗ ਕਹਿਣ ਭਗਤੋ ਸੱਚੇ ਬਣ ਜਾਓ ਜੋਗੀ, ਜੁਗੀਸ਼ਰ ਪੰਧ ਮੁਕਾਈਆ । ਹਉਮੇ ਦਾ ਰਹੇ ਕੋਈ ਨਾ ਰੋਗੀ, ਹੰਗਤਾ ਦੇਣੀ ਗੁਵਾਈਆ । ਹੱਕ ਹਕੀਕਤ ਬਣੋ ਭੋਗੀ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਹੋ ਸੰਜੋਗੀ, ਘਰ ਮੇਲਾ ਸਹਿਜ ਸੁਭਾਈਆ । ਨਾਮ ਗਾਓ ਸਲੋਕੀ, ਸੋਹੰ ਢੋਲਾ ਰਾਗ ਅਲਾਹੀਆ । ਝਗੜਾ ਮੁਕ ਜਾਏ ਨਾਥ ਤ੍ਰੈਲੋਕੀ, ਤਿੰਨਾਂ ਲੋਕਾਂ ਪੰਧ ਮੁਕਾਈਆ । ਸਚਖੰਡ ਦੇ ਬਣ ਜਾਓ ਮੌਜੀ, ਮਜਲਸ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਸਰਨਾਈਆ ।

ਸੱਤ ਰੰਗ ਕਹਿਣ ਅਸੀਂ ਦੱਸਣ ਅਏ ਅਸਲੀਅਤ, ਅਸਲ ਦਈਏ ਸਮਝਾਈਆ । ਗੋਬਿੰਦ ਨੇ ਕੀਤੀ ਵਸੀਅਤ, ਸ਼ਬਦੀ ਹੁਕਮ ਸੁਣਾਈਆ । ਜਨ ਭਗਤਾਂ ਬਦਲ ਦਿਤੀ ਤਬੀਅਤ, ਤਬਆ ਕੂੜ ਰਹੇ ਨਾ ਰਾਈਆ । ਜਗਤ ਵਿਚ ਦਿਸਣ ਅਕਲੀਅਤ, ਅਕਲ ਕਲਧਾਰੀ ਵੇਖ ਵਖਾਈਆ । ਸਚਖੰਡ ਦੁਵਾਰ

ਤੁਹਾਡੀ ਅਹਿਮੀਅਤ, ਅਹਿਮਕ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚਾ ਦਏ ਸੁਹਾਈਆ ।

ਸੱਤ ਰੰਗ ਕਹਿਣ ਜਨ ਭਗਤੋ ਤੁੱਟੇ ਨਾ ਨਾਤਾ, ਨਾਤਵਾਂ ਰਹਿਣ ਨਾ ਪਾਈਆ । ਧੁਰ ਦਾ ਬਣੇ ਸਾਕਾ, ਸੱਜਣ ਇਕ ਅਖਵਾਈਆ । ਦੋ ਜਹਾਨਾਂ ਰਾਖਾ, ਦਿਵਸ ਰੈਣ ਵੇਖ ਵਖਾਈਆ । ਸਾਂਝਾ ਬਣ ਕੇ ਆਕਾ, ਸੀਸ ਹੱਥ ਟਿਕਾਈਆ । ਤੁਸਾਂ ਇਕੋ ਸ਼ਬਦ ਹੁਕਮ ਮੰਨਣਾ ਆਖਾ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਰਿਹਾ ਮਿਲਾਈਆ । ਸੱਤ ਰੰਗ ਕਹਿਣ ਅਸਾਂ ਤੱਕਿਆ ਸਿੰਘ ਸ਼ੇਰ, ਸ਼ਹਿਨਸ਼ਾਹ ਨਜ਼ਰੀ ਆਈਆ । ਜੋ ਤੁਹਾਡੇ ਉਤੇ ਕਰੇ ਮਿਹਰ, ਮਿਹਰਵਾਨ ਦਇਆ ਕਮਾਈਆ । ਸ੍ਰਿਸ਼ਟੀ ਨਾਲ ਕਰ ਕੇ ਹੇਰ ਫੇਰ, ਭਰਮ ਵਿਚ ਭੁਲਾਈਆ । ਭਗਤਾਂ ਵਸ ਕੇ ਨੇਰਨ ਨੇਰ, ਆਪਣਾ ਪਰਦਾ ਰਿਹਾ ਉਠਾਈਆ । ਦੀਨ ਦੁਨੀ ਪਾ ਕੇ ਵਿਚ ਗੇੜ, ਉਲਟੀ ਲੱਠ ਰਿਹਾ ਗਿੜਾਈਆ । ਕੂੜੀ ਕਿਰਿਆ ਛੇੜ ਛੇੜ, ਝਗੜਾ ਕਰੇ ਲੋਕਾਈਆ । ਗੋਬਿੰਦ ਦਾ ਲੇਖਾ ਵੇਖ ਨੰਦੇੜ, ਪਰਦਿਆਂ ਵਿਚੋਂ ਫੁਲਾਈਆ । ਅੰਤ ਰਿਹਾ ਨਬੇੜ, ਹਕੀਕਤ ਹੱਕ ਝੋਲੀ ਪਾਈਆ । ਇਕੋ ਰੰਗ ਰੰਗਾ ਕੇ ਸੰਝ ਸਵੇਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਵਖਾਈਆ ।

ਸੱਤ ਰੰਗ ਕਹਿਣ ਅਸੀਂ ਵੇਖੀਏ ਤੱਤਾਂ ਵਾਲੇ ਸ਼ੇਰ ਸਿੰਘ ਦਾ ਪਰਵਾਰ, ਨਾਤਾ ਜਗਤ ਤਕਾਈਆ । ਜਿਨ੍ਹਾਂ ਨੂੰ ਅੱਜੇ ਤੱਕ ਨਹੀਂ ਆਇਆ ਇਤਬਾਰ, ਅੰਦਰੇ ਅੰਦਰ ਅੰਤਰ ਨਾ ਕੋਇ ਮਨਾਈਆ । ਰਸਨਾ ਕਰਦੇ ਰਹੇ ਪੁਕਾਰ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਸਿਖ ਬਣੇ ਨਾ ਵਿਚ ਸੰਸਾਰ, ਸਿਖਿਆ ਸਚ ਨਾ ਕੋਇ ਸਮਝਾਈਆ । ਇਹ ਖੇਲ ਅਪਰ ਅਪਾਰ, ਪਤਿਪਰਮੇਸ਼ਵਰ ਆਪ ਕਰਾਈਆ । ਗਫ਼ਲਤ ਵਿਚ ਹੋ ਖ਼ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ ।

ਸੱਤ ਰੰਗ ਕਹਿਣ ਸ਼ੇਰ ਸਿੰਘ ਦੇ ਵੇਖੇ ਬੱਚੇ, ਬੱਚਿਆਂ ਵਾਲੇ ਨਜ਼ਰੀ ਆਈਆ । ਤਨ ਭਾਂਡੇ ਦਿਸੇ ਅਜੇ ਕੱਚੇ, ਸਾਬਤ ਨਜ਼ਰ ਕੋਇ ਨਾ ਆਈਆ । ਚੋਰੀ ਚੋਰੀ ਚਾੜ੍ਹਦੇ ਭੱਠੇ, ਮਧ ਮਟਕਿਆਂ ਵਿਚ ਟਿਕਾਈਆ । ਉਹਦੇ ਵੱਟਦੇ ਟਕੇ, ਕੀਮਤ ਘਰਾਂ ਵਿਚ ਰਖਾਈਆ । ਅੱਜੇ ਤੱਕ ਨਾ ਬਣੇ ਸਕੇ, ਸਾਜਣ ਮਿਲਿਆ ਨਾ ਬੇਪ੍ਰਵਾਹੀਆ । ਮਨ ਵਾਸਨਾ ਨਾਲ ਬਣੌਂਦੇ ਮਤੇ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਸੱਤ ਰੰਗ ਕਹਿਣ ਅਸੀਂ ਕਰਨਾ ਨਹੀਂ ਲਿਹਾਜ, ਸਭ ਨੂੰ ਦੇਣਾ ਜਣਾਈਆ । ਜਿਸ ਗੋਬਿੰਦ ਦੇ ਸਿਰ ਤਾਜ, ਓਹ ਹੁਕਮ ਰਿਹਾ ਸੁਣਾਈਆ । ਅਸੀਂ ਕੂਕ ਸੁਣੌਣੀ ਆਵਾਜ, ਢੋਲਾ ਬੇਪ੍ਰਵਾਹੀਆ । ਜਿਥੇ ਨਹੀਂ ਸੁਵਾਲ ਜੁਵਾਬ, ਹੁਕਮੀ ਹੁਕਮ ਵਿਚ ਵਰਤਾਈਆ । ਪੈਗ਼ੰਬਰ ਕਰਨ ਆਦਾਬ, ਸਜਦੇ ਸੀਸ ਝੁਕਾਈਆ । ਲਹਿਣਾ ਦੇਣਾ ਆਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ ।

ਸੱਤ ਰੰਗ ਕਹਿਣ ਇਹ ਚੌਥੇ ਸਾਲ ਦੀ ਹਾੜੀ, ਸਚ ਦਿਆਂ ਸੁਣਾਈਆ । ਤੱਤਾਂ ਵਾਲੇ ਸ਼ੇਰ ਸਿੰਘ ਦੇ ਬੱਚਿਓ ਅੱਗੇ ਕੋਈ ਨਾ ਕਟਾਇਓ ਮੁੱਛ ਦਾੜ੍ਹੀ, ਫ਼ਰਮਾਨਾ ਇਕੋ ਇਕ ਜਣਾਈਆ । ਚੌਵੀਆਂ ਸਾਲਾਂ ਪਿਛੋਂ ਤੁਹਾਡੀ ਆਈ ਵਾਰੀ, ਚੌਵੀਆਂ ਅਵਤਾਰ ਰਿਹਾ ਜਣਾਈਆ । ਇਹ ਖੇਲ ਅਗੰਮ ਅਪਾਰੀ, ਬੁਧੀ ਵਾਲੀ ਕਥਾ ਨਾ ਕੋਇ ਪ੍ਰਗਟਾਈਆ । ਪੁੱਤਰਾਂ ਨਾਲ ਕਿਸੇ ਦੀ ਨਹੀਂ ਯਾਰੀ, ਸਿੱਖ ਭਗਤ ਨਾਲ ਮਿਲ ਕੇ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ ।

ਜੇ ਮੁੱਛ ਦਾੜ੍ਹੀ ਲੈਣੀ ਕੱਟ, ਸੱਤ ਰੰਗ ਕਹਿਣ ਸਚ ਦਈਏ ਜਣਾਈਆ । ਫਿਰ ਬੇਸ਼ਕ ਭਗਤ ਦੁਵਾਰਿਉਂ ਪਿਛੇ ਜਾਣਾ ਹੱਟ, ਔਣ ਦੀ ਲੋੜ ਰਹੇ ਨਾ ਰਾਈਆ । ਜੇ ਮਧ ਪਿਆਲੇ ਪੀਣੇ ਗਟ ਗਟ, ਨਾਤਾ ਜਾਣਾ ਤੁੜਾਈਆ । ਜੇ ਵੇਖਣਾ ਸਾਚਾ ਹੱਟ, ਸੀਸ ਕਦਮਾਂ ਉਤੇ ਝੁਕਾਈਆ । ਓਹ ਤੱਤਾਂ ਵਾਲਾ ਪਿਓ ਸਭ ਨੂੰ ਗਿਆ ਛੱਡ, ਸਕਾ ਬਣ ਕੇ ਤੁਹਾਨੂੰ ਗੋਦ ਨਾ ਕੋਇ ਉਠਾਈਆ । ਇਹ ਖੇਲ ਪੁਰਖ ਸਮਰੱਥ, ਜੋ ਸਭ ਦਾ ਪਿਤਾ ਮਾਈਆ । ਜਿਹੜੇ ਗੁਰਮੁਖ ਸਚ ਸਰਨਾਈ ਗਏ ਢੱਠ, ਢਹਿ ਢਹਿ ਸੀਸ ਨਿਵਾਈਆ । ਓਹ ਸਚ ਦੁਵਾਰੇ ਰਹੇ ਸਜ, ਸੱਜਣ ਮਿਲਿਆ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੱਤ ਰੰਗ ਕਹਿਣ ਜੇ ਬਣਨਾ ਸ਼ੇਰ ਸਿੰਘ ਦੇ ਬੱਚੇ, ਸ਼ੇਰ ਹੋ ਕੇ ਦਿਓ ਵਖਾਈਆ । ਜੇ ਅੰਦਰੋਂ ਰਹਿਣਾ ਕੱਚੇ, ਮੁਖੜਾ ਲੈਣਾ ਭੁਵਾਈਆ । ਤੁਸੀਂ ਉਪਜੇ ਓਸ ਦੀ ਰੱਤੇ, ਜੋ ਰਤਨ ਅਮੋਲਕ ਗੁਰਮੁੱਖ ਰਿਹਾ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਦਏ ਲਿਖਾਈਆ ।

ਸੱਤ ਰੰਗ ਕਹਿਣ ਜੇ ਇਹ ਬਚਨ ਹੋਵੇ ਮਨਜ਼ੂਰ, ਸਚ ਸਚ ਸੁਣਾਈਆ । ਫੇਰ ਪਿਛਲੇ ਬਖ਼ਸ਼ੇ ਜਾਣ ਕਸੂਰ, ਲੇਖਾ ਅਵਰ ਰਹੇ ਨਾ ਰਾਈਆ । ਅੱਗੇ ਭੰਡਾਰਾ ਕਰਾਂ ਭਰਪੂਰ, ਭੁੱਖਿਆਂ ਦਿਆਂ ਰਜਾਈਆ । ਜੇ ਰਹਿਣਾ ਮੂਰਖ ਮੂੜ੍ਹ, ਪੱਲੂ ਲਓ ਛੁਡਾਈਆ । ਭਗਤਾਂ ਨੂੰ ਉਧਾਰਨਾ ਗੁਰਸਿੱਖਾਂ ਨੂੰ ਤਾਰਨਾ ਇਹ ਆਦਿ ਜੁਗਾਦੀ ਦਸਤੂਰ, ਧੁਰ ਦੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ ।

ਸੱਤ ਰੰਗ ਕਹਿਣ ਸੁਣੋ ਇਕ ਅਰਦਾਸ, ਬੇਨੰਤੀ ਦਿਆਂ ਜਣਾਈਆ । ਸਤਾਰਾਂ ਹਾੜ ਦਿਹਾੜਾ ਖਾਸ, ਖਾਲਸ ਰੰਗ ਰੰਗਾਈਆ । ਜੇ ਪ੍ਰਭ ਦੇ ਹੋਣਾ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਅੰਦਰੋਂ ਕਰੋ ਵਿਸ਼ਵਾਸ, ਵਿਸ਼ਿਆਂ ਦਿਓ ਤਜਾਈਆ । ਮਾਨਸ ਜਨਮ ਹੋਵੇ ਰਾਸ, ਰਸਤਾ ਦੇਵੇ ਧੁਰਦਰਗਾਹੀਆ । ਪੂਰੀ ਕਰ ਦਏ ਘਾਟ, ਘਾਟਾ ਰਹੇ ਨਾ ਰਾਈਆ । ਮੰਜ਼ਲ ਵੇਖਿਓ ਘਾਟ, ਮੰਦਰ ਵੱਜੇ ਵਧਾਈਆ । ਸੁੱਤੇ ਪਓ ਜਾਗ, ਨੇਤਰ ਅੱਖ ਖੁਲ੍ਹਾਈਆ । ਸਤਿਗੁਰੂ ਦੁਵਾਰੇ ਸੱਚਾ ਇਕ ਸਮਾਜ, ਜੂਠ ਝੂਠ ਕੰਮ ਕਿਸੇ ਨਾ ਆਈਆ । ਜੇ ਮੁੱਛ ਦਾੜ੍ਹੀ ਦਾ ਸ਼ੇਰ ਸਿੰਘ ਦੇ ਘਰ ਹੋਵੇ ਰਿਵਾਜ, ਬਾਕੀ ਗੁਰਮੁਖ ਲੁਕਣ ਕਿਹੜੀ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲ ਦਏ ਮਿਲਾਈਆ ।

ਸੱਤ ਰੰਗ ਕਹਿਣ ਅਸੀਂ ਕਹਿ ਕੇ ਜਾਣਾ ਦੱਸ, ਦਾਸਤਾਨ ਸੁਣਾਈਆ । ਇਹ ਖੇਲ ਪੁਰਖ ਸਮਰੱਥ, ਜੋ ਦਾਤਾ ਇਕ ਅਖਵਾਈਆ । ਮੁਹੱਬਤ ਵਿਚ ਕਰਦਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਜਗਤ ਵਾਲੀ ਬਦਲ ਲਓ ਅੱਖ, ਨਿਜ ਨੇਤਰ ਅੱਖ ਉਠਾਈਆ । ਜਗਤ ਵਿਕਾਰਾ ਦਿਓ ਸੱਟ, ਘਰੋਂ ਬਾਹਰ ਕਢਾਈਆ । ਨਾਮ ਭੰਡਾਰਾ ਲਓ ਝੱਟ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਮਧ ਵਾਲੇ ਭੰਨ ਦਿਓ ਮੱਟ, ਅਗਨੀ ਹੇਠ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਪੂਰ ਕਰਾਈਆ ।

ਸੱਤ ਰੰਗ ਕਹਿਣ ਕੀ ਲੈਣਾ ਵਿਚੋਂ ਸ਼ਰਾਬ, ਸ਼ਰਅ ਦਿਓ ਤਜਾਈਆ । ਘਰ ਲਓ ਹਯਾਤੇ ਆਬ, ਜੋ ਅੰਮ੍ਰਿਤ ਰਸ ਚਖਾਈਆ । ਮੁੱਖ ਤੋਂ ਲਾਹ ਦਿਓ ਨਕਾਬ, ਪਰਦਾ ਨਜ਼ਰ ਕੋਇ ਨ ਆਈਆ । ਅਗਲੀ ਕਰੋ ਯਾਦ, ਪਿਛਲਾ ਮੂਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਵਖਾਈਆ ।

ਸੱਤ ਰੰਗ ਕਹਿਣ ਮੋਤਾ ਸਿੰਘ ਜੇ ਘਰ ਦੀ ਕੱਢਣੀ ਗਰੀਬੀ, ਤੈਨੂੰ ਦਈਏ ਜਣਾਈਆ । ਸ਼ੇਰ ਸਿੰਘ ਦੇ ਘਰ ਕਿਉਂ ਆਈ ਬਦਨਸੀਬੀ, ਬੈਠੀ ਡੇਰਾ ਲਾਈਆ । ਸੋਹਣੀ ਸੁਵਾਣੀ ਬਣ ਕੇ ਬੀਬੀ, ਨਖਰਾ ਰਹੀ ਵਖਾਈਆ । ਜਿਸ ਤਰਹ ਤੁਹਾਡੀ ਉਤੋਂ ਉਤੋਂ ਗੌਂਦੀ ਜੀਭੀ, ਏਸੇ ਤਰਹ ਅੰਦਰੋਂ ਮਨ ਲਓ ਮਨਾਈਆ । ਫੇਰ ਗੰਢ ਜਾਏ ਪੀਚੀ, ਪੇਚਾ ਪ੍ਰਭ ਆਪਣਾ ਨਾਮ ਪਾਈਆ । ਅੱਜ ਤੋਂ ਰਲ ਜਾਓ ਭਗਤਾਂ ਵਾਲੀ ਵਿਚ ਬਗੀਚੀ, ਜੋ ਗੁਰਮੁੱਖ ਸੋਹਣੇ ਨਜ਼ਰੀ ਆਈਆ । ਇਹ ਸਤਿ ਧਰਮ ਦੀ ਰੀਤੀ, ਤੱਤਾਂ ਵਾਲਾ ਪਿਆਰ ਨਾ ਕੋਇ ਵਖਾਈਆ । ਸਭ ਦੀ ਬਦਲ ਜਾਏ ਨੀਤੀ, ਨੀਤੀਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਰਿਹਾ ਉਠਾਈਆ ।

ਸੱਤ ਰੰਗ ਕਹਿਣ ਰਲ ਜਾਓ ਨਾਲ ਵਿਚ ਸਿੱਖੀ, ਅੰਦਰੋਂ ਮਾਣ ਦਿਓ ਗੁਵਾਈਆ । ਪ੍ਰਭ ਦੀ ਧਾਰ ਸਭ ਨਾਲੋਂ ਤਿੱਖੀ, ਖੰਡੇ ਧਾਰ ਨਾ ਕੋਇ ਚਤੁਰਾਈਆ । ਇਹ ਲਿਖਤ ਤੁਹਾਡੀ ਅੰਤ ਅਖੀਰੀ ਚਿੱਠੀ, ਫੇਰ ਸਕੇ ਨਾ ਕੋਇ ਬਦਲਾਈਆ । ਜਿਹੜੀ ਧਾਰ ਅੰਦਰ ਟਿਕੀ, ਉਹਨੂੰ ਦਿਓ ਤਜਾਈਆ । ਵੇਖੋ ਪੂਰੀ ਹੋ ਗਈ ਮਿਤੀ, ਚੌਵੀ ਸਾਲ ਤੁਹਾਡੇ ਨਾਲ ਨਾ ਅੱਖ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ ।

ਜੇ ਸਤਿਗੁਰ ਚਲੋ ਭਾਓ, ਭੈ ਭੌ ਜਣਾਈਆ । ਚੋਰੀ ਚੋਰੀ ਨਾ ਲਾਇਓ ਦਾਓ, ਸਮਝਦਾਰ ਹਰ ਘਟ ਥਾਈਂਆ । ਕਰੇ ਸਚ ਨਿਆਉਂ, ਅਦਲ ਇਨਸਾਫ ਇਕ ਕਮਾਈਆ । ਚਰਨੀ ਡਿਗਿਆਂ ਫੜੇ ਬਾਹੋਂ, ਫੜ ਬਾਹੋਂ ਗਲੇ ਲਗਾਈਆ । ਕਿਸੇ ਗੁਰਸਿੱਖ ਤੋਂ ਨਾ ਘੁਟਾਇਓ ਆਪਣੇ ਪਾਉਂ, ਗੁਰੂਆਂ ਵਾਲੀ ਰੀਤ ਨਾ ਕੋਇ ਚਲਾਈਆ । ਜੇ ਮੰਗਣੀ ਤੇ ਇਕੋ ਪਰਮ ਪੁਰਖ ਦੀ ਛਾਉਂ, ਜੋ ਸ਼ਹਿਨਸ਼ਾਹ ਮਾਲਕ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਕਦੀ ਨਾ ਕਰਿਓ ਅੰਦਰ ਵਿਚਾਰ, ਸੱਤ ਰੰਗ ਰਹੇ ਜਣਾਈਆ । ਜਿਸ ਗੱਦੀ ਦੇ ਅਸੀਂ ਸਾਂ ਸਰਦਾਰ, ਪਿਤਾ ਸਾਡਾ ਨਜ਼ਰੀ ਆਈਆ । ਕਿਉਂ ਹੋ ਗਏ ਘਰ ਤੋਂ ਬਾਹਰ, ਮਿਲੀ ਨਾ ਮਾਣ ਵਡਿਆਈਆ । ਇਹ ਖੇਲ ਸੱਚੀ ਸਰਕਾਰ, ਜੋ ਸਭ ਨੂੰ ਰਿਹਾ ਵਖਾਈਆ । ਬਿਨਾਂ ਭਗਤਾਂ ਤੋਂ ਦੇਵਾਂ ਨਾ ਕਦੇ ਕਿਸੇ ਦੀਦਾਰ, ਜਗਤ ਬੱਚਿਆਂ ਅੰਕ ਦੇਣਾ ਲਾਈਆ । ਗੁਰਸਿੱਖਾਂ ਗੋਦੀ ਲਵਾਂ ਉਠਾਲ, ਏਹੋ ਮੇਰੀ ਬੇਪ੍ਰਵਾਹੀਆ । ਇਹ ਮੰਜ਼ਲ ਬੜੀ ਦੁਸ਼ਵਾਰ, ਬਿਨ ਕਿਰਪਾ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ ।

ਜੇ ਕਹੋ ਪੂਰਨ ਸਿੰਘ ਕੀਤਾ ਦਗਾ, ਸੱਤ ਰੰਗ ਕਹਿਣ ਇਹ ਵੀ ਦਈਏ ਜਣਾਈਆ । ਬਿਨਾਂ ਪੂਰਨ ਤੋਂ ਪੂਰਨ ਪ੍ਰਭ ਦਾ ਚਲੇ ਕੋਈ ਨਾ ਅੱਗਾ, ਪਿੱਛਾ ਸਮਝ ਨਾ ਕਿਸੇ ਸਮਝਾਈਆ । ਇਹ ਏਥੇ ਓਥੇ ਸਦਾ ਇਕੋ ਲੈਂਦੇ ਮਜ਼ਾ, ਦੂਜਾ ਰਸ ਨਾ ਕੋਇ ਵਖਾਈਆ । ਹੁਣ ਲੋਕਮਾਤ ਦੀ ਕਰਨ ਆਏ ਗਜਾਂ, ਭਗਤਾਂ ਅੰਦਰ ਫਿਰ ਫਿਰ ਵੇਖ ਵਖਾਈਆ । ਬਿਨਾਂ ਪੂਰਨ ਤੋਂ ਪੂਰਨ ਪ੍ਰਭ ਨੂੰ ਲੱਭੀ ਕੋਈ ਨਾ ਜਗਾ, ਆਸਣ ਸੋਭਾ ਕੋਇ ਨਾ ਪਾਈਆ । ਛੱਡ ਕੇ ਦੀਨ ਦੁਨੀ ਦੀ ਹੱਦਾ, ਹਰਿਜੂ ਆਪਣੇ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ ।

ਸੱਤ ਰੰਗ ਕਹਿਣ ਪੂਰਨ ਨਹੀਂ ਪਰਮੇਸ਼ਵਰ ਪੂਰਨ, ਪੂਰਨ ਪੂਰਨ ਵਿਚ ਸਮਾਈਆ । ਜਿਸ ਨੂੰ ਗੁਰੂ ਅਵਤਾਰ ਪੈਗੰਬਰ ਮੰਨਣ ਹਜ਼ੂਰਨ, ਹਜ਼ੂਰੀਏ ਸਾਰੇ ਲਏ ਬਣਾਈਆ । ਓਹ ਆਪਣੇ ਸਦਾ ਖੇਲੇ ਦਸਤੂਰਨ, ਹੁਕਮ ਹੁਕਮ ਵਿਚ ਪ੍ਰਗਟਾਈਆ । ਸਿੱਖ ਭਗਤ ਬਣੌਣ ਵਾਸਤੇ ਕਰੇ ਕਦੇ ਨਾ ਕਿਸੇ ਮਜ਼ਬੂਰਨ, ਮਜ਼ਬੂਰੀ

ਵਿਚ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ ।

ਸੱਤ ਰੰਗ ਕਹਿਣ ਅੱਜ ਦੀ ਘੜੀ ਸੁਲੱਖਣੀ, ਸੋਭਾਵੰਤ ਸੁਹਾਈਆ । ਜਨ ਭਗਤਾਂ ਪੈਜ ਰੱਖਣੀ, ਦੇਵੇ ਮਾਣ ਵਡਿਆਈਆ । ਨਾਤਾ ਜੋੜਨਾ ਪੱਤ ਪਤਨੀ, ਪਰਮ ਪੁਰਖ ਬਖ਼ਸ਼ਣੀ ਇਕ ਸਰਨਾਈਆ । ਮੇਲ ਮਿਲੌਣਾ ਧੁਰ ਦੇ ਵਤਨੀ, ਬੇਵਤਨਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ ।

ਸੱਤ ਰੰਗ ਕਹਿਣ ਸਾਨੂੰ ਹੁਕਮ ਆਇਆ ਜਲਦੀ, ਸਚ ਦਈਏ ਸੁਣਾਈਆ । ਕੁਛ ਖੇਲ ਹੋਈ ਕਲ ਦੀ, ਕੀ ਕਲਾ ਪ੍ਰਭੂ ਵਰਤਾਈਆ । ਕਲਜੁਗ ਅੱਗ ਦਿਸੇ ਬਲਦੀ, ਬਲ ਰਾਜਾ ਦਏ ਦੁਹਾਈਆ । ਕੁਛ ਧਾਰ ਵਹਿਣੀ ਜਲ ਦੀ, ਵਰੁਣ ਰਿਹਾ ਕੁਰਲਾਈਆ । ਕਿਸੇ ਖਬਰ ਨਹੀਂ ਘੜੀ ਪਲ ਦੀ, ਪਲਕਾਂ ਪਿੱਛੇ ਧਿਆਨ ਨਾ ਕੋਇ ਲਗਾਈਆ । ਪ੍ਰਭ ਦੀ ਖੇਲ ਵਲ ਛਲ ਦੀ, ਅਛਲ ਛਲਧਾਰੀ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਰਿਹਾ ਚੁਕਾਈਆ ।

ਸੱਤ ਰੰਗ ਕਹਿਣ ਸ਼ੇਰ ਸਿੰਘ ਦੇ ਪਰਵਾਰ ਦੀ ਆਈ ਵਾਰੀ, ਦੂਜੀ ਵਾਰ ਆਪ ਰਖਾਈਆ । ਮੌਤਾ ਸਿੰਘ ਜ਼ਰਾ ਉਠ ਕੇ ਆ ਅਗਾੜੀ, ਹੁਕਮ ਦਿਆਂ ਸੁਣਾਈਆ । ਜਗਤ ਜੁਗ ਆਈ ਵਾਰੀ, ਵਾਰਸ ਤੈਨੂੰ ਦਿਆਂ ਬਣਾਈਆ । ਬਚਨ ਕਰ ਲੈ ਕੌਲ ਇਕਰਾਰੀ, ਵਾਇਦਾ ਇਕ ਜਣਾਈਆ । ਏਸ ਪਰਵਾਰ ਵਿਚੋਂ ਮੁਨਾਇਓ ਕੋਈ ਨਾ ਦਾੜ੍ਹੀ, ਰੋਮ ਭੰਗ ਨਾ ਕੋਇ ਕਰਾਈਆ । ਫਿਰ ਪੈਜ ਜਾਏ ਸੁਵਾਰੀ, ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਨੂੰ ਬੋਲ ਕੇ ਦੱਸ ਦੇ ਤਿੰਨ ਤਿੰਨ ਵਾਰੀ, ਰਸਨਾ ਜਿਹਵਾ ਢੋਲਾ ਗਾਈਆ । ਜੇ ਕੋਈ ਭੁਲ ਗਿਆ ਫੇਰ ਏਥੇ ਔਣਾ ਨਹੀਂ ਦੂਜੀ ਵਾਰੀ, ਭਗਤਾਂ ਵਿਚ ਬਹਿਣ ਦੀ ਲੋੜ ਰਹੇ ਨਾ ਰਾਈਆ । ਜੇ ਮੰਨ ਜਾਓ ਪ੍ਰੇਮ ਦੀ ਦਿਆਂ ਖੁਮਾਰੀ, ਨਾਮ ਮਸਤੀ ਵਿਚ ਸਮਾਈਆ । ਇਹ ਅੰਤ ਅਖੀਰ ਜਗਤ ਦਾ ਵਿਹਾਰੀ, ਵਿਵਹਾਰ ਆਪ ਚਲਾਈਆ । ਵੇਖਿਓ ਕਿਤੇ ਭੁੱਲ ਕੇ ਬਣ ਨਾ ਜਾਇਓ ਇਸਤਹਾਰੀ, ਭਗੌੜੇ ਜਗਤ ਨਜ਼ਰੀ ਆਈਆ । ਇਹ ਸਿਖਿਆ ਨਰ ਨਾਰੀ, ਸਭ ਨੂੰ ਰਿਹਾ ਸਮਝਾਈਆ । ਭੱਠੀ ਉਤੇ ਸ਼ਰਾਬ ਵਾਲੀ ਤੋੜੀ ਫਿਰ ਕਦੇ ਨਾ ਜਾਵੇ ਚਾੜ੍ਹੀ, ਇਹ ਰੀਤੀ ਦੇਣੀ ਬਦਲਾਈਆ । ਆਹ ਫੇਰ ਨਹੀਂ ਔਣੀ ਹਾੜੀ, ਹਾੜਾ ਕੱਢਿਆ ਕੰਮ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰਬਾਰੀ, ਚੌਵੀਆਂ ਸਾਲਾਂ ਪਿਛੋਂ ਤੁਹਾਡੀ ਮਿਸਲ ਇਕ ਵਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਚ ਦੁਵਾਰੀ, ਦਰ ਦੁਵਾਰ ਇਕੋ ਇਕ ਵਸਾਈਆ ।

ੴ ੴ ੴ ੴ ੴ

ੴ ੧੮ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ

ਜੇਠੂਵਾਲ ੴ

ਸੱਤ ਰੰਗ ਕਹਿਣ ਮੰਜ਼ਲ ਮਿਲੀ ਅਖੀਰੀ, ਅੱਖਰਾਂ ਤੋਂ ਬਾਹਰ ਦਿਤੀ ਵਡਿਆਈਆ । ਜੁਗ ਜਨਮ ਦੀ ਗਈ ਦਿਲਗੀਰੀ, ਗ਼ਮ ਨਾ ਕੋਇ ਸਤਾਈਆ । ਸ਼ਰਅ ਕੱਟੀ ਗਈ ਜ਼ੰਜੀਰੀ, ਜ਼ਾਹਿਰ ਜ਼ਹੂਰ ਮਿਲੀ ਸਰਨਾਈਆ । ਸਾਡੀ ਪੂਰੀ ਹੋਈ ਫਕੀਰੀ, ਫਿਕਰਾ ਸੁਣਿਆ ਧੁਰਦਰਗਾਹੀਆ । ਸਭ ਦੀ ਬਦਲ ਗਈ ਤਕਦੀਰੀ, ਮੁਕੱਦਰ ਲੇਖ ਦਿਤਾ ਬਦਲਾਈਆ । ਮਿਲ ਗਈ ਧੁਰ ਧਾਮ ਅਮੀਰੀ, ਅਮਰਾਪਦ ਸੋਭਾ ਪਾਈਆ ।

ਜਿਥੇ ਸ਼ਾਹੀ ਚਲੇ ਬਿਨਾ ਵਜੀਰੀ, ਤਖਤ ਨਿਵਾਸੀ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਨਿੱਕੀ ਜੇਹੀ ਪਨੀਰੀ, ਬੂਟੇ ਨੰਨ੍ਹੇ ਵੇਖ ਵਖਾਈਆ । ਪੰਧ ਰਿਹਾ ਨਾ ਗਲੀ ਭੀੜੀ, ਮੰਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਸੁਹਾਈਆ । ਸੱਤ ਰੰਗ ਕਹਿਣ ਮਿਲੀ ਧੁਰ ਦੀ ਸਰਨ, ਸਰਨਗਤ ਵਡਿਆਈਆ ।

ਪੂਰਾ ਹੋਇਆ ਪ੍ਰਨ, ਪਤਿਪਰਮੇਸ਼ਵਰ ਵੇਖ ਵਖਾਈਆ । ਝਗੜਾ ਚੁਕਿਆ ਮਰਨ, ਜੀਵਤ ਰੂਪ ਧਰਾਈਆ । ਝਗੜਾ ਗਿਆ ਬਰਨ, ਵਰਨ ਡੇਰਾ ਢਾਈਆ । ਇਕੋ ਢੋਲਾ ਲੱਗੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਸਾਚੀ ਮੰਜ਼ਲ ਲੱਗੇ ਚੜ੍ਹਨ, ਕਲਜੁਗ ਕੂੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ ।

ਸੱਤ ਰੰਗ ਕਹਿਣ ਚੜ੍ਹ ਗਈ ਨਾਮ ਖੁਮਾਰੀ, ਖਿਮਾ ਪ੍ਰਭੂ ਦਿਤੀ ਕਮਾਈਆ । ਨਿਰਗੁਣ ਧਾਰ ਲਾ ਕੇ ਯਾਰੀ, ਸਰਗੁਣ ਮੇਲਾ ਲਿਆ ਮਿਲਾਈਆ । ਸੰਦੇਸਾ ਦੇਵੇ ਵਡ ਸੰਸਾਰੀ, ਸਹਿੰਸਾ ਅੰਦਰ ਰਹਿਣ ਨਾ ਪਾਈਆ । ਕਰ ਪ੍ਰਕਾਸ਼ ਜੋਤ ਨਿਰੰਕਾਰੀ, ਨਿਰਵੈਰ ਵੇਖ ਵਖਾਈਆ । ਜਨ ਭਗਤਾਂ ਪੈਜ ਜਾਏ ਸੁਵਾਰੀ, ਸੁਵਾਰਥ ਆਪਣਾ ਨਾ ਕੋਇ ਬਣਾਈਆ । ਪ੍ਰਗਟ ਹੋਇਆ ਆਪਣੀ ਵਾਰੀ, ਵਾਰਤਾ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਇਕ ਸੁਹਾਈਆ ।

ਸੱਤ ਰੰਗ ਕਹਿਣ ਵੇਖਿਆ ਅਬਿਨਾਸ਼ੀ ਅਚੁਤਾ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਦਾ ਤਨ ਵਜੂਦ ਕੋਈ ਨਾ ਬੁੱਤਾ, ਬੁਤਖ਼ਾਨਿਆਂ ਕਰੇ ਸਫਾਈਆ । ਸਤਿ ਸਚ ਸੁਹਾਏ ਰੁਤਾ, ਰੁਤੜੀ ਆਪ ਮਹਿਕਾਈਆ । ਪਿਛਲਾ ਪੈਂਡਾ ਜਾਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਕਿਸੇ ਦੇ ਮੁੱਖ ਅੱਗੇ ਲੱਗਣ ਨਾ ਦੇਵੇ ਹੁੱਕਾ, ਗੁਰਮੁਖਾਂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਵਖਾਈਆ । ਸੱਤ ਰੰਗ ਕਹਿਣ ਵੇਖਿਓ ਉਹ ਸੁਵਾਮੀ, ਜੋ ਸਮਾਂ ਰਿਹਾ ਬਦਲਾਈਆ । ਬਣ ਕੇ ਹਰ ਘਟ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਈਆ । ਸ਼ਬਦ ਅਗੰਮੀ ਬੋਲ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਮਹਿੰਮਾ ਦੱਸ ਅਕੱਥ ਕਹਾਣੀ, ਪਰਦਾ ਉਹਲਾ ਰਿਹਾ ਉਠਾਈਆ । ਕੀ ਸਮਝੇ ਜੀਵ ਪਰਾਨੀ, ਵੇਦ ਪੁਰਾਨਾਂ ਸਮਝ ਕੋਇ ਨਾ ਆਈਆ । ਕਲਜੁਗ ਅੰਤਮ ਜੋਤ ਨੂਰਾਨੀ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਖੇਲ ਉਪਰ ਅਸਮਾਨੀ, ਧਰਨੀ ਧਰਤ ਧਵਲ ਆਪ ਸੁਹਾਈਆ । ਪਰਦਾ ਲਾਹਵੇ ਚਾਰੇ ਖਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੁਰ ਦਾ ਇਕ ਦ੍ਰਿੜਾਈਆ ।

ਚਾਰ ਚਾਰ ਦਾ ਮੇਲਾ ਸੱਤ ਰੰਗ, ਰੰਗ ਸੱਤ ਰਹੇ ਸੁਣਾਈਆ । ਤੇਰਾ ਖੇਲ ਪ੍ਰਭੂ ਦਾ ਰੰਗ, ਮਲੰਗ ਚਾਰੋਂ ਕੁੰਟ ਵੇਖ ਵਖਾਈਆ । ਸ੍ਰਿਸ਼ਟੀ ਅੰਦਰੋਂ ਕਰਕੇ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਕੂੜ ਵਿਕਾਰ ਵਹਾ ਕੇ ਕੰਗ, ਲੋਭ ਲਹਿਰ ਵਿਚ ਰੁੜ੍ਹਾਈਆ । ਭੰਡੀ ਪਾ ਕੇ ਵਿਚ ਵਰਭੰਡ, ਚਾਰ ਵਰਨ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਵੱਜਦੀ ਰਹੇ ਵਧਾਈਆ ।

ਸੱਤ ਰੰਗ ਕਹਿਣ ਅਸੀਂ ਵੇਖਿਆ ਸਾਰਾ ਜਗਤ, ਜਗਜੀਵਣ ਦਾਤੇ ਦਿਤਾ ਵਖਾਈਆ । ਫੇਰ ਵਖਾਏ ਆਪਣੇ ਭਗਤ, ਜੋ ਭਗਵਨ ਵਿਚ ਸਮਾਈਆ । ਸੋਹਣ ਉਤੇ ਧਰਤ, ਧਵਲ ਦਏ ਗਵਾਹੀਆ । ਵਸਣ ਉਤੇ ਅਰਸ਼, ਅਰਸ਼ੀ ਪ੍ਰੀਤਮ ਮੇਲ ਮਿਲਾਈਆ । ਅੱਗੇ ਰਹੇ ਨਾ ਕੋਈ ਹਰਸ, ਜਨਮ ਕਰਮ ਦਾ ਡੇਰਾ

ਢਾਹੀਆ । ਆਪਣਾ ਪੂਰ ਕਰ ਕੇ ਫਰਜ਼, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਲਏ ਬਣਾਈਆ ।

ਰੁਮਾਲ ਕਹਿਣ ਅਸੀਂ ਸਤਰੰਗ ਦਾ ਰੂਪ, ਰੂਪ ਅਨੂਪ ਜਣਾਈਆ । ਸਭ ਦਾ ਸਾਂਝਾ ਇਕੋ ਭੂਪ, ਜਿਸ ਨੂੰ ਪੁਰੀਆਂ ਲੋਆਂ ਸੀਸ ਨਿਵਾਈਆ । ਵਸੇ ਅਰਸ਼ ਅਰੂਜ਼, ਦਰਗਹਿ ਸਾਚੀ ਡੇਰਾ ਲਾਈਆ । ਜਨ ਭਗਤਾਂ ਕਰੇ ਮਹਿਫੂਜ਼, ਅਗਨ ਅੱਗ ਨਾ ਕੋਇ ਤਪਾਈਆ । ਜਿਧਰ ਤੱਕਣ ਓਧਰ ਮੌਜੂਦ, ਹਰ ਘਟ ਵਸਿਆ ਨਜ਼ਰੀ ਆਈਆ । ਮੰਜ਼ਲ ਦੇ ਕੇ ਹੱਕ ਮਕਸੂਦ, ਸਚ ਦੁਵਾਰੇ ਦਏ ਟਿਕਾਈਆ । ਜਿਥੇ ਨਾਤਾ ਰਹੇ ਨਾ ਕੂੜੀ ਕਿਰਿਆ ਕੂੜ, ਕਿਰਿਆ ਕੂੜ ਜਨਮ ਨਾ ਕੋਇ ਵਖਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਧੰਦਾ ਆਪਣਾ ਨਾਮ ਲਗਾਈਆ । ਗੜ੍ਹ ਹੰਕਾਰੀ ਤੋੜ ਗਰੂਰ, ਗੁਰਬਤ ਅੰਦਰੋਂ ਦਏ ਕਢਾਈਆ । ਤਨ ਤਪੇ ਨਾ ਵਾਂਗ ਤੰਦੂਰ, ਅੰਮ੍ਰਿਤ ਮੇਘ ਮੇਘ ਬਰਸਾਈਆ । ਮਨੂਆ ਪਾਏ ਨਾ ਕੋਇ ਫਤੂਰ, ਫਤਵਾ ਸਭ ਦੇ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ ।

ਸੱਤ ਰੰਗ ਕਹਿਣ ਅਸੀਂ ਸੋਹਣੇ ਸੱਤੇ, ਸਤਿ ਵਿਚ ਸਮਾਈਆ । ਗੋਬਿੰਦ ਭਗਤਾਂ ਦੇ ਦੱਸੇ ਪਤੇ, ਪਤਿਪਰਮੇਸ਼ਵਰ ਲਏ ਮਿਲਾਈਆ । ਜਿਸ ਦਾ ਇਕੋ ਡੰਕਾ ਵੱਜਣਾ ਫਤਹ, ਫਤਵਾ ਸਭ ਦੇ ਉਤੇ ਲਾਈਆ । ਸੰਤ ਸੁਹੇਲੇ ਕੱਢੇ ਸੱਚੇ, ਸਚ ਪਿਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ ।

ਸੱਤ ਰੰਗ ਕਹਿਣ ਸਾਡਾ ਰੰਗ ਸਦਾ ਪੱਕਾ, ਪੱਕੀ ਭਗਤਾਂ ਨਾਲ ਕਰਾਈਆ । ਛੱਡਿਆ ਮਦੀਨਾ ਮੱਕਾ, ਮਕਬਰਿਆਂ ਡੇਰਾ ਢਾਹੀਆ । ਪੜ੍ਹਿਆ ਇਕੋ ਟੱਪਾ, ਸੋਹੰ ਰਗ ਅਲਾਈਆ । ਅੱਖਰਾਂ ਵਿਚੋਂ ਮਨਜ਼ੂਰ ਹੋਇਆ ਇਕੋ ਪੱਪਾ, ਪੂਰਨ ਪਰਮੇਸ਼ਵਰ ਦੇਵੇ ਮਾਣ ਵਡਿਆਈਆ । ਜਿਸ ਨੇ ਸਾਰਿਆਂ ਦਾ ਧੋਣਾ ਧੱਪਾ, ਧੱਬਾ ਦਏ ਮਿਟਾਈਆ । ਦਿਵਸ ਰੈਣ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਸਾਰਿਆਂ ਨੂੰ ਕਰ ਇਕੱਠਾ, ਸਹਿਜੇ ਲਿਆ ਮਿਲਾਈਆ । ਜੋ ਗੋਬਿੰਦ ਦੀ ਚਰਨੀ ਢੱਠਾ, ਪੁਰਖ ਅਕਾਲ ਸੀਸ ਨਿਵਾਈਆ । ਉਨ੍ਹਾਂ ਦਾ ਸ਼ਬਦੀ ਧਾਰ ਬਣਾ ਕੇ ਜੱਥਾ, ਯਥਾਰਥ ਆਪਣਾ ਰੰਗ ਵਖਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਤੇ ਸੋਹੰ ਕਥਾ, ਕਹਾਣੀ ਅਵਰ ਨਾ ਕੋਇ ਬਣਾਈਆ । ਧੁਰ ਦੇ ਨਾਮ ਦਾ ਆਤਮ ਉਤੇ ਲਾ ਕੇ ਠੱਪਾ, ਠੱਪੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਹੋਏ ਸਹਾਈਆ ।

ਸੱਤ ਰੰਗ ਕਹੇ ਸਾਨੂੰ ਬਖ਼ਸ਼ਿਆ ਇਕ ਸੰਤੋਖ, ਧੀਰਜ ਧੀਰ ਧਰਾਈਆ । ਪ੍ਰੇਮ ਦੀ ਦੇ ਕੇ ਮੋਖ, ਮੁਫਤ ਲਿਆ ਬਚਾਈਆ । ਬਖ਼ਸ਼ ਕੇ ਨਿਰਮਲ ਜੋਤ, ਜੋਤ ਕਰੇ ਰੁਸ਼ਨਾਈਆ । ਬਣਾ ਕੇ ਆਤਮ ਗੋਤ, ਪਰਮਾਤਮ ਵਿਚ ਸਮਾਈਆ । ਭੁਲਾ ਕੇ ਪਿਛਲੀ ਸੋਚ, ਅਗਲੀ ਸਮਝ ਜਣਾਈਆ । ਜਿਸ ਦੇ ਦਰਸ਼ਨ ਨੂੰ ਰਹੇ ਲੋਚ, ਨਿਰਗੁਣ ਧਾਰ ਗੋਬਿੰਦ ਓਹੋ ਮਾਹੀਆ । ਜੋ ਸਭ ਦੇ ਕਾਇਆ ਮਾਟੀ ਭਾਂਡੇ ਦਏ ਪੋਚ, ਪਤਤ ਪੁਨੀਤ ਕਰਾਈਆ । ਅੱਗੇ ਕਦੇ ਨਾ ਹੋਵੇ ਫੌਤ, ਮਰਨ ਜਨਮ ਵਿਚ ਨਾ ਆਈਆ । ਸਭ ਦਾ ਸਾਂਝਾ ਬਣ ਕੇ ਖੌਂਤ, ਮਾਲਕ ਇਕ ਅਖਵਾਈਆ । ਗਲੋ ਕੂੜਾ ਲਾਹੇ ਤੌਂਕ, ਤਬਾ ਜ਼ਮੀਰ ਦਏ ਬਦਲਾਈਆ । ਜਿਸ ਨੂੰ ਭਗਤਾਂ ਮਿਲਣ ਦਾ ਸ਼ੌਕ, ਜੁਗ ਜੁਗ ਵੇਸ ਵਟਾਈਆ । ਓਸ ਦੁਵਾਰੇ ਗਏ ਪਹੁੰਚ, ਛੁੱਟੀ ਕੂੜ ਲੋਕਾਈਆ । ਸੱਤ ਰੰਗ ਕਹਿਣ ਜਨ ਭਗਤੋ ਰੱਖਿਓ ਨਾ ਕੋਈ ਅਦੌਤ, ਅਦਾਵਤ ਨਜ਼ਰ ਕੋਇ ਨਾ ਆਈਆ । ਸਤਿਗੁਰ ਭੁੱਲਣ ਨਾਲੋਂ ਚੰਗੀ ਮੌਤ, ਜੀਵਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਵੇਖ ਵਖਾਈਆ ।

ਸੱਤ ਰੰਗ ਕਹਿਣ ਜਨ ਭਗਤੋ ਪ੍ਰਭ ਵੇਖੋ ਸੱਜੇ ਖੱਬੇ, ਦੋਵੇਂ ਹੱਥ ਦੇਣ ਦੁਹਾਈਆ । ਅੱਗੇ ਪਿੱਛੇ ਸਦਾ ਲੱਭੇ, ਜੋ ਲਬਾਂ ਤੋਂ ਪਿੱਛੇ ਰਹੇ ਧਿਆਈਆ । ਕਾਇਆ ਘਰ ਘਰ ਫਿਰਦਾ ਪੈਰ ਦੱਬੇ, ਚੋਰੀ ਚੋਰੀ ਪੰਧ ਮੁਕਾਈਆ । ਹੁਕਮ ਸੰਦੇਸਾ ਦੇ ਕੇ ਸੱਦੇ, ਸੁੱਤੇ ਲਏ ਉਠਾਈਆ । ਜਿਸ ਦੇ ਕਾਰਨ ਆਏ ਭੱਜੇ, ਆਪਣਾ ਪੰਧ ਮੁਕਾਈਆ । ਕਰ ਲਓ ਦਰਸ਼ਨ ਰੱਜੇ, ਰਜੋ ਤਮੋ ਡੇਰਾ ਢਾਹੀਆ । ਲੱਭਿਆਂ ਜਗਤ ਕਿਸੇ ਨਾ ਲੱਭੇ, ਮਿਹਰ ਨਜ਼ਰ ਨਾਲ ਮਿਲਾਈਆ । ਅੱਗੇ ਬਣ ਜਾਓ ਸ਼ੇਰ ਬੱਗੇ, ਸ਼ਰਅ ਜੰਜ਼ੀਰ ਤੁੜਾਈਆ । ਕਲਜੁਗ ਕੂੜੀ ਕਿਰਿਆ ਮੂਲ ਨਾ ਚੁਕਿਓ ਬਣ ਕੇ ਗਧੇ, ਕਾਗ ਹੰਸ ਰੂਪ ਬਦਲਾਈਆ । ਆਤਮ ਪਰਮਾਤਮ ਲੈ ਲਓ ਮਜ਼ੇ, ਮਜ਼ਾਕ ਛੱਡੋ ਕੂੜ ਲੋਕਾਈਆ । ਤੁਹਾਡੇ ਨੇੜ ਨਾ ਆਵੇ ਕਜ਼ੇ, ਕੱਜਲ ਧਾਰ ਦਏ ਗੁਵਾਹੀਆ । ਇਕ ਦੂਜੇ ਨਾਲ ਕਰਨੇ ਛੱਡ ਦਿਓ ਦਗੇ, ਫਰੇਬੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ ।

ਸੱਤ ਰੰਗ ਕਹਿਣ ਸੁਰਤੀ ਖੋਲ੍ਹੋ ਔਰਤ ਮਰਦ, ਸਭ ਨੂੰ ਦਿਆਂ ਜਣਾਈਆ । ਜਿਸ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਤੁਹਾਡਾ ਸਾਂਝਾ ਕਰੇ ਦਰਦ, ਦੁਖੀਆਂ ਦਰਦ ਵੰਡਾਈਆ । ਗੋਬਿੰਦ ਦੀ ਅੰਤ ਅਖੀਰੀ ਮਨਜ਼ੂਰ ਕਰ ਕੇ ਅਰਜ਼, ਆਜਜ਼ ਲਏ ਬਣਾਈਆ । ਸਚਖੰਡ ਵਿਚੋਂ ਘਲ ਕੇ ਉਤੇ ਧਰਤ, ਧਵਲ ਦਿਤੀ ਵਡਿਆਈਆ । ਫੇਰ ਖੋਲ੍ਹ ਕੇ ਪਿਛਲੀ ਫਰਦ, ਲੇਖਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ ।

ਸੱਤ ਰੰਗ ਕਹਿਣ ਵੇਖੋ ਆਪਣਾ ਮਾਹੀ, ਮਿਹਰਵਾਨ ਵਖਾਈਆ । ਅਸੀਂ ਦੇਵਣ ਆਏ ਗੁਵਾਹੀ, ਸ਼ਹਾਦਤ ਦੇਣੀ ਭੁਗਤਾਈਆ । ਜਿਸ ਨੇ ਬੂਟਾ ਪੁਟਿਆ ਕਾਹੀ, ਓਹ ਤੁਹਾਡੀ ਜੜ੍ਹ ਲਗਾਈਆ । ਜਿਸ ਦੇ ਅੱਗੇ ਪੀਰ ਪੈਗੰਬਰ ਦੇਣ ਦੁਹਾਈ, ਉਹ ਗੋਬਿੰਦ ਤੁਹਾਡਾ ਪਿਤਾ ਮਾਈਆ । ਸਭ ਦੀਆਂ ਇਕੱਠੀਆਂ ਪਕੜੇ ਬਾਹੀਂ, ਅੱਗੇ ਹੋ ਨਾ ਕੋਇ ਛੁਡਾਈਆ । ਵੇਖੋ ਧੁਰ ਦਾ ਮਾਲਕ ਬਣਿਆਂ ਰਾਹੀ, ਰਹਿਬਰ ਹੋ ਕੇ ਵੇਖ ਵਖਾਈਆ । ਸੰਤ ਸੁਹੇਲੇ ਮੇਲੇ ਚਾਈਂ ਚਾਈਂਆ, ਚਾਉ ਘਨੇਰਾ ਇਕ ਜਣਾਈਆ । ਜਿਹੜੇ ਗੋਬਿੰਦ ਦੇ ਝੀਵਰ ਛੀਬੇ ਨਾਈ, ਭਗਤਾਂ ਨਾਲ ਲਏ ਮਿਲਾਈਆ । ਜਨ ਭਗਤੋ ਤੁਹਾਡੀ ਜਮੀਨ ਤੋਂ ਉਤੋਂ ਅਸਮਾਨਾਂ ਤੋਂ ਪਰੇ ਨਹੀਂ ਰਹਿਣੀ ਆਵਾ ਜਾਈ, ਅੱਗੇ ਹੋ ਨਾ ਕੋਇ ਅਟਕਾਈਆ । ਬਿਨਾ ਪ੍ਰਭੂ ਤੋਂ ਤੁਹਾਨੂੰ ਜੰਮਣ ਵਾਲੀ ਨਹੀਂ ਕੋਈ ਮਾਈ, ਜਮਾਂ ਦਾ ਲੇਖਾ ਦਿਤਾ ਮੁਕਾਈਆ । ਸਭ ਦਾ ਮਾਲਕ ਇਕ ਗੁਸਾਈਂ, ਗਹਿਰ ਗੰਭੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਰਿਹਾ ਸੁਹਾਈਆ ।

ਸੱਤ ਰੰਗ ਕਹਿਣ ਵੇਖੋ ਸੋਹਣਾ ਜੁੜਿਆ ਜੋੜਾ, ਜੋੜੀ ਆਪ ਬਣਾਈਆ । ਛੱਡ ਕੇ ਬਾਂਕਾ ਘੋੜਾ, ਘੋੜੀ ਚੜ੍ਹਿਆ ਬੇਪ੍ਰਵਾਹੀਅ । ਕਲਜੁਗ ਵੇਖ ਅੰਧ ਘੋਰਾ, ਭੱਜਿਆ ਥਾਉਂ ਥਾਈਆ । ਬਣ ਕੇ ਡਾਕੂ ਚੋਰਾ, ਚੋਰੀ ਘਰ ਘਰ ਰਿਹਾ ਕਮਾਈਆ । ਗੁਰਮੁਖ ਵੇਖ ਕੇ ਬਾਂਕਾ ਛੋਹਰਾ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਰਾਤੀਂ ਸੁੱਤਿਆਂ ਦਰਸ਼ਨ ਦੇ ਕੇ ਭੋਰਾ, ਭਰਮਾਂ ਵਿਚੋਂ ਬਾਹਰ ਕਢਾਈਆ । ਅੰਦਰ ਵੜ ਕੇ ਮਨ ਨੂੰ ਲਾਇਆ ਮੋੜਾ, ਦੀਨ ਦੁਨੀ ਦਿਤੀ ਭੁਲਾਈਆ । ਸੱਸੇ ਉਪਰ ਲੱਗਾ ਹੋੜਾ, ਹੋਕਾ ਦਿਤਾ ਜਣਾਈਆ । ਪ੍ਰੇਮ ਪਿਆਰ ਦਾ ਲਾ ਕੇ ਪੌੜਾ, ਮੰਜ਼ਲ ਪੰਧ ਮੁਕਾਈਆ । ਸੁਰਤੀ ਸ਼ਬਦ ਬੰਨ੍ਹ ਕੇ ਡੋਰਾ, ਤੰਦੀ ਆਪ ਖਿਚਾਈਆ । ਭਗਤ ਭਗਵਾਨ ਦੀ ਰੱਖ ਕੇ ਲੋੜਾ, ਲੋੜੀਂਦੇ ਸਾਜਣ ਲਏ ਮਿਲਾਈਆ । ਬਾਕੀ ਜੁਵਾਬ ਦੇ ਕੇ ਕੋਰਾ, ਗੁਰਮੁਖਾਂ ਦਾ ਕੋਰਮ ਪੂਰਾ ਲਿਆ ਕਰਾਈਆ । ਜਿਨ੍ਹਾਂ ਦਾ ਪਿਛਲਾ ਭਾਗ ਮਥੇਰਾ, ਮਿਥਿਆ ਦੱਸ ਸਰਬ ਲੋਕਾਈਆ । ਆਪਣਾ ਮੰਤਰ ਦੱਸ ਕੇ ਫੇਰਾ, ਫੁਰਨੇ ਪਿਛਲੇ ਦਿਤੇ ਤਜਾਈਆ । ਕਿਉਂ ਗੋਬਿੰਦ ਨੂੰ ਯਾਦ

ਆਇਆ ਫਤਹ ਸਿੰਘ ਤੇ ਜੋਰਾ, ਜੋ ਜੋਰੂ ਜ਼ਰ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ ।

ਸੱਤ ਰੰਗ ਕਹਿਣ ਅਸੀਂ ਵੇਖ ਹੋਏ ਖੁਸ਼ਹਾਲ, ਖੁਸ਼ੀਆਂ ਵਿਚ ਦੁਹਾਈਆ । ਬਣ ਕੇ ਗੋਬਿੰਦ ਲਾਲ, ਲਾਲਨ ਵੇਖ ਵਖਾਈਆ । ਜਿਨ੍ਹਾਂ ਦੀ ਆਪ ਕੀਤੀ ਭਾਲ, ਖੋਜੇ ਥਾਉਂ ਥਾਈਂਆ । ਆਪ ਮੁਢ ਗੁਰਸਿੱਖ ਬਣਾ ਕੇ ਡਾਲ, ਬੂਟਾ ਇਕੋ ਰਿਹਾ ਸੁਹਾਈਆ । ਗੋਦੀ ਚੁੱਕ ਕੇ ਆਪਣੇ ਲਾਲ, ਬਚਪਨ ਆਪਣੇ ਲੇਖੇ ਲਾਈਆ । ਦੀਨ ਨਾਥ ਹੋ ਦਿਆਲ, ਦਇਆਨਿਧ ਦਇਆ ਕਮਾਈਆ । ਚਾਰ ਯੁਗ ਤੋਂ ਵੱਖਰੀ ਚਲ ਕੇ ਚਾਲ, ਚਾਲ ਨਿਰਾਲੀ ਇਕ ਦਰਸਾਈਆ । ਸਭ ਤੋਂ ਵੱਖਰੇ ਕੀਤੇ ਸ਼ਾਹ ਕੰਗਾਲ, ਭਗਤ ਸੁਹੇਲੇ ਰੂਪ ਵਟਾਈਆ । ਜਨਮ ਦੀ ਲੇਖੇ ਲਾ ਕੇ ਘਾਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ ।

ਸੱਤ ਰੰਗ ਕਹਿਣ ਤੱਕਿਆ ਅਜ਼ਬ ਨਜ਼ਾਰਾ, ਸੋਹਣਾ ਨਜ਼ਰੀ ਆਈਆ । ਮਿਲਿਆ ਮੀਤ ਮੁਰਾਰਾ, ਹਰਿ ਕਰਤਾ ਬੇਪਰਵਾਹੀਆ । ਧਰਮ ਲੱਗਾ ਅਖਾੜਾ, ਗੁਰਮੁਖ ਰਿਹਾ ਨਚਾਈਆ । ਦੇ ਵਡਿਆਈ ਸਤਾਰਾਂ ਹਾੜਾ, ਹਾੜਾ ਸਭ ਦਾ ਪੂਰ ਕਰਾਈਆ । ਗੁਰਮੁਖ ਸਖੀਆਂ ਤੇ ਗੋਬਿੰਦ ਇਕੋ ਲਾੜਾ, ਗੁਰ ਗੁਰ ਵੱਜਦੀ ਦਿਸੇ ਵਧਾਈਆ । ਝਗੜਾ ਮੁਕਾ ਕੇ ਪੰਚਮ ਧਾੜਾ, ਧਾੜਵੀ ਸ਼ਬਦ ਗੋਦ ਉਠਾਈਆ । ਮਾਨਸ ਜਨਮ ਜਾਏ ਸੁਵਾਰਾ, ਹਰਿਜਨ ਦਏ ਵਡਿਆਈਆ । ਕਿਰਿਆ ਕੂੜ ਕਰ ਕਿਨਾਰਾ, ਨਈਆ ਨੌਕਾ ਦਏ ਡੁਬਾਈਆ । ਅੱਗੇ ਲੈ ਕੇ ਵੰਞ ਮੁਹਾਣਾ, ਨਾਮ ਨਿਧਾਨਾ ਦਏ ਵਖਾਈਆ । ਜਿਸ ਦਾ ਮਾਲਕ ਧੁਰ ਦਾ ਰਾਣਾ, ਸ਼ਹਿਨਸ਼ਾਹ ਬੇਪਰਵਾਹੀਆ । ਜਿਨ੍ਹਾਂ ਸੋਹੰ ਗਾਣਾ ਗਾਣਾ, ਗਾਵਤ ਖ਼ੁਸ਼ੀ ਮਨਾਈਆ । ਓਨ੍ਹਾਂ ਸਚਖੰਡ ਦੁਵਾਰੇ ਜਾਣਾ, ਅਗਲਾ ਪੰਧ ਮੁਕਾਈਆ । ਪੁਰਖ ਅਕਾਲ ਦਾ ਗੋਬਿੰਦ ਧਾਰ ਬਾਣਾ, ਪੁਰਾਣਾ ਖੇਲ ਨਾ ਕੋਇ ਵਖਾਈਆ । ਅਗਲਾ ਦੱਸ ਕੇ ਸਚ ਨਿਸ਼ਾਨਾ, ਨਿਸ਼ਾਨਾ ਆਪਣਾ ਇਕ ਝੁਲਾਈਆ । ਜਨ ਭਗਤ ਰਹੇ ਨਾ ਕੋਇ ਬੇਗਾਨਾ, ਵੈਰੀ ਵੈਰ ਨਾ ਕੋਇ ਕਮਾਈਆ । ਸੁਣੋ ਧਰਮ ਦਾ ਇਕ ਤਰਾਨਾ, ਤਾਰ ਸਿਤਾਰ ਰਿਹਾ ਹਿਲਾਈਆ । ਸੱਤ ਰੰਗ ਕਹਿਣ ਜਨ ਭਗਤੋ ਪ੍ਰਭ ਦੇ ਨਾਲ ਲਾਇਆ ਯਾਰਾਨਾ, ਯਾਰੀ ਧੁਰ ਦੀ ਤੋੜ ਨਿਭਾਈਆ । ਦੀਨ ਮਜ਼੍ਹਬ ਦਾ ਜਿਸ ਨੇ ਟਿੰਡ ਵਿਚ ਰਹਿਣ ਨਹੀਂ ਦੇਣਾ ਕਾਨਾ, ਕਾਇਨਾਤ ਕਰੇ ਸਫਾਈਆ । ਮੇਲ ਹੋਣਾ ਜਗਤ ਇਨਸਾਨਾ, ਹੈਵਾਨਾ ਪਰਦਾ ਆਪ ਚੁਕਾਈਆ । ਲੈ ਕੇ ਆਇਆ ਨਾਮ ਪੈਮਾਨਾ, ਨਾਪੇ ਖ਼ਲਕ ਖ਼ੁਦਾਈਆ । ਸੰਤ ਸੁਹੇਲਾ ਹੋਇ ਨਾ ਕੋਇ ਪਰੇਸ਼ਾਨਾ, ਸਾਂਤਕ ਸਤਿ ਦਏ ਕਰਾਈਆ । ਗੋਬਿੰਦ ਛੱਡ ਕੇ ਚਿੱਲਾ ਤੀਰ ਕਮਾਨਾ, ਜਗਤ ਖੰਡਾ ਨਾ ਕੋਇ ਉਠਾਈਆ । ਏਕਾ ਦੇ ਕੇ ਧੁਰ ਫ਼ਰਮਾਣਾ, ਫੁਰਨੇ ਸਭ ਦੇ ਬੰਦ ਕਰਾਈਆ । ਜੋਧਾ ਸੂਰਬੀਰ ਬਲਵਾਨਾ, ਸ਼ਬਦੀ ਨਾਉਂ ਪ੍ਰਗਟਾਈਆ । ਜਿਸ ਦੀ ਸੂਰਤ ਨਜ਼ਰ ਨਾ ਆਏ ਉਤੇ ਜਹਾਨਾਂ, ਚਿੰਨ੍ਹ ਜਗਤ ਨਾ ਕੋਇ ਜਣਾਈਆ । ਜਿਹੜਾ ਬਦਲ ਕੇ ਗੁਰ ਅਵਤਾਰ ਪੈਗ਼ੰਬਰਾਂ ਤੋਂ ਬਾਹਰ ਖਾਨਾ, ਜ਼ਿਮੀਂ ਅਸਮਾਨਾ ਆਪਣਾ ਡੇਰਾ ਲਾਈਆ । ਸ਼ਹਿਨਸ਼ਾਹ ਬਣ ਕੇ ਸ਼ਾਹ ਸ਼ਾਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਗਹ ਨਿਗਹ ਵਿਚੋਂ ਉਠਾਈਆ ।

ਜਿਸ ਕੂੜੀ ਮੇਟਣੀ ਬਗ਼ਾਵਤ, ਬਗਲਗੀਰ ਦੇਣੇ ਬਣਾਈਆ । ਸਾਚੇ ਨਾਮ ਦੀ ਦੇ ਸਖ਼ਾਵਤ, ਸਖੀ ਸੁਲਤਾਨ ਦੇਣੇ ਪ੍ਰਗਟਾਈਆ । ਕਲਜੁਗ ਕੂੜ ਦੀ ਲਾਹ ਅਲਾਮਤ ਆਲਮ ਉਲਮਾ ਦੇਣੇ ਸਮਝਾਈਆ । ਮੁਹੱਬਤ ਮਿਹਰ ਬਖ਼ਸ਼ ਨਿਅਮਾਤ, ਤੋਹਫਾ ਘਰ ਘਰ ਦੇਣਾ ਪੁਚਾਈਆ । ਜਨ ਭਗਤ ਸੁਹੇਲਾ ਰੱਖ ਕੇ ਸਹੀ ਸਲਾਮਤ, ਸਮੇਂ ਵਿਚੋਂ ਪਰ ਕਰਾਈਆ । ਧਰਮ ਦੀ ਧਾਰ ਦੇ ਜ਼ਮਾਨਤ, ਜਾਹਰ ਜਹੂਰ ਲਏ ਜੁੜਾਈਆ । ਸਦੀ ਚੌਧਵੀਂ ਦੀ ਸਭ ਨੇ ਵੇਖਣੀ ਕਿਆਮਤ, ਕੀਮਿਆ ਹੋਵੇ ਜਗਤ ਲੋਕਾਈਆ । ਅੱਗੇ ਨੂੰ ਬੰਦ ਕਰਨੀ

ਜਗਤ ਹਜ਼ਾਮਤ, ਹੁਕਮ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਵੇਖ ਵਖਾਈਆ ।

ਸੱਤ ਰੰਗ ਕਹੇ ਸਾਡਾ ਪੂਰ ਅਰਸਾ, ਅਰਸ਼ ਫਰਸ਼ ਦੁਹਾਈਆ । ਸੋਹਣਾ ਲੱਗਾ ਬਰਸਾ, ਬਰਸੀ ਵੱਜੀ ਵਧਾਈਆ । ਗੋਬਿੰਦ ਵਾਚਿਆ ਪਰਚਾ, ਪਰਾਚੀਨ ਖੋਜ ਖੁਜਾਈਆ । ਜਿਸ ਦੀ ਚਾਰ ਜੁਗ ਕਰਦੇ ਰਹੇ ਚਰਚਾ, ਚਰਚਾਂ ਵਿਚ ਦੁਹਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਖਰਚਾ, ਖਰਚ ਖਾਹ ਪਰਦਾ ਲਾਹੀਆ । ਜਿਸ ਦੀ ਸਮਝੇ ਕੋਇ ਨਾ ਆਰਜਾ, ਪਰਦਾ ਅੱਗੇ ਨਾ ਕੋਇ ਚੁਕਾਈਆ । ਓਹ ਸਭ ਤੋਂ ਲੈਣ ਲੱਗਾ ਚਾਰਜਾ, ਚਾਰਜ ਸਭ ਦੇ ਉਤੇ ਲਾਈਆ । ਸ਼ਬਦੀ ਲਾਵਣ ਲੱਗਾ ਗਾਰਦਾ, ਗਰਦਨ ਸਕੇ ਨਾ ਕੋਇ ਉਠਾਈਆ । ਖੇਲ ਹੋਣ ਲੱਗਾ ਪੁਰਖ ਸਰਕਾਰ ਦਾ, ਧੁਰ ਸਰਕਾਰ ਆਪ ਜਣਾਈਆ । ਝਗੜਾ ਮੁੱਕਣ ਲੱਗਾ ਲੱਖ ਹਜ਼ਾਰ ਦਾ, ਕਰੋੜੀ ਗਣਤ ਨਾ ਕੋਇ ਗਣਾਈਆ । ਤੇਜ ਚਮਕਣ ਲੱਗਾ ਇਕੋ ਸੁੱਤ ਦੁਲਾਰ ਦਾ, ਜੋ ਸੂਰਬੀਰ ਅਖਵਾਈਆ । ਸਤਿਗੁਰ ਸ਼ਬਦ ਸਦਾ ਲਲਕਾਰਦਾ, ਭੈ ਭੌ ਵਿਚ ਡਰਾਈਆ । ਇਹ ਖ਼ੁਸ਼ੀ ਮਹੀਨਾ ਸੱਤ ਰੰਗ ਕਹਿਣ ਹਾੜ ਦਾ, ਹਰਿ ਆਪਣਾ ਮੰਦਰ ਵਖਾਈਆ । ਸਭ ਦਾ ਲੇਖਾ ਮੁਕਿਆ ਜੰਗਲ ਜੂਹ ਉਜਾੜ ਪਹਾੜ ਦਾ, ਜੂਹਾਂ ਵਿਚ ਨਾ ਕੋਇ ਭੁਵਾਈਆ । ਪੈਂਡਾ ਮੁੱਕਿਆ ਉਤਰ ਪੂਰਬ ਪੱਛਮ ਦੱਖਣ ਪਹਾੜ ਦਾ, ਪਾਰਬ੍ਰਹਮ ਪਿਛਲਾ ਪੰਧ ਮੁਕਾਈਆ । ਸੱਤ ਰੰਗ ਕਹਿਣ ਵੇਖੋ ਖੇਲ ਸੱਚੀ ਸਰਕਾਰ ਦਾ, ਜੋ ਸ਼ਰੇਆਮ ਰਿਹਾ ਭੁਗਤਾਈਆ । ਹੁਕਮ ਚਲਦਾ ਇਕ ਮੁਖਤਿਆਰ ਦਾ, ਹਿੱਸੇ ਵੰਡ ਨਾ ਕੋਈ ਵੰਡਾਈਆ । ਨਜ਼ਾਰਾ ਤੱਕਣਾ ਓਸ ਦਰਬਾਰ ਦਾ, ਜਿਥ ਧੁਰ ਦਰਬਾਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਮਿਲਾਈਆ ।

ਸੱਤ ਰੰਗ ਕਹਿਣ ਸਤਿ ਵਿਚ ਹੋ ਜਾਓ ਸਤੀ, ਸਤਿ ਵਿਚ ਸਮਾਈਆ । ਸਭ ਦਾ ਮਾਲਕ ਇਕੋ ਕਮਲਾਪਤੀ, ਪਤਿਪਰਮਸ਼ੇਵਰ ਨਜ਼ਰੀ ਆਈਆ । ਇਕੋ ਸਿਖਿਆ ਪੜ੍ਹ ਲਓ ਪੱਟੀ, ਪਟਨੇ ਨੂੰ ਛੱਡ ਕੇ ਘਟ ਵਿਚ ਕਰੇ ਪੜ੍ਹਾਈਆ । ਹੁਣ ਸਦੀ ਚੌਧਵੀਂ ਜਾਂਦੀ ਟੱਪੀ, ਟੱਪਿਆਂ ਦੇ ਗਾਵਿਆਂ ਦਾ ਲੇਖਾ ਦੇਣਾ ਮੁਕਾਈਆ । ਜਿਸ ਪ੍ਰਭ ਪਿਛੇ ਚਾਰ ਜੁਗ ਸ੍ਰਿਸ਼ਟੀ ਲੱਭ ਲੱਭ ਥੱਕੀ, ਖੋਜਿਆਂ ਹੱਥ ਕਿਸੇ ਨਾ ਆਈਆ । ਸੜ ਗਏ ਵਿਚ ਭੱਠੀ, ਅਗਨੀ ਅੱਗ ਜਲਾਈਆ । ਬਣਦੇ ਰਹੇ ਹਠੀ, ਹਠ ਯੋਗ ਪ੍ਰਗਟਾਈਆ । ਫਿਰਦੇ ਰਹੇ ਅੱਠ ਸਠੀ, ਤੱਟਾਂ ਉਤੇ ਕੁਰਲਾਈਆ । ਖੋਜਦੇ ਰਹੇ ਮੰਦਰ ਮੱਠੀ, ਸ਼ਿਵਦੁਵਾਲੇ ਰਾਹ ਤਕਾਈਆ । ਬਣਦੇ ਰਹੇ ਜਤੀ, ਨਾਰ ਕੰਤ ਜੁਦਾਈਆ । ਪ੍ਰਭ ਦਾ ਕਿਸੇ ਦਰਸ ਨਾ ਪਾਇਆ ਰਤੀ, ਕਾਇਆ ਰੰਗ ਨਾ ਕੋਇ ਰੰਗਾਈਆ । ਏਸ ਤਰ੍ਹਾਂ ਕਿਸੇ ਨਹੀਂ ਵੇਖਿਆ ਅੱਖੀਂ, ਚਾਰ ਯੁਗ ਦੇਣ ਦੁਹਾਈਆ । ਭਗਤਾਂ ਦੀ ਨਗਰੀ ਨਹੀਂ ਕਦੇ ਕੋਈ ਵਸੀ, ਭਗਤ ਦੁਵਾਰ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਵਿਚ ਸ੍ਰਿਸ਼ਟੀ ਫਸੀ, ਫੈਸਲਾ ਹੱਕ ਨਾ ਕੋਇ ਸੁਣਾਈਆ । ਹੁਣ ਵੇਖੋ ਸਭ ਨੂੰ ਪੈਂਦੀ ਗਸ਼ੀ, ਕੀ ਪ੍ਰਭ ਖੇਲ ਵਰਤਾਈਆ । ਸਾਚੀ ਧਾਰ ਨਹੀਂ ਲੱਗਦੀ ਅੱਛੀ, ਹਿੰਦੂ ਮੁਸਲਮ ਸਿੱਖ ਈਸਾਈ ਸਾਰੇ ਰਹੇ ਕੁਰਲਾਈਆ । ਭਾਵੇਂ ਓਸੇ ਨੂੰ ਰਹੇ ਜਪੀ, ਨਾਮ ਕਲਮਿਆਂ ਵਿਚ ਗਾਈਆ । ਰਸਨਾ ਨਾਲ ਰਹੇ ਦੱਸੀ, ਸਿਫਤਾਂ ਵਿਚ ਸਾਲਾਹੀਆ । ਅੰਤਰ ਪ੍ਰੀਤ ਕਿਸੇ ਨਹੀਂ ਲੱਗੀ, ਲੱਗੀ ਤੋੜ ਨਾ ਕੋਇ ਨਿਭਾਈਆ । ਜੇ ਕੁਛ ਲਹਿਣਾ ਵੇਖੋ ਪੂਰਬ ਬਧਕ ਹੁਣ ਰਾਮ ਨਾਮ ਦਾ ਜੱਗੀ, ਜਗਤ ਜੁਗਤ ਸਮਝਾਈਆ । ਸਾਰੇ ਹੈਰਾਨ ਹੋਣਾ ਹੁਣ ਪ੍ਰਭ ਨੇ ਮਾਣ ਨਹੀਂ ਦੇਣਾ ਵੱਛੀ ਢੱਗੀ, ਸੂਰਾਂ ਸਿਰ ਨਾ ਕੋਇ ਕਟਾਈਆ । ਅੰਮ੍ਰਿਤ ਰਹਿਣ ਨਹੀਂ ਦੇਣਾ ਵਿਚ ਕਿਸੇ ਨਦੀ, ਪਾਣੀ ਪਾਣੀ ਨਾ ਕੋਇ ਚਤੁਰਾਈਆ । ਬਿਨਾ ਪੁਰਖ ਅਕਲ ਤੋਂ ਸਾਚੀ ਸਰਨੀ ਰਹਿਣੀ ਨਹੀਂ ਕੋਈ ਚੰਗੀ, ਚੰਗੀ ਮਿਲੇ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਵਾਲਿਆਂ ਹੋਣੀ ਤੰਗੀ, ਤੰਗ ਹੋ ਕੇ ਆਪੇ ਦੇਣ ਦੁਹਾਈਆ । ਘਰ ਘਰ ਹੋਣੀ ਖਾਨਾ ਜੰਗੀ, ਝਗੜਾ ਪਏ ਲੋਕਾਈਆ । ਖਾਣਾ ਪੀਣਾ ਇਕ ਇਕ

ਡੰਗੀ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਚੜ੍ਹ ਲੈਣ ਦਿਓ ਸਾਲ ਬਿਕ੍ਰਮੀ ਵੀਹ ਸੌ ਪੰਜੀ, ਪੰਜ਼ੀ ਪੰਜ਼ੀ ਦਿਆਂ ਵਖਾਈਆ । ਸ੍ਰਿਸ਼ਟੀ ਸਿਰ ਤੋਂ ਹੋਣੀ ਨੰਗੀ, ਪਰਦਾ ਨਜ਼ਰ ਕੋਇ ਨਾ ਆਈਆ । ਜਿਹੜੇ ਆਸਣ ਲਾ ਕੇ ਬੈਠੇ ਉਤੇ ਮੰਜੀ, ਮਜਲਸ ਵਿਚ ਵਡਿਆਈਆ । ਓਹ ਸਾਰੇ ਖਤਮ ਕਰਨੇ ਦੰਬੀ, ਡੰਬੀ ਰਹਿਣ ਕੋਇ ਨਾ ਪਾਈਆ । ਧਰਨੀ ਧਰਤ ਰਹੀ ਕੰਬੀ, ਬੌਹੜੀ ਬੌਹੜੀ ਕੁਰਲਾਈਆ । ਹਾਏ ਹੁਣ ਨਹੀਂ ਰਹੀ ਸਭ ਦੀ ਅੰਮੀ, ਅੰਮੀ ਕਹਿ ਕੇ ਰਹੇ ਸੁਣਾਈਆ । ਕੀ ਖੇਲ ਹੋਣਾ ਵਿਚ ਕਾਇਆ ਮਾਟੀ ਚੰਮੀ, ਚਮੜਿਆਂ ਵੰਡ ਵੰਡਾਈਆ । ਕਿਸੇ ਨੂੰ ਸਮਝ ਨਹੀਂ ਔਣੀ ਸਰਘੀ ਵੇਲਾ ਕੇ ਧੰਮੀ, ਧਮਾਕੇ ਵਿਚ ਦੁਹਾਈਆ । ਪ੍ਰਭ ਨੇ ਠੁਡ ਮਾਰ ਕੇ ਸਤਿ ਧਰਮ ਦੀ ਡੇਗ ਦੇਣੀ ਥੰਮੀ, ਥੰਮਣ ਵਾਲਾ ਨਜ਼ਰ ਕੋਇ ਨਾ ਆਈਆ । ਗੁਰ ਅਗਤਾਰ ਪੈਗ਼ੰਬਰ ਜੋ ਸਭ ਨੂੰ ਸੁਣਾ ਕੇ ਕੰਨੀ, ਕੰਨਾ ਮੁੰਨਾ ਕੁਰਲ ਕਹਿ ਕੇ ਰਾਗ ਸੁਣਾਈਆ । ਓਹ ਪੜ੍ਹਦੇ ਸੁਣਦੇ ਵੇਂਹਦੇ ਵੇਖਦੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਨੀ ਅੰਨ੍ਹੀ, ਨੇਤਰ ਨੈਣ ਨਾ ਕੋਇ ਉਠਾਈਆ । ਬਿਨ ਭਗਤਾਂ ਤੋਂ ਭਗਤਾਂ ਦਾ ਰਹੇ ਕੋਈ ਨਾ ਤਨੀ, ਨਾਤੇ ਛੁਟਨੇ ਜਗਤ ਲੋਕਾਈਆ । ਜਿਸ ਵੇਲੇ ਜਗਤ ਔਕੜ ਬਣੀ, ਬਣਾਂ ਵਿਚ ਸਾਰੇ ਦੇਣ ਦੁਹਾਈਆ । ਬਿਸੀਅਰ ਕਾਲੇ ਨਾਗ ਫਨੀ, ਫੁੰਕਾਰਾਂ ਨਾਲ ਤਪਾਈਆ । ਅੰਮ੍ਰਿਤ ਰਸ ਮਿਲੇ ਨਾ ਨਮੀਂ, ਨਮੋਂ ਨਮੋਂ ਨਾ ਕੋਈ ਵਡਿਆਈਆ । ਬਿਨਾ ਭਗਤਾਂ ਤੋਂ ਬਾਕੀ ਧਰਮ ਰਾਏ ਦੇ ਕੰਮੀ, ਸਚ ਦੁਵਾਰ ਨਾ ਕੋਈ ਸਹਾਈਆ । ਅੱਗੇ ਖੇਲ ਕਰਨੀ ਨਵੀਂ, ਨਵਾਂ ਯੁਗ ਬਦਲਾਈਆ । ਜਨ ਭਗਤੋ ਇਕੋ ਹੁਕਮ ਜਾਇਓ ਮੰਨੀ, ਦੂਜੀ ਲੋੜ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਈਆ ।

ਸੱਤ ਰੰਗ ਕਹਿਣ ਅਸੀਂ ਭੱਜੇ ਨੱਠੇ ਕੁੱਦੇ, ਅੰਗਨ ਅੰਗਨ ਵੇਖ ਵਖਾਈਆ । ਕੀ ਇਸ਼ਾਰੇ ਦਿਤੇ ਬੁੱਧੇ, ਅੰਤਰ ਅੰਤਰ ਇਕ ਜਣਾਈਆ । ਕਿਉਂ ਗੋਬਿੰਦ ਨੇ ਭੀਖਣ ਹੱਥ ਰਖਾਇਆ ਉਤੇ ਕੁੱਜੇ, ਆਪਣਾ ਆਪ ਜਣਾਈਆ । ਕਿਉਂ ਅਜੀਤ ਜੁਝਾਰ ਜੂਝੇ, ਖੰਡਾ ਖੜਗ ਤੇਗ ਚਮਕਾਈਆ । ਕਿਉਂ ਖੇਲ ਨਿਰਗੁਣ ਸਰਗੁਣ ਧਾਰ ਦੂਜੇ, ਦੂਆ ਏਕਾ ਰੂਪ ਬਦਲਾਈਆ । ਕਿਉਂ ਸਭ ਦੇ ਭਾਂਡੇ ਕੀਤੇ ਮੂਧੇ, ਅੰਮ੍ਰਿਤ ਰਸ ਨਾ ਕੋਈ ਟਪਕਾਈਆ । ਕਿਉਂ ਜਨ ਭਗਤ ਕਿਤੇ ਨਾ ਢੂੰਡੇ, ਘਰ ਬੈਠਿਆਂ ਦਰਸ ਵਿਖਾਈਆ । ਇਹ ਬਚਨ ਕਿਹਾ ਸੀ ਨਾਨਕ ਜਿਸ ਵੇਲੇ ਮੋਢੇ ਖੇਸ ਤੇ ਹੱਥ ਵਿਚ ਖੂੰਡੇ, ਪਾਲੀ ਮੱਝੀਆਂ ਨਜ਼ਰੀ ਆਈਆ । ਇਹ ਗੋਬਿੰਦ ਕਿਹਾ ਜਿਸ ਵੇਲੇ ਹੱਥ ਰਖਾਇਆ ਗੁਰਸਿੱਖਾਂ ਉਤੇ ਚੂੰਡੇ, ਬੋਦੀਉਂ ਕੇਸ ਵਧਾਈਆ । ਇਹ ਖਬਰ ਸੁਣਾਈ ਹਰਿਕ੍ਰਿਸ਼ਨ ਗੂੰਗੇ, ਗੀਤਾ ਗਿਆਨ ਵਿਚੋਂ ਉਪਜਾਈਆ । ਹਰਿਕ੍ਰਿਸ਼ਨ ਦਾ ਮਿੱਤਰ ਤੇਜ ਭਾਨ ਲਿਆ ਢੂੰਡੇ, ਜੋ ਗੀਤਾ ਫੜ ਕੇ ਸੀਸ ਟਿਕਾਈਆ । ਇਹ ਭੇਵ ਬੜੇ ਨੇ ਡੂੰਘੇ, ਬਿਨਾ ਪੁਰਖ ਅਕਾਲ ਸਮਝ ਕੋਇ ਨਾ ਪਾਈਆ । ਜੋ ਗੁਰ ਅਵਤਾਰ ਪੈਗ਼ੰਬਰ ਆਏ ਰੋਦਿਆਂ ਦੇ ਅੱਥਰੂ ਗਏ ਪੂੰਝੇ, ਨਿਝ ਨੈਣ ਨਾ ਕੋਇ ਖੁਲ੍ਹਾਈਆ । ਅੱਲ੍ਹਾ ਵਾਹਿਗੁਰੂ ਰਾਮ ਸਤਿ ਸਤਿ ਕਹਿ ਕੇ ਰਹੇ ਕੂੰਦੇ, ਰਸਨਾ ਜਿਹਵਾ ਨਾਲ ਸਾਲਾਹੀਆ । ਬਿਨਾਂ ਭਗਤਾਂ ਤੋਂ ਪ੍ਰਭ ਦਾ ਰਸ ਕੋਈ ਨਾ ਚੂੰਘੇ, ਸਤਿ ਵਿਚ ਨਾ ਕੋਈ ਸਮਾਈਆ । ਜਨ ਭਗਤਾਂ ਖੁਸ਼ੀਆਂ ਨਾਲ ਮਾਰਨੇ ਹੂੰਗੇ, ਹੋਕਰ (ਦੇਣੀ) ਸੁਣਾਈਆ । ਅਸੀਂ ਓ ਪ੍ਰਭੂ ਦੀ ਬੂੰਦੇ, ਜੋ ਸਭ ਦਾ ਪਿਤਾ ਮਾਈਆ । ਪੁਰਖ ਅਕਾਲ ਦੀ ਝੋਲੀ ਪਾ ਗੋਬਿੰਦ ਨੇ ਸਾਨੂੰ ਵਿਚ ਤੂੰਗੇ, ਭੇਵ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ ।

ਰੁਮਾਲ ਕਹਿਣ ਸੱਤ ਰੰਗ ਦਾ ਕਰਿਓ ਕੋਈ ਨਾ ਖਟਕਾ, ਖਟਕੇ ਵਿਚ ਲੋਕਾਈਆ । ਗੋਬਿੰਦ ਨੇ ਨਹੀਂ ਕਿਹਾ ਗੁਰਮੁੱਖੋ ਖਾਇਓ ਝਟਕਾ, ਝਟਕੇ ਵਾਲਾ ਗੁਰਮੁਖ ਰਹਿਣ ਕੋਇ ਨਾ ਪਾਈਆ । ਲਾਜ ਲਗਾਇਓ ਨਾ ਗੋਬਿੰਦ ਪਟਕਾ, ਪਟਨੇ ਦਾ ਮਾਲਕ ਗਿਆ ਦ੍ਰਿੜਾਈਆ । ਇਹ ਖੇਲ ਪੁਰਖ ਸਮਰੱਥ ਦਾ, ਗੋਬਿੰਦ ਸੇਵਾ ਵਿਚ ਸਮਾਈਆ । ਮੈਂ ਓਸ ਦੀ ਸਿਫਤ ਕਥਦਾ, ਜਿਸ ਨੂੰ ਕਥਨੀ ਸਕੇ ਕੋਇ ਨਾ

ਗਾਈਆ । ਓਸ ਦੀ ਚਰਨੀ ਢੱਠਦਾ, ਜੋ ਮੇਰਾ ਪਿਤਾ ਮਾਈਆ । ਮੈਂ ਵਣਜਾਰਾ ਤੱਤ ਅੱਠ ਦਾ, ਅੰਤਮ ਹੋਏ ਜੁਦਾਈਆ । ਇਕ ਖੇਲ ਅਗੰਮਾ ਦੱਸਦਾ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ । ਜਿਥੇ ਮੇਰਾ ਸਾਹਿਬ ਸੁਵਾਮੀ ਵਸਦਾ, ਸਚਖੰਡ ਡੇਰਾ ਲਾਈਆ । ਓਥੇ ਇਸ਼ਾਰਾ ਨਹੀਂ ਕਿਸੇ ਅੱਖ ਦਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਇਕੋ ਜੋਤ ਨੁਰਾਨਾ ਦੀਪਕ ਜਗਦਾ, ਨੂਰ ਨੂਰ ਵਿਚੋਂ ਪ੍ਰਗਟਾਈਆ । ਜੇ ਮਾਤਲੋਕ ਨਾਤਾ ਜੁੜ ਜਾਏ ਸਚ ਦਾ, ਅੱਗੇ ਨਾ ਹੋਏ ਜੁਦਾਈਆ । ਜੋ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਢੋਲਾ ਜਪਦਾ, ਜਗਜੀਵਣ ਦਾਤਾ ਵੇਖ ਵਖਾਈਆ । ਝਗੜਾ ਮੁੱਕ ਜਾਏ ਸਾਢੇ ਤਿੰਨ ਹੱਥ ਦਾ, ਕਾਇਆ ਗੜ੍ਹ ਪਾਰ ਕਰਾਈਆ । ਇਹ ਖੇਲ ਪੁਰਖ ਸਮਰੱਥ ਦਾ, ਗੋਬਿੰਦ ਸਹਿਜੇ ਗਿਆ ਸਮਝਾਈਆ । ਬਿਨਾਂ ਭਗਤਾਂ ਪ੍ਰਭ ਦਾ ਖੇੜਾ ਕਦੇ ਨਾ ਵਸਦਾ, ਸੋਭਨੀਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ ।

ਸੱਤ ਰੰਗ ਕਹਿਣ ਜਨ ਭਗਤੋ ਕੀ ਤੁਹਾਡੀ ਖਾਹਿਸ਼, ਸਾਰੇ ਦਿਓ ਜਣਾਈਆ । ਪ੍ਰਭ ਤੋਂ ਬਿਨਾ ਹੋਰ ਕੀਹਦੀ ਕਰੋ ਤਲਾਸ਼, ਲੱਭੋ ਥਾਉਂ ਥਾਈਆ । ਗੋਬਿੰਦ ਨੇ ਨਹੀਂ ਕਿਹਾ ਮੇਰਾ ਗੁਰਸਿੱਖ ਖਾਵੇ ਮਾਸ, ਨਾਨਕ ਤੇਗ ਬਹਾਦਰ ਦਏ ਦੁਹਾਈਆ । ਜੋ ਸਿੱਖ ਸੋ ਗਾਵੇ ਸੁਵਾਸ ਸੁਵਾਸ, ਸਾਹ ਸਾਹ ਸਮਾਈਆ । ਕੂੜ ਵਿਕਾਰਾ ਕਰੇ ਨਾਸ, ਮਮਤਾ ਮੋਹ ਮਿਟਾਈਆ । ਨਿਰਗੁਣ ਨੂਰ ਕਰੇ ਪ੍ਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਪੀਵੇ ਜਾਮ ਆਬੇ ਹਯਾਤ, ਹਯਾਤੀ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਹਿ ਸਾਚੀ ਹੋਏ ਸਹਾਈਆ ।

ਸੱਤ ਰੰਗ ਕਹਿਣ ਗੋਬਿੰਦ ਝਟਕਾਏ ਨਹੀਂ ਬਕਰੇ, ਸਚ ਦਿਆਂ ਸਮਝਾਈਆ । ਗੋਬਿੰਦ ਕਿਸੇ ਗ੍ਰੰਥ ਦੇ ਪੜ੍ਹੇ ਨਹੀਂ ਅੱਖਰੇ, ਵਰਕੇ ਨਾ ਕੋਇ ਉਲਟਾਈਆ । ਉਂਗਲ ਰੱਖੀ ਨਹੀਂ ਉਤੇ ਕਿਸੇ ਸਤਰੇ, ਸੱਜੇ ਖੱਬੇ ਚਲਾਈਆ । ਇਕੋ ਸੇਜ ਵਛਾਈ ਤੇ ਹੰਢਾਇਆ ਯਾਰ ਸੱਥਰੇ, ਦੂਜੀ ਲੋੜ ਨਾ ਕੋਇ ਰਖਾਈਆ । ਸਿੱਖ ਬਣਨ ਨਹੀਂ ਦਿਤੇ ਮਕਰੇ, ਝਟਕਾ ਕਰੇ ਨਾ ਕੋਇ ਕਸਾਈਆ । ਜਿਹੜਾ ਗੋਬਿੰਦ ਨਾਲ ਟੱਕਰੇ, ਟੱਕਰ ਜ਼ਿਮੀ ਨਾਲ ਲੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ ।

ਸੱਤ ਰੰਗ ਕਹੇ ਗੋਬਿੰਦ ਕਦੀ ਧਰਿਆ ਨਹੀਂ ਸੀ ਹੱਥ ਗਿੱਚੀ, ਪਿਛੇ ਹੱਥ ਨਾ ਕਦੇ ਰਖਾਈਆ । ਉਸ ਨੂੰ ਪ੍ਰਭ ਦੀ ਧਾਰ ਅੱਗੇ ਦਿਸੀ, ਜਿਸ ਦੇ ਅੱਗੇ ਝੋਲੀ ਡਾਹੀਆ । ਮੇਰੀ ਗੋਦੀ ਪਾ ਦੇ ਮੇਰੀ ਸਿੱਖੀ, ਏਹੋ ਮੰਗ ਮੰਗਾਈਆ । ਚੁਰਾਸੀ ਵਿਚੋਂ ਨਿੱਕੀ, ਨਿਕਿਉਂ ਵੱਡੇ ਦੇ ਬਣਾਈਆ । ਆਪਣੇ ਨਾਮ ਦੀ ਦੇ ਟਿੱਕੀ, ਭੁੱਖਿਆਂ ਦੇ ਰਜਾਈਆ । ਸੋਹਣੀ ਸੁਹਾ ਮਿਤੀ, ਥਿਤ ਵਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ ।

ਸੱਤ ਰੰਗ ਕਹੇ ਗੋਬਿੰਦ ਤਰਤਾਲੀ ਸਾਲ ਵਿਚ ਨੌਂ ਕੀਤੇ ਅਰਦਾਸੇ, ਰੋਜ ਸੀਸ ਨਾ ਕੋਇ ਝੁਕਾਈਆ । ਅੰਦਰੇ ਅੰਦਰ ਕਰਦਾ ਬਾਤੇ, ਗੁਫਤਾਰ ਪਿਆਰ ਵਿਚ ਦੁਹਾਈਆ । ਕਦੀ ਅੱਖਾਂ ਖੋਲ੍ਹੀਆਂ ਨਹੀਂ ਸੀ ਅੰਮ੍ਰਿਤ ਵੇਲੇ ਪ੍ਰਭਾਤੇ, ਅੱਖਾਂ ਖੋਲ੍ਹ ਇਸ਼ਨਾਨ ਨਾ ਕਦੇ ਕਰਾਈਆ । ਕਦੀ ਫੋਲੇ ਨਹੀਂ ਸੀ ਖਾਤੇ, ਹਿਸਾਬ ਕਿਤਾਬ ਨਾ ਅੱਖ ਉਠਾਈਆ । ਵੇਖੇ ਨਹੀਂ ਸੀ ਵਾਧੇ ਘਾਟੇ, ਹਿੰਦਸੇ ਜੋੜ ਨਾ ਕੋਇ ਜੁੜਾਈਆ । ਜਦੋਂ ਤੱਕਦਾ ਸੀ ਗੁਰਮੁੱਖਾਂ ਦਾ ਲੰਗਰ ਤੇ ਪ੍ਰੇਮ ਵਾਲੇ ਆਟੇ, ਦੂਸਰ ਅੱਖ ਨਾ ਕਦੇ ਮਿਲਾਈਆ । ਇਕ ਵੇਰਾਂ ਵੇਖਿਆ ਝਾਕ ਕੇ ਵਿਚ ਬਾਟੇ, ਨਿਗਹ ਨੌਂ ਵਾਰ ਟਿਕਾਈਆ । ਫੇਰ ਪੁਛਿਆ ਪੁਰਖ ਅਬਿਨਾਸ਼ੇ, ਦੋਏ ਜੋੜ ਸੀਸ

ਨਿਵਾਈਆ । ਮੇਰੇ ਦੀਨ ਦਿਆਲਾ ਮੇਰਾ ਸਿੱਖ ਕਦੀ ਨਾ ਜਾਵੇ ਵਿਚ ਘਾਟੇ, ਘਾਟਾ ਤੇਰੇ ਕੋਲੋਂ ਪੂਰ ਕਰਾਈਆ । ਜਿਨ੍ਹਾਂ ਪਿੱਛੇ ਮੈਂ ਫੇਰ ਮਾਰਨੀ ਵਾਟੇ, ਆਪਣਾ ਫੇਰਾ ਪਾਈਆ । ਅੱਗੋਂ ਪੁਰਖ ਅਕਾਲ ਕਿਹਾ ਦਾਤੇ, ਦਇਆਵਾਨ ਦਿਤਾ ਜਣਾਈਆ । ਜੇ ਤੂੰ ਗੋਬਿੰਦ ਮੇਰੇ ਲੱਗਾ ਆਖੇ, ਆਖਰ ਮੇਲਾ ਲਵਾਂ ਮਿਲਾਈਆ । ਮੈਂ ਪ੍ਰਭੂ ਸਦਾ ਅਬਿਨਾਸ਼ੇ, ਜਨਮ ਮਰਨ ਵਿਚ ਨਾ ਆਈਆ । ਕੋਟਨ ਕੋਟ ਅਵਤਾਰ ਗੁਰ ਪੈਗ਼ੰਬਰ ਜਿਨ੍ਹਾਂ ਦੇ ਵੇਖਦਾ ਰਿਹਾ ਤਮਾਸ਼ੇ, ਸਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ ।

ਸੱਤ ਰੰਗ ਕਹਿਣ ਗੋਬਿੰਦ ਨੌਂ ਵਾਰ ਆਪਣੇ ਚਰਨਾਂ ਤੋਂ ਲਾਹਿਆ ਜੋੜਾ, ਨੌਂ ਦੁਵਾਰੇ ਦੇਣ ਗੁਵਾਹੀਆ । ਨੌਂ ਵਾਰ ਨੀਲਾ ਹੱਥ ਵਿਚ ਫੜ੍ਹਿਆ ਘੋੜਾ, ਸੌ ਸੌ ਕਦਮ ਪੰਧ ਚਲਾਈਆ । ਨੌਂ ਵਾਰ ਸੋਹੰ ਸ਼ਬਦ ਪੜ੍ਹਦਾ ਸੀ ਢੋਲਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਨੌਂ ਵਾਰ ਰਾਤੀਂ ਸੁਤਿਆਂ ਛੱਡ ਕੇ ਸ਼ਰੀਰ ਦਾ ਚੋਲਾ, ਪੁਰਖ ਅਕਾਲ ਵਿਚ ਸਮਾਈਆ । ਨੌਂ ਵਾਰ ਪਰਤ ਕੇ ਫੇਰ ਵਿਚ ਬੋਲਾ, ਲਾਗੇ ਸੁਤਿਆਂ ਸਮਝ ਕਿਸੇ ਨਾ ਆਈਆ । ਨੌਂ ਵਾਰ ਸਚਖੰਡ ਦਾ ਦਵਾਰਾ ਆਪ ਖੋਲ੍ਹਾ, ਕੁੰਜੀ ਤਾਲਾ ਹੱਥ ਨਾ ਕੋਇ ਉਠਾਈਆ । ਨੌਂ ਵਾਰ ਪ੍ਰਭ ਦਾ ਬਣ ਕੇ ਗੋਲਾ, ਨਾਨਕ ਦਾ ਬੋਲਾ ਪੂਰ ਕਰਾਈਆ । ਨੌਂ ਵਾਰਾਂ ਸਾਰੇ ਜੀਵਨ ਵਿਚ ਪੜ੍ਹਿਆ ਕੀਰਤਨ ਸੋਹਲਾ, ਰਸਨਾ ਨਾਲ ਗਾਈਆ । ਨੌਂ ਵਾਰਾਂ ਖ਼ੁਸ਼ੀਆਂ ਵਾਲਾ ਖੇਲਿਆ ਹੋਲਾ, ਗੁਰਮੁਖਾਂ ਰੰਗ ਚੜ੍ਹਾਈਆ । ਨੌਂ ਵਾਰਾਂ ਹੱਥ ਵਿਚ ਤੱਕੜੀ ਫੜ ਕੇ ਬਣਿਆਂ ਤੋਲਾ, ਬਿਨਾ ਸੇਰ ਧੜੀ ਹੱਥ ਉਠਾਈਆ । ਨੌਂ ਵਾਰਾਂ ਆਪਣੇ ਪਲੰਘ ਦਾ ਬਣਾ ਕੇ ਡੋਲਾ, ਪਰਦਾ ਉਪਰ ਲਿਆ ਪਾਈਆ । ਨੌਂ ਵਾਰਾਂ ਆਪਣੀ ਰਸਨਾ ਨਾਲ ਕਿਹਾ ਤੂੰ ਹੈਂ ਮੇਰੇ ਕੋਲਾ, ਜਲਵਾਗਰ ਨੂਰ ਅਲਾਹੀਆ । ਨੌਂ ਵੇਰਾਂ ਕਹੇ ਪ੍ਰਭੂ ਤੈਥੋਂ ਕਲਜੁਗ ਅੰਤ ਜਰੂਰ ਪੁਵਾਣਾ ਰੌਲਾ, ਗੁਰ ਅਵਤਾਰ ਪੈਗ਼ੰਬਰਾਂ ਦੀ ਚਲੇ ਨਾ ਕੋਇ ਚਤੁਰਾਈਆ । ਨੌਂ ਵੇਰਾਂ ਗੋਬਿੰਦ ਨੇ ਖੱਬੇ ਹੱਥ ਨਾਲ ਆਪਣਾ ਪਕੜਿਆ ਸੀ ਡੌਲਾ, ਉਪਰ ਦਿਤਾ ਉਠਾਈਆ । ਨੌਂ ਵਾਰ ਪ੍ਰਭ ਦੇ ਨਾਲ ਕੀਤਾ ਕੌਲਾ, ਇਕਰਾਰਨਾਮਾ ਲਿਆ ਲਿਖਾਈਆ । ਨੌਂ ਵਾਰ ਮਨਾਇਆ ਤੈਨੂੰ ਔਣਾ ਪਏ ਉਪਰ ਧੌਲਾ, ਨਿਰਗੁਣ ਆਪਣਾ ਫੇਰਾ ਪਾਈਆ । ਨੌਂ ਵਾਰ ਗੋਬਿੰਦ ਕਿਹਾ ਪ੍ਰਭੂ ਤੂੰ ਮੇਰੀ ਸੇਜੇ ਸੌਣਾ, ਆਸਣ ਇਕ ਬਣਾਈਆ । ਨੌਂ ਵਾਰ ਗੋਬਿੰਦ ਨੂੰ ਪੱਖਾ ਝੱਲਿਆ ਪੌਣਾ, ਆਪਣੀ ਸੇਵ ਕਮਾਈਆ । ਨੌਂ ਵਾਰ ਪ੍ਰਭ ਨੇ ਦਰਸ਼ਨ ਦਿਤਾ ਸੀ ਦੁਸ਼ਟ ਦਮਨਾ, ਦਾਮਨ ਆਪਣਾ ਇਕ ਫੜਾਈਆ । ਨੌਂ ਵਾਰ ਗੋਬਿੰਦ ਕਿਹਾ ਪ੍ਰਭੂ ਮੇਰਾ ਖਿੜਿਆ ਰਹੇ ਚਮਨਾ, ਬਗੀਚਾ ਗੋਬਿੰਦ ਨਜ਼ਰੀ ਆਈਆ । ਨੌਂ ਵਾਰ ਕਿਹਾ ਮੈਂ ਇਕੋ ਤੇਰਾ ਦੁਵਾਰਾ ਮੰਗਣਾ, ਦੂਜੀ ਆਸ ਨਾ ਕੋਇ ਰਖਾਈਆ । ਨੌਂ ਵਾਰ ਕਿਹਾ ਸਾਚੇ ਭਗਤਾਂ ਚੜ੍ਹਾਵੀਂ ਰੰਗਣਾ, ਰੰਗ ਆਪ ਰੰਗਾਈਆ । ਨੌਂ ਵਾਰ ਕਿਹਾ ਗੁਰਮੁਖਾਂ ਦਾ ਆਪਣੇ ਨਾਲ ਕਰੀਂ ਮੰਗਣਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਨੇ ਸਭ ਦੀ ਸਾਂਝੀ ਤੇ ਇਕੋ ਮੰਗੀ ਬੰਦਨਾ, ਬੰਦਿਆਂ ਨੂੰ ਬੰਦੀਖਾਨੇ ਵਿਚੋਂ ਦੇਣਾ ਛੁਡਾਈਆ ।

ੴ ੴ ੴ ੴ ੴ

...... ਤੇਰਾ ਲੇਖਾ ਦੇਸ਼ ਕੁਸ਼ਾ, ਜਿਸ ਕੁਸ਼ਾ ਦੇਸ਼ ਵਿਚ ਇੰਗਲੈਂਡ ਲੰਡਨ ਨਜ਼ਰੀ ਆਈਆ । ..........

੧ ਅੱਸੂ ਸ਼ਹਿਨਸ਼ਾਹੀ ਸੰਮਤ ੮

ੴ ੴ ੴ ੴ ੴ

ਬਰਾਹ ਕਹੇ ਧਰਨੀਏ ਉਹ ਤਕ ਪ੍ਰਿਥੁ ਵਾਲੀ ਧਾਰ, ਨਾਵਾਂ ਅਵਤਾਰ ਖੇਲ ਖਿਲਾਈਆ । ਤੈਨੂੰ ਮਥਨ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਤੇਰਾ ਰਸ ਤੇਰੇ ਵਿਚੋਂ ਕੱਢੇ ਬਾਹਰ, ਤੇਰੀ ਤੇਰੇ ਨਾਲ ਵਡਿਆਈਆ । ਉਹ ਵਕਤ ਸੁਹੰਞਣਾ ਜਿਸ ਦੀ ਪਾਵੇ ਕੋਈ ਨਾ ਸਾਰ, ਥਿਤ ਵਾਰ ਸਕੇ ਨਾ ਕੋਇ ਸਮਝਾਈਆ । ਜਲ ਧਾਰਾ ਜਿਸ ਦੀ ਹੋਵੇ ਸ਼ਿੰਗਾਰ, ਮਤਸ ਫੇਰ ਆਵੇ ਚਾਈਂ ਚਾਈਆ । ਇਥੇ ਨਿਗਾਹ ਲਏ ਮਾਰ, ਜਿਸ ਨੂੰ ਬ੍ਰਹਮੇ ਇਸ਼ਾਰੇ ਨਾਲ ਦਿਤਾ ਸਮਝਾਈਆ । ਜਿਸ ਧਰਤੀ ਦਾ ਨਾਮ ਇਥੇ ਲੱਖਣਾਂ ਵਾਲੀ ਧਾਰ, ਕੁਸ਼ਾ ਆਪਣੀ ਗੰਢ ਪੁਵਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਸਭ ਤੋਂ ਬਾਹਰ, ਬਹਿਰਹਾਲ ਸਮਝ ਕੋਇ ਨਾ ਪਾਈਆ । ਨਿਗਾਹ ਮਾਰ ਲੈ ਕਲਜੁਗ ਆਪਣੀ ਕਲਾ ਲਏ ਧਾਰ, ਅਵਤਰ ਆਪਣਾ ਵੇਸ ਵਟਾਈਆ । ਜਿਸ ਨੂੰ ਸਾਰੇ ਕਰਨ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਉਹ ਆਵੇ ਤੇਰੇ ਦਰ ਦੁਵਾਰ, ਭਿਖਾਰਨੇ ਤੇਰੀ ਖਾਲੀ ਝੋਲੀ ਦਏ ਭਰਾਈਆ । ਧਰਨੀ ਕਹੇ ਮੈਂ ਚਰਨ ਕਵਲ ਜਾਵਾਂ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਬਰਾਹ ਨੇ ਕੂਕ ਕਿਹਾ ਪੁਕਾਰ, ਬਿਨ ਰਸਨਾ ਢੋਲਾ ਦਿਤਾ ਦ੍ਰਿੜਾਈਆ । ਤੂੰ ਉਸ ਦਾ ਰੱਖਣਾ ਇੰਤਜ਼ਾਰ, ਉਡੀਕਾਂ ਵਿਚ ਆਪਣਾ ਨੈਣ ਉਠਾਈਆ । ਜਿਸ ਨੇ ਪ੍ਰਿਥੁ ਨਾਲ ਕਰਨਾ ਪਿਆਰ, ਪ੍ਰਿਥਮੀ ਤੇਰਾ ਸੰਗ ਬਣਾਈਆ । ਮਤਸ ਸਮੁੰਦ ਸਾਗਰਾਂ ਵਿਚ ਲਏ ਉਧਾਰ, ਕਛਪ ਮਛ ਕਛ ਧਾਰ ਵਡਿਆਈਆ । ਮਿੰਦਰਾ ਪਰਬਤ ਚੁੱਕ ਆਪੇ ਭਾਰ, ਰਤਨ ਵਿਰੋਲੇ ਚੌਦਾਂ ਥਾਉਂ ਥਾਈਂਆ । ਚੌਦਾਂ ਲੋਕ ਦਏ ਉਧਾਰ, ਚੌਦਾਂ ਤਬਕ ਕਲਜੁਗ ਪੈਗੰਬਰਾਂ ਸੰਗ ਬਣਾਈਆ । ਚੌਧਵੀਂ ਸਦੀ ਅੰਤ ਸਭ ਦਾ ਲਹਿਣਾ ਦੇਣਾ ਦਏ ਨਿਵਾਰ, ਲੇਖਾ ਆਪਣੇ ਹੱਥ ਰਖਾਈਆ । ਨੂਰ ਨੁਰਾਨਾ ਨੂਰੀ ਨੂਰ ਹੋਵੇ ਉਜਿਆਰ, ਉਜਾਲਾ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਬਣਾਈਆ ।

ਧਰਨੀ ਕਹੇ ਮੇਰਾ ਪੁਰਾਤਨ ਨਾਮ ਲੱਖਣ ਦੀਪ ਵਿਚ ਲਿੰਕ, ਡੂੰਘੇ ਸਾਗਰਾਂ ਸੰਗ ਰਲਾਈਆ । ਵੇਦ ਵਿਆਸੇ ਲਿਖਿਆ ਸ਼ਾਹੀ ਨਾਲ ਇੰਕ, ਪੁਰਾਣ ਗਰੜ ਦਏ ਗੁਵਾਹੀਆ । ਇਹ ਲਹਿਣਾ ਦੇਣਾ ਲੇਖਾ ਹੋਇਆ ਸਾਰਾ ਨੌ ਮਿੰਨ, ਘੜੀ ਪਲ ਅਵਰ ਨਾ ਕੋਇ ਮਿਲਾਈਆ । ਜਿਸ ਨੂੰ ਕਰ ਸਕੇ ਨਾ ਕੋਈ ਹਿੰਟ, ਭੈ ਭਾਉ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਨੀ ਕਹੇ ਬਰਾਹ ਇਸ਼ਾਰਾ ਕੀਤਾ ਤੇਰਾ ਨਿਰਗੁਣ ਧਾਰ ਨਾਲ ਹੋਣਾ ਲਿੰਕ, ਦੂਸਰਾ ਅਵਤਾਰ ਪੈਗੰਬਰ ਗੁਰ ਨਜ਼ਰ ਕੋਇ ਨਾ ਆਈਆ ।

ਧਰਨੀ ਕਹੇ ਮੈਂ ਖੁਸ਼ੀਆਂ ਨਾਲ ਜੋੜੇ ਹੈਂਡ, ਹੱਥ ਹੱਥ ਨਾਲ ਮਿਲਾਈਆ । ਸ਼ਬਦ ਅਗੰਮੀ ਧੁੰਨ ਅਨਾਦਿ ਸੁਣਿਆ ਬੈਂਡ, ਰਾਗ ਰਾਗਨੀ ਬਾਹਰ ਸ਼ਨਵਾਈਆ । ਆਸ਼ਾ ਰੱਖੀ ਮੇਰੀ ਸੁਹੰਞਣੀ ਹੋਵੇ ਲੈਂਡ, ਲੈਂਡ ਮਾਰਕ ਬਰਾਹ ਗਿਆ ਲਗਾਈਆ । ਫੇਰ ਕਲਜੁਗ ਕੂੜੀ ਕਿਰਿਆ ਹੋਣਾ ਐਂਡ, ਇੰਡੈਕਸ ਵੇਖੇ ਖਲਕ ਖੁਦਾਈਆ । ਪਤਾ ਨਹੀਂ ਕੀ ਲੇਖਾ ਇਸ ਤੋਂ ਬਾਦ ਬੀਹਾਇੰਡ, ਮਿਹਰਵਾਨ ਆਪਣੀ ਕਾਰ ਕਮਾਈਆ । ਜਿਸ ਆਤਮ ਪਰਮਾਤਮ ਨਿਰਗੁਣ ਨਿਰਗੁਣ ਜੋਤੀ ਧਾਰ ਸੋਲ ਕਰਨਾ ਜਾਂਇੰਡ, ਜੁਝ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਖੇਲ ਖਿਲਾਈਆ ।

੨੧ ਚੇਤ ਸ਼ਹਿਨਸ਼ਾਹੀ ਸੰਮਤ ੧੧

☬ ☬ ☬ ☬ ☬

☬ ੨੧ ਚੇਤ ਸ਼ਹਿਨਸ਼ਾਹੀ ਸੰਮਤ ੧੧ ਹਰਭਜਨ ਸਿੰਘ ਦੇ ਗ੍ਰਿਹਿ ਬੀ० ਸੀ० ਕਨੇਡਾ ☬

ਖੰਡ ਕਹੇ ਮੇਰਾ ਲੇਖਾ ਵਿਚ ਕੁਲਾ ਖੰਡ, ਲੱਖਣ ਦੀਪ ਨਾਲ ਵਡਿਆਈਆ । ਮੈਂ ਤਕੇ

ਬਿਨ ਨੇਤਰ ਲੋਚਨ ਨੈਣ ਬ੍ਰਹਿਮੰਡ, ਪੁਰੀ ਲੋਅ ਅਕਾਸ਼ ਪਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਧਿਆਨ ਲਗਾਈਆ । ਨਿਗਾਹ ਮਾਰੀ ਜ਼ੇਰਜ਼ ਅੰਡ, ਉਤਭਜ ਸੇਹਤਜ ਵੇਖ ਵਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਲੱਖ ਚੁਰਾਸੀ ਵੰਡੀ ਵੰਡ, ਚਾਰੇ ਖਾਣੀ ਸੋਭਾ ਪਾਈਆ । ਹਰ ਘਟ ਅੰਤਰ ਨਿਰੰਤਰ ਸੁਹਾ ਦੇ ਕੰਡ, ਗ੍ਰਹਿ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ ।

੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਤੇਜ਼ਭਾਨ ਦੇ ਗ੍ਰਹਿ ਪਿੰਡ ਸੇਈ ਕਲਾ ਜ਼ਿਲਾ ਜੰਮੂ

ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਜੰਬੂ ਦੇਸ਼ ਦਾ ਕਵਣ ਕਿਨਾਰਾ, ਜੰਬਕ ਕੀ ਜਣਾਈਆ । ਜੰਬੂ ਦੀਪ ਕਹੇ ਮੇਰਾ ਧਰਮ ਦੀ ਧਾਰ ਦਾਇਰਾ, ਦਾਇਆਂ ਬਾਇਆਂ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਵਖਾਵਾਂ ਆਪਣਾ ਮੁਸ਼ਾਹਿਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪ੍ਰਭ ਦਾ ਰੂਪ ਅਨੂਪ ਕਰਾਵਾਂ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਦੀਨ ਦੁਨੀ ਵਿਚ ਕੋਈ ਹੋ ਰਹੇ ਨਾ ਬਹਿਰਾ, ਅਣਸੁਣਤ ਸੁਣਤ ਸਮਝਾਈਆ । ਜਿਸ ਕਾਰਨ ਪੁਰਖ ਅਕਾਲੇ ਦੀਨ ਦਿਆਲੇ ਜੋਤੀ ਜਾਮਾ ਪਹਿਰਾ, ਰੂਪ ਅਨੂਪ ਆਪ ਬਦਲਾਈਆ । ਉਸ ਦਾ ਹੁਕਮ ਸੰਦੇਸ਼ਾ ਇਕੋ ਗਹਿਰਾ, ਗਹਿਰ ਗਵਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।

ਜੰਬੂ ਕਹੇ ਮੇਰਾ ਘਾਟ ਨੌ ਸੌ ਚੁਰਾਨਮੇਂ ਕੋਹ, ਕੋਹ ਕਰੋੜੀ ਧਿਆਨ ਲਗਾਈਆ । ਜਿਥੇ ਅਵਾਜ਼ ਸੁਣੇ ਸੋਹੰ ਸੋ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਹੋਕਾ ਦੇਵੇ ਚਾਈਂ ਚਾਈਂਆ । ਆਦਿ ਨਿਰੰਜਣ ਕਰਕੇ ਲੋਅ, ਲੋਇਣ ਧੁਰ ਦਾ ਆਪ ਖੁਲ੍ਹਾਈਆ । ਏਕੰਕਾਰ ਬਖ਼ਸ਼ ਕੇ ਮੋਹ, ਮੁਹੱਬਤ ਆਪਣੇ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਨਾਲ ਛੋਹ, ਛੋਹਰ ਬਾਂਕਾ ਹੋ ਕੇ ਵੇਖ ਵਖਾਈਆ । ਸ੍ਰੀ ਭਗਵਾਨ ਭੇਵ ਚੁਕਾ ਕੇ ਦੋਅੰ ਦੋ, ਏਕਾ ਏਕ ਰੂਪ ਦ੍ਰਿੜਾਈਆ । ਪਾਰਬ੍ਰਹਮ ਪ੍ਰਭ ਆਪੇ ਹੋ, ਹੋਕਾ ਦੇਵੇ ਚਾਈਂ ਚਾਈਂਆ । ਸਤਿਗੁਰ ਸ਼ਬਦ ਸ਼ਬਦ ਨਿਰਮੋਹ, ਜਗਤ ਮੁਹੱਬਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸਮਝਾਈਆ ।

ਜੰਬੂ ਦੀਪ ਕਹੇ ਮੈਂ ਸ਼ੁਕਰੀਏ ਵਿਚ ਕਰਾਂ ਸ਼ੁਕਰਾਨਾ, ਸ਼ੰਕਰਾ ਤੇਰੀ ਖ਼ੁਸ਼ੀ ਮਨਾਈਆ । ਪਿਆਰ ਮੁਹੱਬਤ ਦਾ ਅੰਤਮ ਬੰਨ੍ਹ ਦੇ ਗਾਨਾ, ਸੋਹਣਾ ਸਗਨ ਸਮਝਾਈਆ । ਖੇਲ ਵਖਾ ਜ਼ਿਮੀ ਅਸਮਾਨਾ, ਦੋ ਜਹਾਨਾਂ ਭੇਵ ਚੁਕਾਈਆ । ਲੇਖੇ ਲਾ ਲੈ ਰਵੀਦਾਸ ਚੁਮਾਰ ਵਾਲਾ ਕਾਨਾ, ਕਾਇਨਾਤ ਪੜਦਾ ਆਪ ਉਠਾਈਆ । ਬਚਨ ਪੂਰਾ ਕਰੇ ਜੋ ਨਾਨਕ ਬਗਦਾਦ ਵਿਚ ਕਿਹਾ ਮਰਦਾਨਾ, ਮੁਦਤਾਂ ਦਾ ਭੇਵ ਖੁਲ੍ਹਾਈਆ । ਲੇਖਾ ਤਕ ਲਉ ਜ਼ਿਮੀ ਅਸਮਾਨਾਂ, ਜ਼ਿਮੀ ਜ਼ਮਾ ਖੋਜ ਖੁਜਾਈਆ । ਤੂੰ ਸ਼ਾਹੋ ਭੂਪ ਸੁਲਤਾਨਾਂ, ਨੌਜੁਵਾਨ ਤੇਰੀ ਵਡਿਆਈਆ । ਰਹਿਮਤ ਕਰ ਰਹੀਮ ਰਹਿਮਾਨਾ, ਰਹਿਮਤ ਸਚ ਸਚ ਕਮਾਈਆ । ਸਭ ਦਾ ਲੇਖੇ ਲਾ ਬਿਆਨਾ, ਪੇਸ਼ੀਨਗੋਈਆਂ ਜੋੜ ਜੁੜਾਈਆ । ਖ਼ੁਸ਼ੀਆਂ ਵਾਲਾ ਆਪਣਾ ਦੱਸ ਤਰਾਨਾ, ਤੁਰੀਆਂ ਤੋਂ ਬਾਹਰ ਬਾਹਰ ਪੜ੍ਹਾਈਆ । ਕਿਰਪਾ ਕਰ ਮਰਦ ਮਰਦਾਨਾ, ਯੋਧੇ ਸੂਰਬੀਰ ਤੇਰੀ ਸਰਨਾਈਆ । ਜੰਬੂ ਕਹੇ ਮੇਰੇ ਉਤੇ ਸਭ ਤੋਂ ਪਹਿਲੇ ਝੁੱਲੇ ਤੇਰਾ ਨਿਸ਼ਾਨਾ, ਸੱਤ ਰੰਗ ਦੇ ਮਾਲਕ ਸੱਤ ਰੰਗ ਦੇਣੇ ਵਖਾਈਆ । ਤੇਰਾ ਯੁੱਧ ਹੋਵੇ ਬਿਨਾ ਤੀਰ ਕਮਾਨਾ, ਸ਼ਤਰੂ ਸ਼ਸਤਰ ਵੇਖਣ ਕੋਇ ਨਾ ਪਾਈਆ । ਮੇਰਾ ਧਰਮ ਧਾਰ ਦਾ ਹੋਵੇ

ਇਕ ਮੈਦਾਨਾ, ਧਰਨੀ ਧਰਤ ਧਵਲ ਧੌਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਵੇਖ ਵਖਾਈਆ ।

ੴ ੴ ੴ ੴ ੴ

ੴ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਹਜ਼ੂਰਾ ਸਿੰਘ ਨਛਤਰ ਕੌਰ
ਪਿੰਡ ਗੁਰਾਇਆਂ ਜ਼ਿਲਾ ਜਲੰਧਰ ੴ

ਧਰਨੀ ਕਹੇ ਪ੍ਰਭ ਨਿਗਾਹ ਮਾਰ ਲੈ ਮੇਰੇ ਦੀਪ ਲੱਖਣ, ਅਲੱਖ ਅਲੱਖਣੇ ਨੈਣ ਉਠਾਈਆ । ਗ੍ਰਹਿ ਗ੍ਰਹਿ ਸਤਿ ਵਸਤ ਤੋਂ ਹੋਇਆ ਸੱਖਣ, ਸਚ ਨਾਮ ਨਜ਼ਰ ਕੋਇ ਨਾ ਆਈਆ । ਤੁਧ ਬਿਨ ਲੱਜਿਆ ਆਵੇ ਕੋਇ ਨਾ ਰੱਖਣ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਰੈਣ ਅੰਧੇਰੀ ਤਕ ਲੈ ਮੱਸਣ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰੇ ਮਿਹਰਵਾਨਾ ਮੈਂ ਤੈਨੂੰ ਆਈ ਦੱਸਣ, ਦਹਿ ਦਿਸ਼ਾ ਧਿਆਨ ਲਗਾਈਆ । ਬਿਨ ਕਦਮਾਂ ਆਈ ਨੱਸਣ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਮਾਲਕ ਦਇਆ ਕਮਾਈਆ ।

ਧਰਨੀ ਕਹੇ ਪ੍ਰਭੂ ਪੁਸ਼ਕਰ ਦੀਪ ਤੱਕ, ਤਕਵਾ ਤੇਰੇ ਉਤੇ ਰਖਾਈਆ । ਮੇਰਾ ਲਹਿਣਾ ਦੇਣਾ ਝੋਲੀ ਪਾ ਦੇ ਹੱਕ, ਹਕੀਕਤ ਦੇ ਮਾਲਕ ਹੋ ਸਹਾਈਆ । ਤੇਰਾ ਨੂਰ ਜ਼ਹੂਰ ਭੁੱਲਿਆ ਸਭ ਨੂੰ ਯਕ, ਜੋਤੀ ਜਾਤੇ ਤੇਰਾ ਦਰਸ ਕੋਇ ਨਾ ਪਾਈਆ । ਮੈਂ ਨਵ ਸਤ ਤੇਰਾ ਰੂਪ ਹੋ ਕੇ ਗਈ ਥੱਕ, ਭੱਜਾਂ ਵਾਹੋ ਦਾਹੀਆ । ਮੇਰੇ ਵਿਚ ਮਾਨਵ ਜ਼ਾਤੀ ਪਿਆ ਸ਼ੱਕ, ਤੇਰਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ ।

ਧਰਨੀ ਕਹੇ ਪ੍ਰਭੂ ਮੇਰਾ ਦੀਪ ਵੇਖ ਲੈ ਕਰੌਚ, ਕੁਰਹ ਕਾਇਨਾਤ ਖੋਜ ਖੁਜਾਈਆ । ਜਿਥੇ ਮੇਰੀ ਚਲੇ ਕੋਈ ਨਾ ਪਹੁੰਚ, ਤਾਕਤ ਨਜ਼ਰ ਕੋਇ ਨਾ ਆਈਆ । ਤੇਰੀ ਸ੍ਰਿਸ਼ਟੀ ਦੀ ਸਤਿ ਸਚ ਰਹੀ ਨਾ ਸੋਚ, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਨਿਗਾਹ ਖੁਲ੍ਹੇ ਨਾ ਕਿਸੇ ਲੋਚਨ ਲੋਚ, ਨੇਤਰ ਨੈਣ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ ।

ਧਰਨੀ ਕਹੇ ਪ੍ਰਭੂ ਜੰਬੂ ਦੀਪ ਦਾ ਵੇਖ ਕਿਨਾਰਾ, ਜਗਤ ਘਾਟ ਦੇਣੇ ਤਜਾਈਆ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਨੇਤਰ ਰੋਵੇ ਪੁਰਖ ਨਾਰਾ, ਇਸਤਰੀ ਮਰਦ ਦੇਣ ਦੁਹਾਈਆ । ਕਿਰਪਾ ਕਰ ਦੇ ਸਾਂਝੇ ਯਾਰਾ, ਪਰਵਰਦਿਗਾਰ ਤੇਰੀ ਵਡਿਆਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਹੁਕਮਰਾਨ ਧੁਰਦਰਗਾਹੀਆ । ਤੇਰੇ ਚਰਨ ਕਵਲ ਸਹਾਰਾ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ ।

ਧਰਨੀ ਕਹੇ ਪ੍ਰਭੂ ਮੇਰਾ ਦੀਪ ਤੱਕ ਲੈ ਸ਼ਾਨ, ਸਤਿਗੁਰ ਹੋ ਕੇ ਵੇਖ ਵਖਾਈਆ । ਮੇਰਾ ਰਿਹਾ ਕਿਤੇ ਨਾ ਮਾਣ, ਅਭਿਮਾਨ ਭਰੀ ਤੇਰੀ ਲੁਕਾਈਆ । ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਕਿਰਿਆ ਕੂੜ ਹੋਈ ਪਰਧਾਨ, ਨੱਚੇ ਟੱਪੇ ਕੁੱਦੇ ਥਾਉਂ ਥਾਈਆ । ਮੁਹੱਬਤ ਵਿਚ ਰਿਹਾ ਨਾ ਕੋਇ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਤ ਵਿਚ ਦਿਆਂ ਸੁਣਾਈਆ । ਕਿਰਪਾ ਕਰ ਮੇਰੇ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ ।

ਧਰਨੀ ਕਹੇ ਪ੍ਰਭੂ ਮੇਰਾ ਦੀਪ ਵੇਖ ਲੈ ਸਲਮਲ, ਸਾਲਸ ਹੋ ਕੇ ਧਿਆਨ ਲਗਾਈਆ । ਨਿਗਾਹ ਮਾਰ ਲੈ ਮਹੀਅਲ ਜਲ ਥਲ, ਅਸਗਾਹਾਂ ਖੋਜ ਖੁਜਾਈਆ । ਆਤਮ ਪਰਮਾਤਮ ਤੇਰੇ ਨਾਲ ਸਕੇ ਕੋਈ ਨਾ ਰਲ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਧਰਮ ਦਾ ਰਿਹਾ ਕੋਈ ਨਾ ਫਲ, ਪਤ ਟਹਿਣੀ ਨਾ ਕੋਇ ਮਹਿਕਾਈਆ । ਨਿਗਾਹ ਮਾਰ ਲੈ ਕਲਜੁਗ ਕੂੜੀ ਕਿਰਿਆ ਕਲ, ਕਲ ਕਾਤੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ ।

ਧਰਨੀ ਕਹੇ ਪ੍ਰਭੂ ਮੇਰਾ ਤੱਕ ਲੈ ਦੀਪ ਕੁਸ਼ਾ, ਕੁਛ ਕਹਿਣ ਦੀ ਲੋੜ ਰਹੀ ਨਾ ਰਾਈਆ । ਜਿਸ ਦੀ ਧਾਰ ਵਿਚ ਕਟਾਈਆਂ ਲਬਾਂ ਮੁੱਛਾਂ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਓਹ ਦੀਨ ਦਿਆਲੇ ਤੇਰੇ ਨਾਲੋਂ ਮਾਨਵ ਰੁੱਸਾ, ਰੁਸਿਆਂ ਸਕੇ ਨਾ ਕੋਇ ਮਨਾਈਆ । ਓਨ੍ਹਾਂ ਦੇ ਅੰਦਰ ਸ਼ਰਅ ਧਾਰ ਦਾ ਗੁੱਸਾ, ਗਿਲਾ ਤੇਰੇ ਉਤੇ ਜਣਾਈਆ । ਸਭ ਦਾ ਕੂੜ ਕੁਕਰਮ ਦਾ ਤੱਕ ਲੈ ਜੁਸਾ, ਜਿਸਮ ਜ਼ਮੀਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।

ਧਰਨੀ ਕਹੇ ਪ੍ਰਭੂ ਮੇਰੇ ਦੀਪ ਸੱਤ ਵੇਖ ਲੈ ਵੱਖਰੇ ਵੱਖਰੇ, ਵੱਖਰੀ ਧਾਰ ਜਣਾਈਆ । ਚੋਟੀ ਚੜ੍ਹ ਕੇ ਤੱਕ ਲੈ ਸਿਖਰੇ, ਸਤਿਗੁਰ ਹੋ ਕੇ ਪਰਦਾ ਆਪ ਚੁਕਾਈਆ । ਮੈਂ ਤੇਰੇ ਢੋਲੇ ਗਾਵਾਂ ਫਿਕਰੇ ਸੋਹਲੇ ਰਾਗ ਜਣਾਈਆ । ਤੂੰ ਮੇਰਾ ਕਰ ਜ਼ਿਕਰੇ, ਜ਼ਿਕਰ ਆਪਣੇ ਨਾਲ ਰਖਾਈਆ । ਮੇਰੀ ਆਸ਼ਾ ਤੇਰੀ ਧਾਰੋਂ ਨਿਤਰੇ, ਦੂਸਰ ਨਜ਼ਰ ਕੋਇ ਨਾ ਆਈਆ । ਇਕੋ ਬਣ ਜਾਏ ਪਿਆਰਾ ਮਿਤਰੇ, ਮਿਤਰ ਪਿਆਰਾ ਇਕ ਅਖਵਾਈਆ । ਮੇਰੇ ਕਲਜੁਗ ਅੰਤ ਸ੍ਰੀ ਭਗਵੰਤ ਮੇਟ ਦੇ ਫਿਕਰੇ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਿਗਾਹ ਮਾਰ ਲੈ ਦੀਪ ਜਿਤਨੇ, ਜੇਤੇ ਕੇਤੇ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕੋਈ ਨਾ ਖੋਲ੍ਹੇ ਭੇਤੇ, ਭੇਵ ਅਭੇਦਾ ਬਾਹਰ ਚਾਰ ਵੇਦਾ ਆਪ ਦੇਣਾ ਦ੍ਰਿੜਾਈਆ ।